Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763

Ad Space Available
Please call:
847-359-0746

Global Green INSURANCE AGENCY of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St., #230, Union City, CA 94587
Ph: 510-487-1000
Lic.# 0F34231 MANN@GGIAUSA.COM

Eighteenth Year of Publication ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 18, Issue 40, October 7, 2017 20451 N Plum Grove Rd., Palatine, IL 60074 Ph:847-359-0746, Fax:847-705-9388

# ਗੰਨ ਕਲਚਰ ਫਿਰ ਪਿਆ ਭਾਰੀ

## ਹਮਲਾਵਰ ਵੱਲੋਂ ਚਲਾਈ ਅੰਧਾ-ਧੁੰਦ ਗੋਲੀ ਵਿਚ 59 ਜਾਨਾਂ ਗਈਆਂ

**ਲਾਸ ਵੇਗਸ (ਗੁਰਵਿੰਦਰ ਸਿੰਘ ਵਿਰਕ):** ਅਮਰੀਕਾ ਦੇ ਸ਼ਹਿਰ ਲਾਸ ਵੇਗਸ ਵਿਚ 9/11 ਤੋਂ ਬਾਅਦ ਹੁਣ ਤੱਕ ਦਾ ਸਭ ਤੋਂ ਵੱਡਾ ਕਤਲੇਆਮ ਹੋਇਆ ਹੈ। 64 ਸਾਲਾ ਵਿਅਕਤੀ ਨੇ ਸੰਗੀਤ ਜਲਸੇ ਉਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ। ਇਸ ਘਟਨਾ ਵਿਚ 59 ਲੋਕਾਂ ਦੀ ਮੌਤ ਹੋ ਗਈ ਤੇ 500 ਤੋਂ ਵੱਧ ਜ਼ਖ਼ਮੀ ਹੋ ਗਏ। ਇਸ ਕਤਲੇਆਮ ਤੋਂ ਤੁਰੰਤ ਪਿੱਛੋਂ ਭਾਵੇਂ ਇਸਲਾਮਿਕ ਸਟੇਟ (ਆਈ.ਐਸ.) ਨੇ ਦਾਅਵਾ ਕਰ ਦਿੱਤਾ ਸੀ ਕਿ ਹਮਲਾਵਰ ਉਨ੍ਹਾਂ ਦਾ 'ਸਿਪਾਹੀ' ਹੈ, ਪਰ ਮੁਢਲੀ ਜਾਂਚ ਵਿਚ ਇਸ ਦਾਅਵੇ ਵਿਚ ਕੁਝ ਦਮ ਨਹੀਂ ਜਾਪਿਆ।



ਹਮਲਾਵਰ 23 ਬੰਦੂਕਾਂ ਅਤੇ ਗੋਲੀ-ਸਿੱਕਾ ਇਕ ਲਗਜ਼ਰੀ ਹੋਟਲ ਦੀ 32ਵੀਂ ਮੰਜ਼ਿਲ ਦੇ ਕਮਰੇ ਵਿਚ ਲੈ ਗਿਆ ਤੇ ਕਮਰੇ ਦਾ ਸ਼ੀਸ਼ਾ ਤੋੜ ਕੇ ਸੰਗੀਤ ਜਲਸੇ ਵੱਲ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਜਾਣਕਾਰੀ ਅਨੁਸਾਰ, 64 ਵਰ੍ਹਿਆਂ ਦਾ ਸਟੀਫਨ ਪੈਡੌਕ ਦਸ ਵੱਡੇ ਸੂਟਕੇਸਾਂ ਸਮੇਤ ਹੋਟਲ ਵਿਚ ਆਇਆ ਤੇ ਕਿਸੇ ਨੇ ਉਸ ਤੋਂ ਕੋਈ ਪੁੱਛਗਿੱਛ ਨਹੀਂ ਕੀਤੀ। ਹਮਲਾਵਰ ਮਾਨਸਿਕ ਤੌਰ 'ਤੇ ਇਸ ਤਰ੍ਹਾਂ ਤਿਆਰ ਹੋ ਕੇ ਆਇਆ ਸੀ ਕਿ ਉਸ ਨੇ 10 ਬੰਦੂਕਾਂ ਰਾਹੀਂ ਵਾਰੀ-ਵਾਰੀ ਗੋਲੀਆਂ ਦਾ ਮੀਂਹ ਵਰ੍ਹਾਇਆ। ਅਖੀਰ ਵਿਚ ਹਮਲਾਵਰ ਨੇ ਖੁਦ ਨੂੰ ਗੋਲੀ ਮਾਰ ਲਈ। ਇਹ ਪਹਿਲੀ ਵਾਰ ਨਹੀਂ, ਜਦੋਂ ਅਮਰੀਕਾ ਵਿਚ ਅਜਿਹਾ ਦੁਖਦਾਈ ਕਾਰਾ ਵਾਪਰਿਆ ਹੋਵੇ। ਭੀੜ ਭਰੀਆਂ ਥਾਂਵਾਂ, ਸੰਗੀਤਕ ਸਮਾਰੋਹਾਂ, ਧਾਰਮਿਕ ਸਮਾਗਮਾਂ, ਸਕੂਲਾਂ, ਗਿਰਜਾ ਘਰਾਂ ਤੇ ਗੁਰਦੁਆਰਿਆਂ ਵਿਚ ਅਜਿਹੇ ਕਾਂਡ ਲਗਾਤਾਰ ਵਾਪਰਦੇ ਆ ਰਹੇ ਹਨ। ਇਸ ਪਿੱਛੇ ਮੁੱਖ ਕਾਰਨ ਬੰਦੂਕ ਸਭਿਆਚਾਰ ਮੰਨਿਆ ਜਾਂਦਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ

*(ਬਾਕੀ ਸਫਾ 6 'ਤੇ)*

### ਗੋਰਾ ਹੋਣ ਦਾ ਲਾਹਾ ਲੈ ਗਿਆ ਹਮਲਾਵਰ

ਹਮਲਾਵਰ ਸਟੀਫਨ ਪੈਡੌਕ ਹਥਿਆਰਾਂ ਨਾਲ ਭਰੇ ਦਸ ਵੱਡੇ ਸੂਟਕੇਸਾਂ ਸਮੇਤ ਹੋਟਲ ਵਿਚ ਆਇਆ ਤੇ ਕਿਸੇ ਨੇ ਉਸ ਤੋਂ ਕੋਈ ਪੁੱਛਗਿੱਛ ਨਹੀਂ ਕੀਤੀ। ਮੰਨਿਆ ਜਾ ਰਿਹਾ ਹੈ ਕਿ ਹਮਲਾਵਰ ਗੋਰਾ ਹੋਣ ਦਾ ਲਾਹਾ ਲੈ ਗਿਆ। ਕਿਉਂਕਿ ਜੇਕਰ ਪੈਡੌਕ ਗੋਰਾ ਹੋਣ ਦੀ ਥਾਂ ਏਸ਼ਿਆਈ ਜਾਂ ਐਫਰੋ-ਅਮਰੀਕੀ ਹੁੰਦਾ ਤਾਂ ਉਸ ਦੇ ਸੂਟਕੇਸਾਂ ਦੀ ਪੂਰੀ ਤਲਾਸ਼ੀ ਹੋਣੀ ਸੀ। ਦੱਸ ਦਈਏ ਕਿ ਡੋਨਲਡ ਟਰੰਪ ਨੇ ਰਾਸ਼ਟਰਪਤੀ ਬਣਨ ਮਗਰੋਂ ਸੱਤ ਇਸਲਾਮਿਕ ਮੁਲਕਾਂ ਉਸੇ ਇਸੇ ਲਈ ਪਾਬੰਦੀ ਲਗਾ ਦਿੱਤੀ ਸੀ ਕਿ ਇਹ ਅਤਿਵਾਦ ਨੂੰ ਸ਼ਹਿ ਦੇ ਰਹੇ ਹਨ। ਮੁਲਕ ਦੇ ਹਵਾਈ ਅੱਡਿਆਂ 'ਤੇ ਵੀ ਇਨ੍ਹਾਂ ਮੁਲਕਾਂ ਦੇ ਲੋਕਾਂ ਨੂੰ ਸ਼ੱਕ ਦੇ ਨਿਗ੍ਹਾ ਨਾਲ ਦੇਖਿਆ ਜਾਂਦਾ ਹੈ।

# ਸ਼੍ਰੋਮਣੀ ਕਮੇਟੀ ਤੇ ਕੈਪਟਨ ਸਰਕਾਰ ਫਿਰ ਹੋਏ ਆਹਮੋ ਸਾਹਮਣੇ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਮੁੜ ਆਹਮੋ-ਸਾਹਮਣੇ ਹਨ। ਕੈਪਟਨ ਸਰਕਾਰ ਵੱਲੋਂ ਬਣਾਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਸੰਮਨ ਭੇਜ ਕੇ 9 ਅਕਤੂਬਰ ਨੂੰ ਕੁਝ ਰਿਕਾਰਡ ਤਲਬ ਕੀਤੇ ਹਨ, ਪਰ ਸ਼੍ਰੋਮਣੀ ਕਮੇਟੀ ਨੇ ਅਜਿਹੇ ਸੰਮਨਾਂ ਦੀ ਤਾਮੀਲ ਤੋਂ ਸਾਫ ਨਾਂਹ ਕਰ ਦਿੱਤੀ।

ਸ਼੍ਰੋਮਣੀ ਕਮੇਟੀ ਦਾ ਤਰਕ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਕਿਸੇ ਅਦਾਲਤ ਜਾਂ ਕਮਿਸ਼ਨ ਨੂੰ ਤਲਬ ਕਰਨ ਦਾ ਕੋਈ ਹੱਕ ਨਹੀਂ ਹੈ। ਬਹਿਬਲ ਕਲਾਂ ਗੋਲੀ ਕਾਂਡ ਅਤੇ ਬੇਅਦਬੀ ਮਾਮਲਿਆਂ ਦੀ ਜਾਂਚ ਕਰ ਰਹੇ ਕਮਿਸ਼ਨ ਨੇ ਸ਼੍ਰੋਮਣੀ ਕਮੇਟੀ ਤੋਂ ਗੁਰਮੀਤ ਰਾਮ ਰਹੀਮ ਨੂੰ ਪਹਿਲਾਂ ਮੁਆਫ ਕਰਨ, ਮੁਆਫੀ ਬਾਰੇ ਫੈਸਲਿਆਂ ਦੇ ਪ੍ਰਚਾਰ ਤੇ ਫਿਰ ਮੁਆਫੀਨਾਮਾ ਵਾਪਸ ਲੈਣ ਬਾਰੇ ਜਾਣਕਾਰੀ ਮੰਗੀ ਹੈ। ਸ਼੍ਰੋਮਣੀ ਕਮੇਟੀ ਨੇ ਇਸ ਕਾਰਵਾਈ ਨੂੰ ਅਕਾਲ ਤਖਤ ਸਾਹਿਬ ਦੀ ਸਰਵਉਚਤਾ ਅਤੇ ਸ਼੍ਰੋਮਣੀ ਕਮੇਟੀ ਦੀ ਮਾਣ-ਮਰਿਆਦਾ ਖਿਲਾਫ਼ ਸਿੱਧੀ ਚੁਣੌਤੀ ਕਰਾਰ ਦੇ ਦਿੱਤਾ। ਕੈਪਟਨ ਸਰਕਾਰ ਬਣਨ ਪਿੱਛੋਂ ਇਹ ਪਹਿਲੀ ਵਾਰ ਨਹੀਂ ਜਦੋਂ ਦੋਵੇਂ ਧਿਰਾਂ ਦੇ ਸਿੰਗ ਫਸੇ ਹੋਣ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ, ਕੈਪਟਨ ਸਰਕਾਰ ਉਤੇ ਸਿੱਖਾਂ ਦੇ ਮਸਲਿਆਂ ਵਿਚ ਦਖਲ ਦੇ ਵਾਰ-ਵਾਰ ਦੋਸ਼ ਲਾਉਂਦੇ ਰਹੇ ਹਨ। ਸਿੱਖ ਮਸਲਿਆਂ ਦੇ ਨਾਂ 'ਤੇ

*(ਬਾਕੀ ਸਫਾ 6 'ਤੇ)*

# ਕੈਨੇਡਾ: ਜਗਮੀਤ ਸਿੰਘ ਨੇ ਸਿਰਜਿਆ ਇਤਿਹਾਸ

**ਟੋਰਾਂਟੋ:** ਕੈਨੇਡਾ ਦੀ ਸਿਆਸਤ ਵਿਚ ਅੰਮ੍ਰਿਤਧਾਰੀ ਸਿੱਖ ਜਗਮੀਤ ਸਿੰਘ ਨੇ ਇਤਿਹਾਸ ਸਿਰਜਿਆ ਹੈ। ਉਨ੍ਹਾਂ ਨੂੰ ਕੈਨੇਡਾ ਵਿਚ ਨਿਊ ਡੈਮੋਕਰੈਟਿਕ ਪਾਰਟੀ (ਐਨ.ਡੀ.ਪੀ.) ਦਾ ਮੁਖੀ ਚੁਣਿਆ ਗਿਆ। ਉਹ ਹੁਣ 2019 ਦੀਆਂ ਕੌਮੀ ਚੋਣਾਂ ਵਿਚ ਪ੍ਰਧਾਨ ਮੰਤਰੀ ਅਹੁਦੇ ਲਈ ਉਮੀਦਵਾਰ ਹੋਣਗੇ। ਇਹ ਪਹਿਲੀ ਵਾਰ ਹੈ, ਜਦੋਂ ਕੈਨੇਡਾ ਵਿਚ ਪ੍ਰਧਾਨ ਮੰਤਰੀ ਅਹੁਦੇ ਲਈ ਕਿਸੇ ਅੰਮ੍ਰਿਤਧਾਰੀ ਸਿੱਖ ਦੀ ਚੋਣ ਹੋਈ ਹੋਵੇ। ਜਗਮੀਤ ਸਿੰਘ ਨੂੰ ਗਰਮਖਿਆਲੀਆਂ ਦਾ ਸਮਰਥਕ ਮੰਨਿਆ ਜਾਂਦਾ ਹੈ। ਉਹ ਕੈਨੇਡਾ ਦੀ ਸੰਸਦ ਵਿਚ ਸਿੱਖ ਕਤਲੇਆਮ ਖਿਲਾਫ ਮਤਾ ਲਿਆਏ ਸਨ। ਇਸੇ ਲਈ ਉਨ੍ਹਾਂ ਦੀ ਭਾਰਤ ਫੇਰੀ ਦੇ ਰਾਹ ਵਿਚ ਹਮੇਸ਼ਾ ਅੜਿੱਕਾ ਡਾਹਿਆ ਗਿਆ। 2013 ਵਿਚ ਉਨ੍ਹਾਂ ਨੇ ਆਪਣੇ ਪਿਤਰੀ ਪਿੰਡ ਠਿਕਰੀਵਾਲਾ ਆਉਣ ਦਾ ਪ੍ਰੋਗਰਾਮ ਬਣਾਇਆ ਸੀ, ਪਰ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਵੀਜ਼ਾ ਦੇਣ ਤੋਂ ਨਾਂਹ ਕਰ ਦਿੱਤੀ।



ਪੇਸ਼ੇ ਵਜੋਂ ਵਕੀਲ ਜਗਮੀਤ ਸਿੰਘ (38) ਸਾਲ 2011 ਵਿਚ ਓਂਟਾਰੀਓ ਦੀ ਸੂਬਾਈ ਸਿਆਸਤ ਵਿਚ ਆਏ ਤੇ ਪਹਿਲੀ ਵਾਰ 2015 ਵਿਚ ਸੂਬਾਈ ਐਨ.ਡੀ.ਪੀ. ਦੇ ਡਿਪਟੀ ਲੀਡਰ ਬਣੇ। ਐਨ.ਡੀ.ਪੀ. ਦੇ ਨੇਤਾ ਦੀ ਚੋਣ ਲਈ ਚਾਰ ਉਮੀਦਵਾਰ ਸਨ। ਜਗਮੀਤ ਸਿੰਘ ਨੂੰ 35266 ਵੋਟਾਂ ਮਿਲੀਆਂ, ਜਦੋਂਕਿ ਬਾਕੀ ਤਿੰਨਾਂ ਉਮੀਦਵਾਰਾਂ- ਚਾਰਲੀ ਐਂਗਸ, ਨਿਕੀ ਐਸ਼ਟਨ ਅਤੇ ਗਾਇ ਕੈਰਨ ਦੀਆਂ ਵੋਟਾਂ ਰਲਾ ਕੇ ਮਸਾਂ

*(ਬਾਕੀ ਸਫਾ 6 'ਤੇ)*

We Do Real Estate in
Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Raja Sweets & Catering Presents
PARADISE BALLROOMS banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
Services Include
• Catering • Several Bar Options
• Silverware • Security
• Chinaware • Wait Staff
• Decorated Hall • Full Setup Including table cloth, napkins, chairs etc.
• Linen
Paradise Ballrooms
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com


Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

# ਇੰਡੋ-ਅਮੈਰਿਕਨ ਕਲਚਰਲ ਅਰਗੇਨਾਈਜੇਸ਼ਨ ਕੈਲੀਫੋਰਨੀਆ ਯੂ.ਐਸ.ਏ.

ਸਾਰੀ ਖਲਕ ਖ਼ਦਾਇ ਬੇਦਾਰ ਬੈਠੀ, ਸੁੱਤਾ ਜਾਗਦਾ ਹਿੰਦੋਸਤਾਨ ਕਿਉਂ ਨੀ

## ਪਹਿਲੇ ਲਾਹੌਰ ਸਾਜਿਸ਼ ਕੇਸ ਸਪਲੀਮੈਂਟਰੀ 1917 ਈ ਦੇ ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ


ਭਾਈ ਬਲਵੰਤ ਸਿੰਘ ਖੁਰਦਪੁਰ


ਹਾਫ਼ਜ਼ ਅਬਦੁਲਾ (ਜਗਰਾਵਾਂ)


ਜਵੰਦ ਸਿੰਘ ਨੰਗਲ


ਹਰਨਾਮ ਸਿੰਘ ਨਾਮਾ ਫਾਂਸੀਵਾਲਾ


ਡਾ. ਮਥਰਾ ਸਿੰਘ


ਅਰੂੜ ਸਿੰਘ ਸੰਘਵਾਲ

ਤੇ ਹੋਰ ਗਦਰੀ ਸ਼ਹੀਦ

## ਐਤਵਾਰ 8 ਅਕਤੂਬਰ 2017

*(ਦੁਪਹਿਰ 12 ਵਜੇ ਤੋਂ 8 ਵਜੇ ਤੱਕ)*

## ਸਥਾਨ: ਐਸ. ਈ. ਐਸ. ਹਾਲ

10428 ਈਸਟ ਸਟਾਕਟਨ ਬੁਲੇਵਾਰਡ ਐਲਕ ਗਰੋਵ
ਸੈਕਰਾਮੈਂਟੋ, ਕੈਲੀਫੋਰਨੀਆ 95624

ਜੂਝਦੇ ਹੋਏ ਲਹੂ ਦਾ ਕਿੱਸਾ ਸੁਣਾਉਂਦੇ ਰਹੀਦਾ। ਪੌਣ ਦੀ ਝੋਲੀ ਵਿਚ ਖੁਸ਼ਬੂ ਗੀਤ ਗਾਉਂਦੇ ਰਹੀਦਾ।

ਸਤਿਕਾਰਯੋਗ ਭੈਣੋ ਤੇ ਭਰਾਓ, 2017 ਦਾ ਵਰ੍ਹਾ ਗਦਰ ਪਾਰਟੀ ਦੇ ਉਨ੍ਹਾਂ ਸੂਰਮਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦਾ ਸ਼ਤਾਬਦੀ ਵਰ੍ਹਾ ਹੈ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਖਾਤਰ ਹੱਸ ਹੱਸ ਫਾਂਸੀ ਦੇ ਰੱਸੇ ਚੁੰਮੇ, ਤਸ਼ੱਦਦ ਸਹੇ, ਕੈਦਾਂ ਕੱਟੀਆਂ, ਕਾਲੇ ਪਾਣੀ ਦੇ ਦੁੱਖ ਭੋਗੇ ਅਤੇ ਜਾਇਦਾਦਾਂ ਜ਼ਬਤ ਕਰਵਾਈਆਂ। ਇਨ੍ਹਾਂ ਦੀਆਂ ਕੁਰਬਾਨੀਆਂ ਨੇ ਭਾਰਤੀ ਉਪ ਮਹਾਂਦੀਪ ਦੇ ਜਨ ਸਮੂਹਾਂ ਦੇ ਦਿਲਾਂ ਵਿਚ ਆਜ਼ਾਦੀ ਲਈ ਤੜਪ ਪੈਦਾ ਕੀਤੀ ਅਤੇ ਕੌਮੀ ਮੁਕਤੀ ਘੋਲ ਦੀਆਂ ਹੋਰ ਲਹਿਰਾਂ ਨੂੰ ਜਨਮ ਦਿੱਤਾ। ਸਾਰੀਆਂ ਭਰਾਤਰੀ ਤੇ ਸਮਾਜਿਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਆਓ! ਸਾਰੇ ਰਲ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰੀਏ।



### ਪਹੁੰਚ ਰਹੇ ਕਲਾਕਾਰ

ਪ੍ਰਸਿੱਧ ਗਾਇਕ ਸੁਰਿੰਦਰ ਛਿੰਦਾ, ਪੰਮੀ ਮਾਨ, ਪੂਨਮ ਮਲਹੋਤਰਾ, ਜੀਵਨ ਰੱਤੂ ਤੇ ਹੋਰ ਕਲਾਕਾਰ।
ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜੱਥਾ ਵਾਰਾਂ ਪੇਸ਼ ਕਰੇਗਾ।

### ਪੁੱਜ ਰਹੀਆਂ ਸ਼ਖਸੀਅਤਾਂ

ਕਿਰਪਾਲ ਸਿੰਘ ਸੰਧੂ
ਦਲਵਿੰਦਰ ਸਿੰਘ ਧੂਤ
ਬੀਬੀ ਕਰਨੈਲ ਕੌਰ ਈਸੜੂ

*ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ।*

*ਖਾਣਾ, ਪਾਰਕਿੰਗ ਤੇ ਦਾਖ਼ਲਾ ਮੁਫ਼ਤ ਹੋਵੇਗਾ।*

*ਭੰਗੜੇ ਤੇ ਗਿੱਧੇ ਦੀਆਂ ਟੀਮਾਂ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੋਣਗੀਆਂ।*

**ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ**
ਫੋਨ: 916-420-2390

**ਸਕੱਤਰ ਗਿਆਨ ਸਿੰਘ ਬਿਲਗਾ**
ਫੋਨ: 661-397-7330

**ਖਜ਼ਾਨਚੀ ਜਗਜੀਤ ਸਿੰਘ ਗਿੱਲ**
ਫੋਨ: 209-985-1552

**ਸਮਿਤਰ ਸਿੰਘ ਉਪਲ**
ਫੋਨ: 530-695-1716

**ਬਲਬਿੰਦਰ ਸਿੰਘ ਭੱਟੀ**
ਫੋਨ: 209-480-2275

**ਬਲਵੰਤ ਬਾਂਕਾ**
ਫੋਨ: 916-271-4216

**ਪ੍ਰਬੰਧਕ:** ਜਰਨੈਲ ਸਿੰਘ ਸਰਪੰਚ, ਕਸ਼ਮੀਰ ਸਿੰਘ ਕਾਂਗਣਾ, ਹਰਪਾਲ ਸੰਘਾ, ਮਲਕੀਅਤ ਬੈਂਸ, ਸੁਰਿੰਦਰ ਗਿੱਲ, ਅਮਰਜੀਤ ਰਾਏ, ਕਰਮਜੀਤ ਸਿੰਘ ਕੰਗ, ਸਵਰਨ ਸਿੰਘ ਸਿੱਧੂ, ਪ੍ਰਿਤਪਾਲ ਸਿੰਘ ਭੋਗਲ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਅਵਤਾਰ ਸਿੰਘ ਡੋਡ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਸਵਿੰਦਰ ਸਿੰਘ ਭਾਰਟਾ, ਫਰੈਂਕ ਜੌਹਨਸਨ, ਜਸਵਿੰਦਰ ਸੰਧੂ, ਪਰਮਪ੍ਰੀਤ ਬਿੰਦਰਾ (ਅਟਾਰਨੀ ਐਟ ਲਾਅ), ਹਰਪ੍ਰੀਤ ਗਿੱਲ, ਕੇਵਲ ਬੋਲੀਨਾ, ਡਾ. ਹਰਪ੍ਰੀਤ ਕੰਦੋਲਾ, ਗੁਰਪ੍ਰੀਤ ਗਿੱਲ, ਅਭੀਜੀਤ ਖੁਲਰ, ਬਲਜੀਤ ਬਿੰਦਰਾ, ਗਗਨਦੀਪ ਬਿੰਦਰਾ, ਸਰਬਜੀਤ ਸੂਰ, ਸੁਖਦੀਪ ਸੋਹਲ, ਸੁਖਦੇਵ ਸਿੰਘ ਬਾਜਵਾ (ਫਰਿਜ਼ਨੋ)।

**ਸਪਾਂਸਰ:** ਗੁਰਚਰਨ ਸਿੰਘ ਰੱਕੜ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੋਪਾਰਾਏ, ਸਿਕੰਦਰ ਸਿੰਘ ਜੱਸੜ, ਗੁਰਚਰਨ ਸਿੰਘ ਬੈਂਸ, ਇੰਡਸ ਵੈਲੀ ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ ਚੇਅਰਮੈਨ, ਬਲਵੀਰ ਸਿੰਘ ਭਾਟੀਆ ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫੋਰਨੀਆ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਾਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਔਜਲਾ, ਵਿਨੋਦ ਕੰਬੋਜ, ਬੰਤ ਕੰਦੋਲਾ, ਸੁਖਦੇਵ ਲੰਬੜ, ਐਸ.ਪੀ. ਸਿੰਘ, ਗਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੌਰਕਾਲ ਸਿਕਿਉਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਕੰਗ, ਡਾ. ਸੁਖਦੀਪ ਸਿੰਘ ਸੰਧੂ ਅਤੇ ਪਰਿਵਾਰ, ਸ਼ਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਣ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਪਰਮਜੀਤ ਸਿੰਘ ਭੁੱਟਾ, ਸਤਵੀਰ ਸਿੰਘ ਖਪਰਾ, ਪਲਵਿੰਦਰ ਸਿੰਘ ਭੱਟੀ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੁਲਿੰਦਰ ਗਿੱਲ (ਡੈਨੀ'ਜ਼ ਰੈਸਟੋਰੈਂਟ), ਗੋਲਡਨ ਸਟੇਟ ਇੰਕ, ਪਾਲ ਲਿੱਕਰਜ਼, ਇੰਡੀਆ ਗਾਰਡਨ, ਰਾਜ ਭਨੋਟ, ਸੰਤੋਖ ਸਿੰਘ ਜੱਜ, ਪਰਮਜੀਤ ਸਿੰਘ ਥਿੰਦ, ਭਾਖੜੀ ਲਾਅ ਫਰਮ, ਸਾਬੀ ਸਿੰਘ ਟਰੱਕਿੰਗ, ਸੋਢੀ ਸਵਾਜਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੁਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ. ਜੇ. ਜੀ. ਐਸ. ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ, ਸਤਵੀਰ ਬੈਂਸ (ਰਾਇਲ ਟਰੱਕਿੰਗ), ਵੈਨਕੋ ਟਰੱਕ ਸਟਾਪ, ਸਿਟੀ ਮਾਰਕਿਟ ਬਲੈਰੋ ਸਟੇਸ਼ਨ, ਦਲਬੀਰ ਗਿੱਲ, ਗੋਲਡਨ ਪੈਸੇਫਿਕ ਟਰੱਕਿੰਗ, ਗੁਰਦਿਆਲ ਸਿੰਘ ਧਾਮੀ, ਔਜਲਾ ਟਰੱਕਿੰਗ, ਜਗਜੀਤ ਸਿੰਘ ਰੱਕੜ ਲੈਥਰੋਪ, ਮਲ੍ਹਾਗਰ ਸਿੰਘ ਖਹਿਰਾ, ਸੈਕਰਾਮੈਂਟੋ ਵੈਲੀ ਟਰੱਕ ਸਟਾਪ, ਇੰਦਰਜੀਤ ਸਿੰਘ ਥਾਂਦੀ, ਚੜ੍ਹਦਾ ਪੰਜਾਬ ਕਲੱਬ-ਸੈਕਰਾਮੈਂਟੋ, ਕੇਵਲ ਸਿੰਘ ਸਿੱਧੂ, ਜਸਮੇਲ ਸਿੰਘ ਚਿੱਟੀ (5 ਸਟਾਰ ਟੋਇੰਗ), ਹਰਨੇਕ ਸਿੰਘ, ਯੂ ਐਸ ਏ ਸਟਾਰ ਵਨ ਗੈਸੋਲੀਨ, ਧਾਮੀ ਬ੍ਰਦਰਜ਼।

Video & Photography: Shiara Singh Dhindsa, Omni Video 661-703-6664, www.omnivideousa.com

# ਇਲੈਕਟ੍ਰਾਨਿਕ ਲਾਗ ਬੁੱਕ ਦੇ ਮੁੱਦੇ 'ਤੇ ਟਰੱਕ ਚਾਲਕ ਕਰਨਗੇ ਮੁਜਾਹਰਾ

**ਫਰਿਜ਼ਨੋ (ਬਿਊਰੋ):** ਇਲੈਕਟ੍ਰਾਨਿਕ ਲਾਗ ਡਿਵਾਈਸ (ਈ.ਐਲ.ਡੀ.) ਦੇ ਮੁੱਦੇ 'ਤੇ ਵੈਟਰਨ ਟਰੱਕਿੰਗ ਐਸੋਸੀਏਸ਼ਨ ਦੇ ਸੱਦੇ ਉਤੇ ਟਰੱਕਰ ਵਾਸ਼ਿੰਗਟਨ ਡੀ.ਸੀ. ਅਤੇ ਕੈਲੀਫੋਰਨੀਆ ਦੇ ਕਈ ਸ਼ਹਿਰਾਂ ਵਿਚ 8 ਅਕਤੂਬਰ ਤੱਕ ਵੱਡੇ ਮੁਜਾਹਰੇ ਕਰਨਗੇ। ਟਰੱਕਰ 4 ਅਕਤੂਬਰ ਨੂੰ ਲੈਥਰੋਪ ਅਤੇ 5 ਅਕਤੂਬਰ ਨੂੰ ਫਰਿਜ਼ਨੋ ਦੇ ਸਿਟੀ ਹਾਲ ਅੱਗੇ ਭਾਰੀ ਰੋਸ ਮੁਜਾਹਰਾ ਕਰਨਗੇ। ਇਸ ਤੋਂ ਇਲਾਵਾ ਯੂਬਾ ਸਿਟੀ ਅਤੇ ਲਾਸ ਏਂਜਲਸ ਵਿਖੇ ਵੀ ਰੋਸ ਮੁਜਾਹਰੇ ਕੀਤੇ ਜਾਣਗੇ।

ਇਸੇ ਦੌਰਾਨ ਬੇਕਰਜ਼ਫੀਲਡ ਦੇ ਪੰਜਾਬੀ ਟਰੱਕ ਚਾਲਕਾਂ ਦੀ ਇਕ ਮੀਟਿੰਗ ਸਟੋਨ ਕਰੀਕ ਪਾਰਕ ਵਿਚ ਹੋਈ ਜਿਥੇ ਟਰੱਕ ਕੰਪਨੀਆਂ ਦੇ ਮਾਲਕ, ਓਨਰ ਅਪਰੇਟਰ ਅਤੇ ਡਰਾਈਵਰ ਪਹੁੰਚੇ ਹੋਏ ਸਨ। ਮੀਟਿੰਗ ਵਿਚ ਆਪਰੇਸ਼ਨ ਬਲਿਊ ਐਂਡ ਬਲੈਕ ਤਹਿਤ ਬੇਕਰਜ਼ਫੀਲਡ ਦੇ ਡਾਊਨ ਟਾਊਨ (1415 ਟ੍ਰਕਸਟਨ ਐਵੇਨਿਊ) ਵਿਚ 4 ਅਕਤੂਬਰ ਨੂੰ ਰੋਸ ਮੁਜਾਹਰਾ ਕਰਨ ਦਾ ਫੈਸਲਾ ਲਿਆ ਗਿਆ। ਮੀਟਿੰਗ ਵਿਚ ਸਥਾਨਕ ਕਾਂਗਰਸਮੈਨ ਵੀ ਟਰੱਕਰਾਂ ਦੀ ਸੁਪੋਰਟ ਲਈ ਪਹੁੰਚਿਆ ਹੋਇਆ ਸੀ।

ਜ਼ਿਕਰਯੋਗ ਹੈ ਕਿ ਹੁਣ ਤੱਕ ਅਮਰੀਕਨ ਟਰੱਕਰ ਪੇਪਰ ਲਾਗ ਬੁੱਕ ਵਰਤਦੇ ਆ ਰਹੇ ਹਨ ਪਰ 18 ਦਸੰਬਰ 2017 ਤੋਂ ਇਲੈਕਟ੍ਰਾਨਿਕ ਲਾਗ ਡਿਵਾਈਸ (ਈ.ਐਲ.ਡੀ.) ਟਰੱਕਾਂ ਵਿਚ ਲਾਜ਼ਮੀ ਕਰ ਦਿੱਤੀ ਗਈ ਹੈ। ਡਰਾਈਵਰਾਂ ਦਾ ਤਰਕ ਹੈ ਕਿ ਉਨ੍ਹਾਂ ਨੂੰ ਇਲੈਕਟ੍ਰਾਨਿਕ ਲਾਗ ਡਿਵਾਈਸ ਲਾਉਣ 'ਚ ਕੋਈ ਦਿੱਕਤ ਨਹੀਂ ਪਰ ਪਹਿਲਾਂ ਇਸ ਸਬੰਧੀ ਮਾਹੌਲ ਅਨੁਕੂਲ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ 14 ਘੰਟੇ ਲਾਗ ਬੁੱਕ ਕਾਨੂੰਨ ਮੁਤਾਬਕ ਈ.ਐਲ.ਡੀ. 'ਤੇ ਚੱਲਣਾ ਬਹੁਤ ਮੁਸ਼ਕਿਲ ਹੈ ਕਿਉਂਕਿ ਸ਼ਿੱਪਰ ਤੇ ਰਸੀਵਰ ਕਈ ਵਾਰ 7-7 ਘੰਟੇ ਟਰੱਕ ਨਹੀਂ ਲੱਦਦੇ ਤੇ ਨਾ ਕੋਈ ਵੇਟਿੰਗ ਟਾਈਮ ਲਈ ਇਵਜ਼ਾਨਾ ਦਿੰਦਾ ਹੈ। ਜੇ ਮਿੱਥੇ ਸਮੇਂ ਤੋਂ ਲੇਟ ਹੁੰਦੇ ਹਨ ਤਾਂ ਅੱਗੋਂ 48-48 ਘੰਟੇ ਮਿਲਣ ਦਾ ਸਮਾਂ ਨਹੀਂ ਮਿਲਦਾ ਤੇ ਇੰਜ ਈ.ਐਲ.ਡੀ. ਮੁਤਾਬਿਕ ਚੱਲਣਾ ਔਖਾ ਹੈ।

ਡਰਾਈਵਰਾਂ ਅਨੁਸਾਰ ਮੈਕਸੀਕੋ ਬਾਰਡਰ ਦੇ ਸ਼ਹਿਰਾਂ ਵਿਚ ਕਈ ਵਾਰੀ ਲੋਡ ਚੱਕਣ ਵਿਚ ਪੂਰੀ ਦਿਹਾੜੀ ਲੱਗ ਜਾਂਦੀ ਹੈ, ਬਰੋਕਰ 100-200 ਡਾਲਰ ਦੇ ਕੇ ਪੱਲਾ ਝਾੜ ਜਾਂਦਾ ਹੈ ਜਦੋਂਕਿ ਰਗੜਾ ਡਰਾਈਵਰ ਨੂੰ ਲੱਗਦਾ ਹੈ। ਡਰਾਈਵਰ ਟਰੱਕਾਂ ਦੇ ਭਾੜੇ ਵਧਾਉਣ ਦੇ ਨਾਲ-ਨਾਲ ਲੇਅਓਵਰ ਵੀ ਵਧਾਉਣ ਦੀ ਮੰਗ ਕਰ ਰਹੇ ਹਨ।



ਬੇਕਰਜ਼ਫੀਲਡ ਦੇ ਪੰਜਾਬੀ ਟਰੱਕ ਚਾਲਕ ਸਥਾਨਕ ਕਾਂਗਰਸਮੈਨ ਨਾਲ

# ਨਾਨਕਸ਼ਾਹੀ ਕੈਲੰਡਰ ਬਾਰੇ ਸ਼ਿਕਾਗੋ ਵਿਚ ਸਰਬ ਗੁਰਦੁਆਰਾ ਸੰਮੇਲਨ 11 ਅਤੇ 12 ਨਵੰਬਰ ਨੂੰ

**ਸ਼ਿਕਾਗੋ (ਬਿਊਰੋ):** ਸਥਾਨਕ ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਸਿੱਖ ਰਿਲੀਜੀਅਸ ਸੁਸਾਇਟੀ ਸ਼ਿਕਾਗੋ ਵਲੋਂ ਨਾਨਕਸ਼ਾਹੀ ਕੈਲੰਡਰ ਬਾਰੇ ਇਕ ਸਰਬ ਗੁਰਦੁਆਰਾ ਸੰਮੇਲਨ ਆਉਂਦੀ 11 ਅਤੇ 12 ਨਵੰਬਰ (ਸਨਿਚਰ ਤੇ ਐਤਵਾਰ) ਨੂੰ ਗੁਰਦੁਆਰਾ ਸਾਹਿਬ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸੰਮੇਲਨ ਦੌਰਾਨ ਨਾਨਕਸ਼ਾਹੀ ਕੈਲੰਡਰ ਸਬੰਧੀ ਜਾਣਕਾਰੀ ਤਫਸੀਲ ਵਿਚ ਸਾਂਝੀ ਕੀਤੀ ਜਾਵੇਗੀ ਅਤੇ ਇਸ ਕੈਲੰਡਰ ਦੇ ਸਾਰੇ ਪੱਖਾਂ ਬਾਰੇ ਵਿਚਾਰ ਕੀਤੀ ਜਾਵੇਗੀ।

ਨਾਨਕਸ਼ਾਹੀ ਕੈਲੰਡਰ ਦੇ ਬਾਨੀ ਸ. ਪਾਲ ਸਿੰਘ ਪੁਰੇਵਾਲ (ਕੈਨੇਡਾ) ਤੋਂ ਇਲਾਵਾ ਹੋਰ ਵਿਦਵਾਨ ਸ. ਸਰਬਜੀਤ ਸਿੰਘ (ਸੈਕਰਾਮੈਂਟੋ), ਪ੍ਰੋ. ਨਿਰੰਜਣ ਸਿੰਘ ਢੇਸੀ, ਡਾ. ਸੁਖਪ੍ਰੀਤ ਸਿੰਘ ਉਦੋਕੇ, ਸ. ਸੁਰਿੰਦਰ ਸਿੰਘ ਅਤੇ ਬੀਬੀ ਜਸਬੀਰ ਕੌਰ (ਓਹਾਇਓ) ਇਸ ਸਬੰਧੀ ਵਿਚਾਰ-ਵਟਾਂਦਰਾ ਕਰਨਗੇ। 12 ਨਵੰਬਰ (ਐਤਵਾਰ) ਨੂੰ ਇਸ ਜਾਣਕਾਰੀ ਦੀ ਸਾਂਝ ਸਮੁੱਚੀ ਸਾਧ ਸੰਗਤ ਨਾਲ ਵੀ ਪਾਈ ਜਾਵੇਗੀ।

ਸੁਸਾਇਟੀ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਸਿੱਖ ਸੰਗਤਾਂ ਜਾਣਦੀਆਂ ਹਨ ਕਿ ਕਿਵੇਂ ਪਹਿਲਾਂ ਸ. ਪਾਲ ਸਿੰਘ ਪੁਰੇਵਾਲ ਵਲੋਂ ਸਖਤ ਮਿਹਨਤ ਅਤੇ ਵਿਗਿਆਨਕ ਢੰਗ ਨਾਲ ਤਿਆਰ ਕੀਤਾ ਗਿਆ ਨਾਨਕਸ਼ਾਹੀ ਕੈਲੰਡਰ 1999 ਵਿਚ ਸਰਬਸੰਮਤੀ ਨਾਲ ਸਮੂਹ ਗੁਰਦੁਆਰਿਆਂ ਅਤੇ ਸੰਸਥਾਵਾਂ ਨੇ ਲਾਗੂ ਕੀਤਾ ਸੀ। ਉਸ ਸਮੇਂ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ, ਬੰਦੀ ਛੋੜ ਦਿਵਸ ਅਤੇ ਹੋਲੇ ਮਹੱਲੇ ਦੇ ਦਿਵਸ ਸ਼ਾਮਿਲ ਨਾ ਕੀਤੇ ਜਾ ਸਕੇ ਪਰ ਬਾਅਦ ਵਿਚ ਸਿਆਸੀ ਦਬਾਓ ਹੇਠ ਇਸ ਕੈਲੰਡਰ ਵਿਚ ਕਈ ਤਬਦੀਲੀਆਂ ਕਰ ਦਿਤੀਆਂ ਗਈਆਂ।

ਕੈਲੰਡਰ ਦਾ ਮਨੋਰਥ ਇਹ ਸੁਨੇਹਾ ਦੇਣਾ ਸੀ ਕਿ ਸਿੱਖ ਕੌਮ ਦੀ ਬਾਕੀ ਵਿਲਖਣ ਕੌਮਾਂ ਵਾਂਗ ਆਪਣੀ ਸੁਤੰਤਰ ਹੋਂਦ ਹੈ ਤੇ ਇਸ ਦਾ ਆਪਣਾ ਕੈਲੰਡਰ ਹੈ। ਸ. ਪਾਲ ਸਿੰਘ ਪੁਰੇਵਾਲ ਨੇ ਦੋ ਦਹਾਕੇ ਲਾ ਕੇ ਸਿੱਖ ਸੰਕਲਪਾਂ 'ਤੇ ਆਧਾਰਤ ਸਿੱਖ ਜਗਤ ਦਾ ਆਪਣਾ ਕੈਲੰਡਰ ਤਿਆਰ ਕੀਤਾ ਹੈ। ਇਸ ਕੈਲੰਡਰ ਨੂੰ ਸਿੱਖ ਕੌਮ ਦੇ ਅਦਾਰਿਆਂ ਵਿਚ ਸੰਪੂਰਨ ਰੂਪ ਵਿਚ ਲਾਗੂ ਕਰਨਾ ਹੀ ਉਨ੍ਹਾਂ ਦਾ ਅਸਲ ਸਨਮਾਨ ਅਤੇ ਸਿੱਖ ਕੌਮ ਦੀ ਪਛਾਣ ਬਣ ਸਕਦਾ ਹੈ।

ਹੋਰ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਦੇ ਫੋਨ: 847-358-1117 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## 'ਪਾਪਾ ਦੀ ਪਰੀ' ਹਨੀਪ੍ਰੀਤ ਆਖਰਕਾਰ ਗ੍ਰਿਫਤਾਰ

**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੀ ਗੋਦ ਲਈ ਧੀ ਹਨੀਪ੍ਰੀਤ ਇੰਸਾਂ ਨੂੰ 25 ਅਗਸਤ ਨੂੰ ਹਿੰਸਾ ਭੜਕਾਉਣ ਦੇ ਮਾਮਲੇ ਵਿਚ ਹਰਿਆਣਾ ਪੁਲਿਸ ਨੇ ਗ੍ਰਿਫਤਾਰ ਕਰ ਲਿਆ।

ਹਨੀਪ੍ਰੀਤ ਦੇ ਕਿਸੇ ਅਣਦੱਸੀ ਥਾਂ ਉਤੇ ਦੋ ਪ੍ਰਾਈਵੇਟ ਟੈਲੀਵਿਜ਼ਨ ਚੈਨਲਾਂ ਦੇ ਪੱਤਰਕਾਰਾਂ ਨਾਲ ਗੱਲਬਾਤ ਕਰਨ ਤੋਂ ਕੁਝ ਘੰਟਿਆਂ ਬਾਅਦ ਇਹ ਗ੍ਰਿਫਤਾਰੀ ਹੋਈ। ਵੱਡੇ ਪੱਧਰ ਉਤੇ ਮੁਹਿੰਮ ਚਲਾਉਣ ਦੇ ਬਾਵਜੂਦ ਇਕ ਮਹੀਨੇ ਤੋਂ ਵੱਧ ਸਮਾਂ ਹਨੀਪ੍ਰੀਤ ਨੂੰ ਗ੍ਰਿਫਤਾਰ ਨਾ ਕਰ ਸਕਣ ਕਾਰਨ ਹਰਿਆਣਾ ਪੁਲਿਸ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਸੀ।ਡੇਰਾ ਮੁਖੀ ਨੂੰ ਜਬਰ ਜਨਾਹ ਦੇ ਕੇਸ ਵਿਚ ਦੋਸ਼ੀ ਠਹਿਰਾਉਣ ਮਗਰੋਂ ਭੜਕੀ ਹਿੰਸਾ ਦੇ ਮਾਮਲੇ ਵਿਚ ਸੂਬਾਈ ਪੁਲਿਸ ਨੂੰ ਲੋੜੀਂਦੇ 43 ਵਿਅਕਤੀਆਂ ਦੀ ਸੂਚੀ ਵਿਚ ਹਨੀਪ੍ਰੀਤ ਸਿਖਰ ਉਤੇ ਸੀ। ਜ਼ਿਕਰਯੋਗ ਹੈ ਕਿ ਹਰਿਆਣਾ ਪੁਲਿਸ ਨੇ ਪਹਿਲੀ ਸਤੰਬਰ ਨੂੰ ਹਨੀਪ੍ਰੀਤ ਇੰਸਾਂ ਅਤੇ ਅਦਿੱਤਿਆ ਇੰਸਾਂ ਖਿਲਾਫ਼ ਲੁੱਕਆਊਟ ਨੋਟਿਸ ਜਾਰੀ ਕੀਤਾ ਸੀ।

Bright Tax Consultants
BRIGHT TAX CONSULTANTS
613 N. O'Connor Road, #29, Irving, TX 75062
Ph: 562-409-5560, 469-565-2610
Email: brighttaxconsultants1@gmail.com
Web: www.brighttaxconsultants.webs.com
Individual and Corporate Tax Returns
Reasonable rates & Timely File with IRS.
ਇੰਡੀਜੁਅਲ ਤੇ ਕਾਰਪੋਰਟੇ ਟੈਕਸ ਰਿਟਰਨ ਭਰਨ ਲਈ ਭਰੋਸੇਯੋਗ ਨਾਂ
Contact us today! Appointment Required.
1040, 1040A, 1040EZ. W-2, 1099 Misc.
We speak: Punjabi, Hindi, English.
Mailing Address: 401 N. Carroll Ave, #133, Southlake, TX 76092

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

Gill Financial & Insurance Services
31080 Union City Blvd# 201, Union City, CA 94587
Insurance
*Auto *Home *Business *Life
*Health Insurance
*ਆਟੋ *ਹੋਮ *ਬਿਜਨਸ *ਲਾਈਫ *ਹੈਲਥ ਇੰਸ਼ੋਰੈਂਸ
Save up to 25%
Get all the discounts.
Specialize in:
*Retirement Planning
(401K-IRA-SEPIRA)
*Education Funding
*Tax Planning
*Estate Planning
*Investment Planning
*Business Continuation
*Mortgage Protection
*Family Life Insurance



Manjit Gill
CA Ins Lic#0B23990
24 years experience
Call Manjit Gill, Ph: 510-888-1180
www.Gillfinancial.com

# ਜਬਰ ਜਨਾਹ ਤੇ ਧੋਖਾਧੜੀ ਦੇ ਦੋਸ਼ਾਂ ਵਿਚ ਘਿਰਿਆ ਲੰਗਾਹ

**ਗੁਰਦਾਸਪੁਰ:** ਸਾਬਕਾ ਅਕਾਲੀ ਮੰਤਰੀ ਤੇ ਸ਼੍ਰੋਮਣੀ ਕਮੇਟੀ ਮੈਂਬਰ ਸੁੱਚਾ ਸਿੰਘ ਲੰਗਾਹ ਖਿਲਾਫ਼ ਥਾਣਾ ਸਿਟੀ (ਗੁਰਦਾਸਪੁਰ) ਵਿਚ ਜਬਰ ਜਨਾਹ ਅਤੇ ਧੋਖਾਧੜੀ ਸਮੇਤ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਪੁਲਿਸ ਸੁਰੱਖਿਆ ਹੇਠ ਪੀੜਤ ਦਾ ਸਿਵਲ ਹਸਪਤਾਲ ਵਿਚ ਡਾਕਟਰੀ ਮੁਆਇਨਾ ਹੋਇਆ। ਪੀੜਤ ਨੇ ਪੁਲਿਸ ਦੇ ਉਚ ਅਧਿਕਾਰੀਆਂ ਨੂੰ ਦਿੱਤੀ ਲਿਖਤੀ ਸ਼ਿਕਾਇਤ ਨਾਲ ਵੀਡੀਓ ਕਲਿੱਪ ਵੀ ਦਿੱਤੀ, ਜਿਸ ਦੇ ਆਧਾਰ ਉਤੇ ਪੁਲਿਸ ਨੇ ਜਾਂਚ ਮਗਰੋਂ ਕਾਰਵਾਈ ਕੀਤੀ ਹੈ।

ਥਾਣਾ ਸਿਟੀ ਵਿਚ ਸਾਬਕਾ ਅਕਾਲੀ ਮੰਤਰੀ ਖਿਲਾਫ਼ ਦਰਜ ਚਾਰ ਪੰਨਿਆਂ ਦੀ ਐਫ.ਆਈ.ਆਰ. ਵਿਚ ਪੀੜਤ ਨੇ ਕਈ ਖੁਲਾਸੇ ਕੀਤੇ ਹਨ। ਉਸ ਨੇ ਉਚ ਅਧਿਕਾਰੀਆਂ ਨੂੰ ਇਨਸਾਫ ਦੀ ਅਪੀਲ ਕਰਦਿਆਂ ਖੁਦ ਅਤੇ ਪਰਿਵਾਰ ਦੀ ਜਾਨ ਨੂੰ ਖਤਰਾ ਹੋਣ ਦਾ ਖਦਸ਼ਾ ਜ਼ਾਹਰ ਕੀਤਾ ਅਤੇ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ। ਪੀੜਤਾ ਨੇ ਸ਼ਿਕਾਇਤ ਵਿਚ ਦੱਸਿਆ ਕਿ 2008 ਵਿਚ ਉਸ ਦੇ ਪਤੀ ਦੀ ਮੌਤ ਪਿਛੋਂ ਦੋ ਬੱਚਿਆਂ ਦੀ ਜ਼ਿੰਮੇਵਾਰੀ ਉਸ ਦੇ ਸਿਰ ਹੋਣ ਕਾਰਨ ਨੌਕਰੀ ਦੀ ਸਖਤ ਲੋੜ ਸੀ। ਇਸ ਕਾਰਨ ਪਹਿਲੀ ਵਾਰ 2009 ਵਿਚ ਪਰਿਵਾਰ ਸਮੇਤ ਸੁੱਚਾ ਸਿੰਘ ਲੰਗਾਹ ਨੂੰ ਪੰਜਾਬ ਭਵਨ ਚੰਡੀਗੜ੍ਹ ਵਿਚ ਮਿਲੀ। ਇਸ ਤੋਂ ਬਾਅਦ ਦੋ ਤਿੰਨ ਵਾਰ ਜਦੋਂ ਇਕੱਲੀ ਮਿਲੀ ਤਾਂ ਡਰਾ ਧਮਕਾ ਕੇ ਅਤੇ ਨੌਕਰੀ ਦਿਵਾਉਣ ਦਾ ਆਖ ਕੇ ਸੁੱਚਾ ਸਿੰਘ ਲੰਗਾਹ ਨੇ ਉਸ ਦਾ ਸਰੀਰਕ ਸ਼ੋਸ਼ਣ ਕੀਤਾ।



ਪੀੜਤ ਨੂੰ ਪਤੀ ਦੀ ਥਾਂ ਤਰਸ ਦੇ ਆਧਾਰ ਉਤੇ ਨੌਕਰੀ ਮਿਲਣ ਤੋਂ ਬਾਅਦ ਵੀ ਬਲੈਕਮੇਲ ਕਰ ਕੇ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਰਿਹਾ। ਉਸ ਨੇ ਲੰਗਾਹ ਉਤੇ ਹੋਰ ਔਰਤਾਂ ਦੀ ਜ਼ਿੰਦਗੀ ਬਰਬਾਦ ਕਰਨ ਦੇ ਨਾਲ-ਨਾਲ ਉਸ ਦੀ ਜ਼ਮੀਨ ਅਤੇ ਮਕਾਨ ਵਿਕਵਾਉਣ ਤੋਂ ਇਲਾਵਾ ਧਮਕਾਉਣ ਦੇ ਕਈ ਗੰਭੀਰ ਦੋਸ਼ ਲਾਏ।

ਇਸ ਸ਼ਿਕਾਇਤ ਦੇ ਆਧਾਰ ਉਤੇ ਉਚ ਅਧਿਕਾਰੀਆਂ ਵੱਲੋਂ ਕੀਤੀ ਸਿਫਾਰਸ਼ 'ਤੇ ਸੁੱਚਾ ਸਿੰਘ ਲੰਗਾਹ ਖਿਲਾਫ਼ ਆਈ.ਪੀ.ਸੀ. ਦੀ ਧਾਰਾ 376, 384, 420 ਅਤੇ 506 ਤਹਿਤ ਕੇਸ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਗੌਰਤਲਬ ਹੈ ਕਿ ਗੁਰਦਾਸਪੁਰ ਜ਼ਿਮਨੀ ਚੋਣ ਦੌਰਾਨ ਸਾਬਕਾ ਅਕਾਲੀ ਵਜ਼ੀਰ ਖਿਲਾਫ਼ ਕੇਸ ਦਰਜ ਹੋਣਾ ਅਕਾਲੀ-ਭਾਜਪਾ ਦੇ ਸਾਂਝੇ ਉਮੀਦਵਾਰ ਸਵਰਨ ਸਲਾਰੀਆ ਲਈ ਨੁਕਸਾਨ ਦਾ ਸਬੱਬ ਬਣ ਸਕਦਾ ਹੈ। ਸ੍ਰੀ ਲੰਗਾਹ ਅਕਾਲੀ ਦਲ ਦੀ ਜ਼ਿਲ੍ਹਾ ਇਕਾਈ ਦੇ ਪ੍ਰਧਾਨ ਹਨ, ਜਿਸ ਕਾਰਨ ਸਲਾਰੀਆ ਦੀ ਚੋਣ ਮੁਹਿੰਮ ਦੀ ਕਮਾਂਡ ਉਨ੍ਹਾਂ ਕੋਲ ਹੈ।

## ਲੰਗਾਹ ਨੇ ਸਿੱਖੀ ਅਸੂਲਾਂ ਦਾ ਘਾਣ ਕੀਤਾ: ਜਥੇਦਾਰ



**ਅੰਮ੍ਰਿਤਸਰ:** ਸੁੱਚਾ ਸਿੰਘ ਲੰਗਾਹ ਦੀ ਜਬਰ ਜਨਾਹ ਮਾਮਲੇ 'ਚ ਵਾਇਰਲ ਹੋਈ ਵੀਡੀਓ ਦਾ ਗੰਭੀਰ ਨੋਟਿਸ ਲੈਂਦਿਆਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਹੈ ਕਿ ਲੰਗਾਹ ਨੇ ਸਿੱਖ ਰਹਿਤ ਮਰਿਆਦਾ ਤੇ ਸਿੱਖੀ ਅਸੂਲਾਂ ਦਾ ਘਾਣ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਚੁੱਪੀ ਤੋੜਦਿਆਂ ਲੰਗਾਹ ਦਾ ਸ਼੍ਰੋਮਣੀ ਕਮੇਟੀ ਮੈਂਬਰ ਵਜੋਂ ਅਸਤੀਫਾ ਪ੍ਰਵਾਨ ਕਰ ਲਿਆ। ਜਥੇਦਾਰ ਨੇ ਕਿਹਾ ਕਿ ਸੰਸਾਰ ਭਰ ਵਿਚ ਵਸਦੀ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਵੱਲੋਂ ਇਸ ਘਟਨਾ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ, ਥੋੜ੍ਹੀ ਹੈ।

## ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਕੋਰ ਕਮੇਟੀ ਮੈਂਬਰ ਸੁੱਚਾ ਸਿੰਘ ਲੰਗਾਹ ਵੱਲੋਂ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਦਿੱਤੇ ਅਸਤੀਫੇ ਫੌਰੀ ਮਨਜ਼ੂਰ ਕਰ ਲਏ ਹਨ। ਸ੍ਰੀ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਸ੍ਰੀ ਲੰਗਾਹ ਦਾ ਸੁਨੇਹਾ ਮਿਲਿਆ ਹੈ ਕਿ ਉਹ ਸਾਰੇ ਪਾਰਟੀ ਅਹੁਦਿਆਂ ਤੋਂ ਅਸਤੀਫੇ ਦੇ ਕੇ ਖੁਦ ਨੂੰ ਕਾਨੂੰਨੀ ਪ੍ਰਕਿਰਿਆ ਅੱਗੇ ਪੇਸ਼ ਕਰਨਾ ਚਾਹੁੰਦੇ ਹਨ।

# ਚਾਰ ਬੱਚਿਆਂ ਨੂੰ ਘਰ ਇਕੱਲਾ ਛੱਡਣ ਵਾਲੀ ਅਮਰੀਕੀ ਮਹਿਲਾ ਗ੍ਰਿਫਤਾਰ

**ਨਿਊ ਯਾਰਕ:** ਆਪਣੇ ਚਾਰ ਬੱਚਿਆਂ ਨੂੰ ਘਰ ਇਕੱਲਾ ਛੱਡ ਕੇ ਖੁਦ 11 ਦਿਨਾਂ ਦੀਆਂ ਛੁੱਟੀਆਂ ਉਤੇ ਜਰਮਨੀ ਜਾਣ ਵਾਲੀ ਇਕ 30 ਸਾਲਾ ਅਮਰੀਕੀ ਮਹਿਲਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਾਣਕਾਰੀ ਮੁਤਾਬਕ ਲੋਵਾ ਦੀ ਐਰਿਨ ਲੀ ਮੈਕੀ ਆਪਣੇ 12 ਸਾਲਾਂ ਦੇ ਦੋ ਬੱਚਿਆਂ, ਇਕ ਸੱਤ ਅਤੇ ਇੱਕ ਛੇ ਸਾਲ ਦੇ ਬੱਚੇ ਨੂੰ ਘਰ ਇਕੱਲਾ ਛੱਡ ਕੇ ਖੁਦ ਜਰਮਨੀ ਚਲੀ ਗਈ ਸੀ।

'ਡੇਲੀ ਨਿਊਜ਼' ਮੁਤਾਬਕ ਪੁਲਿਸ ਨੇ ਦੱਸਿਆ ਕਿ ਮਹਿਲਾ ਨੇ ਬੱਚਿਆਂ ਦੀ ਦੇਖਭਾਲ ਲਈ ਪ੍ਰਬੰਧ ਨਹੀਂ ਕੀਤਾ ਤੇ ਇਕ ਬੰਦੂਕ ਵੀ ਘਰ ਵਿਚ ਹੀ ਛੱਡ ਗਈ।

ਬੀਤੀ 21 ਸਤੰਬਰ ਨੂੰ ਬੱਚਿਆਂ ਨੂੰ ਬਿਨਾ ਕਿਸੇ ਨਿਗਰਾਨੀ ਦੇ ਛੱਡਣ ਦੀ ਜਾਣਕਾਰੀ ਮਿਲਣ ਉਤੇ ਪੁਲਿਸ ਮੈਕੀ ਦੇ ਘਰ ਗਈ ਸੀ। ਇਸ ਮਹਿਲਾ ਨੂੰ ਜੌਹਨਸਟਨ ਪੁਲਿਸ ਨੇ ਗ੍ਰਿਫਤਾਰ ਕੀਤਾ। ਬੱਚਿਆਂ ਦੀ ਦੇਖਭਾਲ ਮਨੁੱਖੀ ਸੇਵਾਵਾਂ ਵਿਭਾਗ ਨੇ ਕੀਤੀ।

# ਰਾਹੁਲ ਗਾਂਧੀ ਨੂੰ ਛੇਤੀ ਮਿਲੇਗੀ ਪ੍ਰਧਾਨਗੀ

**ਨਵੀਂ ਦਿੱਲੀ:** ਰਾਜਸਥਾਨ ਦੇ ਕਾਂਗਰਸੀ ਆਗੂ ਸਚਿਨ ਪਾਇਲਟ ਦਾ ਕਹਿਣਾ ਹੈ ਕਿ ਦੀਵਾਲੀ ਤੋਂ ਬਾਅਦ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਪਾਰਟੀ ਪ੍ਰਧਾਨ ਬਣ ਸਕਦੇ ਹਨ। ਉਨ੍ਹਾਂ ਕਿਹਾ ਕਿ ਸਮਾਂ ਆ ਗਿਆ ਹੈ ਕਿ ਰਾਹੁਲ ਗਾਂਧੀ ਹੁਣ ਅੱਗੇ ਹੋ ਕੇ ਪਾਰਟੀ ਦੀ ਅਗਵਾਈ ਕਰਨ। ਰਾਹੁਲ ਦੇ ਵਿਸ਼ਵਾਸਪਾਤਰ ਇਸ ਆਗੂ ਨੇ ਕਿਹਾ ਕਿ ਆਗੂਆਂ ਦੇ ਪਿਛਲੇ ਨਾਵਾਂ ਨੂੰ ਸਿਆਸਤ ਸਬੰਧੀ ਅਯੋਗਤਾ ਵਾਂਗ ਨਹੀਂ ਦੇਖਿਆ ਜਾਣਾ ਚਾਹੀਦਾ। ਆਗੂ ਦਾ ਗੋਤ ਨਹੀਂ, ਸਗੋਂ ਉਸ ਵੱਲੋਂ ਕੀਤੇ ਕੰਮ ਅਹਿਮੀਅਤ ਰੱਖਦੇ ਹਨ।



# ਭਾਖੜਾ ਵਿਵਾਦ ਦਾ ਦੋਸਤਾਨਾ ਹੱਲ ਲੱਭਣ ਦੀ ਸਲਾਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਨੂੰ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵਿਚਾਲੇ ਭਾਖੜਾ-ਨੰਗਲ ਤੇ ਬਿਆਸ ਪਾਵਰ ਪ੍ਰੋਜੈਕਟਾਂ ਦੇ ਮੁਆਵਜ਼ੇ ਦੀ ਅਦਾਇਗੀ ਨੂੰ ਲੈ ਕੇ ਜਾਰੀ ਦਹਾਕਿਆਂ ਪੁਰਾਣੇ ਵਿਵਾਦ ਦੇ ਦੋਸਤਾਨਾ ਹੱਲ ਲਈ ਸੰਭਾਵਨਾਵਾਂ ਤਲਾਸ਼ਣ ਲਈ ਕਿਹਾ ਹੈ।



ਸਿਖਰਲੀ ਅਦਾਲਤ ਨੇ ਇਕ ਦੂਜੇ ਨਾਲ ਸਿਰ ਫਸਾਈ ਬੈਠੇ ਰਾਜਾਂ ਨੂੰ ਹੁਕਮ ਕੀਤੇ ਹਨ ਕਿ ਉਹ ਕੁਝ ਜ਼ਿੰਮੇਵਾਰ ਅਧਿਕਾਰੀਆਂ ਦੀ ਤਾਇਨਾਤੀ ਕਰਨ, ਜੋ ਕਿ ਅਟਾਰਨੀ ਜਨਰਨ ਵੱਲੋਂ ਨਿਯਤ ਤਰੀਕ ਨੂੰ ਮਿਲ ਕੇ ਲੰਮੇ ਸਮੇਂ ਤੋਂ ਖਿੱਚੇ ਜਾ ਰਹੇ ਇਸ ਮਸਲੇ ਦਾ ਹੱਲ ਕੱਢਣ। ਜਸਟਿਸ ਆਰ.ਕੇ. ਅਗਰਵਾਲ ਤੇ ਏ.ਐਮ. ਸਪਰੇ ਦੇ ਬੈਂਚ ਨੇ ਕਿਹਾ, 'ਅਸੀਂ ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਨੂੰ ਗੁਜ਼ਾਰਿਸ਼ ਕਰਦੇ ਹਾਂ ਕਿ ਉਹ ਤਿੰਨੇ ਰਾਜਾਂ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਨੂੰ ਬਕਾਇਆਂ ਦੀ ਅਦਾਇਗੀ ਸਬੰਧੀ ਮਾਮਲੇ ਦੇ ਦੋਸਤਾਨਾ ਹੱਲ ਲਈ ਇਸ ਕੇਸ 'ਤੇ ਮੁੜ ਨਜ਼ਰਸਾਨੀ ਕਰਨ।

ਸਬੰਧਤ ਰਾਜ ਮਸਲੇ ਦੇ ਹੱਲ ਲਈ ਜ਼ਿੰਮੇਵਾਰ ਅਧਿਕਾਰੀਆਂ ਦੀ ਤਾਇਨਾਤੀ ਯਕੀਨੀ ਬਣਾਉਣ।' ਮੌਜੂਦਾ ਵਿਵਾਦ ਸਿਖਰਲੀ ਅਦਾਲਤ ਵੱਲੋਂ ਸਤੰਬਰ 2011 ਵਿਚ ਦਿੱਤੇ ਫੈਸਲੇ ਨਾਲ ਸਬੰਧਤ ਹੈ।

ਹਿਮਾਚਲ ਪ੍ਰਦੇਸ਼ ਸਰਕਾਰ ਨੇ 1996 ਵਿਚ ਕੇਸ ਦਾਇਰ ਕਰਦਿਆਂ ਪਹਿਲੀ ਨਵੰਬਰ 1966 ਤੋਂ ਉਸ ਦੇ ਖੇਤਰ ਵਿਚ ਆਉਂਦੇ ਭਾਖੜਾ-ਨੰਗਲ-ਬਿਆਸ ਪ੍ਰੋਜੈਕਟਾਂ ਵਿਚਲੇ ਤਿੰਨ ਹਾਈਡਰੋ ਪਾਵਰ ਪ੍ਰੋਜੈਕਟਾਂ ਤੋਂ ਪੈਦਾ ਹੁੰਦੀ ਕੁੱਲ ਬਿਜਲੀ ਵਿਚੋਂ 7.19 ਫੀਸਦੀ ਹਿੱਸਾ ਮੰਗਿਆ ਸੀ। ਸਿਖਰਲੀ ਅਦਾਲਤ ਨੇ ਆਪਣੇ ਫੈਸਲੇ ਵਿਚ ਉਦੋਂ ਹਿਮਾਚਲ ਪ੍ਰਦੇਸ਼ ਦੇ ਦਾਅਵੇ ਨੂੰ ਥੋੜ੍ਹੀ ਜਿਹੀ ਰਾਹਤ ਦਿੰਦਿਆਂ ਕੇਂਦਰ ਨੂੰ ਮੁਆਵਜ਼ੇ ਦੀ ਰਾਸ਼ੀ ਦਾ ਅਨੁਮਾਨ ਲਾਉਣ ਦੀ ਹਦਾਇਤ ਕਰਦਿਆਂ ਤਿੰਨ ਰਾਜਾਂ ਦੀ ਸਹਿਮਤੀ ਨਾਲ ਰਿਪੋਰਟ ਪੇਸ਼ ਕਰਨ ਲਈ ਕਿਹਾ ਸੀ। ਸੁਪਰੀਮ ਕੋਰਟ ਨੇ 7 ਅਗਸਤ 2014 ਨੂੰ ਕੀਤੇ ਆਪਣੇ ਹੁਕਮਾਂ ਵਿਚ ਅਟਾਰਨੀ ਜਨਰਲ ਨੂੰ ਮਾਮਲੇ ਦੇ ਦੋਸਤਾਨਾ ਹੱਲ ਲਈ ਸਹਾਇਤਾ ਕਰਨ ਲਈ ਵੀ ਕਿਹਾ।

# ਅਮਰੀਕਾ ਦੇ ਤਿੰਨ ਵਿਗਿਆਨੀਆਂ ਨੂੰ ਨੋਬਲ ਪੁਰਸਕਾਰ

**ਸਟਾਕਹੋਮ:** ਦੁਨੀਆਂ ਦੇ ਨਾਮਜ਼ਦ ਨੋਬਲ ਪੁਰਸਕਾਰਾਂ ਵਿਚ ਇਸ ਸਾਲ ਦਾ ਪਹਿਲਾ ਪੁਰਸਕਾਰ ਅਮਰੀਕਾ ਦੇ ਤਿੰਨ ਵਿਗਿਆਨੀਆਂ ਨੂੰ ਦਿੱਤਾ ਗਿਆ ਹੈ। ਇਹ ਚੋਣ ਨੋਬਲ ਪੁਰਸਕਾਰ ਕਮੇਟੀ ਨੇ ਕੀਤੀ। ਨੋਬਲ ਪੁਰਸਕਾਰ ਕਮੇਟੀ ਨੇ ਇਸ ਸਾਲ ਦਾ ਦਵਾਈਆਂ ਦੇ ਖੇਤਰ ਲਈ ਨੋਬਲ ਪੁਰਸਕਾਰ ਅਮਰੀਕੀ ਵਿਗਿਆਨਕ ਜੈਫ਼ਰੀ ਹਾਲ (72), ਮਾਈਕਲ ਰੋਜਬਸ (73) ਤੇ ਮਾਈਕਲ ਯੰਗ (68) ਨੂੰ ਦੇਣ ਦਾ ਐਲਾਨ ਕੀਤਾ ਹੈ। ਇਨ੍ਹਾਂ ਤਿੰਨਾਂ ਵਿਗਿਆਨਕਾਂ ਨੂੰ ਇਹ ਪੁਰਸਕਾਰ ਮਨੁੱਖੀ ਸਰੀਰ ਦੀ 'ਅੰਦਰੂਨੀ ਜੈਵਿਕ ਘੜੀ' ਵਿਸ਼ੇ ਉਤੇ ਕੀਤੇ ਗਏ ਉਨ੍ਹਾਂ ਦੇ ਕਾਰਜ ਲਈ ਦਿੱਤਾ ਗਿਆ ਹੈ।

'ਅੰਦਰੂਨੀ ਜੈਵਿਕ ਘੜੀ' ਨੂੰ ਸਰਕੇਡੀਅਨ ਰਿਦਮ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਨੋਬਲ ਕਮੇਟੀ ਨੇ ਕਿਹਾ ਹੈ ਕਿ ਉਨ੍ਹਾਂ ਦੀਆਂ ਖੋਜਾਂ ਵਿਚ ਇਸ ਗੱਲ ਦੀ ਵਿਆਖਿਆ ਕੀਤੀ ਗਈ ਹੈ ਕਿ ਬੂਟੇ, ਜਾਨਵਰ ਤੇ ਮਨੁੱਖ ਕਿਸ ਪ੍ਰਕਾਰ ਨਾਲ ਆਪਣੀ ਅੰਦਰੂਨੀ ਜੈਵਿਕ ਘੜੀ ਦੇ ਅਨੁਰੂਪ ਖੁਦ ਨੂੰ ਢਾਲਦੇ ਹਨ ਤਾਂ ਜੋ ਉਹ ਧਰਤੀ ਦੀ ਪਰਿਕਰਮਾ ਅਨੁਸਾਰ ਆਪਣੇ ਆਪ ਨੂੰ ਢਾਲ ਸਕਣ। ਵਿਗਿਆਨਕਾਂ ਨੂੰ ਇਨਾਮ ਦੀ ਰਾਸ਼ੀ ਦੇ ਰੂਪ ਵਿਚ 11 ਲੱਖ ਮਿਲੀਅਨ ਡਾਲਰ ਦਿੱਤੇ ਜਾਣਗੇ, ਜੋ ਉਹ ਆਪਸ ਵਿਚ ਵੰਡ ਲੈਣਗੇ।

# ਵਲੈਤ ਦੇ ਸਕੂਲ ਵਿਚ ਕੜਾ ਪਾਉਣ ਤੋਂ ਰੋਕਿਆ

**ਲੰਡਨ:** ਬਰਤਾਨੀਆ ਦੇ ਟਿਪਟਨ ਵਿਚ ਸਮਰ ਹਿੱਲ ਪ੍ਰਾਇਮਰੀ ਸਕੂਲ ਦੇ 8 ਸਾਲਾ ਸਿੱਖ ਲੜਕੇ ਕਾਦੇਨ ਸਿੰਘ ਨੂੰ ਸਕੂਲ ਵੱਲੋਂ ਕੜਾ ਪਹਿਨਣ ਤੋਂ ਰੋਕਿਆ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਜੇ ਉਹ ਕੜਾ ਨਹੀਂ ਉਤਾਰਦਾ ਤਾਂ ਉਸ ਨੂੰ ਸਕੂਲ ਵਿਚੋਂ ਕੱਢ ਦਿੱਤਾ ਜਾਵੇਗਾ। ਕਾਦੇਨ ਆਪਣੇ ਮਾਪਿਆਂ ਨਾਲ ਇਸ ਇਲਾਕੇ ਵਿਚ ਨਵਾਂ ਆਇਆ ਹੈ ਅਤੇ ਉਸ ਨਾਲ ਪਹਿਲਾਂ ਕਦੇ ਵੀ ਕਿਸੇ ਸਕੂਲ ਵਿਚ ਅਜਿਹਾ ਨਹੀਂ ਵਾਪਰਿਆ।

ਕਾਦੇਨ ਦੇ ਪਿਤਾ ਸੂਨੇ ਨੇ ਕਿਹਾ ਕਿ ਉਹ ਇਸ ਖਿਲਾਫ਼ ਸੰਘਰਸ਼ ਕਰੇਗਾ। ਉਹ ਲਗਭਗ 30 ਸਾਲ ਦਾ ਹੋ ਗਿਆ ਹੈ ਤੇ ਉਸ ਨਾਲ ਕਦੇ ਵੀ ਅਜਿਹਾ ਨਹੀਂ ਵਾਪਰਿਆ ਅਤੇ ਨਾ ਹੀ ਉਸ ਦੇ ਬੇਟੇ ਨਾਲ ਕਿਸੇ ਸਕੂਲ ਵਿਚ ਅਜਿਹੀ ਕੋਈ ਮੁਸ਼ਕਲ ਆਈ ਹੈ। ਇਕ ਅਧਿਆਪਕ ਉਸ ਨੂੰ ਕੜਾ ਉਤਾਰਨ ਲਈ ਮਜਬੂਰ ਨਹੀਂ ਕਰ ਸਕਦਾ। ਕਾਦੇਨ ਇਹ ਕੜਾ ਸਿਰਫ ਧਾਰਮਿਕ ਤੌਰ 'ਤੇ ਪਹਿਨਦਾ ਹੈ ਨਾ ਕਿ ਕਿਸੇ ਫੈਸ਼ਨ ਲਈ।



ਸਮਰਹਿੱਲ ਪ੍ਰਾਇਮਰੀ ਸਕੂਲ ਦੀ ਮੁੱਖ ਅਧਿਆਪਕਾ ਕੈਰੀ ਰੌਚੈਸਟਰ ਨੇ ਕਿਹਾ ਕਿ ਸਾਡੇ ਸਕੂਲ ਦੇ ਵਰਦੀ ਨਿਯਮ ਅਨੁਸਾਰ ਬੱਚਿਆਂ ਨੂੰ ਗਹਿਣੇ ਪਹਿਨਣ ਦੀ ਆਗਿਆ ਨਹੀਂ ਹੈ। ਸਿਰਫ ਜਿਨ੍ਹਾਂ ਬੱਚਿਆਂ ਦੇ ਕੰਨ ਵਿੰਨ੍ਹੇ ਹੋਏ ਹਨ, ਉਹ ਕੰਨਾਂ 'ਚ ਸਟੱਡ ਪਾ ਸਕਦੇ ਹਨ। ਕਾਦੇਨ ਦੇ ਮਾਪਿਆ ਨੇ ਸਤੰਬਰ ਵਿਚ ਸਕੂਲ ਸ਼ੁਰੂ ਕਰਨ ਤੋਂ ਪਹਿਲਾਂ ਸਕੂਲ ਦੇ ਇਨ੍ਹਾਂ ਨਿਯਮਾਂ ਨੂੰ ਲਿਖਤੀ ਰੂਪ ਵਿਚ ਸਵੀਕਾਰਿਆ ਹੈ ਪਰ ਇਹ ਇਕ ਧਾਰਮਿਕ ਮੁੱਦਾ ਹੋਣ ਕਰ ਕੇ ਅਸੀਂ ਕਾਦੇਨ ਦੇ ਮਾਪਿਆਂ ਨਾਲ ਦੁਬਾਰਾ ਮੁਲਾਕਾਤ ਕਰ ਰਹੇ ਹਾਂ।

# ਪੱਤਰਕਾਰਾਂ 'ਤੇ ਹਮਲਿਆਂ ਖਿਲਾਫ ਮੁਲਕ ਭਰ ਵਿਚ ਰੋਸ ਮਾਰਚ




**ਨਵੀਂ ਦਿੱਲੀ:** ਭਾਰਤ ਵਿਚ ਪੱਤਰਕਾਰਾਂ ਉਪਰ ਹੋ ਰਹੇ ਹਮਲਿਆਂ ਤੇ ਕਤਲਾਂ ਨੂੰ ਲੈ ਕੇ ਦਿੱਲੀ ਅਤੇ ਹੋਰ ਬਹੁਤ ਸਾਰੇ ਥਾਈਂ ਵਿਚ ਪੱਤਰਕਾਰ ਭਾਈਚਾਰੇ ਤੇ ਹੋਰਨਾਂ ਸ਼ਖਸੀਅਤਾਂ ਨੇ ਮਨੁੱਖੀ ਲੜੀ ਬਣਾ ਕੇ ਮੀਡੀਆ ਦੀ ਆਜ਼ਾਦੀ ਉਤੇ ਹਮਲਿਆਂ ਦੀ ਨਿਖੇਧੀ ਕੀਤੀ। ਉਨ੍ਹਾਂ ਕੇਂਦਰੀ ਗ੍ਰਹਿ ਮੰਤਰਾਲੇ ਕੋਲੋਂ ਮੰਗ ਕੀਤੀ ਕਿ ਹਮਲਿਆਂ ਬਾਰੇ ਸਥਿਤੀ ਰਿਪੋਰਟ ਪੇਸ਼ ਕੀਤੀ ਜਾਵੇ।

ਇਸ ਤੋਂ ਪਹਿਲਾਂ ਮੀਡੀਆ ਕਰਮਚਾਰੀ ਪ੍ਰੈਸ ਕਲੱਬ ਆਫ ਇੰਡੀਆ ਵਿਚ ਇਕੱਠੇ ਹੋਏ ਤੇ ਮਨੁੱਖੀ ਲੜੀ ਬਣਾ ਕੇ ਪੱਤਰਕਾਰਾਂ ਉਪਰ ਹੋ ਰਹੇ ਹਮਲਿਆਂ, ਧਮਕੀਆਂ ਦੇਣ ਤੇ ਹਿੰਸਾ ਦੀ ਨਿੰਦਾ ਕਰਦਿਆਂ ਮ੍ਰਿਤਕਾਂ ਨਾਲ ਸੰਵੇਦਨਾ ਪ੍ਰਗਟ ਕੀਤੀ। ਰਾਸ਼ਟਰ ਪਿਤਾ ਦੇ ਜਨਮ ਦਿਵਸ ਮੌਕੇ ਵਿਉਂਤੇ ਇਸ ਪ੍ਰੋਗਰਾਮ ਤਹਿਤ ਪੱਤਰਕਾਰਾਂ ਤੇ ਬੁੱਧੀਜੀਵੀਆਂ ਨੇ ਕਾਲੀਆਂ ਪੱਟੀਆਂ ਬੰਨ੍ਹ ਕੇ ਪ੍ਰੈਸ ਕਲੱਬ ਆਫ ਇੰਡੀਆ ਤੋਂ ਲੈ ਕੇ ਵਿਮੈਨਜ਼ ਪ੍ਰੈਸ ਕਾਰਪੋਸ (ਆਈ.ਡਬਲਿਊ.ਪੀ.ਸੀ.) ਤੱਕ ਮੌਨ ਮਾਰਚ ਕੱਢਿਆ ਅਤੇ ਪ੍ਰੈਸ ਦੀ ਆਜ਼ਾਦੀ ਦੀ ਮੰਗ ਕੀਤੀ ਗਈ।

ਇਸ ਮੌਕੇ ਇੱਕ ਪਟੀਸ਼ਨ ਉਤੇ ਵੀ ਦਸਤਖਤ ਕੀਤੇ ਗਏ। ਔਰਤਾਂ ਦੀ ਪ੍ਰੈਸ ਜਥੇਬੰਦੀ ਦੀ ਆਗੂ ਟੀ.ਕੇ. ਰਾਜਲਕਸ਼ਮੀ ਨੇ ਦੱਸਿਆ ਕਿ ਦੇਸ਼ ਭਰ ਵਿਚ ਪ੍ਰੈਸ ਕਲੱਬ ਆਫ ਇੰਡੀਆ ਨਾਲ ਜੁੜੀਆਂ ਸੰਸਥਾਵਾਂ ਵੱਲੋਂ ਅਜਿਹੇ ਪ੍ਰਦਰਸ਼ਨ ਕੀਤੇ ਗਏ। ਉਨ੍ਹਾਂ ਗੌਰੀ ਲੰਕੇਸ਼ ਦੇ ਬੰਗਲੌਰ ਤੇ ਤ੍ਰਿਪੁਰਾ ਦੇ ਨੌਜਵਾਨ ਪੱਤਰਕਾਰ ਸਾਥੀ ਭੌਮਿਕ ਦੇ ਕਤਲ ਦੀ ਸਖਤ ਨਿੰਦਾ ਕੀਤੀ।

# ਜਗਮੀਤ ਸਿੰਘ ਕੈਨੇਡਾ ਵਿਚ ਐਨ.ਡੀ.ਪੀ. ਦੇ ਕੌਮੀ ਆਗੂ ਬਣੇ

**ਟੋਰਾਂਟੋ:** ਕੈਨੇਡਾ ਵਿਚ ਅੰਮ੍ਰਿਤਧਾਰੀ ਨੌਜਵਾਨ ਅਤੇ ਫੌਜਦਾਰੀ ਵਕੀਲ ਜਗਮੀਤ ਸਿੰਘ ਨੇ ਰਾਸ਼ਟਰੀ ਪੱਧਰ ਦੀ ਰਾਜਨੀਤਕ ਪਾਰਟੀ, ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ.) ਦਾ ਆਗੂ ਬਣ ਕੇ ਮਾਣਮੱਤਾ ਇਤਿਹਾਸ ਸਿਰਜਿਆ ਹੈ ਅਤੇ ਸਿੱਖ ਕੌਮ ਦਾ ਨਾਂ ਰੌਸ਼ਨ ਕੀਤਾ ਹੈ। ਕੈਨੇਡਾ ਦੇ ਜੰਮਪਲ ਜਗਮੀਤ ਸਿੰਘ (38) ਨੇ ਪਾਰਟੀ ਮੈਂਬਰਾਂ ਦੀਆਂ ਕੁਲ ਪੋਲ ਹੋਈਆਂ ਵੋਟਾਂ ਵਿਚੋਂ 53.8 ਫੀਸਦੀ ਪ੍ਰਾਪਤ ਕਰ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ ਅਤੇ ਆਪਣੇ ਵਿਰੋਧੀ ਤਿੰਨ ਉਮੀਦਵਾਰ ਪਛਾੜੇ ਹਨ।



ਜਗਮੀਤ ਸਿੰਘ ਦੇ ਤਿੰਨੇ ਵਿਰੋਧੀ ਉਮੀਦਵਾਰਾਂ ਨੂੰ ਕੁੱਲ 30243 ਵੋਟਾਂ ਮਿਲੀਆਂ ਜਦਕਿ ਜਗਮੀਤ ਸਿੰਘ ਨੇ 35266 ਵੋਟਾਂ ਹਾਸਲ ਕੀਤੀਆਂ। ਵੋਟਾਂ ਦੇ ਪਹਿਲੇ ਦੌਰ ਵਿਚ ਹੀ ਉਨ੍ਹਾਂ ਦੀ ਵੱਡੀ ਜਿੱਤ ਨਾਲ ਪਾਰਟੀ ਵਰਕਰਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਇਸ ਜਿੱਤ ਮਗਰੋਂ ਕਈ ਰਾਜਨੀਤਕ ਮਾਹਿਰਾਂ ਨੇ ਹੈਰਾਨੀ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਜਗਮੀਤ ਸਿੰਘ ਨੇ ਆਖਿਆ ਕਿ ਅਗਲੇ ਮਹੀਨਿਆਂ ਦੌਰਾਨ ਪਾਰਟੀ ਨੂੰ ਇਕਜੁੱਟ ਰੱਖਣ ਅਤੇ ਕੈਨੇਡਾ ਭਰ ਵਿਚ ਵਿਚਰ ਕੇ ਲੋਕਾਂ ਦਾ ਸਮਰਥਨ ਹਾਸਲ ਕਰਨ ਨੂੰ ਪਹਿਲ ਦੇਣਗੇ ਪਰ ਆਮ ਚੋਣਾਂ ਤੋਂ ਪਹਿਲਾਂ ਕਿਸੇ ਸੰਸਦੀ ਸੀਟ ਤੋਂ ਜ਼ਿਮਨੀ ਚੋਣ ਲੜਨ ਦੀ ਕਾਹਲੀ ਨਹੀਂ ਕਰਨਗੇ। ਪਾਰਟੀ ਆਗੂ ਵਜੋਂ ਫਾਰਗ ਹੋਏ ਟਾਮ ਮੁਲਕੇਅਰ ਦੀ ਜਗ੍ਹਾ ਪਾਰਟੀ ਦੇ ਸੰਸਦੀ ਦਲ ਦੀ ਅਗਵਾਈ ਕਰਨ ਲਈ ਕਿਸੇ ਐਨ.ਡੀ.ਪੀ. ਸੰਸਦ ਮੈਂਬਰ ਦੀ ਨਿਯੁਕਤੀ ਜਗਮੀਤ ਸਿੰਘ ਖੁਦ ਕਰਨਗੇ। ਉਨ੍ਹਾਂ ਆਖਿਆ ਕਿ ਉਹ ਦੇਸ਼ ਦਾ ਪ੍ਰਧਾਨ ਮੰਤਰੀ ਬਣਨ ਦੀ ਦੌੜ ਵਿਚ ਅੱਜ ਤੋਂ ਹੀ ਸ਼ਾਮਲ ਹਨ।

### ਠੀਕਰੀਵਾਲਾ ਨਾਲ ਸਬੰਧਤ ਹੈ ਜਗਮੀਤ ਦਾ ਪਿਛੋਕੜ

**ਬਰਨਾਲਾ:** ਕੈਨੇਡਾ ਵਿਚ ਨਿਊ ਡੈਮੋਕਰੇਟਿਕ ਪਾਰਟੀ ਦੇ ਲੀਡਰ ਚੁਣੇ ਗਏ ਜਗਮੀਤ ਸਿੰਘ ਦਾ ਪਰਿਵਾਰਕ ਪਿਛੋਕੜ ਜ਼ਿਲ੍ਹਾ ਬਰਨਾਲਾ ਦੇ ਪਿੰਡ ਠੀਕਰੀਵਾਲਾ ਦਾ ਹੈ। ਜਗਮੀਤ ਸਿੰਘ ਦਾ ਜਨਮ ਕੈਨੇਡਾ ਦੇ ਸ਼ਹਿਰ ਸਕਾਰਬਰੋ ਵਿਚ 2 ਜਨਵਰੀ 1979 ਨੂੰ ਪਿਤਾ ਜਗਤਰਨ ਸਿੰਘ ਦੇ ਗ੍ਰਹਿ ਮਾਤਾ ਸਰਦਾਰਨੀ ਹਰਮੀਤ ਕੌਰ ਦੀ ਕੁੱਖੋਂ ਹੋਇਆ।

ਪਿੰਡ ਠੀਕਰੀਵਾਲਾ ਦੇ ਬਜ਼ੁਰਗ ਕੈਪਟਨ ਨਾਹਰ ਸਿੰਘ ਧਾਲੀਵਾਲ ਅਨੁਸਾਰ ਜਗਮੀਤ ਸਿੰਘ ਦੇ ਪੜਦਾਦਾ ਕੈਪਟਨ ਹੀਰਾ ਸਿੰਘ ਧਾਲੀਵਾਲ ਪਿੰਡ ਠੀਕਰੀਵਾਲਾ ਵਿਖੇ ਧਾਲੀਵਾਲ ਪੱਤੀ ਵਿਚ ਰਹਿੰਦੇ ਸਨ। ਕੈਪਟਨ ਹੀਰਾ ਸਿੰਘ ਦੇ ਤਿੰਨ ਲੜਕੇ-ਗੁਰਦੇਵ ਸਿੰਘ, ਸ਼ਮਸ਼ੇਰ ਸਿੰਘ ਤੇ ਸਰਬਜੀਤ ਸਿੰਘ ਹਨ, ਜਿਨ੍ਹਾਂ ਵਿਚੋਂ ਸ਼ਮਸ਼ੇਰ ਸਿੰਘ (ਜਗਮੀਤ ਸਿੰਘ ਦੇ ਦਾਦਾ) ਆਪਣੇ ਪਰਿਵਾਰ ਸਮੇਤ ਬਰਨਾਲਾ ਜਾ ਕੇ ਰਹਿਣ ਲੱਗ ਪਏ। ਭਾਵੇਂ ਜਗਮੀਤ ਸਿੰਘ ਦਾ ਪੰਜਾਬ ਆਉਣ ਦਾ ਸਬੱਬ ਨਹੀਂ ਬਣ ਸਕਿਆ, ਪਰ ਉਨ੍ਹਾਂ ਦੀ ਦਾਦੀ ਬੀਬੀ ਜਸਵਿੰਦਰ ਕੌਰ ਦਾ ਬਰਨਾਲਾ ਵਿਚ ਅੱਜ ਵੀ ਘਰ ਹੈ।

# ਗੁਰੂ ਕੀ ਨਗਰੀ ਤੋਂ 25 ਮੁਲਕਾਂ ਦੇ ਨੁਮਾਇੰਦਿਆਂ ਵੱਲੋਂ 'ਸਦਭਾਵਨਾ' ਦਾ ਸੱਦਾ

**ਅੰਮ੍ਰਿਤਸਰ:** ਬਾਰ੍ਹਵੇਂ ਸਾਲਾਨਾ ਗਲੋਬਲ ਯੂਥ ਫੈਸਟੀਵਲ-2017 ਵਿਚ ਹਿੱਸਾ ਲੈਣ ਲਈ ਪੁੱਜੇ 25 ਦੇਸ਼ਾਂ ਦੇ 250 ਨੁਮਾਇੰਦਿਆਂ ਨੇ ਅੰਮ੍ਰਿਤਸਰ ਵਿਚ 'ਸਦਭਾਵਨਾ ਤੇ ਸਵੱਛਤਾ' ਵਾਕ ਵਿਚ ਹਿੱਸਾ ਲਿਆ। ਇਨ੍ਹਾਂ ਨੁਮਾਇੰਦਿਆਂ ਤੋਂ ਇਲਾਵਾ ਇਥੋਂ ਦੇ ਖਾਲਸਾ ਕਾਲਜ ਆਫ ਐਜੂਕੇਸ਼ਨ ਦੇ ਵਿਦਿਆਰਥੀ ਵੀ ਸਵੱਛਤਾ ਵਾਕ ਵਿਚ ਸ਼ਾਮਲ ਹੋਏ। ਇਹ ਵਾਕ ਸੇਂਟ ਪਾਲ ਚਰਚ ਤੋਂ ਸ਼ੁਰੂ ਹੋਈ ਤੇ ਹਾਲ ਬਾਜ਼ਾਰ ਸਥਿਤ ਖੈਰੂਦੀਨ ਮਸਜਿਦ ਅਤੇ ਕਟੜਾ ਆਹਲੂਵਾਲੀਆ ਸਥਿਤ ਰਘੁਨਾਥ ਮੰਦਰ ਤੋਂ ਹੋ ਕੇ ਜਲ੍ਹਿਆਂਵਾਲਾ ਬਾਗ ਪੁੱਜੀ। ਵਾਕ ਕਰਦੇ ਹੋਏ ਇਹ ਨੁਮਾਇੰਦੇ ਜਲ੍ਹਿਆਂਵਾਲਾ ਬਾਗ ਤੋਂ ਹਰਿਮੰਦਰ ਸਾਹਿਬ ਪੁੱਜੇ।



ਇਸ ਵਾਕ ਦੀ ਅਗਵਾਈ ਅਮਰੀਕੀ ਗਾਂਧੀ ਕਹੇ ਜਾਂਦੇ ਬਰਨੀ ਮੇਅਰ, ਮਿਸ ਵਰਲਡ ਫਾਈਨਲਿਸਟ ਮਿਸ ਮੰਗੋਲੀਆ, ਬੇਅਤ ਸੈਤਸੇਗ, ਅਟਨਗੇਰਲ ਤੇ ਰੈਵਿਊਲੇਸ਼ਨ ਯੂਨੀਅਨ ਸੀਰੀਆ ਦੇ ਕਾਰਜਕਾਰੀ ਮੈਂਬਰ ਅਬਦੁਲਮੋਨੇਵ ਅਲਸਾਵਾ ਨੇ ਕੀਤੀ। ਇਸ ਮੌਕੇ ਖਾਲਸਾ ਕਾਲਜ ਆਫ ਐਜੂਕੇਸ਼ਨ ਦੇ ਪ੍ਰਿੰਸੀਪਲ ਡਾ. ਜੇ.ਐਸ ਢਿੱਲੋਂ ਨੇ ਦੱਸਿਆ ਕਿ ਵੱਖ-ਵੱਖ ਦੇਸ਼ਾਂ ਤੋਂ ਆਏ ਨੁਮਾਇੰਦਿਆਂ ਨੇ ਹਰਿਮੰਦਰ ਸਾਹਿਬ ਦੇ ਭਾਈ ਗੁਰਦਾਸ ਲੰਗਰ ਘਰ ਵਿਚ ਲੰਗਰ ਛਕਿਆ ਤੇ ਉਥੋਂ ਦਾ ਪ੍ਰਬੰਧ ਵੇਖ ਕੇ ਬਹੁਤ ਪ੍ਰਭਾਵਿਤ ਹੋਏ। ਯੁਵਾ ਸੱਤਾ ਜਥੇਬੰਦੀ ਦੇ ਪ੍ਰਬੰਧਕ ਪ੍ਰਮੋਦ ਸ਼ਰਮਾ ਨੇ ਕਿਹਾ ਕਿ ਗਲੋਬਲ ਯੂਥ ਪੀਸ ਫੈਸਟ 14 ਨੌਜਵਾਨ ਨੁਮਾਇੰਦਿਆਂ ਨਾਲ ਛੋਟੇ ਪੱਧਰ ਉਤੇ ਸ਼ੁਰੂ ਕੀਤਾ ਗਿਆ ਸੀ ਤੇ ਅੱਜ 25 ਦੇਸ਼ਾਂ ਦੇ ਨੌਜਵਾਨਾਂ ਦੀ ਸ਼ਮੂਲੀਅਤ ਨਾਲ ਵੱਡਾ ਫੈਸਟੀਵਲ ਬਣ ਗਿਆ ਹੈ। ਦੱਸਣਯੋਗ ਹੈ ਕਿ ਸਮਾਜਿਕ ਸੰਸਥਾ ਯੁਵਾ ਸੱਤਾ ਵੱਲੋਂ ਕਰਾਏ ਜਾ ਰਹੇ ਇਸ ਯੂਥ ਪੀਸ ਫੈਸਟ ਵਿਚ ਭਾਰਤ ਸਣੇ 25 ਦੇਸ਼ਾਂ ਦੇ ਨੁਮਾਇੰਦੇ ਹਿੱਸਾ ਲੈ ਰਹੇ ਹਨ।

### ਸਫਾਈ ਲਈ ਅੰਮ੍ਰਿਤਸਰ ਨੂੰ ਪੁਰਸਕਾਰ


**ਅੰਮ੍ਰਿਤਸਰ:** ਭਾਰਤ ਸਰਕਾਰ ਦੇ ਪੀਣ ਯੋਗ ਪਾਣੀ ਅਤੇ ਸਫਾਈ ਮੰਤਰਾਲੇ ਵੱਲੋਂ ਦੇਸ਼ ਭਰ ਵਿਚ ਚੁਣੇ ਗਏ 10 ਆਈਕੋਨਿਕ (ਆਦਰਸ਼) ਸਥਾਨਾਂ ਵਿਚੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਨੂੰ ਸਫਾਈ ਲਈ ਕੀਤੇ ਕਾਰਜਾਂ ਲਈ ਸਰਵ ਉਤਮ ਸਥਾਨ ਦਾ ਦਰਜਾ ਦਿੰਦਿਆਂ ਕੌਮੀ ਸਵੱਛ ਭਾਰਤ ਪੁਰਸਕਾਰ 2017 ਦਿੱਤਾ ਹੈ।

ਜਾਣਕਾਰੀ ਅਨੁਸਾਰ ਦੇਸ਼ ਭਰ ਤੋਂ ਜਿਨ੍ਹਾਂ ਧਾਰਮਿਕ ਤੇ ਵਿਰਾਸਤੀ ਸਥਾਨਾਂ ਨੂੰ ਇਸ ਪੁਰਸਕਾਰ ਲਈ ਚੁਣਿਆ ਗਿਆ ਸੀ, ਉਨ੍ਹਾਂ ਵਿਚੋਂ ਸ੍ਰੀ ਹਰਿਮੰਦਰ ਸਾਹਿਬ ਤੋਂ ਇਲਾਵਾ ਸ੍ਰੀ ਵੈਸ਼ਨੋ ਦੇਵੀ ਕਟੜਾ (ਜੰਮੂ ਕਸ਼ਮੀਰ), ਦਰਗਾਹ ਅਜਮੇਰ ਸ਼ਰੀਫ਼, ਮੀਨਾਕਸ਼ੀ ਮੰਦਰ ਮਦੁਰਾਏ, ਸ੍ਰੀ ਜਗਨਨਾਥ ਮੰਦਰ ਪੁਰੀ, ਸ੍ਰੀ ਤਿਰੁਪਤੀ ਮੰਦਰ ਤ੍ਰਿਮੂਲਾ, ਸੀ.ਐਸ.ਟੀ. ਮੁੰਬਈ, ਕਮਾਇਆ ਮੰਦਰ ਆਸਾਮ, ਮੀਕਮਿਰਕਾ ਘਾਟ ਵਾਰਾਨਸੀ, ਤਾਜ ਮਹਿਲ ਆਗਰਾ ਦੇ ਨਾਂ ਸ਼ਾਮਲ ਸਨ। ਉਕਤ ਵਿਚੋਂ ਸ੍ਰੀ ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ ਨੂੰ ਸਫਾਈ ਲਈ ਕੀਤੇ ਕਾਰਜਾਂ ਲਈ ਸਰਵ ਉਤਮ ਸਥਾਨ ਦੇ ਕੇ ਪੁਰਸਕਾਰ ਦਿੱਤਾ ਗਿਆ ਹੈ।

# ਗੁਰਦਾਸਪੁਰ ਚੋਣ ਬਣੀ ਰਵਾਇਤੀ ਧਿਰਾਂ ਲਈ ਵੱਕਾਰ ਦਾ ਸਵਾਲ

**ਬਟਾਲਾ:** ਲੋਕ ਸਭਾ ਹਲਕਾ ਗੁਰਦਾਸਪੁਰ ਵਿਚ ਉਪ ਚੋਣ ਲਈ ਤਿੰਨ ਪ੍ਰਮੁੱਖ ਪਾਰਟੀਆਂ ਦਾ ਵਕਾਰ ਦਾਅ ਉਤੇ ਲੱਗਾ ਹੋਇਆ ਹੈ। ਕਾਂਗਰਸ, ਅਕਾਲੀ-ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਵੱਡੇ ਆਗੂ ਆਪੋ-ਆਪਣੇ ਉਮੀਦਵਾਰਾਂ ਦੇ ਹੱਕ ਵਿਚ ਡਟੇ ਹੋਏ ਹਨ। ਇਸ ਵੇਲੇ ਪੰਜਾਬ ਭਰ ਵਿਚੋਂ ਪੁੱਜੇ ਵੱਖ-ਵੱਖ ਆਗੂਆਂ ਦੀ ਆਮਦ ਨਾਲ ਪੂਰੀ ਚਹਿਲ-ਪਹਿਲ ਹੈ। ਤਿੰਨਾਂ ਧਿਰਾਂ ਲਈ ਵਕਾਰ ਦਾ ਸਵਾਲ ਬਣੀ ਇਹ ਸੀਟ ਜਿੱਤਣ ਲਈ ਅੱਡੀ ਚੋਟੀ ਦਾ ਜ਼ੋਰ ਲੱਗ ਰਿਹਾ ਹੈ।

ਭਾਵੇਂ ਕਿ ਚੋਣ ਮੀਟਿੰਗਾਂ ਤੇ ਰੈਲੀਆਂ ਵਿਚ ਪਾਰਟੀਆਂ ਦੇ ਬੱਝੇ ਵਰਕਰਾਂ ਦੇ ਇਕੱਠ ਹੋ ਵੀ ਰਹੇ ਹਨ ਪਰ ਸਿਆਣਾ ਵੋਟਰ ਚੁੱਪ ਨਜ਼ਰ ਆ ਰਿਹਾ ਹੈ, ਜਿਸ ਕਾਰਨ ਨਤੀਜੇ ਵੀ ਹੈਰਾਨੀਜਨਕ ਆਉਣ ਦੀ ਸੰਭਾਵਨਾ ਹੈ, ਜਿਥੇ ਇਸ ਵੇਲੇ ਆਪੋ-ਆਪਣੇ ਉਮੀਦਵਾਰ ਦੀ ਜਿੱਤ ਲਈ ਵੱਡੇ ਦਿੱਗਜਾਂ ਦੀ ਸਾਖ ਦਾਅ ਉਤੇ ਲੱਗੀ ਹੋਈ ਹੈ, ਉਥੇ ਉਨ੍ਹਾਂ ਦੇ ਦਿਲ ਧਾਉ-ਮਾਉਂ ਕਰ ਰਹੇ ਹਨ ਕਿ ਹਲਕੇ ਦੇ ਲੋਕ ਜਿੱਤ ਦਾ ਸਿਹਰਾ ਕਿਸ ਉਮੀਦਵਾਰ ਦੇ ਸਿਰ ਬੰਨ੍ਹਣਗੇ।




ਉਪ ਚੋਣ ਜਿੱਤਣਾ ਕਾਂਗਰਸ ਲਈ ਇਸ ਕਰ ਕੇ ਜ਼ਰੂਰੀ ਹੈ ਕਿ ਸੂਬੇ ਵਿਚ ਉਸ ਦੀ ਸਰਕਾਰ ਹੈ ਅਤੇ ਇਸ ਸਰਕਾਰ ਨੂੰ ਬਣਿਆ ਮਹਿਜ਼ 6 ਮਹੀਨੇ ਲੰਘੇ ਹਨ। ਇਹ ਚੋਣ ਜਿੱਤ ਕੇ ਕਾਂਗਰਸ 2019 ਦੀਆਂ ਲੋਕ ਸਭਾ ਚੋਣਾਂ ਦੀ ਜਿੱਤ ਦੀ ਸ਼ੁਰੂਆਤ ਕਰਨਾ ਚਾਹੁੰਦੀ ਹੈ। ਇਸ ਦੇ ਨਾਲ ਹੀ ਜਿਥੇ ਮੌਜੂਦਾ ਸਰਕਾਰ ਦੇ ਵਿਧਾਇਕ ਆਪਣੇ-ਆਪਣੇ ਹਲਕੇ ਵਿਚੋਂ ਇਕ-ਦੂਜੇ ਤੋਂ ਵੱਧ ਵੋਟਾਂ ਕੱਢਣ ਵਿਚ ਲੱਗੇ ਹੋਏ ਹਨ, ਉਥੇ ਕੁਝ ਮੰਤਰੀ ਆਪਣੀ ਕੁਰਸੀ ਬਚਾਉਣ ਅਤੇ ਕੁਝ ਵਿਧਾਇਕ ਆਪਣੇ ਹਲਕੇ ਵਿਚੋਂ ਵੱਧ ਵੋਟਾਂ ਕੱਢ ਕੇ ਮੰਤਰੀ ਬਣਨ ਦੀ ਦੌੜ 'ਚ ਵੀ ਹਨ। ਜੇਕਰ ਅਕਾਲੀ-ਭਾਜਪਾ ਗੱਠਜੋੜ ਦੀ ਗੱਲ ਕਰੀਏ ਤਾਂ ਉਸ ਲਈ ਚੋਣ ਜਿੱਤਣ ਇਸ ਲਈ ਨੱਕ ਦਾ ਸਵਾਲ ਹੈ, ਕਿਉਂਕਿ ਕੇਂਦਰ 'ਚ ਭਾਜਪਾ ਦੀ ਸਰਕਾਰ ਹੈ, ਜਿਸ ਦਾ ਵਾਸਤਾ ਦੇ ਕੇ ਭਾਜਪਾ ਚੋਣ ਜਿੱਤਣਾ ਚਾਹੁੰਦੀ ਹੈ ਤੇ ਸੂਬੇ ਵਿਚ 10 ਸਾਲ ਵੀ ਗੱਠਜੋੜ ਦੀ ਸਰਕਾਰ ਨੇ ਰਾਜ ਹੰਢਾਇਆ ਹੈ। ਤੀਜੀ ਧਿਰ ਵਜੋਂ ਉਭਰੀ ਆਮ ਆਦਮੀ ਪਾਰਟੀ ਜੋ ਹੁਣ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਬਣ ਕੇ ਬੈਠ ਚੁੱਕੀ ਹੈ ਅਤੇ ਜਿਸ ਨੇ ਗੱਠਜੋੜ ਨੂੰ ਪਛਾੜਿਆ ਹੈ, ਉਹ ਵੀ ਇਸ ਚੋਣ ਨੂੰ ਜਿੱਤਣ ਲਈ ਪੂਰੀ ਵਾਹ ਲਗਾ ਰਹੀ ਹੈ।

'ਆਪ' ਦੇ ਸੂਬਾਈ ਆਗੂ ਆਪਣੇ ਉਮੀਦਵਾਰ ਦੇ ਹੱਕ ਵਿਚ ਚੋਣ ਪ੍ਰਚਾਰ ਲਈ ਪੂਰੀ ਤਰ੍ਹਾਂ ਡਟੇ ਹੋਏ ਹਨ ਤੇ ਪਾਰਟੀ ਇਹ ਉਪ ਚੋਣ ਜਿੱਤ ਕੇ ਉਕਤ ਦੋਹਾਂ ਪਾਰਟੀਆਂ ਨੂੰ ਖੂੰਜੇ ਲਗਾ ਕੇ ਇਤਿਹਾਸ ਰਚਣਾ ਚਾਹੁੰਦੀ ਹੈ ਪਰ ਅਖੀਰ ਜਿੱਤ-ਹਾਰ ਦੇ ਫੈਸਲੇ ਵਿਚ ਜਿੱਤ ਦਾ ਸਿਹਰਾ ਤਾਂ ਕਿਸੇ ਇਕ ਦੇ ਸਿਰ ਹੀ ਬੱਝਣਾ ਹੈ, ਪਰ ਇਸ ਜਿੱਤ ਦਾ ਲਾਭਾ ਕੌਣ ਹੋਵੇਗਾ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

### ਲੰਗਾਹ ਕਾਂਡ ਬਣਿਆ ਸਭ ਤੋਂ ਵੱਡਾ ਸਿਆਸੀ ਮੁੱਦਾ

**ਅੰਮ੍ਰਿਤਸਰ:** ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਦੀ ਅਸ਼ਲੀਲ ਵੀਡੀਓ ਵਾਇਰਲ ਹੋਣ ਤੋਂ ਬਾਅਦ ਗੁਰਦਾਸਪੁਰ ਜ਼ਿਮਨੀ ਚੋਣ ਵਿਚ ਲੰਗਾਹ ਕਾਂਡ ਹੀ ਸਭ ਤੋਂ ਵੱਡਾ ਸਿਆਸੀ ਮੁੱਦਾ ਬਣ ਗਿਆ ਹੈ। ਅਕਾਲੀ-ਭਾਜਪਾ ਉਮੀਦਵਾਰ ਸਵਰਨ ਸਲਾਰੀਆ ਖਿਲਾਫ਼ ਮੈਦਾਨ 'ਚ ਉਤਰੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਲਈ ਚੋਣ ਪ੍ਰਚਾਰ ਕਰ ਰਹੇ ਸਿਆਸੀ ਲੀਡਰ ਹਰ ਸਟੇਜ 'ਤੇ ਸੁੱਚਾ ਸਿੰਘ ਲੰਗਾਹ ਦੀ ਵੀਡੀਓ ਦੀ ਚਰਚਾ ਕਰਦੇ ਹੀ ਦਿਖਾਈ ਦਿੱਤੇ। ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵੀ ਅੱਜ ਕੱਲ ਕਾਂਗਰਸੀ ਉਮੀਦਵਾਰ ਸੁਨੀਲ ਜਾਖੜ ਲਈ ਚੋਣ ਪ੍ਰਚਾਰ ਕਰ ਰਹੇ ਹਨ ਅਤੇ ਉਨ੍ਹਾਂ ਵੱਲੋਂ ਹੀ ਹਰ ਸਟੇਜ 'ਤੇ ਆਪਣੇ ਭਾਸ਼ਣ ਦੌਰਾਨ ਜ਼ਿਆਦਾ ਜ਼ੋਰ ਸੁੱਚਾ ਸਿੰਘ ਲੰਗਾਹ ਵਾਲੀ ਵੀਡੀਓ ਉਤੇ ਹੀ ਦਿੱਤਾ ਜਾ ਰਿਹਾ ਹੈ, ਹਾਲਾਂਕਿ ਸੁਨੀਲ ਜਾਖੜ ਸਰਕਾਰ ਨੂੰ ਅਪੀਲ ਕਰ ਚੁੱਕੇ ਹਨ ਕਿ ਇਸ ਵਾਇਰਲ ਹੋ ਰਹੀ ਵੀਡੀਓ 'ਤੇ ਰੋਕ ਲਗਾਈ ਜਾਵੇ ਕਿਉਂਕਿ ਇਸ ਦਾ ਸਾਡੇ ਸਮਾਜ ਉਤੇ ਬੁਰਾ ਅਸਰ ਪੈ ਰਿਹਾ ਹੈ। ਉਧਰ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਲੰਗਾਹ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਕਿਸੇ ਵੀ ਤਰ੍ਹਾਂ ਦੀ ਪ੍ਰਕਿਰਿਆ ਨਾ ਦਿੱਤੇ ਜਾਣ ਕਰ ਕੇ ਵੀ ਹਰ ਸਿਆਸੀ ਲੀਡਰ ਅਕਾਲੀ ਦਲ ਨੂੰ ਘੇਰ ਰਿਹਾ ਹੈ, ਜਿਸ ਦਾ ਸਿੱਧਾ ਅਸਰ ਭਾਜਪਾ ਦੇ ਉਮੀਦਵਾਰ ਸਵਰਨ ਸਲਾਰੀਆ ਦੀ ਜਿੱਤ ਉਤੇ ਪੈ ਸਕਦਾ ਹੈ। ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਭਗਵੰਤ ਮਾਨ ਨੇ ਸੁੱਚਾ ਸਿੰਘ ਲੰਗਾਹ 'ਤੇ ਕੇਸ ਦਰਜ ਹੋਣ ਤੋਂ ਬਾਅਦ ਇਹ ਕਿਹਾ ਸੀ ਕਿ ਪੀੜਤਾ ਵੱਲੋਂ ਪੁਲਿਸ ਨੂੰ ਖੁਦ ਹੀ ਸਬੂਤ ਦੇਣ ਦਾ ਮਤਲਬ ਸਾਫ ਹੈ ਕਿ ਅਜਿਹੇ ਵੱਡੇ ਲੋਕ ਕਾਨੂੰਨ ਨੂੰ ਕਿਸ ਤਰ੍ਹਾਂ ਤੋੜ-ਮਰੋੜ ਕੇ ਵਰਤਦੇ ਹਨ। ਜ਼ਿਕਰਯੋਗ ਹੀ ਕਿ ਬੀਤੀਆਂ ਲੋਕ ਸਭ ਚੋਣਾਂ ਦੌਰਾਨ ਅੰਮ੍ਰਿਤਸਰ ਦੇ ਲੋਕਾਂ ਨੇ ਅਕਾਲੀ-ਭਾਜਪਾ ਸਰਕਾਰ ਨਾਲ ਨਾਰਾਜ਼ਗੀ ਦੇ ਚੱਲਦਿਆਂ ਹੀ ਮੌਜੂਦਾ ਵਿੱਤ ਮੰਤਰੀ ਨੂੰ ਹਰਾ ਕੇ ਕੈਪਟਨ ਨੂੰ ਲੋਕ ਸਭਾ ਵਿਚ ਭੇਜਿਆ ਸੀ। ਹੁਣ ਵੇਖਣਾ ਇਹ ਹੋਵੇਗਾ ਕਿ ਸੁੱਚਾ ਸਿੰਘ ਲੰਗਾਹ ਵਿਰੁੱਧ ਬਲਾਤਕਾਰ ਦੇ ਇਲਜ਼ਾਮਾਂ ਕਾਰਨ ਉਠੇ ਵਿਵਾਦ ਤੋਂ ਬਾਅਦ ਗੁਰਦਾਸਪੁਰ ਦੇ ਲੋਕ ਕਿਸ ਦੇ ਹੱਕ ਵਿਚ ਫਤਵਾ ਜਾਰੀ ਕਰਨਗੇ।



### ਜ਼ਿਮਨੀ ਚੋਣ ਲਈ 11 ਉਮੀਦਵਾਰ ਚੋਣ ਪਿੜ ਵਿਚ

**ਗੁਰਦਾਸਪੁਰ:** ਗੁਰਦਾਸਪੁਰ ਲੋਕ ਸਭਾ ਜ਼ਿਮਨੀ ਚੋਣ ਸਬੰਧੀ ਨਾਮਜ਼ਦਗੀ ਵਾਪਸ ਲੈਣ ਦੇ ਅੰਤਿਮ ਦਿਨ ਕਿਸੇ ਵੀ ਉਮੀਦਵਾਰ ਨੇ ਆਪਣੇ ਕਾਗਜ਼ ਵਾਪਸ ਨਹੀਂ ਲਏ ਹਨ, ਜਿਸ ਕਾਰਨ ਕੁੱਲ 11 ਉਮੀਦਵਾਰ ਚੋਣ ਪਿੜ ਵਿਚ ਹਨ। ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕਰ ਦਿੱਤੇ ਹਨ। ਕਾਂਗਰਸ ਦੇ ਉਮੀਦਵਾਰ ਸੁਨੀਲ ਜਾਖੜ ਨੂੰ ਹੱਥ, ਭਾਜਪਾ ਦੇ ਸਵਰਨ ਸਲਾਰੀਆ ਨੂੰ ਕਮਲ, ਆਮ ਆਦਮੀ ਪਾਰਟੀ ਦੇ ਸੇਵਾ ਮੁਕਤ ਮੇਜਰ ਜਨਰਲ ਸੁਰੇਸ਼ ਕੁਮਾਰ ਖਜੂਰੀਆ ਨੂੰ ਝਾੜੂ, ਅਕਾਲੀ ਦਲ (ਅੰਮ੍ਰਿਤਸਰ) ਦੇ ਕੁਲਵੰਤ ਸਿੰਘ ਨੂੰ ਟਰੱਕ, ਰਜਿੰਦਰ ਸਿੰਘ ਹਿੰਦੋਸਤਾਨ ਸ਼ਕਤੀ ਸੈਨਾ ਪਾਰਟੀ ਨੂੰ ਨਾਰੀਅਲ, ਸੰਤੋਸ਼ ਕੁਮਾਰੀ ਮੇਘ ਦਿਸ਼ਮ ਪਾਰਟੀ ਨੂੰ ਬੰਸਰੀ ਚੋਣ ਨਿਸ਼ਾਨ ਅਲਾਟ ਕੀਤਾ ਗਿਆ ਹੈ।

### ਕਰਜ਼ ਮੁਆਫੀ ਲਈ ਕੈਪਟਨ ਮੁੜ ਪੁੱਜੇ ਜੇਤਲੀ ਦੇ ਦਰਬਾਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਜ਼ ਮੁਆਫੀ ਵਿਚ ਮਦਦ ਲਈ ਮੁੜ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਕੋਲ ਪਹੁੰਚ ਕੀਤੀ ਹੈ। ਮੁੱਖ ਮੰਤਰੀ ਨੇ ਮੰਗ ਕੀਤੀ ਹੈ ਕਿ ਕਰਜ਼ਾ ਲੈਣ ਸਬੰਧੀ ਸ਼ਰਤਾਂ ਨਰਮ ਕੀਤੀਆਂ ਜਾਣ ਤਾਂ ਜੋ ਪੰਜਾਬ ਸਰਕਾਰ ਕਰਜ਼ਾ ਚੁੱਕੇ ਕੇ ਕਿਸਾਨਾਂ ਦਾ 9500 ਕਰੋੜ ਰੁਪਏ ਦਾ ਕਰਜ਼ਾ ਮੁਆਫ ਕਰ ਸਕੇ। ਅਮਰਿੰਦਰ ਸਿੰਘ ਨੇ ਪਰਾਲੀ ਨੂੰ ਅੱਗ ਲਾਉਣ ਦੇ ਮਾਮਲੇ ਦੇ ਹੱਲ ਲਈ ਕਿਸਾਨਾਂ ਨੂੰ ਝੋਨੇ ਲਈ ਪ੍ਰਤੀ ਕੁਇੰਟਲ 100 ਰੁਪਏ ਵੱਧ ਦੇਣ ਦੀ ਮੰਗ ਕੀਤੀ। ਉਨ੍ਹਾਂ ਨੇ ਖੇਤੀ ਲਈ ਵਰਤੇ ਜਾਂਦੇ ਸੰਦਾਂ ਉਤੇ ਜੀ.ਐਸ.ਟੀ. ਘਟਾਉਣ ਅਤੇ ਖੇਤੀ ਸਬੰਧੀ ਹੋਰ ਮਾਮਲਿਆਂ ਬਾਰੇ ਵੀ ਕੇਂਦਰੀ ਮੰਤਰੀ ਨਾਲ ਵਿਚਾਰ-ਵਟਾਂਦਰਾ ਕੀਤਾ।

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.


Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਢਾਹਾਂ ਕੌਮਾਂਤਰੀ ਸਾਹਿਤ ਇਨਾਮਾਂ ਦਾ ਐਲਾਨ

## ਪਰਗਟ ਸਿੰਘ ਸਤੌਜ ਦੇ ਨਾਵਲ ਨੂੰ ਮਿਲਿਆ ਪਹਿਲਾ ਦਾ ਇਨਾਮ

**ਵੈਨਕੂਵਰ:** ਪੰਜਾਬੀ ਸਾਹਿਤ ਦੀ ਸਰਬੋਤਮ ਕਾਰਗੁਜ਼ਾਰੀ ਨੂੰ ਸਨਮਾਨਤ ਕਰਨ ਲਈ ਸਾਲ 2017 ਦੇ ਢਾਹਾਂ ਪੰਜਾਬੀ ਸਾਹਿਤ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। 25 ਹਜ਼ਾਰ ਕੈਨੇਡੀਅਨ ਡਾਲਰ ਦਾ ਪਹਿਲਾ ਇਨਾਮ ਨੌਜਵਾਨ ਲੇਖਕ ਪਰਗਟ ਸਿੰਘ ਸਤੌਜ (ਪੰਜਾਬ, ਭਾਰਤ) ਨੂੰ ਉਸ ਦੇ ਨਾਵਲ 'ਖਬਰ ਇੱਕ ਪਿੰਡ ਦੀ' ਲਈ ਮਿਲਿਆ ਹੈ। ਪੰਜ ਹਜ਼ਾਰ ਦੇ ਦੂਜੇ ਦੋ ਇਨਾਮਾਂ ਲਈ ਸ਼ਾਹਮੁਖੀ ਲਿਪੀ ਵਿਚ ਅਲੀ ਅਨਵਰ ਅਹਿਮਦ (ਪੰਜਾਬ, ਪਾਕਿਸਤਾਨ) ਦਾ ਕਹਾਣੀ ਸੰਗ੍ਰਹਿ 'ਤੰਦ ਤੰਦ ਮੈਲੀ ਚਾਦਰ' ਅਤੇ ਨਛੱਤਰ ਸਿੰਘ ਬਰਾੜ (ਸਰੀ, ਬ੍ਰਿਟਿਸ਼ ਕੋਲੰਬੀਆ, ਕੈਨੇਡਾ) ਦਾ ਨਾਵਲ 'ਪੇਪਰ ਮੈਰਿਜ' ਚੁਣਿਆ ਗਿਆ ਹੈ। ਇਨਾਮ ਜੇਤੂਆਂ ਨੂੰ ਵੈਨਕੂਵਰ ਵਿਚ 4 ਨਵੰਬਰ ਨੂੰ ਕੀਤੇ ਜਾਣ ਵਾਲੇ ਸਨਮਾਨ ਸਮਾਗਮ ਵਿਚ ਇਹ ਇਨਾਮ ਦਿੱਤਾ ਜਾਵੇਗਾ।



ਪਰਗਟ ਸਿੰਘ ਸਤੌਜ ਅਲੀ ਅਨਵਰ ਅਹਿਮਦ ਨਛੱਤਰ ਸਿੰਘ ਬਰਾੜ

ਢਾਹਾਂ ਇਨਾਮ ਦੇ ਸੰਸਥਾਪਕ ਬਰਜਿੰਦਰ ਢਾਹਾਂ ਨੇ ਕਿਹਾ ਕਿ 2017 ਦੇ ਢਾਹਾਂ ਇਨਾਮ ਹਾਸਲ ਕਰਨ ਵਾਲੀਆਂ ਕਿਤਾਬਾਂ ਖਿੱਚ ਪਾਉਣ ਵਾਲੀਆਂ ਹਨ। ਢਾਹਾਂ ਇਨਾਮ ਦੀ ਸਲਾਹਕਾਰ ਕਮੇਟੀ ਦੇ ਮੁਖੀ ਡਾ. ਰਘਬੀਰ ਸਿੰਘ ਨੇ ਦੱਸਿਆ ਕਿ ਨਾਮਵਰ ਲੇਖਕਾਂ ਅਤੇ ਸਾਹਿਤ ਆਲੋਚਕਾਂ 'ਤੇ ਆਧਾਰਤ ਵੱਖ ਵੱਖ ਜਿਊਰੀਆਂ ਨੇ ਇਹ ਚੋਣ ਕੀਤੀ ਹੈ। ਯਾਦ ਰਹੇ ਕਿ ਪੰਜਾਬੀ ਜ਼ੁਬਾਨ ਦੀ ਅਮੀਰ ਵਿਰਾਸਤ ਨੂੰ ਉਭਾਰਨ ਵਾਲਾ ਢਾਹਾਂ ਪ੍ਰਾਈਜ਼ ਸਭ ਤੋਂ ਵੱਡਾ ਸਾਹਿਤ ਪੁਰਸਕਾਰ ਹੈ। ਇਸ ਇਨਾਮ ਦੀ ਸਥਾਪਨਾ ਕੈਨੇਡਾ-ਇੰਡੀਆ ਐਜੂਕੇਸ਼ਨ ਸੁਸਾਇਟੀ ਦੁਆਰਾ ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਦੇ ਏਸ਼ੀਅਨ ਸਟੱਡੀਜ਼ ਵਿਭਾਗ ਦੀ ਭਾਈਵਾਲੀ ਨਾਲ ਚਾਰ ਵਰ੍ਹੇ ਪਹਿਲਾਂ ਕੀਤੀ ਗਈ ਸੀ।

# ਗੰਨ ਕਲਚਰ ਫਿਰ ਪਿਆ ਭਾਰੀ

*(ਸਫਾ ਇਕ ਦੀ ਬਾਕੀ)*

ਭਾਵੇਂ ਇਸ ਘਟਨਾ ਨੂੰ 'ਸ਼ੈਤਾਨੀ ਕਾਰਾ' ਕਰਾਰ ਦਿੱਤਾ, ਪਰ ਉਹ ਬੰਦੂਕ ਸਭਿਆਚਾਰ ਨੂੰ ਨੱਥ ਪਾਉਣ ਲਈ ਇਕ ਸ਼ਬਦ ਵੀ ਨਹੀਂ ਬੋਲੇ, ਕਿਉਂਕਿ ਉਹ ਵੀ ਮੁਲਕ ਵਿਚ 'ਗੰਨ ਕੰਟਰੋਲ' ਦਾ ਵਿਰੋਧ ਕਰਨ ਵਾਲਿਆਂ ਵਿਚ ਮੋਹਰੀ ਹਨ। ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਸਕੂਲ ਵਿਚ ਗੋਲੀਬਾਰੀ ਦੀ ਘਟਨਾ ਪਿੱਛੋਂ ਗੰਨ ਪਾਲਿਸੀ ਬਣਾਉਣ ਦੀ ਮੰਗ ਕੀਤੀ ਸੀ, ਪਰ ਸੰਸਦ ਵਿਚ ਤਕਰੀਬਨ 70 ਫੀਸਦੀ ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ, ਇਸ ਲਈ ਅੱਜ ਤੱਕ ਕੋਈ ਕਾਨੂੰਨ ਨਹੀਂ ਬਣ ਸਕਿਆ। ਹੁਣ ਰਾਸ਼ਟਰਪਤੀ ਡੋਨਲਡ ਟਰੰਪ ਦਾ ਰੁਖ ਹਥਿਆਰ ਸਮਰਥਕ ਵਾਲਾ ਹੈ। ਬੀਤੇ ਵਰ੍ਹੇ ਓਰਲੈਂਡੋ ਦੇ ਨਾਈਟ ਕਲੱਬ ਵਿਚ ਗੋਲੀਬਾਰੀ ਦੀ ਘਟਨਾ ਹੋਈ ਸੀ। ਇਸ 'ਤੇ ਟਰੰਪ ਦਾ ਮੰਨਣਾ ਸੀ ਕਿ ਜੇ ਕਲੱਬ ਕੋਲ ਹਥਿਆਰ ਹੁੰਦੇ ਤਾਂ ਬਹੁਤ ਸਾਰੇ ਲੋਕਾਂ ਨੂੰ ਮਰਨ ਤੋਂ ਬਚਾਇਆ ਜਾ ਸਕਦਾ ਸੀ। ਯਾਦ ਰਹੇ ਕਿ ਅਮਰੀਕਾ ਦਾ ਅਸਲਾ ਬਾਜ਼ਾਰ ਕਰੋੜਾਂ ਡਾਲਰ ਦਾ ਮਾਲੀਆ ਪੈਦਾ ਕਰਦਾ ਹੈ। ਜ਼ਾਹਰ ਹੈ ਕਿ ਇੰਨਾ ਪੈਸਾ ਬਣਾਉਣ ਵਾਲਾ ਬਾਜ਼ਾਰ ਆਪਣੇ 'ਤੇ ਕੋਈ ਪਾਬੰਦੀ ਬਰਦਾਸ਼ਤ ਨਹੀਂ ਕਰੇਗਾ, ਇਸ ਲਈ ਹਥਿਆਰ ਬਣਾਉਣ ਤੇ ਵੇਚਣ ਵਾਲੇ ਇਸ ਗੱਲ ਦਾ ਵਿਰੋਧ ਕਰਦੇ ਹਨ ਕਿ ਸਰਕਾਰ ਹਥਿਆਰਾਂ ਬਾਰੇ ਕੋਈ ਨੀਤੀ ਬਣਾਵੇ।

ਅੰਕੜੇ ਦਰਸਾਉਂਦੇ ਹਨ ਕਿ ਪੂਰੇ ਸੰਸਾਰ ਵਿਚ ਜਿੰਨੇ ਹਥਿਆਰ ਆਮ ਲੋਕਾਂ ਕੋਲ ਹਨ, ਉਨ੍ਹਾਂ ਵਿਚੋਂ ਤਕਰੀਬਨ ਅੱਧੇ ਅਮਰੀਕੀਆਂ ਕੋਲ ਹਨ। ਅਮਰੀਕੀ ਲੋਕਾਂ ਕੋਲ ਤਕਰੀਬਨ 31 ਕਰੋੜ ਹਥਿਆਰ ਹਨ। 89 ਫੀਸਦੀ ਅਮਰੀਕੀ ਆਪਣੇ ਕੋਲ ਬੰਦੂਕ ਰੱਖਦੇ ਹਨ ਤੇ ਇਨ੍ਹਾਂ ਵਿਚੋਂ 66 ਫੀਸਦੀ ਲੋਕ ਇਕ ਤੋਂ ਜ਼ਿਆਦਾ ਰਾਈਫਲ ਰੱਖਦੇ ਹਨ। ਅਸਲਾ ਬਾਜ਼ਾਰ ਨਾਲ ਢਾਈ ਲੱਖ ਤੋਂ ਜ਼ਿਆਦਾ ਲੋਕ ਜੁੜੇ ਹੋਏ ਹਨ ਜੋ ਹਰ ਸਾਲ ਇਕ ਕਰੋੜ ਤੋਂ ਜ਼ਿਆਦਾ ਰਿਵਾਲਵਰ, ਪਿਸਤੌਲ ਤੇ ਹੋਰ ਅਸਲਾ ਬਣਾਉਂਦੇ ਹਨ। ਬੰਦੂਕਾਂ ਕਾਰਨ ਹੋ ਰਹੀ ਹਿੰਸਾ ਕਾਰਨ ਅਮਰੀਕਾ ਨੂੰ ਸਾਲਾਨਾ 20 ਹਜ਼ਾਰ ਕਰੋੜ ਦਾ ਨੁਕਸਾਨ ਹੁੰਦਾ ਹੈ। 2012 ਵਿਚ ਹਥਿਆਰਾਂ ਕਾਰਨ ਹੋਣ ਵਾਲਾ ਨੁਕਸਾਨ ਅਮਰੀਕਾ ਦੀ ਕੁੱਲ ਜੀ.ਡੀ.ਪੀ. ਦਾ 1.4 ਫੀਸਦੀ ਹਿੱਸਾ ਸੀ।

ਗੋਲੀਬਾਰੀ ਦੀਆਂ ਘਟਨਾਵਾਂ ਦਾ ਲੇਖਾ-ਜੋਖਾ ਰੱਖਣ ਵਾਲੀ ਸੰਸਥਾ 'ਗੰਨ ਵਾਇਲੈਂਸ ਆਰਕਾਈਵ' ਮੁਤਾਬਕ ਅਮਰੀਕਾ ਵਿਚ ਹਰ ਸਾਲ 12 ਹਜ਼ਾਰ ਮੌਤਾਂ ਦਾ ਕਾਰਨ ਬੰਦੂਕਾਂ ਬਣਦੀਆਂ ਹਨ। ਲੰਘੇ 50 ਸਾਲਾਂ ਵਿਚ ਬੰਦੂਕਾਂ ਨੇ 15 ਲੱਖ ਜਾਨਾਂ ਲੈ ਲਈਆਂ। ਇਸ ਵਿਚ ਗੋਲੀਆਂ ਦੀ ਵਾਛੜ ਕਰਨ ਤੇ ਕਤਲ ਦੇ ਮਾਮਲਿਆਂ ਵਿਚ ਹੀ 5 ਲੱਖ ਮੌਤਾਂ ਹੋਈਆਂ ਹਨ। ਇਨ੍ਹਾਂ ਘਟਨਾਵਾਂ ਕਾਰਨ ਹੀ ਅਮਰੀਕੀ ਲੋਕ ਹਥਿਆਰ ਨੀਤੀ ਬਣਾਉਣ ਦੀ ਮੰਗ ਕਰ ਰਹੇ ਹਨ।

# ਕੈਨੇਡਾ: ਜਗਮੀਤ ਸਿੰਘ ਨੇ ਸਿਰਜਿਆ ਇਤਿਹਾਸ

*(ਸਫਾ ਇਕ ਦੀ ਬਾਕੀ)*

30000 ਵੋਟਾਂ ਬਣਦੀਆਂ ਹਨ। ਜਗਮੀਤ ਤੇ ਉਸ ਦੇ ਸਭ ਤੋਂ ਕਰੀਬੀ ਵਿਰੋਧੀ ਚਾਰਲੀ ਐਂਗਸ ਦਰਮਿਆਨ 23 ਹਜ਼ਾਰ ਤੋਂ ਵੱਧ ਵੋਟਾਂ ਦਾ ਅੰਤਰ ਰਿਹਾ। ਓਂਟਾਰੀਓ ਸੂਬਾਈ ਅਸੈਂਬਲੀ ਦੇ ਬਰੈਂਪਟਨ ਹਲਕੇ ਤੋਂ ਵਿਧਾਨਕਾਰ ਜਗਮੀਤ ਸਿੰਘ ਦਾ 2019 ਵਾਲੀਆਂ ਚੋਣਾਂ ਵਿਚ ਮੁਕਾਬਲਾ ਮੌਜੂਦਾ ਪ੍ਰਧਾਨ ਮੰਤਰੀ ਤੇ ਲਿਬਰਲ ਪਾਰਟੀ ਦੇ ਆਗੂ ਜਸਟਿਨ ਟਰੂਡੋ (45 ਸਾਲ) ਅਤੇ ਕਨਜ਼ਰਵੇਟਿਵ ਪਾਰਟੀ ਦੇ ਸੰਭਾਵੀ ਉਮੀਦਵਾਰ ਐਂਡਰਿਊ ਸ਼ੀਰ (38 ਸਾਲ) ਨਾਲ ਹੋਵੇਗਾ। ਹੁਣੇ ਹੁਣੇ ਸਾਹਮਣੇ ਆਏ ਸਰਵੇਖਣ ਵਿਚ ਮੁੱਖ ਮੁਕਾਬਲਾ ਲਿਬਰਲ ਪਾਰਟੀ ਅਤੇ ਕਨਜ਼ਰਵੇਟਿਵ ਪਾਰਟੀ ਵਿਚਕਾਰ ਦਰਸਾਇਆ ਜਾ ਰਿਹਾ ਹੈ। ਸਰਵੇਖਣ ਵਿਚ ਲਿਬਰਲ ਪਾਰਟੀ ਨੂੰ 34 ਫ਼ੀਸਦ, ਕਨਜ਼ਰਵੇਟਿਵ ਪਾਰਟੀ ਨੂੰ 34 ਫੀਸਦ ਅਤੇ ਜਗਮੀਤ ਸਿੰਘ ਦੀ ਨਿਊ ਡੈਮੋਕਰੈਟਿਕ ਪਾਰਟੀ ਨੂੰ ਸਿਰਫ 15 ਫ਼ੀਸਦ ਵੋਟਾਂ ਮਿਲਣ ਦੀ ਭਵਿਖਬਾਣੀ ਹੈ।

ਨਿਊ ਡੈਮੋਕਰੈਟਿਕ ਪਾਰਟੀ ਮੁੱਖ ਰੂਪ ਵਿਚ ਖੱਬੇ ਪੱਖੀ ਝੁਕਾ ਵਾਲੀ ਪਾਰਟੀ ਹੈ। ਇਹ 1961 ਵਿਚ ਕੈਨੇਡੀਅਨ ਲੇਬਰ ਕਾਂਗਰਸ ਅਤੇ ਕੋਆਪਰੇਟਿਵ ਕਾਮਨਵੈਲਥ ਫੈਡਰੇਸ਼ਨ ਦੇ ਰਲੇਵੇਂ ਤੋਂ ਬਾਅਦ ਹੋਂਦ ਵਿਚ ਆਈ ਸੀ। 2011 ਦੀਆਂ ਚੋਣਾਂ ਵਿਚ ਇਹ ਪਾਰਟੀ 103 ਸੀਟਾਂ ਜਿੱਤ ਕੇ ਪਹਿਲੀ ਵਾਰ ਮੁੱਖ ਵਿਰੋਧੀ ਧਿਰ ਬਣੀ ਸੀ। ਜੇਤੂ ਕਨਜ਼ਰਵੇਟਿਵ ਪਾਰਟੀ ਨੂੰ 166 ਅਤੇ ਲਿਬਰਲ ਪਾਰਟੀ ਨੂੰ 34 ਸੀਟਾਂ ਮਿਲੀਆਂ ਸਨ; ਪਰ 2015 ਵਿਚ ਜਦੋਂ ਇਸ ਦੇ ਜਿੱਤਣ ਦੀਆਂ ਕਿਆਸਆਰਾਈਆਂ ਸਨ, ਇਹ ਪਾਰਟੀ ਸਿਰਫ 44 ਸੀਟਾਂ ਹੀ ਜਿੱਤ ਸਕੀ ਅਤੇ ਤੀਜੇ ਸਥਾਨ 'ਤੇ ਖਿਸਕ ਗਈ। ਇਨ੍ਹਾਂ ਚੋਣਾਂ ਵਿਚ ਲਿਬਰਲ ਪਾਰਟੀ ਨੂੰ 184 ਅਤੇ ਕਨਜ਼ਰਵੇਟਿਵ ਪਾਰਟੀ ਨੂੰ 99 ਸੀਟਾਂ ਮਿਲੀਆਂ ਸਨ।

# ਸ਼੍ਰੋਮਣੀ ਕਮੇਟੀ ਤੇ ਕੈਪਟਨ ਸਰਕਾਰ ਆਹਮੋ ਸਾਹਮਣੇ

*(ਸਫਾ ਇਕ ਦੀ ਬਾਕੀ)*

ਉਹ ਬਾਦਲਾਂ ਵੱਲੋਂ ਕੈਪਟਨ ਸਰਕਾਰ ਖਿਲਾਫ ਦਿੱਤੇ ਧਰਨਿਆਂ ਵਿਚ ਵੀ ਜਾ ਬੈਠੇ ਸਨ।

ਉਧਰ, ਇਕ ਵੱਖਰੀ ਚਰਚਾ ਹੈ ਕਿ ਕੈਪਟਨ ਸਰਕਾਰ ਨੇ ਕਿਸਾਨਾਂ ਤੇ ਮੁਲਾਜ਼ਮਾਂ ਵਿਚ ਪੈਦਾ ਹੋਏ ਰੋਹ ਨੂੰ ਠੰਢਾ ਕਰਨ ਲਈ ਇਹ ਰਣਨੀਤੀ ਘੜੀ ਹੈ, ਕਿਉਂਕਿ ਇਸੇ ਤਰ੍ਹਾਂ ਦੀ ਰਣਨੀਤੀ ਪਿਛਲੀ ਬਾਦਲ ਸਰਕਾਰ ਨੇ ਬਣਾਈ ਸੀ। ਉਸ ਵੇਲੇ ਵੀ ਕਿਸਾਨਾਂ ਨੇ ਅਕਾਲੀ ਸਰਕਾਰ ਉਤੇ ਚੜ੍ਹਾਈ ਕਰ ਦਿੱਤੀ ਸੀ ਤੇ ਖੂਨ ਦੇ ਪਿਆਸੇ ਬਾਦਲਾਂ ਨੂੰ ਭੇਟ ਕੀਤੇ ਸਨ। ਇਸ ਪਿੱਛੋਂ ਹੀ ਬੇਅਦਬੀ ਕਾਂਡ ਵਾਪਰੇ ਤੇ ਸਰਕਾਰ ਮੁਸ਼ਕਿਲ ਦੀ ਘੜੀ ਵਿਚੋਂ ਨਿਕਲ ਗਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਡੂੰਗਰ ਦਾ ਦੋਸ਼ ਹੈ ਕਿ ਕਮਿਸ਼ਨ ਨੇ ਕਾਂਗਰਸ ਸਰਕਾਰ ਦੀ ਸ਼ਹਿ ਉਤੇ ਕਠਪੁਤਲੀ ਵਜੋਂ ਕਾਰਵਾਈ ਕੀਤੀ ਹੈ ਜੋ ਸਿੱਖ ਸੰਸਥਾਵਾਂ ਦੀ ਮਾਣ-ਮਰਿਆਦਾ ਵਿਰੁਧ ਹੈ। ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੀ ਕਮਿਸ਼ਨ ਦੇ ਹੁਕਮਾਂ ਤੋਂ ਖਫਾ ਹਨ। ਉਨ੍ਹਾਂ ਦਾ ਤਰਕ ਹੈ ਕਿ ਅਕਾਲ ਤਖਤ ਸਾਹਿਬ ਨੂੰ ਸੰਮਨ ਜਾਰੀ ਕਰਨ ਦਾ ਦੁਨੀਆਂ ਦੀ ਕਿਸੇ ਵੀ ਅਦਾਲਤ ਨੂੰ ਕੋਈ ਅਧਿਕਾਰ ਨਹੀਂ ਹੈ।

ਯਾਦ ਰਹੇ ਕਿ ਅਕਾਲ ਤਖਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨਾਂ ਨੇ 24 ਸਤੰਬਰ 2015 ਨੂੰ ਇਕ ਗੁਰਮਤਾ ਜਾਰੀ ਕਰ ਕੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ 2007 ਵਿਚ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਾ ਕੇ ਅੰਮ੍ਰਿਤ ਸੰਚਾਰ ਕਰਨ ਦੀ ਵਿਧੀ ਦੀ ਬੇਅਦਬੀ ਕਰਨ ਦੇ ਮਾਮਲੇ ਵਿਚ ਮੁਆਫ ਕਰ ਦਿੱਤਾ ਸੀ। ਇਸ ਦਾ ਭਾਰੀ ਵਿਰੋਧ ਹੋਣ ਮਗਰੋਂ ਪੰਜ ਸਿੰਘ ਸਾਹਿਬਾਨ ਵੱਲੋਂ 16 ਅਕਤੂਬਰ 2015 ਨੂੰ ਡੇਰਾ ਮੁਖੀ ਨੂੰ ਮੁਆਫ ਕਰਨ ਸਬੰਧੀ ਕੀਤੇ ਫੈਸਲੇ ਨੂੰ ਰੱਦ ਕਰ ਦਿੱਤਾ ਸੀ। ਸੂਤਰਾਂ ਮੁਤਾਬਕ ਸ਼੍ਰੋਮਣੀ ਕਮੇਟੀ ਮਹਿਸੂਸ ਕਰ ਰਹੀ ਹੈ ਕਿ ਕਮਿਸ਼ਨ ਵੱਲੋਂ ਰਿਕਾਰਡ ਤਲਬ ਕਰਨਾ ਅਕਾਲ ਤਖਤ ਸਾਹਿਬ ਨੂੰ ਚੁਣੌਤੀ ਦੇਣਾ ਹੈ।

## ਰਾਜੋਆਣਾ ਦੀ ਰਿਹਾਈ ਲਈ ਪਟੀਸ਼ਨ

**ਚੰਡੀਗੜ੍ਹ:** ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਫਾਂਸੀ ਦੇ ਸਜ਼ਾਯਾਫ਼ਤਾ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ ਲਈ ਉਨ੍ਹਾਂ ਦੀ ਭੈਣ ਕਮਲਦੀਪ ਕੌਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਇਕ ਪਟੀਸ਼ਨ ਦਾਖਲ ਕੀਤੀ ਹੈ। ਪਟੀਸ਼ਨ ਵਿਚ ਦਲੀਲ ਦਿੱਤੀ ਗਈ ਹੈ ਕਿ ਰਾਸ਼ਟਰਪਤੀ ਵੱਲੋਂ ਰਾਜੋਆਣਾ ਦੀ ਫਾਂਸੀ ਦੀ ਸਜ਼ਾ 'ਤੇ ਰੋਕ ਲੱਗੀ ਹੋਈ ਹੈ ਤੇ ਕੁਲ ਮਿਲਾ ਕੇ ਰਾਜੋਆਣਾ ਨੂੰ ਜੇਲ੍ਹ ਵਿਚ ਨਜ਼ਰਬੰਦ ਹੋਇਆਂ 21 ਸਾਲ 10 ਮਹੀਨੇ ਬੀਤ ਚੁੱਕੇ ਹਨ, ਜਿਹੜੇ ਕਿ ਦੋ ਵਾਰ ਉਮਰ ਕੈਦ ਭੋਗਣ ਤੋਂ ਵੀ ਵੱਧ ਹਨ। ਹਾਈ ਕੋਰਟ ਨੇ ਸੁਣਵਾਈ ਦੋ ਨਵੰਬਰ 'ਤੇ ਪਾ ਦਿੱਤੀ ਹੈ।

## ਬੱਬਰ ਖਾਲਸਾ ਨਾਲ ਸਬੰਧਤ ਸੱਤ ਖਾੜਕੂ ਕਾਬੂ

**ਲੁਧਿਆਣਾ:** ਪੁਲਿਸ ਨੇ ਬੱਬਰ ਖਾਲਸਾ ਦੇ ਸੱਤ ਖਾੜਕੂਆਂ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਨੇ ਇਨ੍ਹਾਂ ਕੋਲੋਂ 3 ਪਿਸਤੌਲ ਤੇ 32 ਕਾਰਤੂਸ ਵੀ ਬਰਾਮਦ ਕੀਤੇ ਹਨ। ਗ੍ਰਿਫਤਾਰ ਕੀਤੇ ਖਾੜਕੂਆਂ ਵਿਚ ਕੁਲਦੀਪ ਸਿੰਘ ਰਿੰਪੀ ਵਾਸੀ ਬਸਤੀ ਜੋਧੇਵਾਲ, ਜਸਬੀਰ ਸਿੰਘ ਜੱਸਾ ਵਾਸੀ ਪਿੰਡ ਬੱਲੀਪੁਰ ਥਾਣਾ ਤਰਨ ਤਾਰਨ, ਅਮਨਪ੍ਰੀਤ ਸਿੰਘ ਅਮਨਾ ਵਾਸੀ ਭੋਗਪੁਰ ਜਲੰਧਰ, ਮਨਪ੍ਰੀਤ ਸਿੰਘ ਵਾਸੀ ਪਿੰਡ ਸੋਖਾ ਕਲਾਂ ਥਾਣਾ ਸਮਾਲਕੇ ਜ਼ਿਲ੍ਹਾ ਮੋਗਾ, ਓਂਕਾਰ ਸਿੰਘ ਵਾਸੀ ਕਪੂਰ ਸਿੰਘ ਨਗਰ ਸੁਲਤਾਨ ਵਿੰਡ ਰੋਡ, ਅੰਮ੍ਰਿਤਸਰ, ਜੁਗਰਾਜ ਸਿੰਘ ਪਿੰਡ ਝਾੜੂ ਨੰਗਲ ਥਾਣਾ ਖਿਲਚੀਆਂ ਤੇ ਅੰਮ੍ਰਿਤਪਾਲ ਸਿੰਘ ਵਾਸੀ ਪਿੰਡ ਸੋਹੀਆਂ ਕਲਾਂ ਥਾਣਾ ਮਜੀਠਾ ਸ਼ਾਮਲ ਹਨ। ਕਮਿਸ਼ਨਰ ਮੁਤਾਬਕ ਇੰਗਲੈਂਡ ਵਾਸੀ ਸੁਰਿੰਦਰ ਸਿੰਘ ਇਨ੍ਹਾਂ ਦੀ ਮਾਲੀ ਮਦਦ ਕਰ ਰਿਹਾ ਸੀ। ਇਨ੍ਹਾਂ ਦਾ ਨਿਸ਼ਾਨਾ ਪੰਥ ਤੇ ਖਾਲਿਸਤਾਨ ਵਿਰੋਧੀ ਸੰਗਠਨ ਵਿਰੁੱਧ ਬੋਲਣ ਵਾਲੇ, ਕਈ ਹਿੰਦੂ ਨੇਤਾ ਤੇ ਪੰਜਾਬ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਕਰਨਾ ਸੀ। ਇਹ ਲੋਕ ਸੋਸ਼ਲ ਮੀਡੀਆ ਰਾਹੀਂ ਨੌਜਵਾਨਾਂ ਨੂੰ ਆਪਣੇ ਨਾਲ ਜੋੜਨ ਦੀ ਮੁਹਿੰਮ ਵੀ ਚਲਾ ਰਹੇ ਸਨ। ਪੁਲਿਸ ਇਨ੍ਹਾਂ ਤੋਂ ਪੜਤਾਲ ਕਰ ਰਹੀ ਹੈ।

## ਮਾਲਿਆ ਲੰਡਨ ਵਿਚ ਗ੍ਰਿਫਤਾਰੀ ਪਿੱਛੋਂ ਰਿਹਾਅ

**ਲੰਡਨ:** ਭਗੌੜੇ ਸ਼ਰਾਬ ਕਾਰੋਬਾਰੀ ਵਿਜੇ ਮਾਲਿਆ (61) ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਦਰਜ ਕੀਤੇ ਗਏ ਕਾਲੇ ਧਨ ਨੂੰ ਸਫੇਦ ਬਣਾਉਣ ਦੇ ਮਾਮਲੇ ਵਿਚ ਗ੍ਰਿਫਤਾਰ ਕਰ ਲਿਆ ਗਿਆ ਪਰ ਬਾਅਦ 'ਚ ਉਸ ਨੂੰ ਵੈਸਟਮਿੰਸਟਰ ਮੈਜਿਸਟਰੇਟ ਦੀ ਅਦਾਲਤ ਨੇ ਜ਼ਮਾਨਤ ਦੇ ਦਿੱਤੀ। ਉਹ ਪਹਿਲਾਂ ਹੀ ਹਵਾਲਗੀ ਵਾਰੰਟ ਤਹਿਤ ਜ਼ਮਾਨਤ 'ਤੇ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਗਦਰੀ ਬਾਬਿਆਂ ਦੀ ਯਾਦ 'ਚ ਮੇਲਾ 8 ਅਕਤੂਬਰ ਨੂੰ

**ਸੈਕਰਾਮੈਂਟੋ (ਬਿਊਰੋ):** ਗਦਰੀ ਬਾਬਿਆਂ ਨੂੰ ਯਾਦ ਰੱਖਣ ਦੀਆਂ ਗਤੀਵਿਧੀਆਂ ਦਾ ਕੇਂਦਰ ਇਕ ਤਰ੍ਹਾਂ ਨਾਲ ਕੈਲੀਫੋਰਨੀਆ ਹੀ ਰਿਹਾ ਹੈ। ਕਰਤਾਰ ਸਿੰਘ ਸਰਾਭਾ ਵਲੋਂ ਅਖਬਾਰ 'ਗਦਰ' ਦੀ ਪ੍ਰਕਾਸ਼ਨਾ ਸੈਨ ਫਰਾਂਸਿਸਕੋ ਨਾਲ ਜੁੜੀ ਹੋਈ ਹੈ ਅਤੇ ਗੁਰਦੁਆਰਾ ਸਟਾਕਟਨ ਦਾ ਪਿਛੋਕੜ ਵੀ ਗਦਰੀ ਬਾਬਿਆਂ ਨਾਲ ਜੁੜਦਾ ਹੈ। ਕੈਲੀਫੋਰਨੀਆ ਵਿਚ ਕਦੇ ਮੇਲਿਆਂ ਦੇ ਰੂਪ 'ਚ, ਕਦੇ ਸਮਾਗਮਾਂ ਤੇ ਕਾਨਫਰੰਸਾਂ ਦੇ ਰੂਪ ਵਿਚ ਗਦਰੀ ਬਾਬਿਆਂ ਤੇ ਗਦਰ ਲਹਿਰ ਨੂੰ ਵਿਚਾਰਧਾਰਕ ਤੌਰ 'ਤੇ ਇਕ ਤਰ੍ਹਾਂ ਨਾਲ ਇਤਿਹਾਸ ਨੂੰ ਦੁਹਰਾਉਣ ਦੀ ਭੂਮਿਕਾ ਵਾਂਗ ਅਕਾਦਮਿਕ ਪੱਧਰ 'ਤੇ ਸਾਰਾ ਸਾਲ ਕੁਝ ਨਾ ਕੁਝ ਹੁੰਦਾ ਹੀ ਰਹਿੰਦਾ ਹੈ।

ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜ਼ੇਸ਼ਨ ਕੈਲੀਫੋਰਨੀਆ ਪਿਛਲੇ ਕਰੀਬ ਇਕ ਦਹਾਕੇ ਤੋਂ ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ ਕਰਵਾਉਂਦੀ ਆ ਰਹੀ ਹੈ ਜਿਸ ਵਿਚ ਨਾ ਸਿਰਫ ਗਦਰ ਲਹਿਰ ਨਾਲ ਸਿਧਾਂਤਕ ਤੌਰ 'ਤੇ ਜੁੜੀਆਂ ਸ਼ਖਸੀਅਤਾਂ ਨੂੰ ਸੱਦਾ ਦਿੱਤਾ ਜਾਂਦਾ ਹੈ ਸਗੋਂ ਵਰਤਮਾਨ ਸਮੇਂ ਦੇ ਪ੍ਰਸੰਗ ਵਿਚ ਉਨ੍ਹਾਂ ਨੂੰ ਆਪਣੀ ਵਿਚਾਰਧਾਰਾ ਲੋਕਾਂ ਨਾਲ ਸਾਂਝੀ ਕਰਨ ਦਾ ਮੰਚ ਵੀ ਪ੍ਰਦਾਨ ਕੀਤਾ ਜਾਂਦਾ ਹੈ।

ਪਹਿਲੇ ਲਾਹੌਰ ਸਾਜ਼ਿਸ਼ ਕੇਸ 1917 ਦੇ ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜ਼ੇਸ਼ਨ ਵਲੋਂ ਪ੍ਰਧਾਨ ਸੁਰਿੰਦਰ ਬਿੰਦਰਾ ਦੀ ਅਗਵਾਈ ਹੇਠ 'ਮੇਲਾ ਗਦਰੀ ਬਾਬਿਆਂ ਦਾ' 8 ਅਕਤੂਬਰ 2017, ਐਤਵਾਰ ਨੂੰ ਐਸ. ਆਈ. ਐਸ. ਹਾਲ (10428 ਈਸਟ ਸਟਾਕਟਨ ਬੁਲੇਵਾਰਡ, ਐਲਕ ਗਰੋਵ) ਸੈਕਰਾਮੈਂਟੋ ਵਿਖੇ ਕਰਵਾਇਆ ਜਾ ਰਿਹਾ ਹੈ। ਸ. ਬਿੰਦਰਾ ਨੇ ਦੱਸਿਆ ਕਿ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਰੱਖਣਾ, ਜੁਝਾਰੂਆਂ ਦੇ ਸੰਕਲਪ ਨੂੰ ਨਵੀਂ ਪੀੜ੍ਹੀ ਦੇ ਸਾਹਮਣੇ ਪੇਸ਼ ਕਰਨਾ, ਕੁਰਬਾਨੀਆਂ ਭਰੇ ਇਤਿਹਾਸ ਦੇ ਲਹੂ ਨਾਲ ਭਿੱਜੇ ਪੰਨੇ ਨੌਜਵਾਨ ਪੀੜ੍ਹੀ ਨਾਲ ਸਾਂਝੇ ਕਰਨਾ-ਇਕ ਤਰ੍ਹਾਂ ਨਾਲ ਆਪਣੀਆਂ ਮਹਾਨ ਵਿਰਾਸਤੀ, ਸੰਘਰਸ਼ਸ਼ੀਲ ਅਤੇ ਦੇਸ਼ ਕੌਮ ਲਈ ਮਰ ਮਿਟਣ ਵਾਲੀਆਂ ਪਰੰਪਰਾਵਾਂ ਨੂੰ ਯਾਦ ਰੱਖਣਾ ਹੀ ਹੈ।

ਸ. ਬਿੰਦਰਾ ਨੇ ਕਿਹਾ ਕਿ ਅਮਰੀਕਾ ਵਸਦੇ ਪੰਜਾਬੀਆਂ ਨੂੰ ਗਦਰ ਇਤਿਹਾਸ ਨੂੰ ਅਗਲੀਆਂ ਪੀੜ੍ਹੀਆਂ ਤੱਕ ਲੈ ਜਾਣ ਲਈ ਯਤਨ ਕਰਦੇ ਹੀ ਰਹਿਣਾ ਚਾਹੀਦਾ ਹੈ। ਜਿਥੇ ਕ੍ਰਿਪਾਲ ਸਿੰਘ ਸੰਧੂ, ਦਲਵਿੰਦਰ ਸਿੰਘ ਧੂਤ, ਬੀਬੀ ਕਰਨੈਲ ਕੌਰ ਈਸੜੂ ਵਰਗੀਆਂ ਸ਼ਖਸੀਅਤਾਂ ਇਸ ਮੇਲੇ ਦਾ



ਮੌਲਵੀ ਬਰਕਤਉਲਾ



ਗਾਇਕ ਸੁਰਿੰਦਰ ਛਿੰਦਾ


ਅਹਿਮ ਹਿੱਸਾ ਬਣੀਆਂ ਰਹਿਣਗੀਆਂ, ਉਥੇ ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਆਉਣ ਵਾਲੇ ਦਰਸ਼ਕਾਂ ਲਈ ਖਾਸ ਹੋਵੇਗੀ। ਪਾਰਕਿੰਗ ਤੇ ਦਾਖਲਾ ਮੁਫਤ ਹੋਵੇਗਾ ਅਤੇ ਭੰਗੜੇ-ਗਿੱਧੇ ਦੀਆਂ ਰਵਾਇਤੀ ਪੇਸ਼ਕਾਰੀਆਂ ਦੇ ਨਾਲ ਨਾਲ ਪੰਜਾਬ ਦੇ ਪ੍ਰਸਿੱਧ ਲੋਕ ਗਾਇਕ ਸੁਰਿੰਦਰ ਸ਼ਿੰਦਾ, ਪੰਮੀ ਮਾਨ, ਪੂਨਮ ਮਲਹੋਤਰਾ ਅਤੇ ਜੀਵਨ ਰੱਤੂ ਧਾਰਮਿਕ, ਇਨਕਲਾਬੀ ਤੇ ਪਰਿਵਾਰਕ ਗੀਤਾਂ ਨਾਲ ਭਰਵੀਂ ਹਾਜ਼ਰੀ ਲਵਾਉਣਗੇ। ਸ. ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ ਢਾਡੀ ਵਾਰਾਂ ਰਾਹੀਂ ਗਦਰ ਲਹਿਰ ਦਾ ਇਤਿਹਾਸ ਪੇਸ਼ ਕਰੇਗਾ। ਸ. ਬਿੰਦਰਾ ਨੇ ਸਮੂਹ ਪੰਜਾਬੀਆਂ ਨੂੰ ਪਰਿਵਾਰਾਂ ਸਮੇਤ ਮੇਲੇ ਵਿਚ ਪਹੁੰਚਣ ਦਾ ਸੱਦਾ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜ਼ੇਸ਼ਨ ਕੈਲੀਫੋਰਨੀਆ ਗਦਰ ਲਹਿਰ ਤੇ ਗਦਰੀ ਬਾਬਿਆਂ ਦੇ ਇਤਿਹਾਸ ਨੂੰ ਜਿਉਂਦਾ ਰੱਖਣ ਵਾਲੀਆਂ ਮੋਢੀ ਸੰਸਥਾਵਾਂ ਵਿਚੋਂ ਇਕ ਹੈ। ਇਸ ਸੰਸਥਾ ਵਿਚ ਗਿਆਨ ਸਿੰਘ ਬਿਲਗਾ, ਜਗਜੀਤ ਸਿੰਘ ਗਿੱਲ, ਸੁਮਿੱਤਰ ਸਿੰਘ ਉਪਲ, ਬਲਵਿੰਦਰ ਸਿੰਘ ਭੱਟੀ, ਬਲਵੰਤ ਬਾਂਕਾ ਇਸ ਸੰਸਥਾ ਦੇ ਮਿਸ਼ਨ ਤੇ ਦੇਸ਼ ਨੂੰ ਅੱਗੇ ਲੈ ਕੇ ਜਾਣ ਲਈ ਯਤਨਸ਼ੀਲ ਹਨ।

## ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ 'ਤੇ ਸਮਾਗਮ 12 ਤੇ 18 ਨਵੰਬਰ ਨੂੰ

**ਫਰਿਜ਼ਨੋ (ਬਿਊਰੋ):** ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਅਹਿਮ ਯੋਗਦਾਨ ਪਾ ਕੇ ਆਪਣੀ ਜਾਨ ਕੁਰਬਾਨ ਕਰ ਦੇਣ ਵਾਲੇ ਛੋਟੀ ਉਮਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਸ ਦੇ ਸਾਥੀਆਂ ਦਾ ਸ਼ਹੀਦੀ ਦਿਹਾੜਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ ਵਲੋਂ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਸੰਸਥਾ ਦੇ ਮੋਢੀ ਗੁਰਦੀਪ ਸਿੰਘ ਅਣਖੀ ਨੇ ਦੱਸਿਆ ਕਿ ਪਹਿਲਾ ਪ੍ਰੋਗਰਾਮ 12 ਨਵੰਬਰ ਨੂੰ ਕਰਮਨ ਕਮਿਊਨਿਟੀ ਹਾਲ ਵਿਚ 2 ਤੋਂ 5 ਵਜੇ ਤੱਕ ਹੋਵੇਗਾ ਅਤੇ ਦੂਜਾ ਸਮਾਗਮ ਸਮੂਹ ਗਦਰੀ ਬਾਬਿਆਂ ਨੂੰ ਸਮਰਪਿਤ ਸੰਸਥਾਵਾਂ ਦੇ ਸਹਿਯੋਗ ਨਾਲ 18 ਨਵੰਬਰ ਨੂੰ ਸੈਨ ਫਰਾਂਸਿਸਕੋ ਦੇ ਯੁਗਾਂਤਰ ਆਸ਼ਰਮ ਵਿਚ ਹੋਵੇਗਾ ਜਿਥੇ ਭਾਰਤੀ ਕੌਂਸਲ ਜਨਰਲ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਣਗੇ। ਇਸ ਮੌਕੇ ਉਚ ਕੋਟੀ ਦੇ ਬੁਲਾਰੇ ਪਹੁੰਚ ਕੇ



ਸ਼ਹੀਦਾਂ ਪ੍ਰਤੀ ਆਪਣੇ ਵਿਚਾਰ ਪੇਸ਼ ਕਰਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।

ਸ. ਅਣਖੀ ਨੇ ਦੱਸਿਆ ਕਿ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਬੱਚਿਆਂ ਨੂੰ ਇਨ੍ਹਾਂ ਸਮਾਗਮਾਂ ਨਾਲ ਜੋੜ ਕੇ ਇਤਿਹਾਸ ਪ੍ਰਤੀ ਸੁਚੇਤ ਕਰਨ ਲਈ ਬੱਚਿਆਂ ਦੀਆਂ ਪੇਸ਼ਕਾਰੀਆਂ ਨੂੰ ਵੀ ਅਹਿਮੀਅਤ ਦਿੱਤੀ ਜਾਵੇਗੀ। ਬੱਚਿਆਂ ਦੀ ਕਿਸੇ ਵੀ ਦੇਸ਼ ਭਗਤੀ ਦੀ ਆਈਟਮ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਫੋਨ: 559-618-0156 ਜਾਂ 559-287-0822 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


# Matrimonials

### ਲੜਕੀ ਦੀ ਲੋੜ ਹੈ

Beautiful Gursikh match only USA/Canada Citizen/H1B/PR visa for handsome Gursikh vegetarian boy, only son, 28, 5'-7", MS Degree from USA, Working in New York. Caste no bar. Respond with full details, photo. Email: TPSingh3302@gmail.com 40-41

Wanted citizen or green card holder Nai Sikh girl for a Nai Sikh boy 29 years, 5'-9", BBA on visitor visa. Family of the boy well settled in India. Only sister married in the USA. Simple and early marriage. Contact, Ph: 646-318-1589 35-38

### ਲੜਕੀ ਦੀ ਲੋੜ ਹੈ

ਆਦਿ ਧਰਮੀ ਉਮਰ 47 ਸਾਲ, ਕੱਦ 5'-6", ਚੰਗੇ ਬਿਜ਼ਨਸ ਦੇ ਮਾਲਕ ਵਿਅਕਤੀ ਲਈ ਗਰੀਨ ਕਾਰਡ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਵਿਧਵਾ ਜਾਂ ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ, ਫੋਨ: 859-287-6730

Wanted citizen or green card holder life partner for Aad Dharmi 47, 5'-6", good business owner, well settled man. Caste no bar. Widow or divorce can also be considered. Contact, Ph: 859-287-6730 35-38

ਪੰਜਾਬ ਟਾਈਮਜ਼

### Boy Wanted

**Brother-in-law Seeks Match for Punjabi Girl (Visiting Chicago), never married 42 years, 5'-3", beautiful, educated girl worked- JC Penney-Air France-Wealth Management firm. Parents Doctors Practicing Medicine New Delhi.**

**Boy must be educated and well settled.**

**Call Mr./Mrs. Saluja (630) 351-2121**

**or E-mail bio data/photo Saluja868@yahoo.com** 39-46


## ਹੁਣ ਜਾਪਾਨ, ਜਰਮਨੀ ਤੇ ਕੈਨੇਡਾ ਵਿਚ ਸੇਵਾਵਾਂ ਸ਼ੁਰੂ ਕਰੇਗਾ ਆਕਾਸ਼ਵਾਣੀ

**ਨਵੀਂ ਦਿੱਲੀ:** ਸਰਕਾਰ ਦੀਆਂ ਕੂਟਨੀਤਕ ਕੋਸ਼ਿਸ਼ਾਂ ਨੂੰ ਪੂਰਾ ਕਰਨ ਤੇ ਭਾਰਤੀ ਸਮੂਹ ਤੱਕ ਪ੍ਰੋਗਰਾਮਾਂ ਨੂੰ ਪਹੁੰਚਾਉਣ ਦੇ ਮਕਸਦ ਨਾਲ ਆਕਾਸ਼ਵਾਣੀ ਵੱਲੋਂ ਜਾਪਾਨ, ਜਰਮਨੀ ਤੇ ਕੈਨੇਡਾ ਆਦਿ ਦੇਸ਼ਾਂ ਲਈ ਨਵੀਆਂ ਸੇਵਾਵਾਂ ਸ਼ੁਰੂ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ।

ਆਕਾਸ਼ਵਾਣੀ ਦੇ ਵਿਦੇਸ਼ ਸੇਵਾ ਵਿਭਾਗ (ਈ.ਐਸ.ਡੀ.) ਦੇ ਨਿਰਦੇਸ਼ਕ ਅਮਲਾਨਜੋਤੀ ਮਜੂਮਦਾਰ ਨੇ ਦੱਸਿਆ ਕਿ ਕੈਨੇਡਾ, ਦੱਖਣੀ ਅਫਰੀਕਾ ਅਤੇ ਮਾਲਦੀਵ ਵੀ ਉਨ੍ਹਾਂ ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਹਨ, ਜਿਥੇ ਆਕਾਸ਼ਵਾਣੀ ਆਪਣੇ ਪ੍ਰੋਗਰਾਮ ਪਹੁੰਚਾਉਣ ਦੀ ਯੋਜਨਾ ਬਣਾ ਰਿਹਾ ਹੈ। ਵਰਤਮਾਨ 'ਚ ਆਕਾਸ਼ਵਾਣੀ ਦੇ ਵਿਦੇਸ਼ ਸੇਵਾ ਵਿਭਾਗ ਦੀ ਪਹੁੰਚ 27 ਭਾਸ਼ਾਵਾਂ ਵਿਚ ਲਗਭਗ 150 ਦੇਸ਼ਾਂ ਤੱਕ ਹੈ।


# ਵੇਟਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।

ਰਿਹਾਇਸ਼ ਫਰੀ, ਚੰਗੀ ਤਨਖਾਹ

ਸੰਪਰਕ ਕਰੋ: ਸੰਨੀ, ਫੋਨ: 608-630-0287 39-42

# ਸੂਝਵਾਨ ਗ੍ਰੰਥੀ ਸਿੰਘ ਦੀ ਲੋੜ ਹੈ

ਗੁਰਦੁਆਰਾ ਗੁਰਦੁਆਰਾ ਸੰਤ ਸਾਗਰ, ਬੈਲਰੋਜ਼, ਨਿਊ ਯਾਰਕ ਲਈ ਚੰਗੇ ਸੂਝਵਾਨ ਗ੍ਰੰਥੀ ਸਿੰਘ ਦੀ ਲੋੜ ਹੈ। ਗੁਰਬਾਣੀ ਗਿਆਨ ਦੀ ਅੰਗਰੇਜ਼ੀ ਵਿਚ ਵਿਆਖਿਆ ਕਰ ਸਕਣ ਯੋਗ ਅਤੇ ਗਰੀਨ ਕਾਰਡ ਹੋਲਡਰ ਨੂੰ ਪਹਿਲ।

ਸੰਪਰਕ ਕਰੋ: ਭਾਈ ਸੱਜਣ ਸਿੰਘ

ਫੋਨ: 718-347-5659

# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



Gurdip Singh Sandhu

**Live on Jas TV**
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

# ਤੰਦੂਰੀਏ, ਡਿਸ਼ ਵਾਸ਼ਰ, ਹੈਲਪਰ ਅਤੇ ਵੇਟਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਡਿਸ਼ ਵਾਸ਼ਰ, ਕਿਚਨ ਹੈਲਪਰ ਤੇ ਵੇਟਰ ਦੀ ਫੌਰੀ ਲੋੜ ਹੈ। ਜੋੜੇ ਨੂੰ ਤਰਜੀਹ। ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ

ਫੋਨ: 757-240-9348

# ਅਮਰੀਕੀਆਂ ਦੇ ਦਿਲਾਂ ਤੋਂ ਲਹਿਣ ਲੱਗਾ ਡੋਨਲਡ ਟਰੰਪ

## 60 ਫੀਸਦੀ ਨੇ ਮੰਨਿਆ: ਟਰੰਪ 'ਚ ਅਗਵਾਈ ਦੀ ਸਮਰਥਾ ਨਹੀਂ

**ਨਿਊ ਯਾਰਕ:** ਰਾਸ਼ਟਰਪਤੀ ਡੋਨਲਡ ਟਰੰਪ ਦੇ ਕੰਮਕਾਜ ਤੋਂ ਜ਼ਿਆਦਾਤਰ ਅਮਰੀਕੀ ਖੁਸ਼ ਨਹੀਂ ਹਨ। ਟਰੰਪ ਦੀ ਲੋਕਪ੍ਰਿਅਤਾ ਵਿਚ ਤੇਜ਼ੀ ਨਾਲ ਗਿਰਾਵਟ ਆ ਰਹੀ ਹੈ। ਤਾਜ਼ਾ ਸਰਵੇ ਅਨੁਸਾਰ ਬਹੁ-ਗਿਣਤੀ ਅਮਰੀਕੀਆਂ ਦੀ ਨਜ਼ਰ ਵਿਚ ਟਰੰਪ ਰਾਸ਼ਟਰਪਤੀ ਅਹੁਦੇ ਦੇ ਲਾਇਕ ਨਹੀਂ ਹਨ। ਕਵਿਨੀਪਿਆਕ ਯੂਨੀਵਰਸਿਟੀ ਦੇ ਨੈਸ਼ਨਲ ਪੋਲ ਮੁਤਾਬਕ 59 ਫੀਸਦੀ ਲੋਕਾਂ ਨੇ ਕਿਹਾ ਕਿ ਟਰੰਪ ਈਮਾਨਦਾਰ ਨਹੀਂ ਹਨ।

60 ਫੀਸਦੀ ਨੇ ਮੰਨਿਆ ਕਿ ਉਨ੍ਹਾਂ ਵਿਚ ਅਗਵਾਈ ਦੀ ਚੰਗੀ ਸਮਰੱਥਾ ਨਹੀਂ ਹੈ ਜਦਕਿ 61 ਫੀਸਦੀ ਦਾ ਕਹਿਣਾ ਸੀ ਕਿ ਉਹ ਉਨ੍ਹਾਂ ਦੀਆਂ ਕਦਰਾਂ ਦੇ ਹਮਾਇਤੀ ਨਹੀਂ। 51 ਫੀਸਦੀ ਨੇ ਕਿਹਾ ਕਿ ਉਨ੍ਹਾਂ ਨੂੰ ਟਰੰਪ ਦੇ ਹੱਥਾਂ ਵਿਚ ਅਮਰੀਕਾ ਦੀ ਵਾਗਡੋਰ ਹੋਣ ਨਾਲ ਸ਼ਰਮਿੰਦਗੀ ਹੁੰਦੀ ਹੈ। ਇਸ ਤੋਂ ਪਹਿਲਾਂ ਟਰੰਪ ਦੇ ਪਹਿਲੇ 100 ਦਿਨਾਂ ਦੇ ਕਾਰਜਕਾਲ ਮੌਕੇ ਏ.ਵੀ.ਸੀ. ਨਿਊਜ਼ ਅਤੇ ਵਾਸ਼ਿੰਗਟਨ ਪੋਸਟ ਵੱਲੋਂ ਕਰਵਾਏ ਗਏ ਸਰਵੇਖਣ ਵਿਚ 53 ਫੀਸਦੀ ਲੋਕਾਂ ਨੇ ਉਨ੍ਹਾਂ ਦੇ ਕੰਮ ਨੂੰ ਨਾਪਸੰਦ ਕੀਤਾ ਸੀ। ਉਦੋਂ ਮਹਿਜ਼ 42 ਫੀਸਦੀ ਲੋਕ ਹੀ ਉਨ੍ਹਾਂ ਦੇ ਕੰਮ ਤੋਂ ਖੁਸ਼ ਨਜ਼ਰ ਆਏ ਸਨ।




ਹੁਣ ਤਾਜ਼ਾ ਸਰਵੇ ਵਿਚ 60 ਫੀਸਦੀ ਲੋਕਾਂ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਦੇਸ਼ ਨੂੰ ਇਕਜੁੱਟ ਕਰਨ ਦੀ ਥਾਂ ਵੰਡਣ ਦਾ ਕੰਮ ਕਰ ਰਹੇ ਹਨ। ਹਾਲਾਂਕਿ 50 ਫੀਸਦੀ ਗੋਰੇ ਵੋਟਰ ਮੰਨਦੇ ਹਨ ਕਿ ਟਰੰਪ ਰਾਸ਼ਟਰਪਤੀ ਅਹੁਦੇ ਦੇ ਯੋਗ ਹਨ। 94 ਫੀਸਦੀ ਸਿਆਹਫਾਮ ਲੋਕਾਂ ਅਨੁਸਾਰ ਟਰੰਪ ਰਾਸ਼ਟਰਪਤੀ ਅਹੁਦੇ ਦੇ ਯੋਗ ਨਹੀਂ ਹਨ। ਜਿਥੋਂ ਤੱਕ ਟਰੰਪ ਦੀ ਰਿਪਬਲੀਕਨ ਪਾਰਟੀ ਅਤੇ ਵਿਰੋਧੀ ਪਾਰਟੀ ਦੇ ਆਗੂਆਂ ਦਾ ਨਜ਼ਰੀਆ ਹੈ, 84 ਫੀਸਦੀ ਰਿਪਬਲੀਕਨਾਂ ਦੀ ਰਾਇ ਹੈ ਕਿ ਉਹ ਇਸ ਜ਼ਿੰਮੇਵਾਰੀ ਲਈ ਬਿਲਕੁਲ ਸਹੀ ਹਨ। 94 ਫੀਸਦੀ ਡੈਮੋਕ੍ਰੈਟਿਕ ਨੇ ਉਨ੍ਹਾਂ ਨੂੰ ਨਾਪਸੰਦ ਕੀਤਾ।

## ਅਮਰੀਕੀ ਟਰੱਕ ਡਰਾਇਵਰ ਟਰੰਪ ਦੀ ਰਣਨੀਤੀ ਤੋਂ ਔਖੇ

**ਵਾਸ਼ਿੰਗਟਨ:** ਟਰੰਪ ਸਰਕਾਰ ਨੇ ਟਰੱਕਾਂ ਦੇ ਕੰਮ ਉਤੇ ਹੋਣ ਜਾਂ ਨਾ ਹੋਣ ਦੇ ਰਿਕਾਰਡ ਨੂੰ ਬਿਜਲਈ ਰੂਪ ਵਿਚ ਰੱਖਣ ਲਈ ਵਿਸ਼ੇਸ਼ ਉਪਕਰਣ ਸਥਾਪਨਾ ਦੇ ਹੁਕਮ ਦਿੱਤੇ ਹੋਏ ਹਨ। ਇਨ੍ਹਾਂ ਨੂੰ ਈ.ਐਲ.ਡੀ. (ਇਲੈਕਟ੍ਰਾਨਿਕ ਲੌਗਿੰਗ ਡਿਵਾਈਸ) ਕਿਹਾ ਜਾਂਦਾ ਹੈ, ਜਿਨ੍ਹਾਂ ਦਾ ਮੁੱਖ ਕੰਮ ਟਰੱਕ ਦੇ ਆਨ ਤੇ ਆਫ ਡਿਊਟੀ ਦੇ ਘੰਟਿਆਂ ਨੂੰ ਦਰਜ ਕਰਨਾ ਹੋਵੇਗਾ। ਇਸ ਉਪਕਰਣ ਦੀ ਕੀਮਤ ਜ਼ਿਆਦਾ ਹੋਣ ਕਰ ਕੇ ਪੂਰੀ ਟਰੱਕ ਸਨਅਤ ਉਤੇ ਇਸ ਦਾ ਵਾਧੂ ਬੋਝ ਪਵੇਗਾ। ਇਸ ਲਈ ਸਿੱਖ ਡਰਾਈਵਰਾਂ ਨੇ ਸਰਕਾਰ ਨੂੰ ਇਹ ਵਾਧੂ ਬੋਝ ਕੁਝ ਸਮੇਂ ਲਈ ਟਾਲਣ ਦੀ ਅਪੀਲ ਕੀਤੀ ਹੈ। ਅਮਰੀਕਾ ਦੀ ਟਰੱਕ ਸਨਅਤ 'ਤੇ ਸਿੱਖਾਂ ਦਾ ਦਬਦਬਾ ਹੈ।

ਸਿੱਖ ਪੁਲੀਟੀਕਲ ਐਕਸ਼ਨ ਕਮੇਟੀ (ਸਿੱਖਸ ਪੈਕ) ਦੇ ਗੁਰਿੰਦਰ ਸਿੰਘ ਖਾਲਸਾ ਨੇ ਦੱਸਿਆ ਕਿ ਈ.ਐਲ.ਡੀ. ਵੇਚਣ ਲਈ ਤਕਰੀਬਨ 99 ਤਰ੍ਹਾਂ ਦੇ ਉਪਕਰਣ ਬਾਜ਼ਾਰ ਵਿਚ ਹਨ ਤੇ ਜਿਨ੍ਹਾਂ ਦੇ ਕੰਮ ਦਾ ਤਰੀਕਾ ਵੱਖੋ-ਵੱਖਰਾ ਹੈ। ਉਨ੍ਹਾਂ ਦੱਸਿਆ ਕਿ ਹਰ ਉਪਕਰਣ ਦੇ ਕੰਮ ਦਾ ਤਰੀਕਾ ਵੱਖ ਹੋਣ ਦੇ ਨਾਲ ਨਾਲ ਇਹ ਸਰਕਾਰ ਦੇ ਤੈਅ ਕੀਤੇ ਮਾਪਦੰਡਾਂ ਨੂੰ ਪੂਰਾ ਕਰਨ ਤੋਂ ਵੀ ਅਸਮਰਥ ਹੈ। ਖਾਲਸਾ ਨੇ ਇਹ ਵੀ ਦੱਸਿਆ ਕਿ ਈ.ਐਲ.ਡੀ. ਨੂੰ ਟਰੱਕ 'ਤੇ ਲਵਾਉਣ ਨਾਲ ਹੀ ਕੰਮ ਖਤਮ ਨਹੀਂ ਹੋ ਜਾਂਦਾ, ਸਗੋਂ ਉਪਕਰਣ ਦੀ ਮਿਆਦ ਮੁਤਾਬਕ ਮੁਰੰਮਤ ਜਾਂ ਸਰਵਿਸ ਵੀ ਕਰਵਾਉਣੀ ਪੈਂਦੀ ਹੈ। ਇਹ ਖਰਚਾ ਕਾਫੀ ਹੈ ਤੇ ਇਸ ਦਾ ਸਿੱਧਾ ਬੋਝ ਟਰੱਕ ਕੰਪਨੀ ਉਤੇ ਪਵੇਗਾ। ਟਰੱਕ ਕੰਪਨੀ ਨੂੰ ਇਸ ਦੀ ਮਹੀਨਾਵਾਰ ਲਾਗਤ ਅਤੇ ਇਸ ਲਈ ਵਰਤੇ ਜਾਣ ਵਾਲੇ ਫੋਨ ਦੇ ਬਿੱਲ ਆਦਿ ਦਾ ਖਰਚ ਵੀ ਝੱਲਣਾ ਪਵੇਗਾ। ਖਾਲਸਾ ਮੁਤਾਬਕ ਜੇ ਈ.ਐਲ.ਡੀ. ਨੇ ਠੀਕ ਢੰਗ ਨਾਲ ਕੰਮ ਨਾ ਕੀਤਾ ਤਾਂ ਇਸ ਦਾ ਖਮਿਆਜ਼ਾ ਟਰੱਕ ਚਾਲਕ ਨੂੰ ਭੁਗਤਣਾ ਪੈਣਾ ਹੈ। ਉਸ ਦੇ ਕਮਰਸ਼ੀਅਲ ਲਾਇਸੰਸ ਵਿਚੋਂ ਪੁਆਇੰਟਸ ਘਟਣ ਲੱਗ ਜਾਣਗੇ ਤੇ ਪ੍ਰਸ਼ਾਸਨਿਕ ਜੁਰਮਾਨੇ ਵੱਖ ਲੱਗਣਗੇ। ਉਨ੍ਹਾਂ ਸਰਕਾਰ ਨੂੰ ਇਹ ਫੈਸਲਾ 18 ਦਸੰਬਰ ਤੱਕ ਲਾਜ਼ਮੀ ਨਾ ਕਰਨ ਦੀ ਅਪੀਲ ਕੀਤੀ।

## ਸ਼ਰਨਾਰਥੀਆਂ ਦੀ ਗਿਣਤੀ ਵਿਚ ਕਟੌਤੀ

**ਵਾਸ਼ਿੰਗਟਨ:** ਅਮਰੀਕਾ ਨੇ ਸ਼ਰਨਾਰਥੀਆਂ ਦੀ ਗਿਣਤੀ ਵਿਚ ਵੱਡੀ ਕਟੌਤੀ ਕਰਦਿਆਂ ਸਿਰਫ 45,000 ਲੋਕਾਂ ਨੂੰ ਪਨਾਹ ਦੇਣ ਦਾ ਐਲਾਨ ਕੀਤਾ ਹੈ, ਅਮਰੀਕਾ ਨੇ ਸਾਲ 2016 ਵਿਚ 84,995 ਲੋਕਾਂ ਨੂੰ ਪਨਾਹ ਦਿੱਤੀ ਸੀ ਤੇ ਸ਼ਰਨਾਰਥੀਆਂ ਦੀ ਇਹ ਗਿਣਤੀ 2016 ਦੀ ਤੁਲਨਾ 'ਚ ਕਰੀਬ ਅੱਧੀ ਰਹਿ ਜਾਵੇਗੀ। ਅਮਰੀਕਨ ਸਰਕਾਰ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਵਿਦੇਸ਼ ਮੰਤਰੀ ਰੇਕਸ ਟਿਲਰਸਨ ਇਸ ਮਾਮਲੇ ਬਾਰੇ ਕਾਂਗਰਸ (ਸੰਸਦ ਦੇ ਸਦਨ) ਨੂੰ ਜਾਣਕਾਰੀ ਦੇਣਗੇ। ਅਧਿਕਾਰੀ ਨੇ ਦੱਸਿਆ ਕਿ ਸਰਕਾਰ ਨੂੰ ਅਮਰੀਕੀ ਲੋਕਾਂ ਦੀ ਰੱਖਿਆ ਤੇ ਸੁਰੱਖਿਆ ਦੀ ਚਿੰਤਾ ਹੈ ਅਤੇ ਅਮਰੀਕਾ 1975 ਤੋਂ ਲੈ ਕੇ ਹੁਣ ਤੱਕ 30 ਲੱਖ ਤੋਂ ਵੱਧ ਸ਼ਰਨਾਰਥੀਆਂ ਨੂੰ ਸ਼ਰਨ ਦੇ ਚੁੱਕਾ ਹੈ। ਅਮਰੀਕਾ ਮਨੁੱਖੀ ਕਦਰਾਂ-ਕੀਮਤਾਂ ਦੀ ਰੱਖਿਆ ਲਈ ਪ੍ਰਤੀਬੱਧ ਹੈ ਪਰ ਸ਼ਰਨ ਤੇ ਪੁਨਰਵਾਸ ਦਾ ਮੌਕਾ ਉਨ੍ਹਾਂ ਲੋਕਾਂ ਨੂੰ ਹੀ ਦਿੱਤਾ ਜਾਵੇਗਾ ਜਿਨ੍ਹਾਂ ਤੋਂ ਸਾਡੇ ਦੇਸ਼ ਦੀ ਸੁਰੱਖਿਆ ਨੂੰ ਕੋਈ ਖਤਰਾ ਨਾ ਹੋਵੇ।

# ਵਿਤੀ ਘਾਟੇ ਨੇ ਮੋਦੀ ਸਰਕਾਰ ਨੂੰ ਕੱਚੇ ਲਾਹਿਆ

**ਨਵੀਂ ਦਿੱਲੀ:** ਦੇਸ਼ ਦਾ ਵਿੱਤੀ ਘਾਟਾ ਅਗਸਤ ਅਖੀਰ ਵਿਚ ਬਜਟ ਅਨੁਮਾਨਾਂ ਦੇ 96.1 ਫੀਸਦੀ ਉਤੇ ਪਹੁੰਚ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ ਖਰਚੇ ਵਧਣ ਕਰ ਕੇ ਘਾਟੇ ਨੇ ਰਫਤਾਰ ਫੜ ਲਈ ਹੈ। ਅਕਾਊਂਟਸ ਕੰਟਰੋਲਰ ਜਨਰਲ (ਸੀ.ਜੀ.ਏ.) ਦੇ ਅੰਕੜਿਆਂ ਮੁਤਾਬਕ 2017-18 ਦੇ ਅਪਰੈਲ-ਅਗਸਤ ਦੌਰਾਨ ਖਰਚਿਆਂ ਅਤੇ ਮਾਲੀਏ ਵਿਚ ਫਰਕ 5.25 ਲੱਖ ਕਰੋੜ ਰੁਪਏ ਦਾ ਹੈ। ਪਿਛਲੇ ਵਿੱਤੀ ਵਰ੍ਹੇ 2016-17 ਦੌਰਾਨ ਇਹ ਘਾਟਾ 76.4 ਫੀਸਦੀ ਸੀ।

ਸਰਕਾਰ ਨੇ 2017-18 ਲਈ ਵਿੱਤੀ ਘਾਟਾ ਜੀ.ਡੀ.ਪੀ. ਦਾ 3.2 ਫੀਸਦੀ ਤੱਕ ਲਿਆਉਣ ਦਾ ਟੀਚਾ ਮਿਥਿਆ ਹੈ। ਪਿਛਲੇ ਵਿੱਤੀ ਵਰ੍ਹੇ ਦੌਰਾਨ ਸਰਕਾਰ ਘਾਟਾ ਜੀ.ਡੀ.ਪੀ. ਦਾ 3.5 ਫੀਸਦੀ ਲਿਆਉਣ ਵਿਚ ਕਾਮਯਾਬ ਰਹੀ ਸੀ। ਸੀ.ਜੀ.ਏ. ਦੇ ਅੰਕੜਿਆਂ ਵਿਚ ਦਰਸਾਇਆ ਗਿਆ ਹੈ ਕਿ ਸਰਕਾਰ ਨੂੰ ਪ੍ਰਾਪਤ ਮਾਲੀਆ ਅਪਰੈਲ-ਅਗਸਤ ਵਕਫੇ ਦੌਰਾਨ 4.09 ਲੱਖ ਕਰੋੜ ਰੁਪਏ ਰਿਹਾ ਜੋ ਬਜਟ ਅਨੁਮਾਨਾਂ ਦਾ 27 ਫੀਸਦੀ ਹੈ ਅਤੇ ਪੂਰੇ ਸਾਲ ਲਈ ਇਹ 15.15 ਲੱਖ ਕਰੋੜ ਰੁਪਏ ਰਹਿਣ ਦੇ ਆਸਾਰ ਹਨ।


ਪਿਛਲੇ ਵਿੱਤੀ ਵਰ੍ਹੇ ਦੌਰਾਨ ਟੈਕਸਾਂ ਅਤੇ ਹੋਰ ਮੱਦਾਂ ਤੋਂ ਸਰਕਾਰ ਨੂੰ 28 ਫੀਸਦੀ ਮਾਲੀਆ ਹਾਸਲ ਹੋਇਆ ਸੀ। ਅੰਕੜਿਆਂ ਮੁਤਾਬਕ ਸਰਕਾਰ ਦਾ ਖਰਚਾ ਲਗਾਤਾਰ ਵਧ ਰਿਹਾ ਹੈ ਅਤੇ ਅਗਸਤ ਅਖੀਰ ਵਿਚ ਇਹ 9.5 ਲੱਖ ਕਰੋੜ ਰੁਪਏ ਹੋ ਗਿਆ ਸੀ ਜੋ ਬਜਟ ਅਨੁਮਾਨਾਂ ਦਾ 44.3 ਫੀਸਦੀ ਰਿਹਾ। ਅਪਰੈਲ-ਅਗਸਤ ਦੌਰਾਨ ਪੂੰਜੀਗਤ ਖਰਚੇ 35.5 ਫੀਸਦੀ ਰਹੇ ਜਦੋਂ ਕਿ ਪਿਛਲੇ ਵਿੱਤੀ ਵਰ੍ਹੇ ਦੌਰਾਨ ਇਹ 37 ਫੀਸਦੀ ਸੀ। ਇਸੇ ਤਰ੍ਹਾਂ ਮਾਲੀਆ ਖਰਚੇ 45.8 ਫੀਸਦੀ ਰਹੇ ਜਦਕਿ ਪਿਛਲੇ ਵਰ੍ਹੇ ਅਪਰੈਲ-ਅਗਸਤ ਦੌਰਾਨ ਇਹ 41 ਫੀਸਦੀ ਸੀ।

## ਨੋਟਬੰਦੀ ਨੇ ਅਰਥਚਾਰੇ ਦਾ ਲੱਕ ਤੋੜਿਆ: ਮਨਪ੍ਰੀਤ

**ਪਠਾਨਕੋਟ:** ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਨੋਟਬੰਦੀ ਅਤੇ ਜੀ.ਐਸ.ਟੀ. ਨੇ ਦੇਸ਼ ਦੀ ਅਰਥਵਿਵਸਥਾ ਦਾ ਲੱਕ ਤੋੜ ਦਿੱਤਾ ਹੈ। ਇਹ ਸਭ ਮੋਦੀ ਸਰਕਾਰ ਦੀ ਕੋਤਾਹੀ ਕਾਰਨ ਵਾਪਰਿਆ ਹੈ। ਇਸ ਤੋਂ ਸਪੱਸ਼ਟ ਹੋ ਗਿਆ ਹੈ ਕਿ ਵਪਾਰੀਆਂ ਸਮੇਤ ਸਾਰੇ ਵਰਗ ਸ੍ਰੀ ਮੋਦੀ ਦੀਆਂ ਨੀਤੀਆਂ ਤੋਂ ਔਖੇ ਹਨ।

## ਉਘੇ ਅਦਾਕਾਰ ਟਾਮ ਆਲਟਰ ਦਾ ਦੇਹਾਂਤ

**ਮੁੰਬਈ:** ਰੰਗਮੰਚ, ਟੀ.ਵੀ. ਤੇ ਫਿਲਮਾਂ ਦੇ ਦਿੱਗਜ ਅਦਾਕਾਰ ਟਾਮ ਆਲਟਰ ਦੀ 67 ਸਾਲ ਦੀ ਉਮਰ ਵਿਚ ਮੌਤ ਹੋ ਗਈ। ਉਨ੍ਹਾਂ ਨੂੰ 'ਸ਼ਤਰੰਜ ਕੇ ਖਿਲਾੜੀ', 'ਜਨੂਨ' ਤੇ 'ਕ੍ਰਾਂਤੀ' ਵਰਗੀਆਂ ਫਿਲਮਾਂ 'ਚ ਬਿਹਤਰੀਨ ਅਦਾਕਾਰੀ ਲਈ ਜਾਣਿਆ ਜਾਂਦਾ ਹੈ। ਪਦਮਸ੍ਰੀ ਪੁਰਸਕਾਰ ਨਾਲ ਸਨਮਾਨਤ ਇਹ ਅਭਿਨੇਤਾ ਚਮੜੀ ਦੇ ਕੈਂਸਰ ਨਾਲ ਪੀੜਤ ਸਨ। ਉਨ੍ਹਾਂ ਦੀ ਇਹ ਬਿਮਾਰੀ ਚੌਥੇ ਦੌਰ 'ਚ ਪਹੁੰਚ ਚੁੱਕੀ ਸੀ। ਆਲਟਰ ਦਾ ਜਨਮ 1950 ਵਿਚ ਮੰਸੂਰੀ 'ਚ ਹੋਇਆ ਸੀ। ਉਹ ਅਮਰੀਕੀ ਈਸਾਈ ਮਿਸ਼ਨਰੀ ਮਾਤਾ-ਪਿਤਾ ਦੇ ਪੁੱਤਰ ਸਨ। ਉਨ੍ਹਾਂ ਨੇ ਮੰਸੂਰੀ ਦੇ ਵੁਡਸਟਾਕ ਸਕੂਲ ਵਿਚ ਅਤੇ ਬਾਅਦ 'ਚ ਪੁਣੇ ਦੇ ਫਿਲਮ ਤੇ ਟੈਲੀਵਿਜ਼ਨ ਸੰਸਥਾਨ 'ਚ ਪੜ੍ਹਾਈ ਕੀਤੀ। ਆਲਟਰ ਨੇ ਹਰਿਆਣਾ ਦੇ ਜਗਾਧਰੀ ਦੇ ਇਕ ਸਕੂਲ 'ਚ



ਅਧਿਆਪਕ ਵਜੋਂ ਵੀ ਕੰਮ ਕੀਤਾ ਸੀ। ਇਸ ਤੋਂ ਬਾਅਦ ਉਨ੍ਹਾਂ ਸਾਲ 1972 ਤੋਂ 1974 ਤੱਕ ਪੁਣੇ ਦੇ ਫਿਲਮ ਤੇ ਟੈਲੀਵਿਜ਼ਨ ਸੰਸਥਾਨ 'ਚੋਂ ਅਦਾਕਾਰੀ ਦੀਆਂ ਬਾਰੀਕੀਆਂ ਸਿੱਖੀਆਂ ਤੇ ਗੋਲਡ ਮੈਡਲ ਨਾਲ ਗ੍ਰੈਜੂਏਸ਼ਨ ਕੀਤੀ। ਆਲਟਰ ਨੇ ਸਾਲ 1976 'ਚ ਰਾਮਾਨੰਦ ਸਾਗਰ ਦੇ ਨਿਰਦੇਸ਼ਨ ਹੇਠ ਬਣੀ ਫਿਲਮ 'ਚਰਸ' ਤੋਂ ਆਪਣੀ ਅਦਾਕਾਰੀ ਦੀ ਸ਼ੁਰੂਆਤ ਕੀਤੀ। ਉਨ੍ਹਾਂ ਕੰਨੜ, ਬੰਗਾਲੀ, ਅਸਮੀਆ, ਗੁਜਰਾਤੀ ਤੇ ਤਾਮਿਲ ਸਮੇਤ ਕਈ ਭਾਸ਼ਾਵਾਂ 'ਚ ਫਿਲਮਾਂ ਕੀਤੀਆਂ।

# ਮਿਆਂਮਾਰ ਨੇ ਰੋਹਿੰਗਿਆ ਸ਼ਰਨਾਰਥੀ ਵਾਪਸ ਲੈਣ ਲਈ ਹਾਮੀ ਭਰੀ

**ਢਾਕਾ:** ਮਿਆਂਮਾਰ ਨੇ ਬੰਗਲਾਦੇਸ਼ ਵਿਚੋਂ ਆਪਣੇ ਰੋਹਿੰਗਿਆ ਸ਼ਰਨਾਰਥੀਆਂ ਨੂੰ ਵਾਪਸ ਲਿਜਾਣ ਦਾ ਪ੍ਰਸਤਾਵ ਰੱਖਿਆ ਹੈ। ਦੋਵਾਂ ਮੁਲਕਾਂ ਵੱਲੋਂ ਰੋਹਿੰਗਿਆ ਸ਼ਰਨਾਰਥੀਆਂ ਨੂੰ ਮੁਲਕ 'ਚ ਮੁੜ ਸਥਾਪਤ ਕਰਨ 'ਚ ਸਹਿਯੋਗ ਦੇਣ ਲਈ ਇਕ ਵਰਕਿੰਗ ਗਰੁੱਪ ਬਣਾਉਣ ਉਤੇ ਸਹਿਮਤੀ ਬਣਾਈ ਗਈ ਹੈ। ਬੰਗਲਾਦੇਸ਼ ਵੱਲੋਂ ਕਈ ਵਾਰ ਮਿਆਂਮਾਰ ਨੂੰ ਰੋਹਿੰਗਿਆ ਸ਼ਰਨਾਰਥੀਆਂ ਨੂੰ ਮੁੜ



ਵਾਪਸ ਬੁਲਾਉਣ ਲਈ ਆਖਿਆ ਜਾ ਚੁੱਕਾ ਹੈ।

ਬੰਗਲਾਦੇਸ਼ ਦੇ ਵਿਦੇਸ਼ ਮੰਤਰੀ ਏ.ਐਚ. ਮਹਿਮੂਦ ਅਲੀ ਨੇ ਮਿਆਂਮਾਰ ਆਗੂ ਆਂਗ ਸਾਨ ਸੂ ਕੀ ਦੇ ਇਕ ਸੀਨੀਅਰ ਪ੍ਰਤੀਨਿਧੀ ਨਾਲ ਗੱਲਬਾਤ ਕੀਤੀ। ਮਿਆਂਮਾਰ ਦੇ ਸਟੇਟ ਕਾਊਂਸਲਰ ਦਫਤਰ ਲਈ ਮੰਤਰੀ ਕਿਆ ਟਿੰਟ ਸਵੀ ਨਾਲ ਕਰੀਬ ਇਕ ਘੰਟਾ ਚੱਲੀ ਮੀਟਿੰਗ ਮਗਰੋਂ ਸ੍ਰੀ ਅਲੀ ਨੇ ਮੀਡੀਆ ਨੂੰ ਦੱਸਿਆ ਕਿ ਮਿਆਂਮਾਰ ਨੇ ਬੰਗਲਾਦੇਸ਼ ਵਿਚੋਂ ਰੋਹਿੰਗਿਆ ਸ਼ਰਨਾਰਥੀਆਂ ਨੂੰ ਵਾਪਸ ਬੁਲਾਉਣ ਦਾ ਪ੍ਰਸਤਾਵ ਪੇਸ਼ ਕੀਤਾ ਹੈ। ਉਨ੍ਹਾਂ ਦੱਸਿਆ ਕਿ ਦੋਵਾਂ ਮੁਲਕਾਂ ਨੇ ਰੋਹਿੰਗਿਆ ਸ਼ਰਨਾਰਥੀਆਂ ਨੂੰ ਮੁੜ ਵਾਪਸ ਸਥਾਪਤ ਕਰਨ ਦੀ ਪ੍ਰਕਿਰਿਆ ਦੀ ਦੇਖਭਾਲ ਲਈ ਇਕ ਵਰਕਿੰਗ ਗਰੁੱਪ ਬਣਾਉਣ ਉਤੇ ਸਹਿਮਤੀ ਜਤਾਈ ਹੈ ਪਰ ਇਸ ਦੇ ਗਠਨ ਸਬੰਧੀ ਫੈਸਲਾ ਬਾਅਦ 'ਚ ਲਿਆ ਜਾਵੇਗਾ। ਮੀਟਿੰਗ ਸ਼ਾਂਤਮਈ ਮਾਹੌਲ 'ਚ ਹੋਈ ਤੇ ਬੰਗਲਾਦੇਸ਼ ਨੇ ਮਿਆਂਮਾਰ ਦੇ ਪ੍ਰਤੀਨਿਧੀ ਨੂੰ ਸ਼ਰਨਾਰਥੀਆਂ ਨੂੰ ਮੁੜ ਸਥਾਪਤ ਕਰਨ ਸਬੰਧੀ ਪ੍ਰਸਤਾਵਿਤ ਸਮਝੌਤਾ ਸੌਂਪਿਆ ਤੇ ਇਸ ਸੰਕਟ ਦੇ ਹੱਲ ਲਈ ਅਨਾਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦਾ ਸੁਝਾਅ ਵੀ ਦਿੱਤਾ। ਉਨ੍ਹਾਂ ਦੱਸਿਆ ਕਿ ਸੁਰੱਖਿਆ ਸਹਿਯੋਗ ਸਬੰਧੀ ਵੀ ਚਰਚਾ ਹੋਈ।

## ਦਿਨ ਦਿਹਾੜੇ ਦਾਦੇ-ਪੋਤੇ ਦਾ ਕਤਲ

**ਸੰਗਤ ਮੰਡੀ:** ਪਿੰਡ ਪਥਰਾਲਾ ਵਿਚ ਦਿਨ-ਦਿਹਾੜੇ ਦਾਦੇ-ਪੋਤੇ ਦਾ ਕਤਲ ਕਰ ਦਿੱਤਾ ਗਿਆ। ਕਤਲ ਕੀਤੇ ਸ਼ਿੰਗਾਰਾ ਰਾਮ (65) ਪੁੱਤਰ ਹਾਕਮ ਰਾਮ ਅਤੇ ਉਸ ਦਾ ਪੋਤਰਾ ਮੰਗਲਜੀਤ ਰਾਮ ਉਰਫ ਬੂਟਾ ਰਾਮ (13) ਘਰ ਵਿਚ ਇਕੱਲੇ ਸਨ।

# ਰੋਹਿੰਗਿਆ ਦੀ ਬਾਂਹ ਫੜ ਕੇ ਸਿੱਖਾਂ ਨੇ ਖੱਟਿਆ ਜੱਸ

**ਚੰਡੀਗੜ੍ਹ:** ਮਿਆਂਮਾਰ ਵਿਚੋਂ ਉਜਾੜੇ ਰੋਹਿੰਗਿਆ ਮੁਸਲਮਾਨਾਂ ਨੂੰ ਸ਼ਰਨ ਦੇਣ ਤੋਂ ਭਾਰਤ ਸਣੇ ਕਈ ਮੁਲਕ ਕੰਨੀ ਕਤਰਾ ਰਹੇ ਹਨ ਪਰ ਜਥੇਬੰਦੀ 'ਖਾਲਸਾ ਏਡ' ਨੇ ਜਬਰ ਦੇ ਸਤਾਏ ਇਨ੍ਹਾਂ ਲੋਕਾਂ ਦੀ ਸੇਵਾ ਕਰ ਕੇ ਦੁਨੀਆਂ ਦਾ ਧਿਆਨ ਖਿੱਚਿਆ ਹੈ। 'ਖਾਲਸਾ ਏਡ' ਵੱਲੋਂ ਕੀਤੀ ਜਾ ਰਹੀ ਮਾਨਵਤਾ ਦੀ ਇਸ ਸੇਵਾ ਦਾ ਹਰ ਕੋਈ ਕਾਇਲ ਹੈ।

ਭਾਰਤ ਸਰਕਾਰ ਨੇ ਤਾਂ ਸੁਪਰੀਮ ਕੋਰਟ ਵਿਚ ਸਪਸ਼ਟ ਕਰ ਦਿੱਤਾ ਹੈ ਕਿ ਉਹ ਰੋਹਿੰਗਿਆ ਮੁਸਲਮਾਨਾਂ ਨੂੰ ਸ਼ਰਨ ਨਹੀਂ ਦੇਵੇਗੀ। 'ਖਾਲਸਾ ਏਡ' ਪਿਛਲੇ ਇਕ ਮਹੀਨੇ ਤੋਂ ਰੋਹਿੰਗਿਆ ਮੁਸਲਮਾਨਾਂ ਦੀ ਸੇਵਾ ਵਿਚ ਜੁਟੀ ਹੋਈ ਹੈ। ਜਥੇਬੰਦੀ ਦੇ ਵਾਲੰਟੀਅਰ ਬੰਗਲਾਦੇਸ਼ ਦੇ ਸ਼ਰਨਾਰਥੀ ਕੈਂਪਾਂ ਵਿਚ ਰਹਿ ਰਹੇ ਲੋਕਾਂ ਲਈ ਦਵਾਈਆਂ, ਲੰਗਰ, ਪੀਣ ਵਾਲੇ ਪਾਣੀ, ਤਰਪਾਲਾਂ ਤੇ ਕੱਪੜਿਆਂ ਦਾ ਪ੍ਰਬੰਧ ਕਰ ਰਹੇ ਹਨ। ਪੰਜਾਬ ਤੋਂ ਦਰਜਨ ਦੇ ਕਰੀਬ ਵਾਲੰਟੀਅਰਾਂ ਦਾ ਜਥਾ ਪਹੁੰਚਿਆ ਹੋਇਆ ਹੈ।

ਗੁਰਪ੍ਰੀਤ ਸਿੰਘ ਦੀ ਅਗਵਾਈ ਹੇਠ ਇਹ ਜਥਾ ਮਿਆਂਮਾਰ-ਬੰਗਲਾਦੇਸ਼ ਸਰਹੱਦ ਨੇੜੇ ਟੈਕਨਾਫ ਕਸਬੇ ਵਿਚ ਬਣੇ ਸ਼ਰਨਾਰਥੀ ਕੈਂਪਾਂ ਵਿਚ 40-50 ਹਜ਼ਾਰ ਦੇ ਕਰੀਬ ਲੋਕਾਂ ਦੀ



ਸਾਂਭ-ਸੰਭਾਲ ਕਰ ਰਿਹਾ ਹੈ। 'ਖਾਲਸਾ ਏਡ' ਦੇ ਭਾਰਤ ਵਿਚ ਸੋਸ਼ਲ ਮੀਡੀਆ ਵਿੰਗ ਦੇ ਮੁਖੀ ਗਗਨਦੀਪ ਸਿੰਘ ਮੁਤਾਬਕ ਪੰਜਾਬ ਦੀ ਟੀਮ ਵੱਲੋਂ ਮਿਆਂਮਾਰ ਤੋਂ ਉਜੜ ਕੇ ਆਏ ਲੋਕਾਂ ਲਈ ਦੋ ਵੇਲਿਆਂ ਦੇ ਲੰਗਰ, ਪੀਣ ਵਾਲੇ ਪਾਣੀ, ਦਵਾਈਆਂ, ਕੱਪੜਿਆਂ ਆਦਿ ਦਾ ਪ੍ਰਬੰਧ ਕੀਤਾ ਗਿਆ ਹੈ। ਇਨ੍ਹਾਂ ਭਲਾਈ ਕਾਰਜਾਂ ਲਈ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੀਆਂ ਟੀਮਾਂ ਪ੍ਰਬੰਧ ਕਰਨ ਵਿਚ ਜੁਟੀਆਂ ਹਨ।

## ਆਕਸਫੋਰਡ ਨੇ ਸੂ ਕੀ ਦੀ ਤਸਵੀਰ ਹਟਾਈ

**ਲੰਡਨ:** ਆਕਸਫੋਰਡ ਯੂਨੀਵਰਸਿਟੀ ਕਾਲਜ ਨੇ ਆਂਗ ਸਾਂ ਸੂ ਕੀ ਦੀ ਪੇਂਟਿੰਗ ਆਪਣੇ ਮੁੱਖ ਦੁਆਰ ਤੋਂ ਹਟਾ ਦਿੱਤੀ ਹੈ। ਰੋਹਿੰਗਿਆ ਮੁਸਲਮਾਨਾਂ ਖਿਲਾਫ਼ ਵਿੱਢੀ ਗਈ ਮੁਹਿੰਮ ਕਾਰਨ ਮਿਆਂਮਾਰ ਆਗੂ ਦੀ ਆਲੋਚਨਾ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਜਾਪਦੀ ਹੈ। ਸੂ ਕੀ ਨੇ ਸੇਂਟ ਹਿਊ'ਜ਼ ਕਾਲਜ ਤੋਂ 1967 ਵਿਚ ਗਰੈਜੂਏਸ਼ਨ ਕੀਤੀ ਸੀ ਅਤੇ 1999 ਵਿਚ ਉਸ ਦੀ ਤਸਵੀਰ ਕਾਲਜ ਦੇ ਮੁੱਖ ਦੁਆਰ 'ਤੇ ਲਾਈ ਗਈ ਸੀ।

## ਰੋਹਿੰਗਿਆ ਦੀ ਕਿਸ਼ਤੀ ਡੁੱਬੀ, 23 ਹਲਾਕ

**ਕੌਕਸ ਬਾਜ਼ਾਰ:** ਮਿਆਂਮਾਰ ਦੇ ਰੋਹਿੰਗਿਆ ਮੁਸਲਿਮ ਪਨਾਹਗੀਰਾਂ ਦੀ ਇਕ ਕਿਸ਼ਤੀ ਦੇ ਬੰਗਲਾਦੇਸ਼ ਨੇੜੇ ਸਮੁੰਦਰ ਵਿਚ ਡੁੱਬਣ ਕਾਰਨ ਘੱਟੋ-ਘੱਟ 23 ਵਿਅਕਤੀਆਂ ਦੇ ਮਾਰੇ ਜਾਣ ਦੀ ਖਬਰ ਹੈ। ਇਸ ਦੌਰਾਨ ਸੰਯੁਕਤ ਰਾਸ਼ਟਰ (ਯੂ.ਐਨ.) ਦੇ ਸਕੱਤਰ ਜਨਰਲ ਐਂਤੋਨੀਓ ਗੁਟਰੇਜ਼ ਨੇ ਮਿਆਂਮਾਰ ਨੂੰ ਸਮੱਸਿਆ ਦੇ ਖਾਤਮੇ ਲਈ ਆਖਿਆ ਹੈ। ਗੌਰਤਲਬ ਹੈ ਕਿ ਮਿਆਂਮਾਰ ਦੀ ਫੌਜ ਵੱਲੋਂ ਮੁਲਕ ਦੇ ਘੱਟ ਗਿਣਤੀ ਫਿਰਕੇ ਰੋਹਿੰਗਿਆ ਮੁਸਲਮਾਨਾਂ ਖਿਲਾਫ਼ ਛੇੜੀ ਗਈ ਦਮਨਕਾਰੀ ਮੁਹਿੰਮ ਤੋਂ ਬਚਣ ਲਈ ਕਰੀਬ ਪੰਜ ਲੱਖ ਲੋਕ ਗੁਆਂਢੀ ਮੁਲਕ ਬੰਗਲਾਦੇਸ਼ ਵਿਚ ਪਨਾਹ ਲੈਣ ਲਈ ਮਜਬੂਰ ਹਨ।

# ਸ਼ਹੀਦਾਂ ਦੀਆਂ ਕੁਰਬਾਨੀਆਂ ਭੁੱਲੀਆਂ ਸਰਕਾਰਾਂ


**ਚੰਡੀਗੜ੍ਹ:** ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਸ਼ਹੀਦਾਂ ਨੂੰ ਸਰਕਾਰਾਂ ਭੁੱਲ ਭਲਾ ਗਈਆਂ ਹਨ। ਸ਼ਹੀਦਾਂ ਦੀਆਂ ਯਾਦਾਂ ਨੂੰ ਸੰਭਾਲਣਾ ਅਤੇ ਅਗਲੇਰੀਆਂ ਪੀੜ੍ਹੀਆਂ ਨੂੰ ਉਨ੍ਹਾਂ ਦੇ ਯੋਗਦਾਨ ਦੀ ਮਹੱਤਤਾ ਦੱਸਣਾ ਸਰਕਾਰ ਦਾ ਕਦੇ ਏਜੰਡਾ ਨਹੀਂ ਬਣਿਆ। ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਚ ਸ਼ਹੀਦ ਦੀ ਯਾਦ ਨੂੰ ਸਮਰਪਿਤ ਨਵੇਂ ਮਿਊਜ਼ੀਅਮ ਦੀ ਇਮਾਰਤ ਅੱਠ ਸਾਲ ਬਾਅਦ ਵੀ ਮੁਕੰਮਲ ਨਹੀਂ ਹੋ ਸਕੀ। ਆਮ ਕਰ ਕੇ ਅਜਿਹੇ ਪ੍ਰੋਜੈਕਟਾਂ ਨੂੰ ਫੰਡਾਂ ਦੀ ਅਦਾਇਗੀ ਪੱਖੋਂ ਪੂਰੀ ਤਰ੍ਹਾਂ ਲਟਕਾਇਆ ਜਾਂਦਾ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਮਹੱਤਵ ਨੂੰ ਰੋਲ ਕੇ ਰੱਖ ਦਿੱਤਾ ਜਾਂਦਾ ਹੈ। ਅਜਿਹਾ ਹੀ ਹਸ਼ਰ ਖਟਕੜ ਕਲਾਂ ਵਿਚ ਨਵੇਂ ਮਿਊਜ਼ੀਅਮ ਦੀ ਇਮਾਰਤ ਦਾ ਹੋਇਆ ਹੈ।

ਇਸ ਇਮਾਰਤ ਦਾ ਨੀਂਹ ਪੱਥਰ 2009 ਵਿਚ ਤਤਕਾਲੀਨ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਰੱਖਿਆ ਸੀ। ਉਦੋਂ ਇਸ ਪ੍ਰੋਜੈਕਟ ਉਤੇ 16.8 ਕਰੋੜ ਰੁਪਏ ਖਰਚਣ ਦੀ ਤਜਵੀਜ਼ ਨੂੰ ਕੇਂਦਰ ਸਰਕਾਰ ਨੇ ਮਨਜ਼ੂਰੀ ਦਿੱਤੀ ਸੀ। ਟੀਚਾ ਇਸ ਨੂੰ 22 ਮਹੀਨਿਆਂ ਵਿਚ ਪੂਰਾ ਕਰਨ ਦਾ ਸੀ, ਪਰ ਅੱਠ ਸਾਲ ਲੰਘ ਜਾਣ ਦੇ ਬਾਵਜੂਦ ਇਹ ਮੁਕੰਮਲ ਨਹੀਂ ਹੋਇਆ। ਫਰਸ਼ ਅਜੇ ਪੈਣਾ ਹੈ, ਰੰਗ ਰੋਗਨ ਹੋਣਾ ਹੈ ਅਤੇ ਉਸਾਰੀ ਨਾਲ ਜੁੜੇ ਕਈ ਹੋਰ ਕੰਮ ਬਾਕੀ ਹਨ।

ਉਸਾਰੀ ਦੀ ਜ਼ਿੰਮੇਵਾਰੀ ਮਾਰਕਫੈੱਡ ਨੂੰ ਸੌਂਪੀ ਗਈ ਸੀ। ਮੁੱਢਲੀ ਉਸਾਰੀ ਲਈ ਰਕਮ ਦੀ ਕਿਸ਼ਤ ਫੌਰੀ ਤੌਰ ਉਤੇ ਮਿਲ ਗਈ, ਪਰ ਦੂਜੇ ਪੜਾਅ ਲਈ ਮਨਜ਼ੂਰ ਹੋਈ 5.53 ਕਰੋੜ ਰੁਪਏ ਦੀ ਰਾਸ਼ੀ ਵਿਚ 1.6 ਕਰੋੜ ਰੁਪਏ ਅਜੇ ਮਿਲਣੇ ਬਾਕੀ ਹਨ। ਮਾਰਕਫੈੱਡ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਰਕਮ ਮਿਲਦਿਆਂ ਹੀ ਉਸਾਰੀ ਕੰਮ ਮੁਕੰਮਲ ਕਰ ਦਿੱਤਾ ਜਾਵੇਗਾ।

## ਭਗਤ ਸਿੰਘ ਦੀਆਂ ਸਾਰੀਆਂ ਲਿਖਤਾਂ ਪੰਜਾਬੀ ਪਾਠਕਾਂ ਤੋਂ ਦੂਰ

**ਚੰਡੀਗੜ੍ਹ:** ਸ਼ਹੀਦੇ ਆਜ਼ਮ ਭਗਤ ਸਿੰਘ ਦੀ ਸ਼ਹਾਦਤ ਨੂੰ ਲਗਭਗ 86 ਵਰ੍ਹੇ ਬੀਤ ਚੁੱਕੇ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਨੂੰ ਕਿਸੇ ਨੇ ਮਾਤ ਭਾਸ਼ਾ ਪੰਜਾਬੀ ਵਿਚ ਇਕ ਜਿਲਦ ਥੱਲੇ ਇਕੱਠਾ ਨਹੀਂ ਕੀਤਾ। ਮੌਜੂਦਾ ਸਮੇਂ ਭਗਤ ਸਿੰਘ ਦੀਆਂ ਲੱਭੀਆਂ ਸਾਰੀਆਂ ਲਿਖਤਾਂ ਉਰਦੂ ਭਾਸ਼ਾ ਦੀ ਪੁਸਤਕ 'ਸ਼ਹੀਦ ਭਗਤ ਸਿੰਘ: ਦਸਤਾਵੇਜ਼ੋਂ ਕੇ ਆਈਨੇ ਮੇਂ' ਅਤੇ ਮਰਾਠੀ ਭਾਸ਼ਾ ਦੀ ਪੁਸਤਕ 'ਭਗਤ ਸਿੰਘ: ਸੰਪੂਰਨ ਵਾਂਗਮਏ' ਵਿਚ ਦਰਜ ਹਨ, ਜਦੋਂਕਿ ਬਾਕੀ ਭਾਸ਼ਾਵਾਂ ਦੇ ਪਾਠਕ ਭਗਤ ਸਿੰਘ ਦੀਆਂ ਸਮੁੱਚੀਆਂ ਲਿਖਤਾਂ ਵਾਲੀ ਪੁਸਤਕ ਤੋਂ ਵਾਂਝੇ ਹਨ। ਭਗਤ ਸਿੰਘ ਦੀਆਂ ਹੁਣ ਤੱਕ 120 ਤੋਂ ਵੱਧ ਲਿਖਤਾਂ ਸਾਹਮਣੇ ਆ ਚੁੱਕੀਆਂ ਹਨ। ਉਨ੍ਹਾਂ ਦੀ 'ਜੇਲ੍ਹ ਨੋਟ ਬੁੱਕ' ਇਨ੍ਹਾਂ ਲਿਖਤਾਂ ਤੋਂ ਵੱਖਰਾ ਦਸਤਾਵੇਜ਼ ਹੈ। ਪੰਜਾਬੀ ਭਾਸ਼ਾ ਵਿਚ ਭਗਤ ਸਿੰਘ ਦੀਆਂ 85 ਦੇ ਕਰੀਬ ਲਿਖਤਾਂ ਇਕ ਜਿਲਦ ਹੇਠ ਉਪਲੱਬਧ ਹਨ। ਇਹ ਲਿਖਤਾਂ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਵੱਲੋਂ ਮਾਂ ਬੋਲੀ ਪੰਜਾਬੀ ਵਿਚ ਲਿਖੀ ਪੁਸਤਕ ਵਿਚ 'ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ' ਵਿਚ ਸ਼ਾਮਲ ਹਨ। ਪ੍ਰੋ. ਜਗਮੋਹਨ ਸਿੰਘ ਵੱਲੋਂ ਲਿਖੀ ਇਸ ਪੁਸਤਕ ਦਾ ਪਹਿਲਾ ਆਡੀਸ਼ਨ 1985 ਵਿਚ ਛਪਿਆ ਸੀ। ਭਗਤ ਸਿੰਘ ਦੀਆਂ ਸਭ ਤੋਂ ਵੱਧ ਲਿਖਤਾਂ ਪ੍ਰੋ. ਚਮਨ ਲਾਲ ਵੱਲੋਂ 2007 ਵਿਚ ਲਿਖੀ ਹਿੰਦੀ ਪੁਸਤਕ 'ਸ਼ਹੀਦ ਭਗਤ ਸਿੰਘ: ਦਸਤਾਵੇਜ਼ੋਂ ਕੇ ਆਈਨੇ ਮੇਂ' ਵਿਚ ਸ਼ਾਮਲ ਹਨ। ਇਹ ਪੁਸਤਕ ਭਾਰਤ ਸਰਕਾਰ ਵੱਲੋਂ ਛਾਪੀ ਗਈ ਸੀ। ਸਾਲ 2016 ਵਿਚ ਮਰਾਠੀ ਭਾਸ਼ਾ ਦੀ ਪੁਸਤਕ 'ਭਗਤ ਸਿੰਘ: ਸੰਪੂਰਨ ਵਾਂਗਮਏ' ਵਿਚ ਵੀ ਸ਼ਹੀਦ ਦੀਆਂ ਉਦੋਂ ਤੱਕ ਸਾਹਮਣੇ ਆਈਆਂ ਲਿਖਤਾਂ ਨੂੰ ਸ਼ਾਮਲ ਕਰ ਲਿਆ ਗਿਆ।



## ਵਰਿੰਦਰ ਸਿੰਘ ਗਰੇਵਾਲ ਸੁਰਗਵਾਸ

**ਫਰਿਜ਼ਨੋ (ਬਿਊਰੋ):** ਇਥੋਂ ਦੇ ਉਘੇ ਕਾਰੋਬਾਰੀ ਐਨ. ਕੇ. ਆਰ. ਐਸ. ਟਰੱਕਿੰਗ ਵਾਲੇ ਅਮੋਲਕ ਸਿੰਘ (ਭੋਲਾ) ਸਿੱਧੂ ਨੂੰ ਪਿਛਲੇ ਦਿਨੀਂ ਉਦੋਂ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਸਹੁਰਾ ਸ. ਵਰਿੰਦਰ ਸਿੰਘ ਗਰੇਵਾਲ (63) ਸਦੀਵੀ ਵਿਛੋੜਾ ਦੇ ਗਏ। ਸਵਰਗੀ ਗਰੇਵਾਲ ਦਾ ਪਿਛਲਾ ਪਿੰਡ ਜੋਧਾਂ, ਜਿਲ੍ਹਾ ਲੁਧਿਆਣਾ ਹੈ। ਉਹ ਪਿਛਲੇ 16 ਸਾਲ ਤੋਂ ਇਥੇ ਆਪਣੇ ਬੱਚਿਆਂ ਕੋਲ ਰਹਿ ਰਹੇ ਸਨ।



ਵਰਿੰਦਰ ਸਿੰਘ ਗਰੇਵਾਲ

ਸਵਰਗੀ ਗਰੇਵਾਲ ਦਾ ਅੰਤਿਮ ਸਸਕਾਰ ਸਨਿਚਰਵਾਰ, 7 ਅਕਤੂਬਰ ਨੂੰ ਸਵੇਰੇ 11 ਤੋਂ ਦੁਪਹਿਰ ਇਕ ਵਜੇ ਦਰਮਿਆਨ ਇਥੇ ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ (4800 ਈਸਟ ਕਲੇਅਟਨ ਐਵੇਨਿਊ) ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਿੰਘ ਸਭਾ (4827 ਨਾਰਥ ਪਾਰਕਵੇਅ ਡਰਾਈਵ, ਫਰਿਜ਼ਨੋ) ਵਿਖੇ ਹੋਵੇਗੀ। ਅਮੋਲਕ ਸਿੰਘ (ਭੋਲਾ) ਸਿੱਧੂ ਨਾਲ ਸੰਪਰਕ ਫੋਨ: 559-709-0089, ਰਾਹੀਂ ਕੀਤਾ ਜਾ ਸਕਦਾ ਹੈ।

## ਕਰਾਊਨ ਚਿਟ ਫੰਡ ਘਪਲੇ ਦੀਆਂ ਜੜ੍ਹਾਂ ਲੰਡਨ 'ਚ

**ਚੰਡੀਗੜ੍ਹ:** ਬਹੁ ਕਰੋੜੀ ਕਰਾਊਨ ਚਿੱਟ ਫੰਡ ਕੰਪਨੀ ਘਪਲੇ ਦੀ ਜਾਂਚ ਵਿਚ ਲੱਗੀ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੂੰ ਪਤਾ ਲੱਗਿਆ ਹੈ ਕਿ ਭੋਲੇ-ਭਾਲੇ ਨਿਵੇਸ਼ਕਾਂ ਦੇ 600 ਕਰੋੜ ਰੁਪਏ ਹਵਾਲਾ ਜ਼ਰੀਏ ਦੁਬਈ ਤੇ ਹਾਂਗਕਾਂਗ ਰਾਹੀਂ ਇੰਗਲੈਂਡ ਵਿਚ ਬੈਠੇ ਮੁੱਖ ਮੁਲਜ਼ਮ ਤੱਕ ਪਹੁੰਚਾਏ ਗਏ। ਸੂਤਰਾਂ ਮੁਤਾਬਕ ਈ.ਡੀ. ਨੇ ਬਰਤਾਨੀਆ ਸਰਕਾਰ ਤੋਂ ਇੰਗਲੈਂਡ ਰਹਿੰਦੇ ਮੁੱਖ ਮੁਲਜ਼ਮ ਮੋਹਸਿਨ ਜਮੀਲ ਦੀ ਲੰਡਨ ਅਤੇ ਹੋਰਨਾਂ ਥਾਵਾਂ 'ਤੇ ਸਥਿਤ ਜਾਇਦਾਦ ਜ਼ਬਤ ਕਰਨ ਅਤੇ ਉਸ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਲਈ ਮਦਦ ਮੰਗੀ ਹੈ। ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਪੈਸੇ ਦੁੱਗਣੇ ਕਰਨ ਦਾ ਵਾਅਦਾ ਕਰ ਕੇ ਹਜ਼ਾਰਾਂ ਨਿਵੇਸ਼ਕਾਂ ਤੋਂ ਲਏ ਗਏ ਪੈਸੇ ਟਰੇਡ ਨੈਕਸਟ ਕੰਪਨੀ ਦੇ ਇੰਗਲੈਂਡ ਆਧਾਰਤ ਮੁੱਖ ਕਾਰਜਕਾਰੀ ਅਧਿਕਾਰੀ ਮੋਹਸਿਨ ਜਮੀਲ ਤੱਕ ਗੈਰਕਾਨੂੰਨੀ ਢੰਗ ਨਾਲ ਪਹੁੰਚਾਏ ਗਏ।

ਟਰੇਡ ਨੈਕਸਟ ਕੰਪਨੀ ਉਹ ਮੁੱਖ ਏਜੰਸੀ ਸੀ, ਜਿਸ ਵਿਚ ਕਰਾਊਨ ਚਿੱਟ ਫੰਡ ਕੰਪਨੀਆਂ ਨੇ 'ਨਿਵੇਸ਼' ਕੀਤਾ ਸੀ। ਕੰਪਨੀਆਂ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਲੋਕਾਂ ਦੇ ਪੈਸੇ ਲੰਡਨ 'ਚ ਉਸਾਰੀ ਤੇ ਹੋਰ ਖੇਤਰਾਂ 'ਚ ਲਾਏ ਹਨ। ਬਾਅਦ ਵਿਚ ਲੋਕਾਂ ਨੂੰ ਕਿਹਾ ਗਿਆ ਕਿ ਵਿਦੇਸ਼ ਵਿਚ ਕੀਤੇ ਨਿਵੇਸ਼ ਸਬੰਧੀ ਘਾਟਾ ਪੈ ਗਿਆ ਹੈ। ਇਹ ਆਖ ਕੇ ਸਥਾਨਕ ਕੰਪਨੀਆਂ ਰਾਤੋ-ਰਾਤ ਗਾਇਬ ਹੋ ਗਈਆਂ। ਕਰਾਊਨ ਚਿੱਟ ਫੰਡ ਕੰਪਨੀਆਂ ਦੇ ਮੈਨੇਜਿੰਗ ਡਾਇਰੈਕਟਰ ਜਗਜੀਤ ਸਿੰਘ ਨੂੰ ਸਤੰਬਰ 2015 ਵਿਚ ਗ੍ਰਿਫਤਾਰ ਕੀਤਾ ਗਿਆ ਸੀ ਪਰ ਉਦੋਂ ਉਸ ਨੂੰ ਜ਼ਮਾਨਤ ਮਿਲ ਗਈ ਸੀ। ਉਸ ਤੋਂ ਬਾਅਦ ਉਹ ਕਦੇ ਪੁਲਿਸ ਦੇ ਹੱਥ ਨਹੀਂ ਆਇਆ।

# ਸਿਕਲੀਗਰ ਸਿੱਖਾਂ ਦੀਆਂ ਮੁਸ਼ਕਿਲਾਂ ਦਾ ਹੱਲ ਲੱਭੇਗੀ ਸ਼੍ਰੋਮਣੀ ਕਮੇਟੀ



**ਪਟਿਆਲਾ:** ਟੌਹੜਾ ਇੰਸਟੀਚਿਊਟ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਕਮੇਟੀ ਅਧੀਨ ਚੱਲ ਰਹੇ ਧਾਰਮਿਕ ਅਦਾਰਿਆਂ, ਮਿਸ਼ਨਰੀ ਕਾਲਜ, ਅਕੈਡਮੀਆਂ ਅਤੇ ਸੰਸਥਾਵਾਂ 'ਚ ਕੋਰਸ ਕਰ ਰਹੇ ਸਿਖਿਆਰਥੀਆਂ ਨੂੰ ਨੌਕਰੀਆਂ ਦੇਣ ਵਿਚ ਪਹਿਲ ਦੇਵੇਗੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਛੱਤੀਸਗੜ੍ਹ ਰਾਏਪੁਰ ਵਿਚ 80 ਸਿਕਲੀਗਰ ਬੱਚਿਆਂ ਦੀਆਂ ਫੀਸਾਂ ਲਈ ਦੋ ਲੱਖ 34 ਹਜ਼ਾਰ ਰੁਪਏ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਗੁਰਦੁਆਰਾ ਪੰਜ ਪਿਆਰੇ (ਬਿਹਾਰ), ਗੁਰਦੁਆਰਾ ਸਿੰਘ ਸਭਾ ਸ਼ਿੰਗਾਨਾ (ਮੱਧ ਪ੍ਰਦੇਸ਼), ਗੁਰਦੁਆਰਾ ਭਗਵਾਨਪੁਰਾ (ਮੱਧ ਪ੍ਰਦੇਸ਼), ਗੁਰਦੁਆਰਾ ਭੱਦਰੀ (ਮੱਧ ਪ੍ਰਦੇਸ਼) ਨੂੰ ਇਕ-ਇਕ ਲੱਖ ਰੁਪਏ ਦੀ ਮਦਦ ਦਿੱਤੀ ਜਾਵੇਗੀ। ਇਸ ਤਹਿਤ ਜਲੰਧਰ ਦੇ 45 ਸਿੱਖ ਸਿਕਲੀਗਰ ਪਰਿਵਾਰਾਂ ਨੂੰ ਦਸ-ਦਸ ਹਜ਼ਾਰ ਰੁਪਏ ਦੀ ਮਾਲੀ ਸਹਾਇਤਾ ਦੇਣ ਦਾ ਫੈਸਲਾ ਕੀਤਾ ਗਿਆ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਗੁਰੂ ਨਾਨਕ ਨਗਰ ਵਿਜੈਵਾੜਾ ਵਿਚ ਸਿੱਖ ਸਿਕਲੀਗਰਾਂ ਅਤੇ ਵਣਜਾਰਿਆਂ ਦੇ ਬੱਚਿਆਂ ਦੀ ਪੜ੍ਹਾਈ ਲਈ ਧਰਮ ਪ੍ਰਚਾਰ ਕਮੇਟੀ ਵੱਲੋਂ ਪੰਜ ਲੱਖ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ।

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage
ਫੁੱਲ ਟਾਈਮ ਬਾਰਬਰ ਦੀ ਲੋੜ ਹੈ
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)

Cell: (510)-677-9942
Shop: (510)-505-9605
www.princebarbershop.com


ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਅਨਾਜ ਖਰੀਦ ਬਾਰੇ ਮੋਦੀ ਨਾਲ ਆਢਾ ਲੈਣ ਤੋਂ ਟਲੇ ਕੈਪਟਨ

**ਚੰਡੀਗੜ੍ਹ:** ਅਨਾਜ ਦੀ ਖਰੀਦ ਬਾਰੇ ਕੇਂਦਰ ਦੀ ਰਣਨੀਤੀ ਅੱਗੇ ਪੰਜਾਬ ਸਰਕਾਰ ਦੀ ਇਕ ਨਹੀਂ ਚੱਲੀ। ਪੰਜਾਬ ਸਰਕਾਰ ਇਕ ਮਹੀਨੇ ਤੋਂ ਵੀ ਘੱਟ ਸਮੇਂ ਵਿਚ ਸਵਾ ਕਰੋੜ ਟਨ ਦੇ ਕਰੀਬ ਹਰ ਛਿਮਾਹੀ ਅਨਾਜ ਖਰੀਦ ਕੇ ਦਿੰਦੀ ਹੈ ਤੇ ਦੂਜਾ ਮਾਲ-ਭਾੜੇ ਤੇ ਬਾਰਦਾਨੇ ਵਿਚ ਆਏ ਫਰਕ ਦੇ ਬਹਾਨੇ ਵੱਡਾ ਬੋਝ ਵੀ ਪੰਜਾਬ ਸਿਰ ਲੱਦ ਦਿੱਤਾ ਜਾਂਦਾ ਹੈ। ਪਿਛਲੀ ਸਰਕਾਰ ਸਮੇਂ ਇਸੇ ਬਦਨੀਤੀ ਦੇ ਚੱਲਦਿਆਂ 31 ਹਜ਼ਾਰ ਕਰੋੜ ਰੁਪਏ ਪੰਜਾਬ ਵੱਲ ਕੱਢ ਦਿੱਤੇ ਗਏ ਜੋ ਬਾਅਦ ਵਿਚ ਕਰਜ਼ੇ ਵਿਚ ਬਦਲ ਦਿੱਤੇ ਗਏ।

ਵਿਧਾਨ ਸਭਾ ਚੋਣਾਂ ਸਮੇਂ ਕਾਂਗਰਸ ਨੇ ਦਾਅਵੇ ਕੀਤੇ ਸਨ ਕਿ ਅਨਾਜ ਦੀ ਖਰੀਦ ਵਿਚ ਘੁਟਾਲਿਆਂ ਦੀ ਜਾਂਚ ਕਰਾਈ ਜਾਵੇਗੀ, ਪਰ ਸੱਤਾ ਵਿਚ ਆਉਂਦਿਆਂ ਹੀ ਕਾਂਗਰਸ ਨੇ ਸਾਊ ਪੁੱਤ ਬਣ ਕੇ ਕਰਜ਼ੇ ਦੀਆਂ ਕਿਸ਼ਤਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਕੇਂਦਰ ਸਰਕਾਰ ਦੀ ਇਸ ਨੀਤੀ ਕਾਰਨ ਪੰਜਾਬ ਸਰਕਾਰ ਪਿਛਲੇ ਸਾਲ ਕਰਜ਼ਾ ਐਲਾਨੀ ਰਕਮ ਦਾ ਵਿਆਜ ਤੇ ਕਿਸ਼ਤ ਹਰ ਛਿਮਾਹੀ 2200 ਕਰੋੜ ਰੁਪਏ ਤਾਰਨ ਲਈ ਮਜਬੂਰ ਹੈ, ਪਰ ਹੁਣ ਤਾਂ ਗੱਲ ਇਸ ਤੋਂ ਵੀ ਅੱਗੇ ਲੰਘ ਗਈ ਹੈ। ਝੋਨੇ ਦੀ ਖਰੀਦ ਲਈ ਪੰਜਾਬ ਸਰਕਾਰ ਨੇ 31 ਹਜ਼ਾਰ ਕਰੋੜ ਦੀ ਨਗਦ ਕਰਜ਼ਾ ਹੱਦ ਪ੍ਰਵਾਨ ਕਰਨ ਲਈ ਰਿਜ਼ਰਵ ਬੈਂਕ ਤੇ ਕੇਂਦਰ ਸਰਕਾਰ ਨੂੰ ਭੇਜੀ ਸੀ, ਅੱਗੋਂ ਕੇਂਦਰ ਸਰਕਾਰ ਦਾ ਫਰਮਾਨ ਆ ਗਿਆ ਕਿ ਕਰਜ਼ਾ ਹੱਦ ਫਿਰ ਪ੍ਰਵਾਨ ਕਰਾਂਗੇ ਪਹਿਲਾਂ ਬਾਰਦਾਨੇ ਤੇ ਮਾਲ-ਭਾੜੇ ਵਿਚਲੇ ਫਰਕ ਲਈ 1098 ਕਰੋੜ ਰੁਪਏ ਦੀ ਰਕਮ ਕੇਂਦਰੀ ਵਿੱਤ ਮੰਤਰਾਲੇ ਕੋਲ ਜਮ੍ਹਾਂ ਕਰਵਾਓ। ਝੋਨਾ ਅਜੇ ਖਰੀਦਿਆ ਨਹੀਂ ਤੇ ਸਰਕਾਰ ਨੂੰ ਹਰਜਾਨਾ ਭਰਨ ਦਾ ਫਰਮਾਨ ਵੀ ਆ ਗਿਆ।

ਅੱਗੋਂ ਵਿੱਤੀ ਤੰਗੀ ਦੀ ਝੰਬੀ ਪੰਜਾਬ ਸਰਕਾਰ ਨੇ ਕਿਸੇ ਵੀ ਤਰ੍ਹਾਂ ਦੀ ਨਾਂਹ-ਨੁੱਕਰ ਜਾਂ ਉਜਰ ਕਰਨ ਦੀ ਥਾਂ ਹਰਜਾਨਾ ਭਰਨ ਦੇ ਯਤਨ ਅਰੰਭ ਦਿੱਤੇ ਹਨ। ਮਸਲਾ ਇਹ ਹੈ ਕਿ ਪੰਜਾਬ ਸਰਕਾਰ ਦੀਆਂ ਖਰੀਦ ਏਜੰਸੀਆਂ ਕਣਕ ਤੇ ਝੋਨੇ ਦੀ ਖਰੀਦ ਕੇਂਦਰੀ ਏਜੰਸੀ ਐਫ.ਸੀ.ਆਈ. ਲਈ ਕਰਦੀਆਂ ਹਨ। ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਲੇਬਰ ਤੇ ਢੋਆ-ਢੁਆਈ ਦੇ ਜੋ ਖਰਚੇ ਐਫ.ਸੀ.ਆਈ. ਵੱਲੋਂ ਤੈਅ ਹਨ, ਪੰਜਾਬ ਦੀਆਂ ਖਰੀਦ ਏਜੰਸੀਆਂ ਉਸ ਤੋਂ ਵਧੇਰੇ ਦਰਾਂ ਉਪਰ ਲੇਬਰ ਤੇ ਢੋਆ-ਢੁਆਈ ਦੇ ਠੇਕੇ ਦਿੰਦੀਆਂ ਹਨ। ਇਸੇ ਤਰ੍ਹਾਂ ਬਾਰਦਾਨੇ ਦੀ ਕੀਮਤ ਵਿਚ ਵੀ ਹੁੰਦਾ ਹੈ। ਪੰਜਾਬ ਦੀ ਅਫਸਰਸ਼ਾਹੀ ਬਿਲਕੁਲ ਹੀ ਚੂੰ-ਚਾਂਅ ਨਹੀਂ ਕਰ ਰਹੀ। ਇਹ ਵੀ ਕਿਹਾ ਜਾਂਦਾ ਹੈ ਕਿ ਕੈਪਟਨ ਸਰਕਾਰ ਪੂਰੀ ਤਰ੍ਹਾਂ ਕੇਂਦਰ ਦੀ ਈਨ ਮੰਨੀ ਬੈਠੀ ਹੈ।



### ਕੇਂਦਰ ਨੇ ਗਲ 'ਗੂਠਾ ਦੇ ਕੇ ਪੰਜਾਬ ਤੋਂ ਪੈਸੇ ਵਸੂਲੇ

ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਖਰੀਦ ਸਿਰ ਉਤੇ ਆਉਣ ਸਮੇਂ ਗਲ ਗੂਠਾ ਦੇ ਕੇ ਪੰਜਾਬ ਤੋਂ ਪੈਸੇ ਵਸੂਲ ਕਰ ਰਹੀ ਹੈ। ਪੰਜਾਬ ਦੇ ਕਿਸਾਨ ਕੇਂਦਰ ਵੱਲੋਂ ਤੈਅ ਕੀਮਤ ਉਪਰ ਜਿਣਸ ਵੇਚਦੇ ਹਨ। ਪੰਜਾਬ ਸਰਕਾਰ ਨੂੰ ਸਿਵਾਏ ਪੇਂਡੂ ਵਿਕਾਸ ਫੰਡ ਤੇ ਮਾਰਕੀਟ ਫੀਸ ਤੋਂ ਹੋਰ ਧੇਲਾ ਵੀ ਨਹੀਂ ਮਿਲਦਾ। ਲੇਬਰ ਤੇ ਢੋਆ-ਢੁਆਈ ਦੇ ਠੇਕਿਆਂ 'ਚ ਧਾਂਦਲੀ ਪਿਛਲੀ ਸਰਕਾਰ ਦੀ ਦੇਣ ਹੈ। ਉਸ ਸਮੇਂ ਸਿਆਸੀ ਇਸ਼ਾਰੇ ਉਪਰ ਉਚੀ ਤੋਂ ਉਚੀ ਦਰ ਉਪਰ ਠੇਕੇ ਦਿੱਤੇ ਜਾਂਦੇ ਰਹੇ ਪਰ ਕੇਂਦਰ ਸਰਕਾਰ ਨੇ ਪੈਸੇ ਐਫ.ਸੀ.ਆਈ. ਦੀਆਂ ਦਰਾਂ ਮੁਤਾਬਕ ਹੀ ਦਿੱਤੇ। ਨਤੀਜਾ 31 ਹਜ਼ਾਰ ਕਰੋੜ ਦੇ ਕਰਜ਼ੇ ਵਿਚ ਨਿਕਲਿਆ। ਰਾਈਸ ਮਿਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਤਰਸੇਮ ਸੈਣੀ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਇਕ ਕਿਲੋ ਚੌਲ ਪੈਦਾ ਕਰਨ ਲਈ 4 ਹਜ਼ਾਰ ਲਿਟਰ ਪਾਣੀ ਖਰਚ ਕਰਦੇ ਹਨ ਤੇ ਕੇਂਦਰ ਸਰਕਾਰ ਪੰਜਾਬ ਦਾ ਅਨਾਜ ਖਰੀਦ ਕੇ ਪੂਰਾ ਮੁੱਲ ਦੇਣਾ ਤਾਂ ਦੂਰ, ਖਰੀਦ 'ਚ ਖਰਚ ਆਈ ਰਕਮ ਵੀ ਉਲਟਾ ਪੰਜਾਬ ਸਿਰ ਮੜ੍ਹਨ ਲੱਗੇ ਹੋਏ ਹਨ।

## ਈ.ਡੀ. ਕਰੇਗੀ ਡੇਰਾ ਸਿਰਸਾ ਦੇ ਪੈਸੇ ਦਾ ਹਿਸਾਬ ਕਿਤਾਬ




**ਚੰਡੀਗੜ੍ਹ:** ਡੇਰਾ ਸਿਰਸਾ ਦੀ ਆਮਦਨ ਤੇ ਬੈਂਕਾਂ ਵਿਚ ਪਏ ਪੈਸੇ ਦੀ ਜਾਂਚ ਹੁਣ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਕਰੇਗੀ ਤੇ ਨਾਲ ਹੀ ਆਮਦਨ ਕਰ ਵਿਭਾਗ ਵੀ ਅਜਿਹੀ ਹੀ ਜਾਂਚ ਕਰੇਗਾ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਬੈਂਚ ਨੇ ਈ.ਡੀ. ਨੂੰ ਜਾਂਚ ਦਾ ਹੁਕਮ ਦਿੱਤਾ ਹੈ। ਬੈਂਚ ਨੇ ਟਿੱਪਣੀ ਕਰਦਿਆਂ ਕਿਹਾ ਕਿ 50-60 ਕਰੋੜ ਰੁਪਏ ਚੰਦੇ ਨਾਲ ਇਕੱਤਰ ਨਹੀਂ ਕੀਤੇ ਜਾ ਸਕਦੇ, ਲਿਹਾਜ਼ਾ ਡੇਰੇ ਦੇ ਪੈਸਿਆਂ ਦੀ ਜਾਂਚ ਹੋਣੀ ਚਾਹੀਦੀ ਹੈ।

ਇਸੇ ਦੌਰਾਨ ਗੁਰਮੀਤ ਰਾਮ ਰਹੀਮ ਵੱਲੋਂ ਫਿਲਮਾਂ ਵਿਚ ਲਗਾਏ ਪੈਸੇ ਦਾ ਜ਼ਿਕਰ ਵੀ ਚੱਲਿਆ। ਕੁੱਲ ਮਿਲਾ ਕੇ ਡੇਰੇ ਨਾਲ ਸਬੰਧਤ ਪੈਸਿਆਂ ਦੀ ਜਾਂਚ ਹੁਣ ਈ.ਡੀ. ਕਰੇਗੀ ਕਿ ਇਹ ਪੈਸਾ ਕਿਥੋਂ ਆਇਆ ਤੇ ਕਿਥੇ ਲੱਗਿਆ। ਕੇਂਦਰ ਵੱਲੋਂ ਪੇਸ਼ ਹੋਏ ਵਕੀਲ ਨੇ ਬੈਂਚ ਨੂੰ ਬੇਨਤੀ ਕੀਤੀ ਕਿ ਹਰਿਆਣਾ ਸਰਕਾਰ ਵੱਲੋਂ ਡੇਰੇ ਦੀ ਜਾਇਦਾਦ ਤੇ ਪੈਸਿਆਂ ਦੀ ਇਕੱਤਰ ਕੀਤੀ ਜਾ ਰਹੀ ਜਾਣਕਾਰੀ ਕੇਂਦਰ ਨੂੰ ਵੀ ਮੁਹੱਈਆ ਕਰਵਾਈ ਜਾਵੇ, ਤਾਂਕਿ ਈ.ਡੀ. ਤੇ ਆਮਦਨ ਕਰ ਵਿਭਾਗ ਨੂੰ ਕੁਝ ਮਦਦ ਮਿਲ ਸਕੇ। ਸੀਨੀਅਰ ਵਕੀਲ ਐਡਵੋਕੇਟ ਅਨੁਪਮ ਗੁਪਤਾ ਨੇ ਕਿਹਾ ਕਿ ਰਾਮ ਰਹੀਮ ਨੂੰ ਸਜ਼ਾ ਸੁਣਾਏ ਜਾਣ ਤੋਂ ਬਾਅਦ ਇਥੋਂ ਕਾਫੀ ਕੁਝ ਕੱਢ ਲਿਆ ਗਿਆ ਸੀ।

ਇਸ 'ਤੇ ਹਾਈ ਕੋਰਟ ਨੇ ਸਰਕਾਰ ਕੋਲੋਂ ਰਿਪੋਰਟ ਮੰਗੀ ਹੈ ਕਿ ਇਹ ਦੱਸਿਆ ਜਾਵੇ ਕਿ ਕੋਰਟ ਕਮਿਸ਼ਨਰ ਵੱਲੋਂ ਜਾਂਚ ਕੀਤੇ ਜਾਣ ਤੋਂ ਪਹਿਲਾਂ ਇਥੋਂ ਕੀ ਕੁਝ ਗਿਆ।

### ਡੇਰੇ ਦੀਆਂ ਇਮਾਰਤਾਂ ਵਿਚ ਬੇਨਿਯਮੀਆਂ

ਡੇਰੇ 'ਚ ਬਣੀਆਂ ਇਮਾਰਤਾਂ ਵੀ ਨਿਯਮਾਂ ਦੀ ਉਲੰਘਣਾ ਦੇ ਸ਼ੱਕ ਦੇ ਦਾਇਰੇ 'ਚ ਆ ਗਈਆਂ ਹਨ। ਇਕ ਵੈੱਬ ਪੋਰਟਲ 'ਤੇ ਡੇਰੇ ਸਬੰਧੀ ਪ੍ਰਕਾਸ਼ਿਤ ਲੇਖ ਦਾ ਹਵਾਲਾ ਦਿੰਦਿਆਂ ਐਡਵੋਕੇਟ ਅਨੁਪਮ ਗੁਪਤਾ ਨੇ ਬੈਂਚ ਦਾ ਧਿਆਨ ਦਿਵਾਇਆ ਕਿ ਡੇਰਾ ਸਿਰਸਾ ਵਿਚ ਕਈ ਇਮਾਰਤਾਂ ਬਣ ਗਈਆਂ ਹਨ। ਇਹ ਇਮਾਰਤਾਂ ਹੁੱਡਾ ਸਰਕਾਰ ਵੇਲੇ ਉਸਾਰੀਆਂ ਗਈਆਂ ਤੇ ਖੱਟਰ ਸਰਕਾਰ ਵੇਲੇ ਇਸ ਜ਼ਮੀਨ ਨੂੰ ਰੈਵੀਨਿਊ ਅਸਟੇਟ 'ਚ ਬਦਲ ਦਿੱਤਾ ਗਿਆ। ਇਮਾਰਤਾਂ ਲਈ ਕੋਈ ਬਿਲਡਿੰਗ ਪਲਾਨ ਪਾਸ ਨਹੀਂ ਕਰਵਾਇਆ ਗਿਆ ਤੇ ਨਾ ਹੀ ਕਿਸੇ ਤਰੀਕੇ ਦਾ ਲੈਂਡ ਚੇਂਜ ਯੂਜ਼ ਸਰਟੀਫਿਕੇਟ ਲਿਆ। ਇਨ੍ਹਾਂ ਸਾਰੇ ਤੱਥਾਂ 'ਤੇ ਹਾਈ ਕੋਰਟ ਨੇ ਹਰਿਆਣਾ ਸਰਕਾਰ ਕੋਲੋਂ ਰਿਪੋਰਟ ਤਲਬ ਕਰ ਲਈ ਹੈ।

## ਦੇਸ਼ ਧ੍ਰੋਹ ਮਾਮਲਾ: ਮੰਡ ਨੂੰ ਨਿੱਜੀ ਪੇਸ਼ੀ ਤੋਂ ਛੋਟ

**ਜ਼ੀਰਾ:** ਦੇਸ਼ ਧ੍ਰੋਹ ਅਤੇ ਹਾਈਵੇਅ ਉਤੇ ਧਰਨਾ ਦੇਣ ਦੇ ਮਾਮਲੇ ਵਿਚ ਪੁਲਿਸ ਵੱਲੋਂ ਦਰਜ ਕੇਸ ਵਿਚ ਅਦਾਲਤ ਨੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੂੰ ਨਿੱਜੀ ਪੇਸ਼ੀ ਤੋਂ ਛੋਟ ਦੇ ਦਿੱਤੀ ਹੈ। ਅਦਾਲਤ ਵਿਚ ਪੇਸ਼ੀ ਭੁਗਤਣ ਪੁੱਜੇ ਭਾਈ ਮੰਡ ਨੇ ਸਵਾਲ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਅਤੇ ਬਾਈਬਲ ਬੇਅਦਬੀ ਕਾਂਡ ਦੀ ਪੈੜ ਬਾਦਲ ਦੇ ਘਰ ਜਾਂਦੀ ਆਖ ਕੇ ਗੁਟਕੇ ਦੀ ਸਹੁੰ ਖਾਣ ਵਾਲੇ ਕੈਪਟਨ ਅੱਜ ਚੁੱਪ ਕਿਉਂ ਹਨ?

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਬੇਅਦਬੀ ਮਾਮਲਿਆਂ ਦੀ ਜਾਂਚ ਲਈ ਬਣਾਏ ਕਮਿਸ਼ਨ ਨੇ ਆਪਣੀ ਕੋਈ ਵੀ ਰਿਪੋਰਟ ਪੇਸ਼ ਨਹੀਂ ਕੀਤੀ ਤੇ ਸਿਰਫ ਗੋਗਲੂਆਂ ਤੋਂ ਮਿੱਟੀ ਝਾੜੀ ਜਾ ਰਹੀ ਹੈ।

## ਪਤੀ ਮਰਵਾਉਣ ਵਾਲੀ ਪਤਨੀ ਨੂੰ ਪ੍ਰੇਮੀ ਸਮੇਤ ਉਮਰ ਕੈਦ

**ਸੰਗਰੂਰ:** ਅਦਾਲਤ ਨੇ ਪਤੀ ਦਾ ਕਤਲ ਕਰਵਾਉਣ ਵਾਲੀ ਪਤਨੀ ਨੂੰ ਪ੍ਰੇਮੀ ਸਮੇਤ ਉਮਰ ਕੈਦ ਦੀ ਸਜ਼ਾ ਸੁਣਾਈ ਹੈ। 29 ਜਨਵਰੀ 2015 ਨੂੰ ਮ੍ਰਿਤਕ ਦੇ ਭਰਾ ਗੁਰਪ੍ਰੀਤ ਸਿੰਘ ਵਾਸੀ ਪਿੰਡ ਭੁਰੂਰ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ 15 ਤੇ 16 ਜਨਵਰੀ ਦੀ ਵਿਚਕਾਰਲੀ ਰਾਤ ਉਸ ਦੇ ਭਰਾ ਅਮਨਦੀਪ ਸਿੰਘ ਦੀ ਕਰੰਟ ਲੱਗਣ ਨਾਲ ਮੌਤ ਹੋ ਗਈ ਸੀ। ਪਹਿਲਾਂ ਉਨ੍ਹਾਂ ਇਸ ਨੂੰ ਅਚਾਨਕ ਹੋਈ ਮੌਤ ਮੰਨ ਲਿਆ ਸੀ ਪਰ ਬਾਅਦ ਵਿਚ ਪਤਾ ਲੱਗਾ ਹੈ ਕਿ ਤਕਰੀਬਨ 7-8 ਮਹੀਨੇ ਪਹਿਲਾਂ ਅਮਨਦੀਪ ਸਿੰਘ ਨੇ ਆਪਣੀ ਇਕ ਏਕੜ ਜ਼ਮੀਨ ਆਪਣੀ ਪਤਨੀ ਹਰਪ੍ਰੀਤ ਕੌਰ ਦੇ ਕਹਿਣ 'ਤੇ ਵੇਚ ਦਿੱਤੀ ਸੀ ਤੇ ਕੁਝ ਰਕਮ ਉਨ੍ਹਾਂ ਦੇ ਭਣੋਈਏ ਨਿਸ਼ਾਨ ਸਿੰਘ ਵਾਸੀ ਕਾਲਵਾਂ (ਹਰਿਆਣਾ) ਨੂੰ ਦੇ ਦਿੱਤੀ। ਜਦੋਂ ਵੀ ਭਰਾ ਪੈਸੇ ਵਾਪਸ ਮੰਗਦਾ ਤਾਂ ਹਰਪ੍ਰੀਤ ਕੌਰ ਕਲੇਸ਼ ਖੜ੍ਹਾ ਕਰ ਦਿੰਦੀ, ਕਿਉਂਕਿ ਦੋਵਾਂ ਦੇ ਨਾਜਾਇਜ਼ ਸਬੰਧ ਬਣ ਚੁੱਕੇ ਸਨ। ਉਨ੍ਹਾਂ ਨੂੰ ਪੱਕਾ ਯਕੀਨ ਹੈ ਕਿ ਹਰਪ੍ਰੀਤ ਕੌਰ ਤੇ ਭਣੋਈਏ ਨਿਸ਼ਾਨ ਸਿੰਘ ਨੇ ਅਮਨਦੀਪ ਸਿੰਘ ਨੂੰ 15 ਤੇ 16 ਜਨਵਰੀ ਦੀ ਦਰਮਿਆਨੀ ਰਾਤ ਨੂੰ ਭੁਰੂਰ 'ਚ ਹੀ ਧੱਕੇ ਨਾਲ ਬਿਜਲੀ ਦਾ ਕਰੰਟ ਲਗਾ ਕੇ ਮਾਰ ਦਿੱਤਾ ਸੀ।

ਪੁਲਿਸ ਨੇ ਸ਼ਿਕਾਇਤ ਦੇ ਆਧਾਰ 'ਤੇ ਕਤਲ ਦਾ ਕੇਸ ਦਰਜ ਕਰ ਕੇ ਮ੍ਰਿਤਕ ਦੀ ਪਤਨੀ ਹਰਪ੍ਰੀਤ ਕੌਰ ਤੇ ਉਸ ਦੇ ਪ੍ਰੇਮੀ ਨਿਸ਼ਾਨ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਹੁਣ ਸੁਣਵਾਈ ਮੁਕੰਮਲ ਹੋਣ 'ਤੇ ਅਦਾਲਤ ਨੇ ਦੋਹਾਂ ਨੂੰ ਉਮਰ ਕੈਦ ਤੇ 20-20 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

## ਸਿੱਧੂ ਨੇ ਤਾਰਿਆ ਭਗਤ ਸਿੰਘ ਦੇ ਜੱਦੀ ਘਰ ਦਾ ਬਿੱਲ

**ਖਟਕੜ ਕਲਾਂ:** ਮੀਡੀਆ ਵੱਲੋਂ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਤੇ ਪਾਰਕ ਦੇ ਬਿਜਲੀ ਦੇ ਬਿੱਲ ਦੀ ਬਕਾਇਆ ਰਕਮ ਨਾ ਤਾਰਨ ਦਾ ਸਵਾਲ ਪੁੱਛੇ ਜਾਣ 'ਤੇ ਸਿੱਧੂ ਨੇ ਮੌਕੇ ਉਤੇ ਜੇਬ ਵਿਚੋਂ ਪੈਸਾ ਦੇਣ ਦਾ ਫੈਸਲਾ ਕੀਤਾ ਤੇ ਨਿੱਜੀ ਖਾਤੇ ਵਿਚੋਂ ਪੀ.ਐਸ.ਪੀ.ਸੀ.ਐਲ. ਦੇ ਨਾਂ ਢਾਈ ਲੱਖ ਰੁਪਏ ਦਾ ਚੈੱਕ ਕੱਟ ਕੇ ਡੀ.ਸੀ. ਸੋਨਾਲੀ ਗਿਰੀ ਨੂੰ ਸੌਂਪਿਆ।

ਸ਼ਹੀਦ ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਦੀ ਯਾਦਗਾਰ ਤੇ ਮਿਊਜ਼ੀਅਮ ਦੇ ਉਸਾਰੀ ਕਾਰਜ ਦੇ 8 ਸਾਲਾਂ ਤੋਂ ਲਟਕਣ ਦਾ ਨੋਟਿਸ ਲੈਂਦਿਆਂ ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਪ੍ਰੋਜੈਕਟ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਸੈਲਾਨੀਆਂ ਦੀ ਸਹੂਲਤ ਲਈ ਖਟਕੜ ਕਲਾਂ ਲਈ ਵਿਸ਼ੇਸ਼ ਬੱਸਾਂ ਚਲਾਉਣ ਤੇ ਲੰਬੇ ਰੂਟ ਦੀਆਂ ਬੱਸਾਂ ਦੇ ਖਟਕੜ ਕਲਾਂ ਵਿਖੇ ਠਹਿਰਾਉ ਲਈ ਸਬੰਧਤ ਵਿਭਾਗ ਨਾਲ ਗੱਲ ਕੀਤੀ ਜਾਵੇਗੀ। ਇਸ ਮੌਕੇ ਸਿੱਧੂ ਨੇ ਐਲਾਨ ਕੀਤਾ ਕਿ ਇਸ ਯਾਦਗਾਰ ਤੇ ਮਿਊਜ਼ੀਅਮ ਨੂੰ 23 ਮਾਰਚ 2018 ਨੂੰ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਨ ਤੱਕ ਮੁਕੰਮਲ ਕੀਤਾ ਜਾਵੇਗਾ। ਸਿੱਧੂ ਨੇ ਕਿਹਾ ਕਿ ਪਿਛਲੀ ਸਰਕਾਰ ਨੇ ਸ਼ਹੀਦਾਂ ਦੀ ਵਿਰਾਸਤ ਨੂੰ ਸਾਂਭਣ ਦਾ ਫਰਜ਼ ਨਹੀਂ ਨਿਭਾਇਆ।

ਸ਼ਹੀਦ ਭਗਤ ਸਿੰਘ ਯਾਦਗਾਰ ਤੇ ਮਿਊਜ਼ੀਅਮ ਦਾ ਕੰਮ 2009 ਵਿਚ ਪਿਛਲੀ ਸਰਕਾਰ ਵੇਲੇ ਸ਼ੁਰੂ ਹੋਇਆ ਸੀ ਜਿਸ ਨੂੰ ਮੁਕੰਮਲ ਕਰਨ ਦਾ ਸਮਾਂ 2011 ਵਿਚ ਮਿਥਿਆ ਗਿਆ ਸੀ ਪਰ ਮਿਆਦ ਤੋਂ ਛੇ ਸਾਲ ਗੁਜ਼ਰਨ ਤੋਂ ਬਾਅਦ ਵੀ ਪ੍ਰੋਜੈਕਟ ਨੇਪਰੇ ਨਾ ਚੜ੍ਹਿਆ।

## ਨਵਾਜ਼ ਨੂੰ ਪਾਰਟੀ ਦੀ ਮੁੜ ਕਮਾਨ

**ਇਸਲਾਮਾਬਾਦ:** ਪ੍ਰਧਾਨ ਮੰਤਰੀ ਅਹੁਦੇ ਤੋਂ ਲਾਂਭੇ ਕੀਤੇ ਗਏ ਨਵਾਜ਼ ਸ਼ਰੀਫ ਨੂੰ ਪੀ.ਐਮ.ਐਲ.-ਐਨ ਦਾ ਮੁੜ ਤੋਂ ਪ੍ਰਧਾਨ ਚੁਣ ਲਿਆ ਗਿਆ। ਸ਼ਰੀਫ ਨੇ ਮੰਗ ਕੀਤੀ ਕਿ ਜਿਨ੍ਹਾਂ ਨੇ ਉਸ ਨੂੰ ਅਯੋਗ ਠਹਿਰਾਇਆ ਹੈ, ਉਹ ਲੋਕ ਫਤਵੇ ਅਤੇ ਜਮਹੂਰੀਅਤ ਦਾ ਸਤਿਕਾਰ ਕਰਨ। ਪਨਾਮਾ ਦਸਤਾਵੇਜ਼ ਘੁਟਾਲੇ 'ਚ ਸੁਪਰੀਮ ਕੋਰਟ ਨੇ 28 ਜੁਲਾਈ ਨੂੰ ਸ਼ਰੀਫ (67) ਨੂੰ ਪ੍ਰਧਾਨ ਮੰਤਰੀ ਅਹੁਦੇ ਤੋਂ ਅਯੋਗ ਠਹਿਰਾ ਦਿੱਤਾ ਸੀ।

## ਪੰਜਾਬੀ ਵਿਦਿਆਰਥਣ ਦੀ ਹਾਦਸੇ 'ਚ ਮੌਤ

**ਟੋਰਾਂਟੋ:** ਪਿੰਡ ਕੋਠੇ ਗਾਦੜੀਵਾਲਾ ਦੀ ਕੁਝ ਦਿਨ ਪਹਿਲਾਂ ਕੈਨੇਡਾ ਗਈ ਗੁਰਮੀਤ ਕੌਰ ਦੀ ਟੋਰਾਂਟੋ ਵਿਚ ਸੜਕ ਹਾਦਸੇ ਦੌਰਾਨ ਮੌਤ ਹੋ ਗਈ। ਹਰਚੰਦ ਸਿੰਘ ਨੇ ਵਿਆਜ ਉਤੇ ਪੈਸੇ ਲੈ ਕੇ ਆਪਣੀ ਧੀ ਗੁਰਮੀਤ ਕੌਰ ਨੂੰ ਆਈਲੈਟਸ ਕਰਵਾ ਕੇ ਕੈਨੇਡਾ ਦੇ ਸ਼ਹਿਰ ਟੋਰਾਂਟੋ ਭੇਜਿਆ ਸੀ ਪਰ ਸੜਕ ਹਾਦਸੇ ਵਿਚ ਉਸ ਦੀ ਮੌਤ ਹੋ ਗਈ। ਉਸ ਦੀ ਲਾਸ਼ ਟੋਰਾਂਟੋ ਤੋਂ ਅੰਮ੍ਰਿਤਸਰ ਹਵਾਈ ਅੱਡੇ ਪੁੱਜੀ, ਜਿਥੋਂ ਪਿੰਡ ਕੋਠੇ ਗਾਦੜੀਵਾਲਾ ਲਿਆ ਕੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

# ਪੰਜ ਪੰਜਾਬੀਆਂ ਨੂੰ ਫਾਂਸੀ ਤੋਂ ਬਚਾਉਣ ਲਈ ਯਤਨ ਤੇਜ਼

**ਦੁਬਈ:** ਸ਼ਾਰਜਾਹ (ਦੁਬਈ) ਵਿਚ ਸ਼ਰਾਬ ਤਸਕਰੀ ਮਾਮਲੇ ਵਿਚ ਦੋ ਭਾਰਤੀ ਧੜਿਆਂ ਵਿਚ ਹੋਈ ਲੜਾਈ ਦੌਰਾਨ ਇਕ ਭਾਰਤੀ ਦੇ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਚਾਰ ਪੰਜਾਬੀਆਂ ਸਮੇਤ ਪੰਜ ਭਾਰਤੀਆਂ ਨੂੰ ਬਚਾਉਣ ਦੀ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਗਈਆਂ ਹਨ।

ਸਰਬੱਤ ਦਾ ਭਲਾ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐਸ.ਪੀ. ਸਿੰਘ ਓਬਰਾਏ ਨੇ ਸ਼ਾਰਜਾਹ ਅਦਾਲਤ ਵਿਚ ਮ੍ਰਿਤਕ ਦੇ ਪਰਿਵਾਰ ਵੱਲੋਂ ਦਾਇਰ ਮੁਆਫੀਨਾਮਾ ਪੇਸ਼ ਕਰ ਦਿੱਤਾ ਹੈ। ਡਾ. ਓਬਰਾਏ ਨੇ ਦੱਸਿਆ ਕਿ ਸ਼ਰਾਬ ਦੇ ਧੰਦੇ ਨਾਲ ਜੁੜੇ ਦੋ ਭਾਰਤੀ ਗੁੱਟਾਂ ਵਿਚ 4 ਨਵੰਬਰ 2011 ਨੂੰ ਲੜਾਈ ਹੋਈ ਸੀ। ਇਸ ਲੜਾਈ ਵਿਚ ਉਤਰ ਪ੍ਰਦੇਸ਼ ਦੇ ਆਜ਼ਮਗੜ੍ਹ ਜ਼ਿਲ੍ਹੇ ਦੇ ਪਿੰਡ ਸ਼ੇਖੂਪੁਰਾ ਦੇ ਵਰਿੰਦਰ ਚੌਹਾਨ ਦਾ ਕਤਲ ਹੋ ਗਿਆ ਸੀ। ਇਸ ਕਤਲ ਵਿਚ ਸ਼ਾਰਜਾਹ ਪੁਲਿਸ ਨੇ ਬਿਹਾਰ ਦੇ ਧਰਮਿੰਦਰ, ਪੰਜਾਬ ਦੇ ਰਵਿੰਦਰ ਸਿੰਘ, ਗੁਰਨਾਮ ਸਿੰਘ, ਸੁੱਚਾ ਤੇ ਦਲਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਸੀ ਤੇ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਸੀ।

ਡਾ. ਓਬਰਾਏ ਵੱਲੋਂ ਵਰਿੰਦਰ ਚੌਹਾਨ ਦੇ ਪਰਿਵਾਰ ਨੂੰ 20 ਲੱਖ ਰੁਪਏ ਬਲੱਡ ਮਨੀ ਤੇ ਮੁਆਫੀਨਾਮਾ ਦਿੱਤਾ ਗਿਆ ਹੈ। 27 ਸਤੰਬਰ ਨੂੰ ਇਹ ਮੁਆਫੀਨਾਮਾ ਸ਼ਾਰਜਾਹ ਦੀ ਅਦਾਲਤ ਵਿਚ ਪੇਸ਼ ਕੀਤਾ, ਜਿਸ ਨੂੰ ਅਦਾਲਤ ਨੇ ਮਨਜ਼ੂਰ ਕਰ ਲਿਆ ਹੈ। ਡਾ. ਓਬਰਾਏ ਨੇ ਆਸ ਪ੍ਰਗਟਾਈ ਹੈ ਕਿ ਇਨ੍ਹਾਂ ਪੰਜ ਭਾਰਤੀਆਂ ਦੀ ਰਿਹਾਈ ਦੀ ਮਨਜ਼ੂਰੀ ਛੇਤੀ ਮਿਲ ਜਾਵੇਗੀ।

### ਸਜ਼ਾ-ਏ-ਮੌਤ ਵਾਲੇ 15 ਭਾਰਤੀਆਂ ਨੂੰ ਰਾਹਤ

**ਨਵੀਂ ਦਿੱਲੀ:** ਕੁਵੈਤ ਦੀਆਂ ਜੇਲ੍ਹਾਂ ਵਿਚ ਸਜ਼ਾ-ਏ-ਮੌਤ ਵਾਲੇ 15 ਭਾਰਤੀਆਂ ਨੂੰ ਰਾਹਤ ਦਿੰਦਿਆਂ ਕੁਵੈਤ ਦੇ ਅਮੀਰ ਨੇ ਉਨ੍ਹਾਂ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਹੈ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਦੱਸਿਆ ਕਿ ਅਮੀਰ ਨੇ 119 ਭਾਰਤੀਆਂ ਦੀਆਂ ਸਜ਼ਾਵਾਂ ਨੂੰ ਵੀ ਘਟਾਉਣ ਦੀ ਹਦਾਇਤ ਕੀਤੀ ਹੈ। ਵਿਦੇਸ਼ ਮੰਤਰੀ ਨੇ ਕੁਵੈਤ ਦੇ ਅਮੀਰ ਵੱਲੋਂ ਦਿਆਲਤਾ ਦਿਖਾਉਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ। ਇਸੇ ਦੌਰਾਨ ਕੁਵੈਤ ਨੇ 22 ਭਾਰਤੀਆਂ ਦੀ ਰਿਹਾਈ ਦੇ ਹੁਕਮ ਵੀ ਦੇ ਦਿੱਤੇ ਹਨ।

## ਮੁੰਬਈ ਵਿਚ ਰੇਲਵੇ ਪੁਲ 'ਤੇ ਭਾਜੜ; 24 ਮੌਤਾਂ

**ਮੁੰਬਈ:** ਇਥੇ ਦੋ ਰੇਲਵੇ ਸਟੇਸ਼ਨਾਂ ਨੂੰ ਜੋੜਨ ਲਈ ਬਣੇ ਇਕ ਤੰਗ ਓਵਰਬ੍ਰਿਜ ਉਤੇ ਜ਼ੋਰਦਾਰ ਬਾਰਸ਼ ਦੌਰਾਨ ਰਾਹਗੀਰਾਂ ਦੀ ਭਾਰੀ ਭੀੜ ਜਮ੍ਹਾਂ ਹੋਣ ਕਾਰਨ ਮਚੀ ਭਾਜੜ ਵਿਚ ਘੱਟੋ-ਘੱਟ 24 ਜਾਨਾਂ ਜਾਂਦੀਆਂ ਰਹੀਆਂ ਅਤੇ 30 ਤੋਂ ਵੱਧ ਹੋਰ ਵਿਅਕਤੀ ਹੋ ਗਏ। ਮਰਨ ਵਾਲਿਆਂ ਵਿਚ ਅੱਠ ਔਰਤਾਂ ਤੇ ਇਕ ਛੋਟਾ ਲੜਕਾ ਸ਼ਾਮਲ ਹੈ। ਪੈਦਲ ਰਾਹਗੀਰਾਂ ਲਈ ਬਣਿਆ ਇਹ ਦਹਾਕਿਆਂ ਪੁਰਾਣਾ ਓਵਰਬ੍ਰਿਜ ਐਲਫਿਨਸਟਨ ਰੋਡ ਤੇ ਪਾਰੇਲ ਉਪਨਗਰੀ ਰੇਲਵੇ ਸਟੇਸ਼ਨਾਂ ਨੂੰ ਜੋੜਦਾ ਹੈ।

ਇਥੋਂ ਰੋਜ਼ਾਨਾ ਲੱਖਾਂ ਲੋਕ ਲੰਘ ਕੇ ਇਸ ਵੱਡੇ ਕਾਰਪੋਰੇਟ ਤੇ ਮੀਡੀਆ ਦਫਤਰਾਂ ਵਾਲੇ ਇਲਾਕੇ ਵਿਚ ਇਧਰ-ਉਧਰ ਜਾਂਦੇ ਹਨ। ਬਾਰਸ਼ ਕਾਰਨ ਪੁਲ ਉਤੇ ਵੱਡੀ ਗਿਣਤੀ ਲੋਕ ਸ਼ਰਨ ਲਈ ਇਕੱਤਰ ਸਨ। ਇਸ ਕਾਰਨ ਪੁਲ ਉਤੇ ਲੋਕ ਇੰਨੀ ਬੁਰੀ ਤਰ੍ਹਾਂ ਫਸ ਗਏ ਕਿ ਕਈਆਂ ਦੀ ਤਾਂ ਦਮ ਘੁਟਣ ਨਾਲ ਹੀ ਮੌਤ ਹੋ ਗਈ।

ਹੇਠਾਂ ਪਲੇਟਫਾਰਮ ਉਤੇ ਖੜ੍ਹੇ ਲੋਕ ਉਨ੍ਹਾਂ ਨੂੰ ਮਰਦੇ ਦੇਖਣ ਲਈ ਮਜਬੂਰ ਸਨ। ਕਈਆਂ ਨੇ ਰੇਲਿੰਗ ਉਤੇ ਚੜ੍ਹ ਕੇ ਬਚਾਉਣ ਦੀ ਕੋਸ਼ਿਸ਼ ਵੀ ਕੀਤੀ। ਲੋਕਾਂ ਦਾ ਕਹਿਣਾ ਹੈ ਕਿ ਅਜਿਹੀ ਤ੍ਰਾਸਦੀ ਵਾਪਰਨ ਦਾ ਚਿਰਾਂ ਤੋਂ ਖਦਸ਼ਾ ਬਣਿਆ ਹੋਇਆ ਸੀ, ਪਰ ਇਸ ਸਬੰਧੀ ਕੋਈ ਸੁਣਵਾਈ ਨਹੀਂ ਹੋਈ।

# ਪਾਕਿ ਗੋਲੀਬਾਰੀ ਵਿਚ ਦੋ ਬੱਚਿਆਂ ਸਮੇਤ ਤਿੰਨ ਮੌਤਾਂ



**ਸ੍ਰੀਨਗਰ:** ਜ਼ਿਲ੍ਹਾ ਪੁਣਛ ਦੇ ਨਾਲ ਲੱਗਦੀ ਕੰਟਰੋਲ ਰੇਖਾ 'ਤੇ ਪਾਕਿਸਤਾਨੀ ਫੌਜ ਨੇ ਭਾਰਤੀ ਚੌਕੀਆਂ ਅਤੇ ਰਿਹਾਇਸ਼ੀ ਇਲਾਕਿਆਂ ਨੂੰ ਨਿਸ਼ਾਨਾ ਬਣਾਇਆ, ਜਿਸ ਵਿਚ 3 ਵਿਅਕਤੀ ਜਿਨ੍ਹਾਂ ਇਕ ਬੱਚਾ, ਬਜ਼ੁਰਗ ਅਤੇ ਲੜਕੀ ਮਾਰੇ ਗਏ, ਜਦਕਿ 11 ਹੋਰ ਨਾਗਰਿਕ ਜਖ਼ਮੀ ਹੋ ਗਏ। ਗੋਲਾਬਾਰੀ ਵਿਚ ਕਈ ਮਕਾਨ ਅਤੇ ਫੌਜ ਦੀ ਇਕ ਗੱਡੀ ਨੂੰ ਵੀ ਨੁਕਸਾਨ ਪਹੁੰਚਿਆ। ਭਾਰਤੀ ਫੌਜ ਨੇ ਗੋਲੀਬਾਰੀ ਦਾ ਮੂੰਹ-ਤੋੜ ਜਵਾਬ ਦਿੱਤਾ।

ਜਾਣਕਾਰੀ ਮੁਤਾਬਕ ਪਾਕਿਸਤਾਨੀ ਸੈਨਾ ਨੇ ਪੁਣਛ ਜ਼ਿਲ੍ਹੇ ਦੇ ਸ਼ਾਹਪੁਰ, ਕੇਰਨੀ, ਦਿਗਵਾਰ, ਬਗਯਾਲ ਦਾਰਾ, ਬੰਨਵਟ ਸੈਕਟਰਾਂ ਨੂੰ ਮਾਰਟਾਰ ਗੋਲਿਆਂ ਤੇ ਹਲਕੇ ਹਥਿਆਰਾਂ ਨਾਲ ਨਿਸ਼ਾਨਾ ਬਣਾਇਆ, ਜਿਸ ਵਿਚ ਅਫਰੋਜ਼ ਅਹਿਮਦ (9) ਵਾਸੀ ਨਾਕਾ ਕਸਬਾ ਹਲਾਕ ਹੋ ਗਿਆ। ਪਾਕਿ ਸੈਨਾ ਨੇ ਮੁੜ 10 ਵਜੇ ਦਿਗਵਾਰ ਇਲਾਕੇ 'ਚ ਗੋਲੀਬਾਰ ਕੀਤੀ ਜਿਸ 'ਚ ਸ਼ਮੀਮਾ ਅਖਤਰ (15) ਵਾਸੀ ਦਿਗਵਾਰ ਅਤੇ ਬਜ਼ੁਰਗ ਤਹਿਜ਼ੀਮ ਅਹਿਮਦ ਦੀ ਮੌਤ ਹੋ ਗਈ ਤੇ 11 ਹੋਰ ਲੋਕ ਜ਼ਖ਼ਮੀ ਹੋ ਗਏ। ਰਾਜੌਰੀ ਅਤੇ ਪੁਣਛ ਸੈਕਟਰਾਂ ਨਾਲ ਲਗਦੇ ਰਿਹਾਇਸ਼ੀ ਇਲਾਕਿਆਂ 'ਚ ਇਸ ਸਮੇਂ ਤੱਕ 300 ਦੇ ਕਰੀਬ ਮਕਾਨ ਪਾਕਿ ਗੋਲਾਬਾਰੀ ਨਾਲ ਪ੍ਰਭਾਵਿਤ ਹੋ ਚੁੱਕੇ ਹਨ, ਜਿਸ 'ਚ ਸੈਂਕੜੇ ਪਸ਼ੂ ਵੀ ਗੋਲੀਬਾਰੀ ਦੀ ਭੇਟ ਚੜ੍ਹ ਚੁੱਕੇ ਹਨ। ਜੰਮੂ ਦੀ ਸਰਹੱਦੀ ਬੈਲਟ 'ਚ ਰਹਿੰਦੇ ਲੋਕਾਂ ਵਿਚ ਪਾਕਿ ਗੋਲੀਬਾਰੀ ਕਾਰਨ ਖੌਫ਼ ਹੈ। 30 ਸਤੰਬਰ ਨੂੰ ਬੀ.ਐਸ.ਐਫ ਨੇ ਪਾਕਿ ਵੱਲੋਂ ਅਤਿਵਾਦੀਆਂ ਨੂੰ ਘੁਸਪੈਠ ਕਰਵਾਉਣ ਦੀ ਇਕ ਕੋਸ਼ਿਸ਼ ਨੂੰ ਅਸਫਲ ਕਰਦੇ ਅੰਤਰਰਾਸ਼ਟਰੀ ਸਰਹੱਦ ਉਤੇ ਅਰਨੀਆਂ ਸੈਕਟਰ 'ਚ ਇਕ ਸੁਰੰਗ ਦਾ ਪਤਾ ਲਾਇਆ।

# ਨੌਜਵਾਨ ਪੀੜ੍ਹੀ ਲਈ ਖਿੱਚ ਦਾ ਕੇਂਦਰ ਬਣਿਆ ਵੰਡ ਬਾਰੇ ਮਿਊਜ਼ੀਅਮ



**ਅੰਮ੍ਰਿਤਸਰ:** ਅੰਮ੍ਰਿਤਸਰ ਦੇ ਟਾਊਨ ਹਾਲ ਵਿਚ ਉਸਾਰਿਆ ਗਿਆ 'ਪਾਰਟੀਸ਼ਨ ਮਿਊਜ਼ੀਅਮ' ਆਪਣੇ ਆਪ 'ਚ ਇਕ ਨਿਵੇਕਲਾ ਅਜਾਇਬ ਘਰ ਹੈ। ਮੌਜੂਦਾ ਸਮੇਂ ਇਹ ਅਜਾਇਬ ਘਰ ਨੌਜਵਾਨ ਤੇ ਵਿਦਿਆਰਥੀ ਵਰਗ ਦੀ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ।

ਅਜਾਇਬ ਘਰ ਕਰੀਬ 4 ਕਰੋੜ ਰੁਪਏ ਦੀ ਲਾਗਤ ਨਾਲ 17 ਹਜ਼ਾਰ ਵਰਗ ਫੁੱਟ 'ਚ ਉਸਾਰਿਆ ਗਿਆ ਹੈ। ਪਾਰਟੀਸ਼ਨ ਮਿਊਜ਼ੀਅਮ ਦਰਸ਼ਕਾਂ ਨੂੰ ਦੇਸ਼ ਦੀ ਵੰਡ ਨਾਲ ਪ੍ਰਭਾਵਿਤ ਹੋਏ ਲੋਕਾਂ ਦੀ ਹੱਡ-ਬੀਤੀ ਅਤੇ ਉਨ੍ਹਾਂ ਦੀਆਂ ਨਿਸ਼ਾਨੀਆਂ ਤੋਂ ਰੂ-ਬਰੂ ਕਰਵਾਉਣ ਦੇ ਨਾਲ-ਨਾਲ ਪੰਜਾਬ ਦੀਆਂ ਆਜ਼ਾਦੀ ਲਹਿਰਾਂ ਦੇ ਇਤਿਹਾਸ ਤੋਂ ਵੀ ਜਾਣੂ ਕਰਵਾ ਰਿਹਾ ਹੈ। ਦਰਸ਼ਕ 10 ਰੁਪਏ ਦੀ ਟਿਕਟ ਖਰੀਦ ਕੇ ਪੰਜਾਬ ਗੈਲਰੀ ਵੱਲੋਂ ਪ੍ਰਵੇਸ਼ ਕਰਦੇ ਹਨ ਅਤੇ ਇਸ ਗੈਲਰੀ 'ਚ ਦਰਸ਼ਕਾਂ ਨੂੰ ਪੰਜਾਬ ਨਾਲ ਸਬੰਧਤ ਮੁਗਲ ਕਾਲ ਤੇ ਮਹਾਰਾਜਾ ਰਣਜੀਤ ਸਿੰਘ ਸਹਿਤ ਸੂਫੀ ਕਵੀਆਂ ਬਾਬਾ ਬੁੱਲ੍ਹੇਸ਼ਾਹ, ਵਾਰਿਸ ਸ਼ਾਹ ਅਤੇ ਸ਼ਾਹ ਹੁਸੈਨ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਦੇ ਨਾਲ ਜੁੜੇ ਚਾਰ ਹੋਰਨਾਂ ਕਮਰਿਆਂ 'ਚ ਦਰਸ਼ਕਾਂ ਨੂੰ ਅੰਮ੍ਰਿਤਸਰ ਦੀਆਂ ਵਿਰਾਸਤੀ ਇਮਾਰਤਾਂ ਤੇ ਇਤਿਹਾਸ ਸਹਿਤ ਦੇਸ਼ ਦੀ ਆਜ਼ਾਦੀ ਲਈ ਸੰਨ 1900 ਤੋਂ ਲੈ ਕੇ ਦੇਸ਼ ਦੀ ਵੰਡ ਤੱਕ ਚਲੀਆਂ ਵੱਖ-ਵੱਖ ਲਹਿਰਾਂ ਸਬੰਧੀ ਪ੍ਰਮਾਣਿਕ ਜਾਣਕਾਰੀ ਦਿੱਤੀ ਜਾ ਰਹੀ ਹੈ। ਮਿਊਜ਼ੀਅਮ ਦੇ ਪ੍ਰਮੁੱਖ ਹਾਲ ਵਿਚ ਭਾਰਤ ਦੀ ਧਰਤੀ ਨੂੰ ਦੋ ਹਿੱਸਿਆਂ 'ਚ ਵੰਡਦਾ ਆਰਾ, ਢਹਿ-ਢੇਰੀ ਹੋਏ ਘਰਾਂ ਦੇ ਢਾਂਚੇ, ਰਾਵਲਪਿੰਡੀ ਦੇ ਥੋਹਾ ਖਾਲਸਾ ਦਾ ਉਹ ਇਤਿਹਾਸਕ ਖੂਹ ਜਿਸ 'ਚ ਆਪਣੀ ਇੱਜ਼ਤ ਬਚਾਉਣ ਲਈ 96 ਗੈਰਤਮੰਦ ਸਿੱਖ ਬੀਬੀਆਂ ਨੇ ਛਾਲਾਂ ਮਾਰ ਕੇ ਆਪਣੀ ਕੁਰਬਾਨੀ ਦਿੱਤੀ ਸੀ, ਸਮੇਤ ਫਿਰਕੂ ਦੰਗਿਆਂ ਦੇ ਚੱਲਦਿਆਂ ਲਹੂ-ਲੁਹਾਨ ਹੋਇਆ ਰੇਲਵੇ ਸਟੇਸ਼ਨ ਵੀ ਵਿਖਾਇਆ ਗਿਆ ਹੈ।

# ਗਰੀਬੀ ਦੀ ਮਾਰ ਹੇਠ ਆਇਆ ਆਸਟਰੇਲੀਆ

**ਸਿਡਨੀ:** ਆਸਟਰੇਲੀਆ ਬੇਸ਼ੱਕ ਵਿਕਸਤ ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਹੈ ਪਰ ਇਥੇ ਵੀ ਸਭ ਕੁਝ ਚੰਗਾ ਨਹੀਂ ਹੈ। ਕਰੀਬ ਸਵਾ ਦੋ ਕਰੋੜ ਦੀ ਆਬਾਦੀ ਵਾਲੇ ਇਸ ਦੇਸ਼ ਵਿਚ ਤੀਹ ਲੱਖ ਤੋਂ ਜ਼ਿਆਦਾ ਲੋਕ ਗਰੀਬ ਹਨ, ਜਿਨ੍ਹਾਂ ਵਿਚ 7 ਲੱਖ 31 ਹਜ਼ਾਰ 300 ਬੱਚੇ ਹਨ। ਗਰੀਬੀ ਸਬੰਧੀ ਤਾਜ਼ਾ ਰਿਪੋਰਟ-2016 ਦਰਸਾਉਂਦੀ ਹੈ ਕਿ ਪਿਛਲੇ 10 ਸਾਲ ਦੌਰਾਨ ਆਸਟਰੇਲੀਆ ਸਮੁੱਚੇ ਪੱਧਰ ਉਤੇ ਗਰੀਬੀ ਘਟਾਉਣ ਵਿਚ ਅਸਫਲ ਰਿਹਾ ਹੈ। ਸਾਲ 2013-14 ਵਿਚ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ 13.3 ਫੀਸਦੀ, ਜੋ ਕਿ ਜਨ ਸੰਖਿਆ ਦਾ ਕਰੀਬ 29 ਲੱਖ ਬਣਦੇ ਹਨ, ਲੋਕ ਹੁਣ 17.4 ਫੀਸਦੀ ਹੋ ਗਏ ਹਨ। ਪਤੀ-ਪਤਨੀ ਤੇ ਦੋ ਬੱਚਿਆਂ ਨਾਲ ਹਫਤਾਵਾਰ ਤਨਖਾਹ 895 ਡਾਲਰ ਨੂੰ ਗਰੀਬੀ ਰੇਖਾ ਮੰਨਿਆ ਗਿਆ ਹੈ।

ਇਹ ਖੁਲਾਸਾ ਆਸਟਰੇਲੀਆ ਦੀ ਸਰਕਾਰੀ ਸਹਾਇਤਾ ਪ੍ਰਾਪਤ ਆਸਟਰੇਲੀਅਨ ਕੌਂਸਲ ਆਫ ਸੋਸ਼ਲ ਸਰਵਸਿਜ਼ ਸੰਸਥਾ ਨੇ ਘਰੇਲੂ ਖਰਚਾ ਸਰਵੇਖਣ ਦੀ ਰਿਪੋਰਟ ਦੇ ਆਧਾਰ ਉਤੇ ਕੀਤਾ ਹੈ। ਇਹ ਕੌਂਸਲ ਸਮਾਜ ਸੇਵਾ ਖੇਤਰ ਵਿਚ ਗਰੀਬੀ ਅਤੇ ਅਸਮਾਨਤਾ ਨਾਲ ਪ੍ਰਭਾਵਿਤ ਲੋਕਾਂ ਦੀਆਂ ਲੋੜਾਂ ਲਈ ਕੌਮੀ ਆਵਾਜ਼ ਵਜੋਂ ਕੰਮ ਕਰਦੀ ਹੈ। ਜ਼ਿਕਰਯੋਗ ਹੈ ਕਿ ਸੰਨ 2011 ਦੀ ਮਰਦਮਸ਼ੁਮਾਰੀ ਮੁਤਾਬਕ ਆਸਟਰੇਲੀਆ ਵਿਚ 1,05,237 ਲੋਕ ਬੇਘਰ ਸਨ। ਸਾਲ 2016 ਦੀ ਮਰਦਮਸ਼ੁਮਾਰੀ ਤੱਕ ਇਨ੍ਹਾਂ ਵਿਚ 17 ਫੀਸਦੀ ਦਾ ਵਾਧਾ ਹੋਇਆ ਹੈ।

ਆਸਟਰੇਲੀਆ ਵਿਚ ਗਰੀਬੀ ਵਿਚ ਰਹਿਣ ਵਾਲੇ ਲੋਕ ਸਰਕਾਰੀ ਆਰਥਿਕ ਸਹਾਇਤਾ ਉਤੇ ਨਿਰਭਰ ਹਨ। ਘੱਟ ਆਮਦਨੀ ਵਾਲੇ ਘਰਾਂ ਦੇ ਲਗਭਗ ਦੋ-ਤਿਹਾਈ ਲੋਕ ਸਾਲ 2015-16 ਵਿਚ ਤਣਾਅ ਵਿਚ ਸਨ। ਕਰੀਬ 20 ਫੀਸਦੀ ਲੋਕਾਂ ਦੀ ਸਭ ਤੋਂ ਘੱਟ ਆਮਦਨੀ ਦੇ ਗਰੁੱਪ 'ਚ ਘਰਾਂ ਦੀ ਕਿਸ਼ਤ/ ਕਿਰਾਇਆ, ਖਾਣੇ ਅਤੇ ਊਰਜਾ ਉਤੇ ਪਿਛਲੇ ਛੇ ਸਾਲ ਪਹਿਲਾਂ ਨਾਲੋਂ ਖਰਚੇ ਵੱਧ ਹੋ ਰਹੇ ਹਨ।

ਸਾਲ 2009-10 ਵਿਚ ਹੇਠਲੇ 20 ਲੋਕਾਂ ਨੇ ਆਪਣੀ ਆਮਦਨੀ ਦਾ 20.8 ਫੀਸਦੀ ਹਿੱਸਾ ਰਿਹਾਇਸ਼, 4 ਫੀਸਦੀ ਊਰਜਾ ਅਤੇ 18.3 ਫੀਸਦੀ ਭੋਜਨ ਉਤੇ ਖਰਚ ਕੀਤਾ ਸੀ। ਸਾਲ 2015-16 ਵਿਚ ਰਿਹਾਇਸ਼ ਉਤੇ 23.4 ਫੀਸਦੀ, ਊਰਜਾ 'ਤੇ 4.4 ਫੀਸਦੀ ਅਤੇ ਭੋਜਨ ਉਤੇ 18.7 ਫੀਸਦੀ ਖਰਚ ਹੋਇਆ।

## ਮਧੂ ਕੌੜਾ 'ਤੇ ਤਿੰਨ ਸਾਲ ਚੋਣ ਲੜਨ ਦੀ ਪਾਬੰਦੀ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਮਧੂ ਕੌੜਾ ਨੂੰ 2009 ਦੀਆਂ ਲੋਕ ਸਭਾ ਚੋਣਾਂ ਦੌਰਾਨ ਕੀਤੇ ਖਰਚੇ ਦੀ ਜਾਣਕਾਰੀ ਮੁਹੱਈਆ ਕਰਾਉਣ ਵਿਚ ਨਾਕਾਮ ਰਹਿਣ 'ਤੇ 3 ਸਾਲਾਂ ਲਈ ਚੋਣ ਲੜਨ ਤੋਂ ਅਯੋਗ ਠਹਿਰਾ ਦਿੱਤਾ ਹੈ।

ਡਿਸ਼ਵਾਸ਼ਰ, ਕਿਚਨ ਹੈਲਪਰ ਅਤੇ ਤੰਦੂਰੀਏ ਕੁੱਕ ਦੀ ਫੌਰੀ ਲੋੜ ਹੈ
ਮਿਲਵਾਕੀ (ਵਿਸਕਾਨਸਿਨ) ਵਿਚ ਬਾਲੀਵੁੱਡ ਗਰਿਲ ਅਤੇ ਟੇਸਟ ਆਫ ਇੰਡੀਆ ਰੈਸਟੋਰੈਂਟ ਲਈ ਡਿਸ਼ਵਾਸ਼ਰ, ਕਿਚਨ ਹੈਲਪਰ ਅਤੇ ਤੰਦੂਰੀਏ ਕੁੱਕ ਦੀ ਫੌਰੀ ਲੋੜ ਹੈ।
ਰਿਹਾਇਸ਼, ਟਰਾਂਸਪੋਰਟੇਸ਼ਨ ਤੇ ਖਾਣਾ ਮੁਫਤ
ਸੰਪਰਕ ਕਰੋ, ਮਨਜੀਤ ਸਿੰਘ
ਫੋਨ: 262-894-0913
39-40

DHOL RADIO
WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

ਪੰਜਾਬ ਟਾਈਮਜ਼

*ਸਨਿਚਰਵਾਰ, 7 ਅਕਤੂਬਰ 2017*

## ਅਮਰੀਕਾ, ਅਤਿਵਾਦ ਅਤੇ ਗੰਨ ਕਲਚਰ

ਲਾਸ ਵੇਗਸ ਵਿਚ ਇਕ ਸਿਰਫਿਰੇ ਵੱਲੋਂ ਕੀਤੀ ਗੋਲੀਬਾਰੀ ਨੇ ਅਮਰੀਕਾ ਹੀ ਨਹੀਂ, ਸਮੁੱਚੇ ਸੰਸਾਰ ਨੂੰ ਦਹਿਲਾ ਕੇ ਰੱਖ ਦਿੱਤਾ ਹੈ। ਇਸ ਮਨੋਵਿਕਾਰੀ ਸ਼ਖਸ ਨੇ ਹੋਟਲ ਦੀ 32ਵੀਂ ਮੰਜ਼ਿਲ ਤੋਂ ਹੇਠਾਂ ਚੱਲ ਰਹੇ ਸੰਗੀਤ ਸਮਾਗਮ ਵਿਚ ਹਿੱਸਾ ਲੈ ਰਹੇ ਲੋਕਾਂ ਉਤੇ ਅੰਧਾ-ਧੁੰਦ ਗੋਲੀਆਂ ਚਲਾ ਕੇ 59 ਜਾਨਾਂ ਲੈ ਲਈਆਂ ਅਤੇ ਸਾਢੇ ਪੰਜ ਸੌ ਦੇ ਕਰੀਬ ਲੋਕਾਂ ਨੂੰ ਜ਼ਖਮੀ ਕਰ ਦਿੱਤਾ। ਰਾਸ਼ਟਰਪਤੀ ਡੋਨਲਡ ਟਰੰਪ ਭਾਵੇਂ ਆਏ ਦਿਨ ਅਤਿਵਾਦ ਖਿਲਾਫ ਲੜਾਈਆਂ ਦੀਆਂ ਟਾਹਰਾਂ ਅਕਸਰ ਮਾਰਦੇ ਰਹਿੰਦੇ ਹਨ, ਪਰ ਇਸ ਘਟਨਾ ਨੇ ਅਮਰੀਕੀ ਮਾਨਸਿਕਤਾ ਅਤੇ ਨਕਾਰਾ ਸਿਆਸੀ ਸਿਸਟਮ ਸਾਫ ਜ਼ਾਹਰ ਕਰ ਦਿੱਤਾ ਹੈ। ਕੋਈ ਬੰਦਾ ਬੜੇ ਆਰਾਮ ਨਾਲ ਦਸ ਸੂਟਕੇਸਾਂ ਵਿਚ 16 ਬੰਦੂਕਾਂ ਤੇ 8 ਪਿਸਤੌਲ ਲੈ ਕੇ ਹੋਟਲ ਅੰਦਰ ਚਲਾ ਗਿਆ ਅਤੇ ਕਿਸੇ ਨੇ ਕਿਤੇ ਪੁੱਛਿਆ ਤਕ ਨਹੀਂ! ਅਮਰੀਕਾ ਵਿਚ ਅਜਿਹੀ ਵਾਪਰਨ ਵਾਲੀ ਇਹ ਕੋਈ ਇਕੱਲੀ-ਇਕਹਿਰੀ ਘਟਨਾ ਨਹੀਂ ਹੈ। ਆਏ ਦਿਨ ਇਸ ਤਰ੍ਹਾਂ ਦੀਆਂ ਸਮੂਹਿਕ ਕਤਲਾਂ ਦੀਆਂ ਘਟਨਾਵਾਂ ਅਕਸਰ ਵਾਪਰਦੀਆਂ ਹਨ ਅਤੇ ਇਨ੍ਹਾਂ ਘਟਨਾਵਾਂ ਤੋਂ ਬਾਅਦ ਅਮਰੀਕਾ ਦੇ 'ਗੰਨ ਕਲਚਰ' ਬਾਰੇ ਬਹਿਸਾਂ ਵੀ ਛਿੜਦੀਆਂ ਹਨ, ਪਰ ਪਰਨਾਲਾ ਸਦਾ ਉਥੇ ਦਾ ਉਥੇ ਹੀ ਰਹਿੰਦਾ ਹੈ। ਅਮਰੀਕਾ ਵਿਚ ਸੰਵਿਧਾਨ ਦੀ ਦੂਜੀ ਸੋਧ ਰਾਹੀਂ ਹਰ ਸ਼ਖਸ ਨੂੰ ਆਪਣੀ ਸਵੈ-ਰੱਖਿਆ ਲਈ ਹਥਿਆਰ ਰੱਖਣ ਦੀ ਖੁੱਲ੍ਹ ਦਿੱਤੀ ਗਈ ਹੈ। ਬਹਿਸਾਂ ਦੌਰਾਨ ਇਸ ਸੋਧ ਵਿਚ ਅਗਾਂਹ ਸੋਧ ਕੀਤੇ ਜਾਣ ਦੀ ਮੰਗ ਬੜੇ ਜ਼ੋਰ ਨਾਲ ਉਠਦੀ ਹੈ। ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਆਪਣੇ ਅੱਠ ਸਾਲ ਦੇ ਕਾਰਜਕਾਲ ਦੌਰਾਨ 15 ਵਾਰ ਇਸ ਸੋਧ ਵਿਚ ਸੋਧ ਦੀ ਕੋਸ਼ਿਸ਼ ਕੀਤੀ, ਤਾਂ ਕਿ 'ਗੰਨ ਕਲਚਰ' ਨੂੰ ਕੰਟਰੋਲ ਕੀਤਾ ਜਾ ਸਕੇ; ਪਰ ਗੱਲ ਕਿਸੇ ਤਣ-ਪੱਤਣ ਨਹੀਂ ਲੱਗ ਸਕੀ। ਫਿਰ ਆਪਣੇ ਕਾਰਜਕਾਲ ਦੇ ਆਖਰੀ ਸਮੇਂ ਦੌਰਾਨ ਉਨ੍ਹਾਂ ਰਾਸ਼ਟਰਪਤੀ ਦੇ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰਦਿਆਂ ਇਕ ਹੰਭਲਾ ਹੋਰ ਮਾਰਿਆ, ਪਰ ਅਮਰੀਕਾ ਦੀ ਮਜ਼ਬੂਤ 'ਗੰਨ ਲੌਬੀ' ਨੇ ਅਜਿਹਾ ਹੋਣ ਨਹੀਂ ਦਿੱਤਾ ਅਤੇ ਰਿਪਬਲਿਕਨ ਪਾਰਟੀ ਇਸ ਹੰਭਲੇ ਦੇ ਖਿਲਾਫ ਭੁਗਤੀ। ਨੈਸ਼ਨਲ ਰਾਈਫਲ ਐਸੋਸੀਏਸ਼ਨ ਦੀ ਅਗਵਾਈ ਹੇਠ ਕੰਮ ਕਰਦੀ ਇਹ 'ਗੰਨ ਲੌਬੀ' ਅਸਲ ਵਿਚ ਚਾਹੁੰਦੀ ਹੀ ਨਹੀਂ ਕਿ ਸੰਵਿਧਾਨ ਦੀ ਦੂਜੀ ਸੋਧ ਵਿਚ ਕੋਈ ਅਜਿਹੀ ਸੋਧ ਹੋਵੇ ਜਿਸ ਨਾਲ ਇਸ ਦੇ ਕਰੋੜਾਂ ਡਾਲਰਾਂ ਦੇ ਕਾਰੋਬਾਰ ਨੂੰ ਠੇਸ ਵੱਜੇ। ਇਸ ਐਸੋਸੀਏਸ਼ਨ ਨੂੰ ਰਾਸ਼ਟਰਪਤੀ ਟਰੰਪ ਦੀ ਮੁਕੰਮਲ ਸਰਪ੍ਰਸਤੀ ਮਿਲੀ ਹੋਈ ਹੈ। ਰਾਸ਼ਟਰਪਤੀ ਚੋਣਾਂ ਦੌਰਾਨ ਡੋਨਲਡ ਟਰੰਪ ਰੈਲੀਆਂ ਵਿਚ ਲੋਕਾਂ ਨੂੰ ਸਿੱਧੇ ਸੰਬੋਧਨ ਕਰਦਿਆਂ ਵਾਰ ਵਾਰ ਇਹ ਮੁੱਦਾ ਉਠਾਉਂਦੇ ਰਹੇ ਹਨ, "ਜੇ ਕਿਤੇ ਐਤਕੀਂ ਵੀ ਡੈਮੋਕਰੈਟਿਕ ਪਾਰਟੀ ਜਿੱਤ ਗਈ ਤਾਂ ਫਿਰ ਤੁਸੀਂ ਆਪਣੀ ਰੱਖਿਆ ਲਈ ਗੰਨ ਵੀ ਨਹੀਂ ਰੱਖ ਸਕੋਗੇ।" ਇਸ ਸੂਰਤ ਵਿਚ ਤਾਂ ਸਪਸ਼ਟ ਹੀ ਹੈ ਕਿ ਮੌਜੂਦਾ ਪ੍ਰਸ਼ਾਸਨ ਇਸ ਮਾਮਲੇ ਵਿਚ ਕੋਈ ਕਾਰਵਾਈ ਨਹੀਂ ਕਰੇਗਾ। ਇਸ ਵੇਲੇ ਸਾਢੇ ਪੰਜ ਕਰੋੜ ਅਮਰੀਕੀਆਂ ਕੋਲ ਸਵੈ-ਚਾਲਿਤ ਹਥਿਆਰ ਹਨ। ਇਨ੍ਹਾਂ ਹਥਿਆਰਾਂ ਦੀ ਮਾਰ ਕਾਰਨ ਸਾਹਮਣੇ ਆਏ ਅੰਕੜੇ ਹੌਲ ਪਾਉਣ ਵਾਲੇ ਹਨ। ਸਾਲ 2017 ਦੇ ਅਜੇ 9 ਮਹੀਨੇ ਲੰਘੇ ਹਨ ਅਤੇ ਅਜਿਹੀਆਂ ਘਟਨਾਵਾਂ ਵਿਚ ਹੁਣ ਤਕ 11000 ਹਜ਼ਾਰ ਜਾਨਾਂ ਜਾ ਚੁਕੀਆਂ ਹਨ। ਪਿਛਲੇ ਸਾਲ ਜੂਨ ਮਹੀਨੇ ਓਰਲੈਂਡੋ (ਫਲੋਰੀਡਾ) ਦੇ ਇਕ ਨਾਈਟ ਕਲੱਬ ਵਿਚ 49 ਸ਼ਖਸ ਗੋਲੀ ਦਾ ਸ਼ਿਕਾਰ ਬਣ ਗਏ ਸਨ।

ਸਿਤਮਜ਼ਰੀਫੀ ਇਹ ਹੈ ਕਿ ਇੰਨੀਆਂ ਘਟਨਾਵਾਂ ਹੋਣ ਦੇ ਬਾਵਜੂਦ ਅਮਰੀਕੀ ਸਮਾਜ ਦੀ ਆਵਾਜ਼ 'ਗੰਨ ਕਲਚਰ' ਦੇ ਖਿਲਾਫ ਨਹੀਂ ਉਠ ਰਹੀ। ਅਸਲ ਵਿਚ ਇਸ ਮਾਮਲੇ ਵਿਚ ਅਮਰੀਕਾ ਆਪਣਾ ਬੀਜਿਆ ਹੀ ਵੱਢ ਰਿਹਾ ਹੈ। ਅਤਿਵਾਦ ਦਾ ਖੌਫ ਹਰ ਅਮਰੀਕੀ ਨਾਗਰਿਕ ਦੇ ਦਿਲ ਅੰਦਰ ਡੂੰਘਾ ਉਤਰ ਚੁਕਾ ਹੈ। ਪਹਿਲਾਂ ਅਲ-ਕਾਇਦਾ ਅਤੇ ਹੁਣ ਇਸਲਾਮਿਕ ਸਟੇਟ ਸੰਸਾਰ ਭਰ ਵਿਚ ਹਊਆ ਬਣੇ ਹੋਏ ਹਨ। ਹੁਣ ਵੀ ਜਦੋਂ ਲਾਸ ਵੇਗਸ ਵਿਚ ਹਮਲੇ ਦੀਆਂ ਖਬਰਾਂ ਆਉਣੀਆਂ ਸ਼ੁਰੂ ਹੋਈਆਂ ਤਾਂ ਪਹਿਲਾਂ-ਪਹਿਲ ਇਸ ਨੂੰ ਅਤਿਵਾਦੀ ਹਮਲਾ ਹੀ ਮੰਨਿਆ ਗਿਆ। ਹੋਰ ਤਾਂ ਹੋਰ, ਇਸਲਾਮਿਕ ਸਟੇਟ ਨਾਲ ਸਬੰਧਤ 'ਅਮਾਕ ਨਿਊਜ਼ ਏਜੰਸੀ' ਨੇ ਤਾਂ ਇਸ ਹਮਲੇ ਦੀ ਜ਼ਿੰਮੇਵਾਰੀ ਵੀ ਲੈ ਲਈ ਸੀ, ਪਰ ਤੁਰੰਤ ਹੀ ਇਹ ਤੱਥ ਸਾਹਮਣੇ ਆ ਗਿਆ ਕਿ ਇਹ 'ਅਤਿਵਾਦੀ ਹਮਲਾ' ਤਾਂ ਕਿਸੇ ਸਿਰਫਿਰੇ ਦਾ ਕਾਰਾ ਸੀ। ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਜਦੋਂ ਇਸ ਘਟਨਾ ਨੂੰ 'ਸ਼ੈਤਾਨ ਦਾ ਕਾਰਾ' ਕਰਾਰ ਦਿੱਤਾ ਗਿਆ ਸੀ ਤਾਂ ਉਨ੍ਹਾਂ ਦੇ ਜ਼ਿਹਨ ਵਿਚ ਜ਼ਰੂਰ ਹੀ ਇਸਲਾਮਿਕ ਸਟੇਟ ਦੇ ਹਮਲੇ ਵਾਲੀ ਸੋਚ ਹੋਵੇਗੀ। ਖੈਰ, ਡੇਢ ਦਹਾਕਾ ਪਹਿਲਾਂ 9/11 ਵਾਲੇ ਹਮਲਿਆਂ ਤੋਂ ਬਾਅਦ ਅਤਿਵਾਦ ਦਾ ਜਿਹੜਾ ਸਿਲਸਿਲਾ ਚੱਲਿਆ ਸੀ, ਉਹ ਅਜੇ ਤਕ ਰੁਕਣ ਦਾ ਨਾਂ ਨਹੀਂ ਲੈ ਰਿਹਾ। ਉਦੋਂ ਇਨ੍ਹਾਂ ਹਮਲਿਆਂ ਪਿਛੋਂ ਜਦੋਂ ਸਮੁੱਚਾ ਸੰਸਾਰ ਦਹਿਲਿਆ ਬੈਠਾ ਸੀ ਤਾਂ ਮਸ਼ਹੂਰ ਅਮਰੀਕੀ ਵਿਦਵਾਨ ਨੌਮ ਚੌਮਸਕੀ ਵੱਲੋਂ ਸਾਹਮਣੇ ਰੱਖੇ ਇਕ ਹੀ ਨੁਕਤੇ ਨੇ ਸਭ ਦਾ ਧਿਆਨ ਖਿਚਿਆ ਸੀ। ਉਸ ਵਕਤ ਇਸ ਵਿਦਵਾਨ ਨੇ ਕਿਹਾ ਸੀ ਕਿ ਅਮਰੀਕੀ ਵਿਦੇਸ਼ ਨੀਤੀ ਜੋ ਹੋਰ ਮੁਲਕਾਂ ਵਿਚ ਹਿੰਸਾ ਬੀਜਦੀ ਰਹੀ ਹੈ, ਉਸ ਹਿੰਸਾ ਨਾਲ ਹੀ ਹੁਣ ਅਮਰੀਕਾ ਨੂੰ ਦੋ-ਚਾਰ ਹੋਣਾ ਪਿਆ ਹੈ। ਇਹ ਵੱਖਰੀ ਬਹਿਸ ਦਾ ਵਿਸ਼ਾ ਹੈ ਕਿ ਇਸ ਤੋਂ ਬਾਅਦ ਵੀ ਅਮਰੀਕਾ ਦੀ ਹਮਲਾਵਰ ਵਿਦੇਸ਼ ਨੀਤੀ ਵਿਚ ਕੋਈ ਖਾਸ ਤਬਦੀਲੀ ਨਹੀਂ ਹੋਈ ਹੈ। ਹਾਂ, ਅਤਿਵਾਦ ਖਿਲਾਫ ਲੜਾਈ ਦੇ ਨਾਂ ਉਤੇ ਸੰਸਾਰ ਪੱਧਰ ਉਤੇ ਹਥਿਆਰਾਂ ਦੀ ਵਿਕਰੀ ਖੂਬ ਹੋ ਰਹੀ ਹੈ। ਹੁਣ ਵੀ ਹਾਲਾਤ ਉਹੀ ਹਨ। ਵ੍ਹਾਈਟ ਹਾਊਸ ਵੱਲੋਂ ਜਾਰੀ ਬਿਆਨ ਇਸ ਦਾ ਪ੍ਰਤੱਖ ਪ੍ਰਮਾਣ ਹੈ। ਆਖਿਆ ਗਿਆ ਹੈ ਕਿ 'ਗੰਨ ਕਲਚਰ' ਬਾਰੇ ਕੋਈ ਬਹਿਸ-ਮੁਬਾਹਿਸਾ ਕਰਨ ਦਾ ਅਜੇ ਢੁਕਵਾਂ ਸਮਾਂ ਨਹੀਂ ਹੈ। ਉਂਜ, ਇਨ੍ਹਾਂ ਘਟਨਾਵਾਂ ਦੇ ਮੱਦੇਨਜ਼ਰ ਇਸ ਵੇਲੇ ਚਾਹੀਦਾ ਇਹ ਹੈ ਕਿ 'ਗੰਨ ਕਲਚਰ' ਕਾਰਨ ਸਮਾਜ ਅੰਦਰ ਪੈਦਾ ਹੋ ਰਹੇ ਹੋਰ ਵਿਕਾਰ ਰੋਕਣ ਲਈ ਇਸ ਮੁੱਦੇ ਬਾਰੇ ਗਹਿਗੱਚ ਬਹਿਸ ਛੇੜੀ ਜਾਵੇ। ਟਰੰਪ ਮਾਅਰਕਾ ਚੋਣਾਂ ਤੋਂ ਬਾਅਦ ਜਦੋਂ ਸਮੁੱਚਾ ਅਮਰੀਕੀ ਸਮਾਜ ਦੋ ਹਿਸਿਆਂ ਵਿਚ ਵੰਡਿਆ ਗਿਆ ਹੋਵੇ ਤਾਂ ਟਰੰਪ ਪ੍ਰਸ਼ਾਸਨ ਤੋਂ ਅਜਿਹੀ ਆਸ ਰੱਖੀ ਨਹੀਂ ਜਾ ਸਕਦੀ ਕਿ ਉਹ 'ਗੰਨ ਕਲਚਰ' ਦੇ ਖਾਤਮੇ ਲਈ ਕੋਈ ਕਦਮ ਉਠਾਉਣਗੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜਦ ਪਾਜ ਉਘੜਦਾ ਏ!*

ਆਗੂ ਧਰਮ ਦੇ ਤਾਕਤਾਂ ਰਾਜਸੀ ਵੀ, ਥੱਲੇ ਅਹੁਦਿਆਂ ਢੱਕਦੇ ਖੋਟ ਮੀਆਂ।
ਭਾਸ਼ਣ ਝਾੜਦੇ ਫਿਰਨ 'ਵਿਦਵਾਨ' ਬਣ ਕੇ, ਪਾ ਕੇ ਬੰਦ ਜਿਹੇ ਗਲੇ ਦਾ ਕੋਟ ਮੀਆਂ।
ਐਸ਼ ਕਰਦਿਆਂ ਇੱਜਤਾਂ ਰੋਲਦੇ ਨੇ, 'ਧੰਦਾ' ਸਮਝਦੇ ਆ ਗਿਐ ਲੋਟ ਮੀਆਂ।
ਪਾਈਏ ਲਾਹਣਤਾਂ ਉਨ੍ਹਾਂ ਹਮਾਇਤੀਆਂ ਨੂੰ, ਐਸੇ 'ਗੰਦ' ਨੂੰ ਪਾਉਣ ਜੋ ਵੋਟ ਮੀਆਂ।
ਬਹੁਤੀ ਦੇਰ ਨਾ 'ਠਕ-ਠਕਾ' ਚੱਲਦਾ ਏ, ਵਿਚੋਂ 'ਜੂਠ' ਤੇ ਬਾਹਰ ਤੋਂ 'ਸੁੱਚਿਆਂ' ਦਾ।
ਤੋਏ ਤੋਏ ਜਹਾਨ ਵਿਚ ਬਹੁਤ ਹੋਵੇ, ਜਦੋਂ ਉਘੜਦਾ ਪਾਜ ਫਿਰ 'ਲੁੱਚਿਆਂ' ਦਾ!

# ਅੰਧਰਾਸ਼ਟਰਵਾਦ, ਰਾਸ਼ਟਰਵਾਦ ਅਤੇ ਉਪ-ਰਾਸ਼ਟਰਵਾਦ

## ਜਮਹੂਰੀਅਤ ਨੂੰ ਪਿਛਾਂਹ ਧੱਕਦਾ ਹੈ ਰਾਸ਼ਟਰਵਾਦ

***ਇਤਿਹਾਸ ਨੂੰ ਗਹੁ ਨਾਲ ਵਾਚਿਆਂ ਪਹਿਲਾ ਪ੍ਰਭਾਵ ਹੀ ਇਹੋ ਬਣਦਾ ਹੈ ਕਿ ਰਾਸ਼ਟਰਵਾਦ ਦੇ ਕਿਰਦਾਰ ਤੇ ਖ਼ਾਸੇ ਵਿਚ ਹੀ ਵਿਸ਼ਿਸ਼ਟਤਾ ਤੇ ਦੂਜੇ ਤੋਂ ਬਿਹਤਰ ਹੋਣ ਦੀ ਭਾਵਨਾ ਨਿਹਿਤ ਹੈ। ਇਹ ਸਿਰਫ਼ ਖ਼ੁਦ ਨੂੰ ਹੀ ਗੁੰਜਾਇਮਾਨ ਸਮਝਦਾ ਹੈ। ਉਪ-ਰਾਸ਼ਟਰਵਾਦ ਤਾਂ ਉਸ ਹਿਸਾਬ ਨਾਲ ਉਸ ਤੋਂ ਵੀ ਖ਼ਤਰਨਾਕ ਮਰਜ਼ ਹੈ। ਸਮਾਜਿਕ ਚਿੰਤਕ ਪਾਲ ਕਰੂਗਮੈਨ ਅਨੁਸਾਰ ਬਹੁਗਿਣਤੀਵਾਦੀ ਰਾਸ਼ਟਰਵਾਦ ਗੰਭੀਰ ਜਮਹੂਰੀ ਘਾਟੇ ਪੈਦਾ ਕਰਦਾ ਹੈ। ਉਹ ਘੱਟ ਗਿਣਤੀ ਸੋਚ ਦੀਆਂ ਖ਼ੂਬੀਆਂ ਤੇ ਜ਼ਾਇਕੇ ਉਤੇ ਗ਼ੌਰ ਕਰਨ ਲਈ ਵੀ ਤਿਆਰ ਨਹੀਂ ਹੁੰਦਾ। ਇਸੇ ਲਈ ਇਸ ਤੋਂ ਹਮੇਸ਼ਾਂ ਚੌਕਸ ਰਹਿਣ ਦੀ ਲੋੜ ਪੈਂਦੀ ਹੈ।***




**ਸੁਰਿੰਦਰ ਸਿੰਘ ਤੇਜ**
ਫੋਨ: +91-98555-01488

ਪਿਛਲੇ ਦੋ ਦਹਾਕਿਆਂ ਦੌਰਾਨ ਭਾਰਤ ਦੀ ਕੌਮੀ ਰਾਜਨੀਤਕ ਧਾਰਾ ਵਿਚ ਤਬਦੀਲੀਆਂ ਦਾ ਰੁਝਾਨ ਲਗਾਤਾਰ ਦੇਖਣ ਨੂੰ ਮਿਲਿਆ ਹੈ। ਪਹਿਲਾਂ ਰਾਸ਼ਟਰਵਾਦ ਨੇ ਜ਼ੋਰ ਫੜਿਆ; ਫਿਰ 26/11 (ਮੁੰਬਈ ਹਮਲਿਆਂ) ਤੋਂ ਬਾਅਦ ਅੰਧਰਾਸ਼ਟਰਵਾਦ ਨੂੰ ਵਿਉਂਤਬੰਦ ਢੰਗ ਨਾਲ ਹਵਾ ਦਿੱਤੀ ਗਈ ਅਤੇ ਹੁਣ ਉਪ-ਰਾਸ਼ਟਰਵਾਦ ਨੂੰ ਹਵਾ ਦੇਣ ਦਾ ਦੌਰ ਸ਼ੁਰੂ ਹੋ ਚੁੱਕਾ ਹੈ। ਅਜਿਹੇ ਮਨੋਵੇਗਾਂ ਨੂੰ ਹਵਾ ਵੀ ਉਨ੍ਹਾਂ ਰਾਜਾਂ ਜਾਂ ਸੂਬਾਈ ਆਗੂਆਂ ਵੱਲੋਂ ਦਿੱਤੀ ਜਾ ਰਹੀ ਹੈ ਜਿਨ੍ਹਾਂ ਵਿਚ ਸਰਕਾਰਾਂ ਭਾਰਤੀ ਜਨਤਾ ਪਾਰਟੀ ਦੀਆਂ ਨਹੀਂ ਹਨ। ਉਨ੍ਹਾਂ ਨੂੰ ਮੌਜੂਦਾ ਹਾਲਾਤ ਅਨੁਸਾਰ ਕੇਂਦਰ ਨਾਲ ਟਕਰਾਅ ਦੀ ਨੀਤੀ ਰਾਸ ਆਉਂਦੀ ਹੈ। ਸ਼ੁਰੂਆਤ ਕਰਨਾਟਕ ਦੇ ਕਾਂਗਰਸੀ ਮੁੱਖ ਮੰਤਰੀ ਸਿੱਧਾਰਮਈਆ ਨੇ ਕੀਤੀ। ਉਨ੍ਹਾਂ ਨੇ ਮੰਗ ਕੀਤੀ ਕਿ ਉਸ ਰਾਜ ਨੂੰ ਆਪਣਾ ਸਰਕਾਰੀ ਝੰਡਾ ਤਿਆਰ ਕਰਨ ਅਤੇ ਇਸ ਨੂੰ ਕੌਮੀ ਝੰਡੇ ਦੇ ਨਾਲ ਸੂਬਾਈ ਇਮਾਰਤਾਂ ਉਤੇ ਝੁਲਾਉਣ ਦੀ ਆਗਿਆ ਦਿੱਤੀ ਜਾਵੇ। ਇਸ ਸਮੇਂ ਸਿਰਫ਼ ਜੰਮੂ ਕਸ਼ਮੀਰ ਦਾ ਆਪਣਾ ਰਿਆਸਤੀ ਝੰਡਾ ਹੈ ਅਤੇ ਇਸ ਨੂੰ ਕੌਮੀ ਝੰਡੇ ਦੇ ਨਾਲ ਝੁਲਾਉਣ ਦੀ ਖੁੱਲ੍ਹ ਵੀ ਹੈ। ਉਸ ਰਾਜ ਨੂੰ ਵੀ ਖੁੱਲ੍ਹ ਇਸ ਆਧਾਰ 'ਤੇ ਹੈ ਕਿ ਧਾਰਾ 370-ਏ ਦੇ ਤਹਿਤ ਉਸ ਨੂੰ ਵਿਸ਼ੇਸ਼ ਦਰਜਾ ਹਾਸਲ ਹੈ। ਕਰਨਾਟਕ ਦਾ ਰੁਤਬਾ ਅਜਿਹਾ ਨਹੀਂ ਅਤੇ ਨਾ ਹੀ ਬੰਗਾਲ ਦਾ, ਜਿਸ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵੀ ਰਾਜ ਨੂੰ ਵੱਖਰੀ ਪਛਾਣ ਤੇ ਵੱਖਰਾ ਪਰਚਮ ਪ੍ਰਦਾਨ ਕੀਤੇ ਜਾਣ ਦੀ ਗੱਲ ਕੀਤੀ ਹੈ। ਸਿੱਧਾਰਮਈਆ ਦਾ ਤਰਕ ਹੈ ਕਿ ਸੰਵਿਧਾਨ ਕਿਸੇ ਵੀ ਰਾਜ ਨੂੰ ਆਪਣਾ ਵੱਖਰਾ ਝੰਡਾ ਅਪਨਾਉਣ ਤੋਂ ਨਹੀਂ ਰੋਕਦਾ। ਲਿਹਾਜ਼ਾ, ਕੰਨੜੀਗਾ ਲੋਕਾਂ ਨੂੰ ਆਪਣੀ ਵੱਖਰੀ ਉਪ-ਰਾਸ਼ਟਰੀ ਪਛਾਣ ਜਤਾਉਣ ਲਈ ਆਪਣਾ ਝੰਡਾ ਅਪਨਾਉਣ ਤੋਂ ਰੋਕਿਆ ਨਹੀਂ ਜਾ ਸਕਦਾ।

ਇਹ ਮੰਗ ਚੁਣਾਵੀ ਰਾਜਨੀਤੀ ਦੀ ਉਪਜ ਹੈ, ਇਹ ਤੱਥ ਜੱਗ-ਜ਼ਾਹਿਰ ਹੈ। ਕਰਨਾਟਕ ਵਿਚ ਚੋਣਾਂ ਅਗਲੇ ਛੇ ਮਹੀਨਿਆਂ ਦੇ ਅੰਦਰ ਹੋਣ ਵਾਲੀਆਂ ਹਨ। ਮੌਜੂਦਾ ਹਾਲਾਤ ਕਾਂਗਰਸ ਦੀ ਹਕੂਮਤ ਦੀ ਵਾਪਸੀ ਲਈ ਸਾਜ਼ਗਾਰ ਨਹੀਂ ਜਾਪਦੇ। ਅਜਿਹੀ ਸਥਿਤੀ ਵਿਚ ਇਹ ਜਜ਼ਬਾਤੀ ਮੁੱਦਾ ਉਠਾ ਕੇ ਰਾਜਸੱਤਾ ਉਤੇ ਵਾਪਸੀ ਦਾ ਸਿੱਧਾਰਮਈਆ ਦਾ ਯਤਨ ਜਮਹੂਰੀ ਹੱਦਬੰਦੀਆਂ ਦੀ ਅਵੱਗਿਆ ਨਹੀਂ। ਉਨ੍ਹਾਂ ਨੂੰ ਪਤਾ ਹੈ ਕਿ ਭਾਜਪਾ ਵੱਲੋਂ ਇਸ ਮੰਗ ਦਾ ਵਿਰੋਧ ਕੀਤਾ ਜਾਵੇਗਾ। ਇਹ ਵਿਰੋਧ ਉਪ-ਰਾਸ਼ਟਰਵਾਦੀ ਧਾਰਾ ਦੇ ਮੁੱਦਈਆਂ ਨੂੰ ਰਾਸ ਆਉਂਦਾ ਹੈ, ਕਿਉਂਕਿ ਇਸ ਰਾਹੀਂ ਉਹ ਕੇਂਦਰ ਨੂੰ ਤਾਨਾਸ਼ਾਹੀ ਤੇ ਸੂਬਾਈ ਖ਼ੁਦਮੁਖ਼ਤਾਰੀ ਦੇ ਵਿਰੋਧੀ ਦੇ ਸਾਂਚੇ ਵਿਚ ਢਾਲ ਕੇ ਪੇਸ਼ ਕਰ ਸਕਦੇ ਹਨ। ਉਂਜ ਵੀ, ਸੰਵਿਧਾਨ ਵੱਖਰੇ ਝੰਡੇ ਦੀ ਮੰਗ ਬਾਰੇ ਖਾਮੋਸ਼ ਹੈ। ਲਿਹਾਜ਼ਾ, ਉਹ ਸੂਬਾਈ ਪਰਚਮ ਦੀ ਮੰਗ ਨੂੰ ਸੂਬਾਈ ਗੌਰਵ ਤੇ ਅਸਮਿਤਾ ਨਾਲ ਸਹਿਜੇ ਹੀ ਜੋੜ ਸਕਦੇ ਹਨ। ਅਸਲੀਅਤ ਤਾਂ ਇਹ ਹੈ ਕਿ ਜਿਸ ਕਿਸਮ ਦਾ ਕੌਮੀ ਜਜ਼ਬਾ ਤੇ ਕੌਮੀ ਇਕਜੁੱਟਤਾ ਆਜ਼ਾਦੀ ਵੇਲੇ ਸੀ, ਉਸ ਦੇ ਮੱਦੇਨਜ਼ਰ ਸੰਵਿਧਾਨ-ਘਾੜਿਆਂ ਨੇ ਇਹ ਕਿਆਸਿਆ ਤਕ ਨਹੀਂ ਹੋਣਾ ਕਿ ਭਵਿਖ ਵਿਚ ਉਪ-ਰਾਸ਼ਟਰਵਾਦ ਵਰਗੀਆਂ ਭਾਵਨਾਵਾਂ ਵੱਖਰੇ ਝੰਡੇ ਤਕ ਵੀ ਪਹੁੰਚ ਜਾਣਗੀਆਂ। ਇਸੇ ਲਈ ਉਨ੍ਹਾਂ ਨੇ ਸੂਬਾਈ ਝੰਡੇ ਸਬੰਧੀ ਮੱਦ ਸੰਵਿਧਾਨ ਵਿਚ ਦਰਜ ਨਹੀਂ ਕੀਤੀ।

ਇਹ ਨਹੀਂ ਕਿ ਉਹ ਉਪ-ਰਾਸ਼ਟਰਵਾਦੀ ਮਨੋਵੇਗਾਂ ਤੋਂ ਨਾਵਾਕਫ਼ ਸਨ। ਉਨ੍ਹਾਂ ਨੂੰ ਪਤਾ ਸੀ ਕਿ ਦੇਸ਼ ਭਗਤੀ ਦਾ ਜਜ਼ਬਾ ਮੱਠਾ ਪੈਂਦਿਆਂ ਹੀ ਖੇਤਰੀਵਾਦੀ ਮੁੱਦੇ ਸਿਰ ਚੁੱਕਣ ਲੱਗਣਗੇ। ਮੁੱਢ ਵਿਚ ਅਜਿਹੇ ਹਰ ਮੁੱਦੇ ਨੂੰ ਨਿਰਉਤਸ਼ਾਹਿਤ ਕੀਤਾ ਗਿਆ, ਪਰ ਨਹਿਰੂ ਅਤੇ ਹੋਰ ਨੇਤਾਵਾਂ ਵਿਚ ਜਮਹੂਰੀ ਸੰਕਲਪ ਮਜ਼ਬੂਤ ਸਨ। ਉਹ ਲੋਕ ਭਾਵਨਾਵਾਂ ਤੋਂ ਉਲਟ ਨਹੀਂ ਸੀ ਜਾ ਸਕਦੇ। ਉਹ ਜਾਣਦੇ ਸਨ ਕਿ ਆਜ਼ਾਦ ਭਾਰਤ ਭਾਸ਼ਾਵਾਂ, ਧਰਮਾਂ ਤੇ ਜਾਤਾਂ ਦੇ ਆਧਾਰ 'ਤੇ ਵੰਡਿਆ ਹੋਇਆ ਸੀ। ਇਨ੍ਹਾਂ ਵੰਡੀਆਂ ਤੇ ਖੇਤਰੀ ਲੋੜਾਂ ਦੀ ਪੂਰਤੀ ਹਿਤ ਦੇਸ਼ ਨੂੰ ਨਵੇਂ ਸਿਆਸੀ ਨਕਸ਼ੇ ਦੀ ਲੋੜ ਸੀ। ਇਸੇ ਲਈ ਉਨ੍ਹਾਂ ਨੇ ਸੂਬਿਆਂ ਦੇ ਭਾਸ਼ਾਈ ਆਧਾਰ 'ਤੇ ਪੁਨਰਗਠਨ ਦੇ ਦਲੇਰਾਨਾ ਪ੍ਰੋਜੈਕਟ ਨੂੰ ਹੱਥ ਪਾਉਣਾ ਵਾਜਬ ਸਮਝਿਆ। ਇਸ ਸਦਕਾ ਦੇਸ਼ ਦਾ ਸਿਆਸੀ ਨਕਸ਼ਾ ਨਵੇਂ ਸਿਰਿਉਂ ਉਲੀਕਿਆ ਗਿਆ। 1950ਵਿਆਂ ਵਿਚ ਸਭ ਤੋਂ ਪਹਿਲਾਂ ਤੈਲਗੂ ਭਾਸ਼ਾਈ ਖੇਤਰਾਂ ਨੂੰ ਮਦਰਾਸ ਸਟੇਟ ਤੋਂ ਵੱਖਰਾ ਕਰ ਕੇ ਆਂਧਰਾ ਪ੍ਰਦੇਸ਼ ਕਾਇਮ ਕੀਤਾ ਗਿਆ। ਨਾਲ ਹੀ ਮਲਿਆਲਮ-ਭਾਸ਼ੀ ਖੇਤਰਾਂ ਉਤੇ ਆਧਾਰਿਤ ਕੇਰਲਾ ਹੋਂਦ ਵਿਚ ਆਇਆ। ਕੰਨੜ ਭਾਸ਼ਾਈ ਖੇਤਰਾਂ ਉਤੇ ਆਧਾਰਿਤ ਮੈਸੂਰ ਸਟੇਟ ਵੱਖਰੇ ਤੌਰ 'ਤੇ ਹੋਂਦ ਵਿਚ ਆਈ ਜਿਸ ਨੂੰ 1973 ਵਿਚ ਕਰਨਾਟਕ ਦਾ ਨਾਮ ਦਿੱਤਾ ਗਿਆ। ਬੰਬਈ ਸਟੇਟ ਦੀ ਵੰਡ ਕਰ ਕੇ ਮਹਾਰਾਸ਼ਟਰ ਤੇ ਗੁਜਰਾਤ ਵੱਖ ਵੱਖ ਰਾਜ ਬਣਾਏ ਗਏ। ਫਿਰ 1960ਵਿਆਂ ਦੇ ਅੱਧ ਵਿਚ ਪੰਜਾਬ ਤੇ ਹਰਿਆਣਾ ਅਲਹਿਦਾ ਕੀਤੇ ਗਏ। ਪਿਛਲੇ ਚਾਰ ਦਹਾਕਿਆਂ ਦੌਰਾਨ ਅਸਾਮ ਦੀ ਵੰਡ ਤਿੰਨ ਵਾਰ ਹੋ ਚੁੱਕੀ ਹੈ। ਉਤਰ ਪ੍ਰਦੇਸ਼, ਮੱਧ ਪ੍ਰਦੇਸ਼ ਤੇ ਬਿਹਾਰ ਇੱਕ ਇੱਕ ਵਾਰ ਵੰਡੇ ਜਾ ਚੁੱਕੇ ਹਨ। ਸਮੁੱਚਾ ਆਂਧਰਾ ਪ੍ਰਦੇਸ਼ ਤੈਲਗੂ ਭਾਸ਼ੀ ਹੋਣ ਦੇ ਬਾਵਜੂਦ ਉਸ ਦੇ ਦੋ ਟੋਟੇ ਇਸੇ ਦਹਾਕੇ ਦੇ ਮੁੱਢ ਵਿਚ ਕੀਤੇ ਗਏ ਹਨ, ਕਿਉਂਕਿ ਉਥੇ ਸਾਂਝੀ ਭਾਸ਼ਾ ਵੀ ਖ਼ਿੱਤਿਆਂ ਦਰਮਿਆਨ ਖਿੱਚੋਤਾਣ ਮਿਟਾਉਣ ਵਿਚ ਨਾਕਾਮ ਰਹੀ। ਅਜਿਹੇ ਪੁਨਰਗਠਨਾਂ ਨੇ ਖੇਤਰੀ ਵਿਕਾਸ ਪੱਖੋਂ ਅਸੰਤੁਲਨ ਕੁਝ ਹੱਦ ਤਕ ਜ਼ਰੂਰ ਦੂਰ ਕੀਤੇ, ਪਰ ਵਿਤਕਰੇ ਤੇ ਪੱਖਪਾਤ ਵਰਗੀਆਂ ਸ਼ਿਕਾਇਤਾਂ ਨਹੀਂ ਮਿਟਾ ਸਕੇ। ਬਲਕਿ ਇਨ੍ਹਾਂ ਸਾਰੀਆਂ ਤਬਦੀਲੀਆਂ ਦੇ ਬਾਵਜੂਦ ਬਹੁਗਿਣਤੀਵਾਦ - ਚਾਹੇ ਉਹ ਧਾਰਮਿਕ ਹੈ ਜਾਂ ਭਾਸ਼ਾਈ ਜਾਂ ਜਾਤੀਵਾਦੀ - ਨਾਲ ਜੁੜੀਆਂ ਬੁਰਾਈਆਂ ਦੂਰ ਨਹੀਂ ਹੋਈਆਂ, ਸਗੋਂ ਇਨ੍ਹਾਂ ਨੂੰ ਮਜ਼ਬੂਤੀ ਹੀ ਮਿਲੀ। ਇਹੀ ਮਜ਼ਬੂਤੀ, ਜਮਹੂਰੀ ਫਲਸਫ਼ੇ ਜਾਂ ਘੱਟ ਗਿਣਤੀ ਦੀ ਰਾਇ ਦੀ ਕਦਰ ਕਰਨ ਦੇ ਰੁਝਾਨ ਨੂੰ ਫਲਣ-ਫੁਲਣ ਨਹੀਂ ਦਿੰਦੀ।



*ਜੰਮੂ ਕਸ਼ਮੀਰ ਅਤੇ ਭਾਰਤ ਦੇ ਝੰਡੇ।*

ਇਤਿਹਾਸ ਨੂੰ ਗਹੁ ਨਾਲ ਵਾਚਿਆਂ ਪਹਿਲਾ ਪ੍ਰਭਾਵ ਹੀ ਇਹੋ ਬਣਦਾ ਹੈ ਕਿ ਰਾਸ਼ਟਰਵਾਦ ਦੇ ਕਿਰਦਾਰ ਤੇ ਖ਼ਾਸੇ ਵਿਚ ਹੀ ਵਿਸ਼ਿਸ਼ਟਤਾ ਤੇ ਦੂਜੇ ਤੋਂ ਬਿਹਤਰ ਹੋਣ ਦੀ ਭਾਵਨਾ ਨਿਹਿਤ ਹੈ। ਇਹ ਸਿਰਫ਼ ਖ਼ੁਦ ਨੂੰ ਹੀ ਗੁੰਜਾਇਮਾਨ ਸਮਝਦਾ ਹੈ। ਉਪ-ਰਾਸ਼ਟਰਵਾਦ ਤਾਂ ਉਸ ਹਿਸਾਬ ਨਾਲ ਉਸ ਤੋਂ ਵੀ ਖ਼ਤਰਨਾਕ ਮਰਜ਼ ਹੈ। ਸਮਾਜਿਕ ਚਿੰਤਕ ਪਾਲ ਕਰੂਗਮੈਨ ਅਨੁਸਾਰ ਬਹੁਗਿਣਤੀਵਾਦੀ ਰਾਸ਼ਟਰਵਾਦ ਗੰਭੀਰ ਜਮਹੂਰੀ ਘਾਟੇ ਪੈਦਾ ਕਰਦਾ ਹੈ। ਉਹ ਘੱਟ ਗਿਣਤੀ ਸੋਚ ਦੀਆਂ ਖ਼ੂਬੀਆਂ ਤੇ ਜ਼ਾਇਕੇ ਉਤੇ ਗ਼ੌਰ ਕਰਨ ਲਈ ਵੀ ਤਿਆਰ ਨਹੀਂ ਹੁੰਦਾ। ਇਸੇ ਲਈ ਇਸ ਤੋਂ ਹਮੇਸ਼ਾਂ ਚੌਕਸ ਰਹਿਣ ਦੀ ਲੋੜ ਪੈਂਦੀ ਹੈ।

ਦੂਜੇ ਪਾਸੇ, ਜਮਹੂਰੀਅਤ 'ਮਾਨਸੁ ਕੀ ਜਾਤ ਸਭੈ ਏਕੈ ਪਹਿਚਾਨਬੋ' ਦੇ ਸੰਕਲਪ ਉਤੇ ਆਧਾਰਿਤ ਹੈ, ਪਰ ਰਾਸ਼ਟਰਵਾਦ ਜਾਂ ਉਪ-ਰਾਸ਼ਟਰਵਾਦ ਇਸ ਸੰਕਲਪ ਨੂੰ ਮੁਖਾਤਿਬ ਹੀ ਨਹੀਂ ਹੁੰਦੇ। ਅਸੀਂ ਦੇਖ ਹੀ ਚੁੱਕੇ ਹਾਂ ਕਿ ਇੱਕ ਝੰਡੇ 'ਤੇ ਮਾਣ ਕਰਨ ਅਤੇ ਇਕ ਮਾਤਾ ਦੀ ਜੈ ਕਰਨ ਦੇ ਸੰਕਲਪ ਨੂੰ ਪਹਿਲਾਂ ਕਿਸ ਸਨਕੀ ਢੰਗ ਨਾਲ ਭੁਨਾਇਆ (ਵਰਤਿਆ) ਜਾ ਰਿਹਾ ਹੈ। ਹੋਰ ਵੰਡੀਆਂ, ਹੋਰ ਝੰਡੇ ਕੀ ਕਹਿਰ ਢਾਹ ਸਕਦੇ ਹਨ, ਉਸ ਬਾਰੇ ਸੁਚੇਤ ਹੋਣ ਦੀ ਲੋੜ ਹੈ।

***ਜਮਹੂਰੀਅਤ 'ਮਾਨਸੁ ਕੀ ਜਾਤ ਸਭੈ ਏਕੈ ਪਹਿਚਾਨਬੋ' ਦੇ ਸੰਕਲਪ ਉਤੇ ਆਧਾਰਿਤ ਹੈ, ਪਰ ਰਾਸ਼ਟਰਵਾਦ ਜਾਂ ਉਪ-ਰਾਸ਼ਟਰਵਾਦ ਇਸ ਸੰਕਲਪ ਨੂੰ ਮੁਖਾਤਿਬ ਹੀ ਨਹੀਂ ਹੁੰਦੇ। ਅਸੀਂ ਦੇਖ ਹੀ ਚੁੱਕੇ ਹਾਂ ਕਿ ਇੱਕ ਝੰਡੇ 'ਤੇ ਮਾਣ ਕਰਨ ਅਤੇ ਇਕ ਮਾਤਾ ਦੀ ਜੈ ਕਰਨ ਦੇ ਸੰਕਲਪ ਨੂੰ ਪਹਿਲਾਂ ਕਿਸ ਸਨਕੀ ਢੰਗ ਨਾਲ ਭੁਨਾਇਆ (ਵਰਤਿਆ) ਜਾ ਰਿਹਾ ਹੈ। ਹੋਰ ਵੰਡੀਆਂ, ਹੋਰ ਝੰਡੇ ਕੀ ਕਹਿਰ ਢਾਹ ਸਕਦੇ ਹਨ, ਉਸ ਬਾਰੇ ਸੁਚੇਤ ਹੋਣ ਦੀ ਲੋੜ ਹੈ।***

# ਬੁਲਟ ਟਰੇਨ ਅਤੇ ਮੌਤ ਵੰਡਦਾ ਰੇਲ ਢਾਂਚਾ

***ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਜਪਾਨ ਦੇ ਪ੍ਰਧਾਨ ਮੰਤਰੀ ਸ਼ਿੰਜ਼ੋ ਆਬੇ ਵੱਲੋਂ ਅਹਿਮਦਾਬਾਦ ਵਿਚ ਅਹਿਮਦਾਬਾਦ-ਮੁੰਬਈ ਬੁਲੇਟ ਟਰੇਨ ਪ੍ਰਾਜੈਕਟ ਦਾ ਬਹੁਤ ਪ੍ਰਚਾਰ ਕੀਤਾ ਗਿਆ ਹੈ, ਪਰ ਇਸ ਵੇਲੇ ਜੋ ਹਾਲ ਭਾਰਤੀ ਰੇਲਵੇ ਦਾ ਹੈ, ਜਿਸ ਰਾਹੀਂ ਲੱਖਾਂ ਆਮ ਲੋਕ ਹਰ ਦਿਨ ਸਫਰ ਕਰਦੇ ਹਨ, ਉਸ ਵੱਲ ਖਾਸ ਧਿਆਨ ਨਹੀਂ ਦਿੱਤਾ ਜਾ ਰਿਹਾ। ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਲੇਖ ਵਿਚ ਸਰਕਾਰ ਦੇ ਅਖੌਤੀ ਵਿਕਾਸ ਦਾ ਭਾਂਡਾ ਭੰਨਿਆ ਹੈ। -ਸੰਪਾਦਕ***

**ਬੂਟਾ ਸਿੰਘ**
ਫੋਨ: +91-94634-74342

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਜਪਾਨ ਦੇ ਪ੍ਰਧਾਨ ਮੰਤਰੀ ਸ਼ਿੰਜ਼ੋ ਆਬੇ ਨੇ ਅਹਿਮਦਾਬਾਦ ਵਿਚ ਅਹਿਮਦਾਬਾਦ-ਮੁੰਬਈ ਬੁਲੇਟ ਟਰੇਨ ਪ੍ਰੋਜੈਕਟ ਦਾ ਉਦਘਾਟਨ ਕੀਤਾ। ਇਸ ਪ੍ਰੋਜੈਕਟ ਨੂੰ ਅਗਲੇ ਪੰਜ ਸਾਲਾਂ ਵਿਚ, 2022 ਤਕ ਮੁਕੰਮਲ ਕੀਤੇ ਜਾਣ ਦਾ ਟੀਚਾ ਹੈ ਅਤੇ ਇਸ ਉਪਰ 1.10 ਲੱਖ ਕਰੋੜ ਰੁਪਏ ਖ਼ਰਚੇ ਦਾ ਅੰਦਾਜ਼ਾ ਹੈ। ਇਸ ਲਈ 80% ਸਰਮਾਇਆ ਕਰਜ਼ੇ ਵਜੋਂ ਜਪਾਨ ਦੇਵੇਗਾ। ਸ਼ਰਤ ਹੈ ਕਿ ਬੁਲੇਟ ਟਰੇਨ ਦਾ 30% ਸਮਾਨ ਜਪਾਨੀ ਫਰਮਾਂ ਤੋਂ ਖ਼ਰੀਦਿਆ ਜਾਵੇਗਾ; ਕਿਹਾ ਜਾ ਰਿਹਾ ਹੈ ਕਿ ਨਾਲ ਹੀ ਜਪਾਨ ਤਕਨਾਲੋਜੀ ਵਿਚ ਸਵੈਨਿਰਭਰ ਬਣਾਉਣ ਲਈ ਹਿੰਦੁਸਤਾਨ ਦੀ ਮਦਦ ਕਰੇਗਾ।

50 ਸਾਲ ਵਿਚ ਵਾਪਸ ਕੀਤੇ ਜਾਣ ਵਾਲੇ ਇਸ ਕਰਜ਼ੇ ਉਪਰ 0.01% ਵਿਆਜ ਵਸੂਲਿਆ ਜਾਵੇਗਾ। ਜਪਾਨ ਦੀ ਆਰਥਿਕਤਾ ਪਿਛਲੇ ਲੰਮੇ ਸਮੇਂ ਤੋਂ ਆਰਥਿਕ ਮੰਦਵਾੜੇ, ਮਹਿੰਗਾਈ ਘਟਾਏ ਜਾਣ ਅਤੇ ਵਿਆਜ ਦਰਾਂ ਵਿਚ ਵੱਡੀ ਕਟੌਤੀ ਕੀਤੇ ਜਾਣ ਲਈ ਮਜਬੂਰ ਹੋਣ ਦੀਆਂ ਵਿਕਰਾਲ ਸਮਸਿਆਵਾਂ ਦਾ ਸਾਹਮਣਾ ਕਰ ਰਹੀ ਹੈ। ਇਸ ਵਕਤ ਵਿਆਜ ਦਰ 0.05% ਤਕ ਡਿਗ ਚੁੱਕੀ ਹੈ ਜੋ 1997 ਵਿਚ 2.3 ਫ਼ੀਸਦੀ ਸੀ। ਇਸੇ ਤਰ੍ਹਾਂ ਪਹਿਲਾਂ 1997 ਵਿਚ ਦਿੱਲੀ ਵਿਚ ਮੈਟਰੋ ਪ੍ਰੋਜੈਕਟ ਲਈ ਜਪਾਨ ਤੋਂ ਕਰਜ਼ਾ ਲਿਆ ਗਿਆ ਸੀ, ਤੀਹ ਸਾਲ ਵਿਚ ਮੋੜੇ ਜਾਣ ਵਾਲੇ ਉਸ ਕਰਜ਼ੇ ਉਪਰ ਉਦੋਂ ਵਿਆਜ 2.3% ਤੈਅ ਕੀਤਾ ਗਿਆ ਸੀ। ਜੇ ਜਪਾਨ ਹਾਲੀਆ ਨਵੇਂ ਪ੍ਰੋਜੈਕਟ ਲਈ ਦਿੱਤੇ ਜਾਣ ਵਾਲੇ ਕਰਜ਼ੇ ਉਪਰ ਵਿਆਜ ਦਰ ਨੂੰ 2.3% ਤੋਂ ਘਟਾ ਕੇ 0.01% ਦਰ ਤਹਿਤ ਸਹਿਮਤ ਹੋਇਆ ਹੈ ਤਾਂ ਇਸ ਦਾ ਮਤਲਬ ਇਹ ਹੈ ਕਿ ਐਨੇ ਘੱਟ ਵਿਆਜ ਉਪਰ ਸਰਮਾਇਆ ਲਾਉਣਾ ਉਸ ਦੀ ਆਰਥਿਕ ਜ਼ਰੂਰਤ ਹੈ।

ਮੋਦੀ ਮੁਤਾਬਿਕ, "ਵਿਕਾਸ ਲਈ ਖ਼ਵਾਬਾਂ ਦਾ ਦਾਇਰਾ ਫੈਲਾਉਣ ਪੈਂਦਾ ਹੈ, ਇਸ ਨੂੰ ਹਾਸਲ ਕਰਨ ਲਈ ਤਾਕਤ ਤੈਅ ਕਰਨੀ ਹੁੰਦੀ ਹੈ। ਇਹ ਹੁਣ ਨਿਊ ਇੰਡੀਆ ਹੈ ਜੋ ਉਚੀ ਉਡਾਣ ਭਰੇਗਾ ਜਿਸ ਵਿਚ ਨਵੀਂ ਤਕਨਾਲੋਜੀ ਤਹਿਤ ਨਤੀਜੇ ਵਧੇਰੇ ਤੇਜ਼ੀ ਨਾਲ ਹਾਸਲ ਹੋਣਗੇ।" ਕੀ ਇਹ ਆਮ ਆਦਮੀ ਦਾ ਖ਼ਵਾਬ ਹੈ, ਜਾਂ ਐਸੇ ਪ੍ਰਧਾਨ ਮੰਤਰੀ ਦਾ, ਜਿਸ ਨੂੰ ਨੀਰੋ ਦੇ ਨਕਸ਼ੇ-ਕਦਮਾਂ 'ਤੇ ਚੱਲਣਾ ਪਸੰਦ ਹੈ? ਇਹ ਐਸਾ ਖ਼ਵਾਬ ਹੈ ਜਿਸ ਵਿਚ ਬੁਲੇਟ ਟਰੇਨ ਦਾ ਆਧੁਨਿਕ ਤਕਨਾਲੋਜੀ ਆਧਾਰਤ 'ਵਿਕਾਸ' ਅਤੇ ਰੇਲਵੇ ਦੇ ਖ਼ਸਤਾ ਹਾਲ ਬੁਨਿਆਦੀ ਢਾਂਚੇ ਕਾਰਨ ਹਜ਼ਾਰਾਂ ਮੌਤਾਂ ਦਾ ਵਰਤਾਰਾ ਨਾਲੋ-ਨਾਲ ਚਲਦਾ ਰਹਿ ਸਕਦਾ ਹੈ ਅਤੇ ਚਲ ਰਿਹਾ ਹੈ।

ਇਸ ਜਸ਼ਨੀ ਉਦਘਾਟਨ ਤੋਂ ਮਹਿਜ਼ ਇਕ ਹਫ਼ਤੇ ਦੇ ਅੰਦਰ ਹੀ 20 ਸਤੰਬਰ ਨੂੰ ਮੁੰਬਈ ਵਿਚ ਕਾਲਜ ਤੋਂ ਵਾਪਸ ਆਪਣੇ ਘਰ ਪਰਤ ਰਹੀ ਵਿਦਿਆਰਥਣ ਦੀ ਲੋਕਲ ਟਰੇਨ ਤੋਂ ਡਿੱਗ ਜਾਣ ਕਾਰਨ ਮੌਤ ਹੋ ਗਈ। ਮੁੰਬਈ ਵਿਚ ਲੋਕਲ ਟਰੇਨਾਂ ਆਮ ਲੋਕਾਂ ਲਈ ਆਵਾਜਾਈ ਦਾ ਸਭ ਤੋਂ ਵੱਡਾ ਕਿਫ਼ਾਇਤੀ ਸਾਧਨ ਹੈ। ਜ਼ਰੂਰਤ ਮੁਤਾਬਿਕ ਰੇਲਾਂ ਦੀ ਸਹੂਲਤ ਨਾ ਹੋਣ ਕਾਰਨ ਇਨ੍ਹਾਂ ਰੇਲਾਂ ਵਿਚ ਐਨੀ ਜ਼ਿਆਦਾ ਭੀੜ ਹੁੰਦੀ ਹੈ ਕਿ ਪੈਰ ਧਰਨ ਲਈ ਜਗ੍ਹਾ ਲੱਭਣੀ ਮੁਸ਼ਕਲ ਹੋ ਜਾਂਦੀ ਹੈ। ਦੋ ਹਫ਼ਤੇ ਬਾਅਦ ਹੀ 29 ਸਤੰਬਰ ਨੂੰ ਮੈਗਾ ਸਿਟੀ ਮੁੰਬਈ ਦੇ ਇਕ ਰੇਲਵੇ ਸਟੇਸ਼ਨ ਉਪਰ ਪੈਦਲ ਚੱਲਣ ਲਈ ਬਣਾਏ ਪੁਲ ਉਪਰ ਮੱਚੀ ਹਫ਼ੜਾ-ਦਫ਼ੜੀ ਨੇ 23 ਜਾਨਾਂ ਲੈ ਲਈਆਂ। ਮੁਸਾਫ਼ਰਾਂ ਨੇ ਬਾਰਿਸ਼ ਤੋਂ ਬਚਣ ਲਈ ਪੁਲ ਦੀ ਓਟ ਲਈ ਸੀ, ਪਰ ਖ਼ਸਤਾ ਹਾਲ ਪੁਲ ਵਜ਼ਨ ਨਾਲ ਡਗਮਗਾ ਕੇ ਢਹਿ-ਢੇਰੀ ਹੋ ਗਿਆ। ਇਸ ਨਾਲ ਇਕ ਵਾਰ ਫਿਰ ਇਹ ਸਵਾਲ ਉਭਰ ਆਇਆ ਕਿ ਮੁਲਕ ਦੇ ਵਿਕਾਸ ਦੀ ਤਰਜੀਹ ਕੀ ਹੋਣੀ ਚਾਹੀਦੀ ਹੈ? ਅਵਾਮ ਦੀ ਜਾਨ ਦੀ ਕੀਮਤ 'ਤੇ ਬੁਲੇਟ ਟਰੇਨ ਦੇ ਪ੍ਰੋਜੈਕਟ ਸ਼ੁਰੂ ਕਰਨੇ ਜਾਂ ਅਵਾਮ ਨੂੰ ਸਹੂਲਤ ਦੇਣ ਦੇ ਪ੍ਰੋਜੈਕਟਾਂ ਨੂੰ ਤਰਜੀਹ ਦੇਣਾ? ਇਸ ਹਾਦਸੇ ਤੋਂ ਬਾਅਦ ਮੁੰਬਈ ਦੀ ਇਕ ਵਿਦਿਆਰਥਣ ਨੇ ਬੁਲੇਟ ਟਰੇਨ ਪ੍ਰੋਜੈਕਟ ਖ਼ਿਲਾਫ਼ ਆਨ-ਲਾਈਨ ਪਟੀਸ਼ਨ ਸ਼ੁਰੂ ਕਰ ਕੇ ਇਸ ਨੂੰ ਬੰਦ ਕਰਨ ਅਤੇ ਇਸ ਦੀ ਬਜਾਏ ਆਮ ਰੇਲਵੇ ਢਾਂਚੇ ਉਪਰ ਪੂੰਜੀਨਿਵੇਸ਼ ਕਰਨ ਦੀ ਮੰਗ ਕੀਤੀ ਹੈ। ਨੀਰੋ ਵਾਂਗ ਆਪਣੀ ਬੰਸਰੀ ਉਪਰ 'ਵਿਕਾਸ' ਦੀ ਧੁਨ ਵਜਾਉਣ ਵਿਚ ਮਸਤ ਪ੍ਰਧਾਨ ਮੰਤਰੀ ਅਤੇ ਉਸ ਦੀ ਵਜ਼ੀਰ-ਮੰਡਲੀ ਉਪਰ ਇਸ ਦਾ ਕੋਈ ਅਸਰ ਨਹੀਂ ਹੋਣ ਲੱਗਿਆ ਜੋ ਆਪਣੇ ਸੰਵੇਦਨਾਹੀਣ ਖ਼ਵਾਬਾਂ ਦੀ ਨੁਮਾਇਸ਼ ਲਾਉਣ ਵਿਚ ਮਸਰੂਫ਼ ਹੈ; ਜੋ ਝੂਠੇ ਵਾਅਦੇ ਕਰਨ ਅਤੇ ਵਿਕਾਸ ਦੇ ਨਾਂ 'ਤੇ ਅਵਾਮ ਨੂੰ ਬੇਵਕੂਫ਼ ਬਣਾਉਣ ਲਈ ਪਹਿਲਾਂ ਹੀ ਬਥੇਰਾ ਨਾਮਣਾ ਖੱਟ ਚੁੱਕਾ ਹੈ!

***ਮੁੰਬਈ ਵਿਚ ਪੈਦਲ ਚੱਲਣ ਲਈ ਬਣਾਏ ਪੁਲ ਉਪਰ ਹਫ਼ੜਾ-ਦਫ਼ੜੀ ਨੇ 23 ਜਾਨਾਂ ਲੈ ਲਈਆਂ। ਮੁਸਾਫ਼ਰਾਂ ਨੇ ਮੀਂਹ ਤੋਂ ਬਚਣ ਲਈ ਪੁਲ ਦੀ ਓਟ ਲਈ ਸੀ, ਪਰ ਖ਼ਸਤਾ ਹਾਲ ਪੁਲ ਵਜ਼ਨ ਨਾਲ ਢਹਿ-ਢੇਰੀ ਹੋ ਗਿਆ। ਹੁਣ ਸਵਾਲ ਹੈ ਕਿ ਵਿਕਾਸ ਦੀ ਤਰਜੀਹ ਕੀ ਹੋਣੀ ਚਾਹੀਦੀ ਹੈ? ਅਵਾਮ ਦੀ ਜਾਨ ਦੀ ਕੀਮਤ 'ਤੇ ਬੁਲੇਟ ਟਰੇਨ ਦੇ ਪ੍ਰੋਜੈਕਟ ਸ਼ੁਰੂ ਕਰਨੇ ਜਾਂ ਅਵਾਮ ਨੂੰ ਸਹੂਲਤ ਦੇਣ ਦੇ ਪ੍ਰੋਜੈਕਟਾਂ ਨੂੰ ਤਰਜੀਹ ਦੇਣਾ? ਮੁੰਬਈ ਦੀ ਇਕ ਵਿਦਿਆਰਥਣ ਨੇ ਬੁਲੇਟ ਟਰੇਨ ਪ੍ਰੋਜੈਕਟ ਖ਼ਿਲਾਫ਼ ਆਨ-ਲਾਈਨ ਪਟੀਸ਼ਨ ਸ਼ੁਰੂ ਕਰ ਕੇ ਇਸ ਨੂੰ ਬੰਦ ਕਰਨ ਅਤੇ ਇਸ ਦੀ ਬਜਾਏ ਆਮ ਰੇਲਵੇ ਢਾਂਚੇ 'ਚ ਸੁਧਾਰ ਦੀ ਮੰਗ ਕੀਤੀ ਹੈ।***



*ਮੁੰਬਈ ਵਿਚ ਰੇਲਵੇ ਸਟੇਸ਼ਨ ਦੇ ਪੁਲ ਉਤੇ ਭਗਦੜ ਵਿਚ ਫਸੇ ਲੋਕ।*

ਇਸ ਹਾਦਸੇ ਨਾਲ ਸਾਬਤ ਹੋ ਗਿਆ ਕਿ ਮੁਲਕ ਦੇ ਅਵਾਮ ਦੀ ਅਸਲ ਜ਼ਰੂਰਤ ਹੋਰ ਹੈ, ਉਹ ਨਹੀਂ ਜੋ ਮੋਦੀ ਮੰਡਲੀ ਪੇਸ਼ ਕਰ ਰਹੀ ਹੈ। ਮਹਿਫ਼ੂਜ਼ ਸਫ਼ਰ ਲਈ ਰੇਲਵੇ ਦੇ ਬੁਨਿਆਦੀ ਢਾਂਚੇ ਦਾ ਨਵੀਨੀਕਰਨ, ਇਸ ਦਾ ਵਿਸਤਾਰ ਅਤੇ ਇਸ ਨੂੰ ਸਹੂਲਤਾਂ ਵਾਲਾ ਬਣਾਉਣਾ ਮੁਲਕ ਦੀ ਸਭ ਤੋਂ ਪਹਿਲੀ ਜ਼ਰੂਰਤ ਹੈ। ਭਾਰਤੀ ਰੇਲਵੇ ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਨੈੱਟਵਰਕ ਹੈ ਜਿਥੇ ਰੋਜ਼ਾਨਾ 2 ਕਰੋੜ 30 ਲੱਖ ਲੋਕ ਸਫ਼ਰ ਕਰਦੇ ਹਨ। ਰੋਜ਼ਾਨਾ 19000 ਰੇਲ ਗੱਡੀਆਂ (12000 ਯਾਤਰੀ ਗੱਡੀਆਂ ਅਤੇ 7000 ਮਾਲ ਗੱਡੀਆਂ) ਚਲਦੀਆਂ ਹਨ। ਇਹ ਨੈਟਵਰਕ ਬਰਤਾਨਵੀ ਬਸਤੀਵਾਦੀਆਂ ਵਲੋਂ ਆਪਣੀ ਜ਼ਰੂਰਤ ਅਨੁਸਾਰ ਅਪਰੈਲ 1853 ਵਿਚ ਸ਼ੁਰੂ ਕੀਤਾ ਗਿਆ ਸੀ। ਹੁਣ ਇਸ ਦੀ ਹਾਲਤ ਐਨੀ ਖ਼ਸਤਾ ਹੋ ਚੁੱਕੀ ਹੈ ਕਿ ਬਹੁਤ ਸਾਰੇ ਰੇਲਵੇ ਸਟੇਸ਼ਨ, ਰੇਲਵੇ ਪਟੜੀਆਂ ਅਤੇ ਪੁਲ ਅੰਗਰੇਜ਼ਾਂ ਦੇ ਜ਼ਮਾਨੇ ਦੇ ਹੀ ਬਣੇ ਹੋਏ ਹਨ ਜੋ ਅਕਸਰ ਵਾਪਰਦੇ ਹਾਦਸਿਆਂ ਕਾਰਨ ਆਮ ਲੋਕਾਂ ਦੀਆਂ ਜਾਨਾਂ ਦਾ ਖੌਅ ਬਣਦੇ ਹਨ। ਹਾਲ ਹੀ ਵਿਚ ਕੇਂਦਰੀ ਰੇਲਵੇ ਮੰਤਰਾਲੇ ਨੇ ਪਾਰਲੀਮੈਂਟ ਨੂੰ ਜਾਣਕਾਰੀ ਦਿੱਤੀ ਹੈ ਕਿ 2013 ਅਤੇ 2017 ਦਰਮਿਆਨ 450 ਰੇਲਵੇ ਹਾਦਸਿਆਂ ਵਿਚ 800 ਤੋਂ ਉਪਰ ਲੋਕ ਮਾਰੇ ਗਏ ਜਿਸ ਦੀ ਵਜ੍ਹਾ ਰੇਲ ਢਾਂਚੇ ਦੀ ਮਾੜੀ ਸਾਂਭ-ਸੰਭਾਲ, ਬਹੁਤ ਹੀ ਖ਼ਸਤਾ ਹਾਲ ਕੋਚ ਅਤੇ ਹੋਰ ਰੇਲਵੇ ਵਾਹਨ, ਬਸਤੀਵਾਦੀ ਜ਼ਮਾਨੇ ਦੀਆਂ ਜਰਜਰ ਹਾਲਤ ਵਾਲੀਆਂ ਪਟੜੀਆਂ ਅਤੇ ਪੁਲ ਸਨ। ਨਾਕਸ ਪ੍ਰਬੰਧ ਕਾਰਨ ਹਰ ਸਾਲ ਤਕਰੀਬਨ 15000 ਲੋਕ ਪਟੜੀ ਪਾਰ ਕਰਦਿਆਂ ਹਾਦਸਿਆਂ ਵਿਚ ਜਾਨ ਗੁਆ ਬਹਿੰਦੇ ਹਨ। ਇਨ੍ਹਾਂ ਵਿਚੋਂ ਤਕਰੀਬਨ 6000 ਮੁੰਬਈ ਰੇਲਵੇ ਦੀ ਲਪੇਟ ਵਿਚ ਆ ਕੇ ਮਾਰੇ ਜਾਂਦੇ ਹਨ। ਮੁੰਬਈ ਵਿਚ ਰੋਜ਼ਾਨਾ 9 ਲੋਕ ਰੇਲ ਪਟੜੀਆਂ ਉਪਰ ਮਾਰੇ ਜਾਂਦੇ ਹਨ। ਜਿਸ ਮੁੰਬਈ ਨੂੰ ਹੁਕਮਰਾਨਾਂ ਨੇ ਸੰਨ 2034 ਤਕ 'ਆਲਮੀ ਮਹਾਂਨਗਰ' ਬਣਾਉਣ ਦਾ ਟੀਚਾ ਮਿਥਿਆ ਹੋਇਆ ਹੈ, ਅਗਰ ਉਸ ਸ਼ਹਿਰ ਅੰਦਰ ਰੇਲਵੇ ਦੇ ਬੁਨਿਆਦੀ ਢਾਂਚੇ ਦਾ ਹਾਲ ਇਹ ਹੈ ਤਾਂ ਦੂਰ-ਦਰਾਜ ਪਛੜੇ ਹੋਏ ਪੇਂਡੂ ਇਲਾਕਿਆਂ ਦੀ ਹਾਲਤ ਸੌਖਿਆਂ ਹੀ ਸਮਝੀ ਜਾ ਸਕਦੀ ਹੈ।

ਸਵਾਲ ਹੈ ਕਿ ਅਹਿਮਦਾਬਾਦ ਅਤੇ ਮੁੰਬਈ ਦਰਮਿਆਨ 534 ਕਿਲੋਮੀਟਰ ਫ਼ਾਸਲੇ ਦੇ ਸਫ਼ਰ ਦੇ ਨਵੀਨੀਕਰਨ ਉਪਰ ਇਕ ਖ਼ਰਬ ਰੁਪਏ ਤੋਂ ਉਪਰ ਸਰਮਾਇਆ ਲਾਉਣ ਦੀ ਕੀ ਵਾਜਬੀਅਤ ਹੈ ਜਿਸ ਟਰੇਨ ਵਿਚ ਇਕ ਵਾਰ ਮਹਿਜ਼ 750 ਮੁਸਾਫ਼ਰਾਂ ਨੇ ਸਫ਼ਰ ਕਰਨਾ ਹੈ ਅਤੇ ਇਕ ਦਿਨ ਵਿਚ ਮਹਿਜ਼ 35 ਟਰੇਨਾਂ ਚੱਲਣਗੀਆਂ, ਜਦੋਂਕਿ ਸਰਕਾਰ 1 ਲੱਖ 19630 ਕਿਲੋਮੀਟਰ ਲੰਮੀਆਂ ਪਟੜੀਆਂ, ਕੋਚਾਂ ਦੇ ਨਵੀਨੀਕਰਨ ਅਤੇ 7216 ਰੇਲਵੇ ਸਟੇਸ਼ਨਾਂ ਦੇ ਆਧੁਨਿਕੀਕਰਨ ਉਪਰ ਲੋੜੀਂਦਾ ਪੂੰਜੀਨਿਵੇਸ਼ ਕਰਨ ਲਈ ਤਿਆਰ ਨਹੀਂ। ਜਿਸ ਮੁਲਕ ਵਿਚ ਹੁਕਮਰਾਨ ਜਮਾਤ ਪੀਣ ਵਾਲੇ ਪਾਣੀ, ਸਿਹਤ ਅਤੇ ਸਿਖਿਆ ਵਰਗੀਆਂ ਮੁੱਢਲੀਆਂ ਮਨੁੱਖੀ ਸਹੂਲਤਾਂ ਮੁਹੱਈਆ ਕਰਨ ਦੀ ਜਵਾਬਦੇਹੀ ਤੋਂ ਕਿਨਾਰਾ ਕਰ ਚੁੱਕੇ ਹਨ, ਉਥੇ ਬੁਲੇਟ ਟਰੇਨ ਦੇ ਪ੍ਰੋਜੈਕਟ ਨਾ ਸਿਰਫ਼ ਮੁਲਕ ਦੀ ਆਰਥਿਕਤਾ ਦਾ ਉਜਾੜਾ ਹੈ, ਸਗੋਂ ਵਿਕਾਸ ਦੇ ਨਾਂ ਹੇਠ ਅਵਾਮ ਨਾਲ ਧੋਖਾਧੜੀ ਵੀ ਹੈ।

ਇਸ ਦੇ ਨਾਲ ਜੁੜਿਆ ਅਗਲਾ ਖ਼ਤਰਨਾਕ ਪੱਖ ਇਹ ਹੈ ਕਿ ਵਿਕਾਸ ਦੇ ਨਾਂ 'ਤੇ ਤਕਨਾਲੋਜੀ ਦੇ ਪੱਖ ਤੋਂ ਮੁਲਕ ਨੂੰ ਵਿਦੇਸ਼ੀ ਕਾਰਪੋਰੇਟ ਸਰਮਾਏ ਅਤੇ ਤਕਨਾਲੋਜੀ ਦਾ ਮੁਥਾਜ ਬਣਾਇਆ ਜਾ ਰਿਹਾ ਹੈ ਜੋ ਕਰਜ਼ੇ ਦੇਣ ਲਈ ਸ਼ਰਤਾਂ ਦੇ ਨਾਂ 'ਤੇ ਆਪਣੀ ਤਕਨਾਲੋਜੀ ਮਨ ਮਰਜ਼ੀ ਨਾਲ ਵੇਚ ਰਹੇ ਹਨ। ਇਹ ਚੀਨ ਦੀ ਬੁਲੇਟ ਟਰੇਨ ਯੋਜਨਾ ਤੋਂ ਪੂਰੀ ਤਰ੍ਹਾਂ ਉਲਟ ਹੈ ਜਿਸ ਨੇ ਜਪਾਨ ਦੀ ਬਹੁਤ ਥੋੜ੍ਹੀ ਮਦਦ ਲੈ ਕੇ 1980ਵਿਆਂ ਵਿਚ ਸਵੈਨਿਰਭਰ ਤਕਨਾਲੋਜੀ ਵਿਕਸਤ ਕਰਦਿਆਂ ਨਾ ਕੇਵਲ ਆਪਣੇ ਲਈ ਰੇਲ ਪ੍ਰਬੰਧ ਵਿਕਸਤ ਕਰ ਲਿਆ, ਸਗੋਂ ਉਹ ਹੁਣ ਦੂਜੇ ਮੁਲਕਾਂ ਨੂੰ ਤਕਨਾਲੋਜੀ ਭੇਜਣ ਦੇ ਸਮਰੱਥ ਹੈ। ਹਾਲ ਹੀ ਵਿਚ ਚੀਨ ਨੇ ਥਾਈਲੈਂਡ ਨਾਲ ਮਿਲ ਕੇ ਬੁਲੇਟ ਟਰੇਨ ਦਾ ਪ੍ਰੋਜੈਕਟ ਲਿਆ ਹੈ।

ਬੁਲੇਟ ਟਰੇਨ ਮੁਲਕ ਦੇ ਅਵਾਮ ਨਾਲ ਮਜ਼ਾਕ ਹੈ ਅਤੇ ਇਹ ਪ੍ਰੋਜੈਕਟ ਸਿਰਫ਼ ਤੇ ਸਿਰਫ਼ ਉਸ ਕੁਲੀਨ ਵਰਗ ਨੂੰ ਸਹੂਲਤ ਦੇਣ ਲਈ ਹੈ ਜੋ ਮੋਦੀ ਸਰਕਾਰ ਦੇ ਵਿਕਾਸ ਮਾਡਲ ਦੀ ਹਮਾਇਤ ਕਰਦਾ ਹੈ। ਇਹ ਪ੍ਰੋਜੈਕਟ ਮੁਲਕ ਦੇ ਖ਼ਜ਼ਾਨੇ ਉਪਰ ਵੱਡਾ ਬੋਝ ਬਣੇਗਾ, ਕਿਉਂਕਿ ਘਰੇਲੂ ਹਵਾਈ ਸੇਵਾ ਦੇ ਮੁਕਾਬਲੇ ਬੁਲੇਟ ਟਰੇਨ ਦਾ ਕਿਰਾਇਆ ਘੱਟ ਰੱਖਣ ਲਈ ਸਰਕਾਰ ਵਲੋਂ ਸਬਸਿਡੀ ਚੋਖੀ ਦਿੱਤੀ ਜਾਵੇਗੀ। ਇਕ ਅੰਦਾਜ਼ੇ ਅਨੁਸਾਰ ਇਸ ਪ੍ਰੋਜੈਕਟ ਨਾਲ ਖ਼ਜ਼ਾਨੇ ਉਪਰ 700 ਕਰੋੜ ਰੁਪਏ ਸਾਲਾਨਾ ਬੋਝ ਪਵੇਗਾ। ਵਿਕਾਸ ਦੇ ਖ਼ਵਾਬ ਅਵਾਮ ਨੂੰ ਵੇਚੇ ਜਾ ਰਹੇ ਹਨ, ਪਰ ਉਨ੍ਹਾਂ ਦੀਆਂ ਜ਼ਿੰਦਗੀਆਂ ਦੀ ਕੀਮਤ 'ਤੇ ਵਿਕਾਸ ਕਾਰਪੋਰੇਟ ਅਤੇ ਕੁਲੀਨ ਵਰਗ ਲਈ ਕੀਤਾ ਜਾ ਰਿਹਾ ਹੈ।

# ਸੰਘ ਦਾ ਦਬਦਬਾ ਬਨਾਮ ਘੱਟ ਗਿਣਤੀਆਂ ਦੇ ਤੌਖਲੇ

**ਸੁਖਪਾਲ ਸਿੰਘ ਹੁੰਦਲ**

ਭਾਰਤ ਦੇ ਲੋਕ ਅੱਜ ਕੱਲ੍ਹ ਨਾਜ਼ੁਕ ਦੌਰ ਵਿਚੋਂ ਗੁਜ਼ਰ ਰਹੇ ਹਨ। ਤਿੰਨ ਚਿੰਤਾਵਾਂ ਉਭਰਵੀਆਂ ਹਨ। ਇੱਕ ਤਾਂ ਇਸ ਦੀ ਸਿਆਸਤ, ਦੂਜੀ ਸਿਆਸੀ ਆਰਥਿਕਤਾ ਅਤੇ ਤੀਜੀ ਵਿਦੇਸ਼ ਨੀਤੀ ਵਿਚ ਗੁੱਟ ਨਿਰਲੇਪਤਾ ਨੂੰ ਤਿਆਗ ਕੇ ਅਮਰੀਕੀ ਸਾਮਰਾਜ ਦੀ ਝੋਲੀ ਵਿਚ ਡਿੱਗਣ ਬਾਰੇ ਹੈ। ਮੁਲਕ ਦੀ ਰਾਜ ਸੱਤਾ ਅਜਿਹੇ ਸਿਆਸੀ ਦਲ ਦੇ ਹੱਥ ਵਿਚ ਆਈ ਹੈ ਜੋ ਅਤਿ ਕੱਟੜਪੰਥੀ, ਫਿਰਕੇਦਾਰਾਨਾ ਅਤੇ ਵੇਲਾ ਵਿਹਾ ਚੁੱਕੀ ਵਿਚਾਰਧਾਰਾ ਵਾਲੀਆਂ ਸਮਾਜਿਕ ਸ਼ਕਤੀਆਂ ਦੀ ਨੁਮਾਇੰਦਗੀ ਕਰਦਾ ਹੈ। ਸੱਤਾ ਉਤੇ ਕਾਬਜ਼ ਅਖੌਤੀ ਜਮਹੂਰੀ ਗੱਠਜੋੜ ਵਿਚ ਭਾਜਪਾ ਅਤੇ ਆਰ.ਐਸ.ਐਸ ਦਾ ਦਬਦਬਾ ਹੈ। ਸਰਕਾਰ ਦੀ ਹਕੀਕੀ ਚਾਲਕ ਸ਼ਕਤੀ ਆਰ.ਐਸ.ਐਸ. ਹੈ ਜੋ ਹੁਣ ਸਭ ਪਰਦਿਆਂ ਤੋਂ ਬਾਹਰ ਨਿਕਲ ਕੇ ਅਮਲੀ ਸਿਆਸਤ ਚਲਾ ਰਹੀ ਹੈ। ਇਹ ਸਮੇਂ ਸਮੇਂ 'ਤੇ ਹਰ ਤਰ੍ਹਾਂ ਦੀ ਸਥਿਤੀ ਦੀ ਪੜਚੋਲ ਕਰਦੀ ਹੈ ਤੇ ਸਰਕਾਰ ਲਈ ਦਿਸ਼ਾ-ਨਿਰਦੇਸ਼ ਤੈਅ ਕਰਦੀ ਹੈ। ਭਾਜਪਾ ਕੇਵਲ ਆਰ.ਐਸ.ਐਸ. ਦਾ ਸਿਆਸੀ ਵਿੰਗ ਹੈ। ਇਹ ਕੇਂਦਰੀ ਅਤੇ ਭਾਜਪਾ ਦੀ ਅਗਵਾਈ ਵਿਚ ਚੱਲਣ ਵਾਲੀ ਹਰ ਸੂਬਾਈ ਸਰਕਾਰ ਦੇ ਨੀਤੀਗਤ ਢਾਂਚਿਆਂ 'ਤੇ ਭਾਰੂ ਹੈ। ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਾਉਣ ਦਾ ਫ਼ੈਸਲਾ ਇਸ ਨੇ ਹੀ ਕੀਤਾ ਸੀ। ਇਵੇਂ ਹੀ ਦੇਸ਼ ਦਾ ਰਾਸ਼ਟਰਪਤੀ, ਉਪ ਰਾਸ਼ਟਰਪਤੀ, ਭਾਜਪਾ ਦੇ ਸੂਬਿਆਂ ਦੇ ਮੁੱਖ ਮੰਤਰੀ, ਸੂਬਿਆਂ ਦੇ ਰਾਜਪਾਲ, ਯੂਨੀਵਰਸਿਟੀਆਂ ਦੇ ਉਪ-ਕੁਲਪਤੀ, ਵੱਖ ਵੱਖ ਬੌਧਿਕ, ਅਕਾਦਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਮੁਖੀ ਇਸ ਦੇ ਹੀ ਕਾਰਕੁਨ ਹਨ। ਭਾਜਪਾ ਦੇ ਪੂਰੇ ਸੰਗਠਨ ਕੇਂਦਰ ਤੋਂ ਲੈ ਕੇ ਹੇਠਾਂ ਬੂਥ ਪੱਧਰ ਤਕ ਜਥੇਬੰਦਕ ਨਿਗਰਾਨ ਆਰ.ਐਸ.ਐਸ. ਦੇ ਲਾ ਦਿੱਤੇ ਹਨ।

ਪਿਛਲੇ ਤਿੰਨ ਸਾਲਾਂ ਅੰਦਰ ਮੁਲਕ ਦੀ ਪੂਰੀ ਸਿਆਸੀ ਫਿਜ਼ਾ ਫਿਰਕੂ ਵਰਤਾਰੇ ਨੇ ਮੱਲ ਲਈ ਹੈ। ਲੋਕਾਂ ਦੀ ਆਮ ਅਤੇ ਰੋਜ਼ਾਨਾ ਜੀਵਨ ਸੋਝੀ ਨੂੰ ਅਤੇ ਲੋਕ ਸਭਿਆਚਾਰਕ ਮੁਹਾਂਦਰੇ ਨੂੰ ਹਿੰਦੂਤਵ ਦੇ ਫਾਸ਼ੀਵਾਦੀ ਜਾਲ ਵਿਚ ਜਕੜਿਆ ਜਾ ਰਿਹਾ ਹੈ। ਕਾਰਪੋਰੇਟ ਚੈਨਲਾਂ ਵੱਲੋਂ ਹਰ ਸਮੇਂ ਹਿੰਦੂ ਮੁਸਲਿਮ ਮੁੱਦਿਆਂ 'ਤੇ ਬਹਿਸ ਕਰਵਾ ਕੇ ਧਾਰਮਿਕ ਆਧਾਰ 'ਤੇ ਧਰੁਵੀਕਰਨ ਕੀਤਾ ਜਾ ਰਿਹਾ ਹੈ। ਮੁਲਕ ਦੀ ਵਿਲੱਖਣ ਸਮਾਜਿਕ ਬਹੁਲਤਾ, ਅਨੇਕਤਾ ਵਿਚ ਏਕਤਾ ਦੀ ਪ੍ਰਤੀਕ ਸਭਿਅਤਾ ਦੇ ਅਰਥ ਅਤੇ ਪਰਿਭਾਸ਼ਾ ਬਦਲੀ ਜਾ ਰਹੀ ਹੈ। ਪ੍ਰਾਇਮਰੀ ਸਕੂਲਾਂ ਦੇ ਪਾਠਕ੍ਰਮ ਤੋਂ ਲੈ ਕੇ ਯੂਨੀਵਰਸਿਟੀਆਂ ਅਤੇ ਹੋਰ ਉਚ ਅਕਾਦਮਿਕ ਅਤੇ ਖੋਜ ਸੰਸਥਾਵਾਂ ਤਕ ਦੇ ਪਾਠਕ੍ਰਮਾਂ ਵਿਚ ਵਿਗਿਆਨਕ ਪਹੁੰਚ ਹਟਾ ਕੇ ਹਿੰਦੂਤਵ ਦੇ ਪੁਰਾਤਨ ਵਿਚਾਰਤੰਤਰ ਨੂੰ ਜੋੜਿਆ ਜਾ ਰਿਹਾ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਸਮੇਤ ਹੋਰ ਕਈ ਯੂਨੀਵਰਸਿਟੀਆਂ ਅੰਦਰ ਦਖਲ-ਅੰਦਾਜ਼ੀ ਕਰ ਕੇ ਗ਼ੈਰ-ਅਕਾਦਮਿਕ ਅਤੇ ਗ਼ੈਰ-ਬੌਧਿਕ ਆਧਾਰ ਸਿਰਜਿਆ ਜਾ ਰਿਹਾ ਹੈ। ਘੱਟ ਗਿਣਤੀਆਂ 'ਤੇ ਹਮਲੇ ਤੇਜ਼ ਕੀਤੇ ਜਾ ਰਹੇ ਹਨ।

***ਲੋਕਾਂ ਦੀ ਆਮ ਅਤੇ ਰੋਜ਼ਾਨਾ ਜੀਵਨ ਸੋਝੀ ਨੂੰ ਅਤੇ ਲੋਕ ਸਭਿਆਚਾਰਕ ਮੁਹਾਂਦਰੇ ਨੂੰ ਹਿੰਦੂਤਵ ਦੇ ਫਾਸ਼ੀਵਾਦੀ ਜਾਲ ਵਿਚ ਜਕੜਿਆ ਜਾ ਰਿਹਾ ਹੈ। ਕਾਰਪੋਰੇਟ ਚੈਨਲਾਂ ਵੱਲੋਂ ਹਰ ਸਮੇਂ ਹਿੰਦੂ ਮੁਸਲਿਮ ਮੁੱਦਿਆਂ 'ਤੇ ਬਹਿਸ ਕਰਵਾ ਕੇ ਧਾਰਮਿਕ ਆਧਾਰ 'ਤੇ ਧਰੁਵੀਕਰਨ ਕੀਤਾ ਜਾ ਰਿਹਾ ਹੈ। ਮੁਲਕ ਦੀ ਵਿਲੱਖਣ ਸਮਾਜਿਕ ਬਹੁਲਤਾ, ਅਨੇਕਤਾ ਵਿਚ ਏਕਤਾ ਦੀ ਪ੍ਰਤੀਕ ਸਭਿਅਤਾ ਦੇ ਅਰਥ ਅਤੇ ਪਰਿਭਾਸ਼ਾ ਬਦਲੀ ਜਾ ਰਹੀ ਹੈ।***

ਗਊ ਰਾਖੀ ਦੇ ਨਾਂ 'ਤੇ ਕਾਤਲ ਟੋਲੇ ਖ਼ੂਨੀ ਹੋਲੀ ਖੇਡ ਰਹੇ ਹਨ। ਮੁਸਲਮਾਨਾਂ ਅਤੇ ਦਲਿਤਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਸਰਕਾਰ ਵੱਲੋਂ ਸਿਰਜੇ ਇਸ ਮਾਹੌਲ ਵਿਚੋਂ ਤਿੱਖੇ ਪ੍ਰਤੀਰੋਧ ਦੀ ਆਵਾਜ਼ ਉਠ ਰਹੀ ਹੈ। ਹਿੰਦੂਤਵ ਪ੍ਰਭਾਵਿਤ ਵਿਚਾਰਧਾਰਾ ਨਾਲ ਲੈਸ ਪ੍ਰਚਾਰ ਸਾਧਨਾਂ, ਸਰਕਾਰੀ ਤੰਤਰ, ਕਾਰਪੋਰੇਟ ਇਲੈਕਟ੍ਰੌਨਿਕ ਮਾਧਿਅਮ ਚੈਨਲਾਂ ਅਤੇ ਸੋਸ਼ਲ ਮੀਡੀਆ ਅੰਦਰ ਭਾਵੇਂ ਇਸ ਆਵਾਜ਼ ਨੂੰ ਦਬਾਇਆ ਗਿਆ ਹੈ, ਫਿਰ ਵੀ ਪ੍ਰਤੀਰੋਧ ਉਠ ਰਿਹਾ ਹੈ। ਇਸ ਵਿਰੋਧ ਨੂੰ ਦਬਾਉਣ ਲਈ ਕਤਲ ਤਕ ਕਰਵਾਏ ਜਾ ਰਹੇ ਹਨ। ਡਾ. ਨਰਿੰਦਰ ਦਭੋਲਕਰ ਦੇ ਕਤਲ ਤੋਂ ਬਾਅਦ 2015 ਵਿਚ ਗੋਬਿੰਦ ਪੰਸਾਰੇ , 2016 ਵਿਚ ਡਾ. ਐਮ. ਕੁਲਬਰਗੀ ਅਤੇ ਹੁਣ ਬੰਗਲੌਰ ਦੀ ਨਿਧੜਕ ਪੱਤਰਕਾਰ ਗੌਰੀ ਲੰਕੇਸ਼ ਦਾ ਕਤਲ ਕੀਤਾ ਗਿਆ।

ਬਹੁਤ ਸਾਰੇ ਲੇਖਕਾਂ, ਪੱਤਰਕਾਰਾਂ ਅਤੇ ਬੁੱਧੀਜੀਵੀਆਂ ਨੇ ਖ਼ਦਸ਼ੇ ਪ੍ਰਗਟ ਕੀਤੇ ਹਨ ਕਿ ਇਹ ਰੁਝਾਨ ਘੱਟ ਗਿਣਤੀਆਂ ਦੀ ਹੋਂਦ ਲਈ ਖ਼ਤਰਨਾਕ ਹੈ। ਉਂਜ, ਵਿਚਾਰ ਕੀਤੀ ਜਾਵੇ ਤਾਂ ਤੱਥ ਸਾਹਮਣੇ ਆਉਂਦਾ ਹੈ ਕਿ ਇਹ ਰੁਝਾਨ ਮੁਲਕ ਦੀ ਏਕਤਾ ਤੇ ਅਖੰਡਤਾ ਲਈ ਜ਼ਿਆਦਾ ਘਾਤਕ ਹੋ ਸਕਦਾ ਹੈ। ਜਦੋਂ ਘੱਟ ਗਿਣਤੀਆਂ ਦੀ ਗੱਲ ਕੀਤੀ ਜਾਂਦੀ ਹੈ ਤਾਂ ਮੁਸਲਿਮ, ਸਿੱਖ ਅਤੇ ਇਸਾਈ ਭਾਈਚਾਰਿਆਂ ਦੀ ਤਸਵੀਰ ਮੁੱਖ ਤੌਰ 'ਤੇ ਉਭਰਦੀ ਹੈ। ਮੁਲਕ ਵਿਚ ਮੁਸਲਮਾਨਾਂ ਦੀ ਗਿਣਤੀ 20 ਕਰੋੜ ਦੇ ਕਰੀਬ ਹੈ ਤੇ 20 ਕਰੋੜ ਲੋਕਾਂ ਨੂੰ ਘੱਟ ਗਿਣਤੀ ਤਸੱਵਰ ਕਰਨਾ ਠੀਕ ਨਹੀਂ। ਇਸ ਲਈ ਸੰਘ ਦੀ ਸੋਚ ਉਨ੍ਹਾਂ ਦੇ ਭਾਈਚਾਰੇ ਨੂੰ ਢਾਹ ਨਹੀਂ ਲਾ ਸਕਦੀ। ਸਿੱਖ ਭਾਰਤੀ ਸਮਾਜ ਦਾ ਮੁਹਰੈਲ ਜੱਥਾ ਹਨ। ਸਿੱਖਾਂ ਦਾ ਗੁਰੂ ਨਾਨਕ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਤਕ ਵਿਕਾਸ ਦਾ ਸ਼ਾਨਾਮੱਤਾ ਇਤਿਹਾਸ ਹੈ। ਸਿੱਖ ਪੰਥ ਨਾਦਿਰ ਅਤੇ ਅਬਦਾਲੀ ਵਰਗੇ ਧਾੜਵੀਆਂ ਨਾਲ ਲੋਹਾ ਲੈਂਦਾ ਜਵਾਨ ਹੋਇਆ ਅਤੇ ਪ੍ਰਵਾਨ ਚੜ੍ਹਿਆ ਹੈ। ਇਸ ਲਈ ਸੰਘ ਦੀ ਸੋਚ ਸਿੱਖਾਂ ਨੂੰ ਕੋਈ ਢਾਹ ਨਹੀਂ ਲਾ ਸਕਦੀ। ਇਹ ਵੱਖਰੀ ਗੱਲ ਹੈ ਕਿ ਸਿੱਖਾਂ ਦੀ ਰਵਾਇਤੀ ਲੀਡਰਸ਼ਿਪ ਇਸ ਸੰਘੀ ਲਾਣੇ ਦੀ ਪਿਛਲੱਗ ਬਣੀ ਹੋਈ ਹੈ। ਜਿੱਥੋਂ ਤਕ ਇਸਾਈ ਭਾਈਚਾਰੇ ਦਾ ਸਬੰਧ ਹੈ, ਜੇ ਉਨ੍ਹਾਂ ਨੂੰ ਕੋਈ ਵੱਡਾ ਖ਼ਤਰਾ ਪੇਸ਼ ਆਵੇਗਾ ਤਾਂ ਇਸ ਸੰਘੀ ਲਾਣੇ ਨੂੰ ਘੁਰਕੀ ਮਾਰਨ ਲਈ ਇਨ੍ਹਾਂ ਦੇ ਅਮਰੀਕੀ ਪ੍ਰਭੂ ਅਤੇ ਉਨ੍ਹਾਂ ਦੀ ਜੁੰਡਲੀ ਮੌਜੂਦ ਹੈ। ਅਸਲ ਵਿਚ ਜੋ ਖ਼ਤਰਾ ਮੌਜੂਦ ਹੈ, ਉਹ ਮੁਲਕ ਦੇ ਬਹੁਲਤਾਵਾਦੀ ਧਰਮ ਨਿਰਪੱਖ ਢਾਂਚੇ, ਅੰਦਰੂਨੀ ਸੁਰੱਖਿਆ ਅਤੇ ਅਮਨ ਕਾਨੂੰਨ ਨੂੰ ਹੈ।

# 1928 ਵਾਲਾ ਸ਼ਹੀਦ ਭਗਤ ਸਿੰਘ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

"ਮੈਨੂੰ ਕਮਿਸ਼ਨ ਦੀ ਨੀਅਤ 'ਤੇ ਕੋਈ ਯਕੀਨ ਨਹੀਂ ਤੇ ਨਾ ਹੀ ਕਮਿਸ਼ਨ ਦੀ ਯੋਗਤਾ ਅਤੇ ਕਮਿਸ਼ਨ ਬਣਾਉਣ ਵਾਲਿਆਂ ਉਤੇ ਕੋਈ ਯਕੀਨ ਹੈ।" ਇਹ ਸ਼ਬਦ ਲਾਲਾ ਲਾਜਪਤ ਰਾਏ ਨੇ ਸੈਂਟਰਲ ਲੈਜਿਸਲੇਟਿਵ ਅਸੈਂਬਲੀ ਦਿੱਲੀ ਵਿਚ 16 ਫਰਵਰੀ 1928 ਨੂੰ ਸਾਈਮਨ ਕਮਿਸ਼ਨ ਦਾ ਬਾਈਕਾਟ ਕਰਨ ਦਾ ਮਤਾ ਰੱਖਦਿਆਂ ਆਖੇ ਸਨ। ਇਸ ਪਿੱਛੋਂ ਭਗਤ ਸਿੰਘ ਦੀ ਅਗਵਾਈ ਵਿਚ ਬਣੀ ਨੌਜਵਾਨ ਭਾਰਤ ਸਭਾ ਨੇ ਲਾਹੌਰ ਵਿਚ 13 ਤੇ 14 ਅਪਰੈਲ 1928 ਨੂੰ ਆਪਣੀ ਪਹਿਲੀ ਕਾਨਫਰੰਸ ਵਿਚ ਦੋ ਮਤਿਆਂ ਨਾਲ ਅੱਗੇ ਤੋਰਿਆ: ਭਾਰਤ ਵਿਚ ਕਿਸਾਨਾਂ ਤੇ ਮਜ਼ਦੂਰਾਂ ਦਾ ਪੂਰਨ ਆਜ਼ਾਦ ਪ੍ਰਭੂਸੱਤਾ ਵਾਲਾ ਸਮਾਜਵਾਦੀ ਗਣਤੰਤਰ ਸਥਾਪਿਤ ਕਰਨਾ ਅਤੇ ਵਿਦੇਸ਼ੀ ਹਕੂਮਤ ਵੱਲੋਂ ਭੇਜਿਆ ਜਾਣ ਵਾਲਾ ਸਾਈਮਨ ਕਮਿਸ਼ਨ ਰੋਕਣਾ।

ਇਹਦੇ ਨਾਲ ਭਾਰਤੀਆਂ ਅੰਦਰ ਅੰਗਰੇਜ਼ ਹਕੂਮਤ ਦੇ ਮਾੜੇ ਕਾਨੂੰਨਾਂ ਪ੍ਰਤੀ ਇਕ ਵਾਰ ਫੇਰ ਵਿਰੋਧ ਭਖਣਾ ਸ਼ੁਰੂ ਹੋ ਗਿਆ। ਕਮਜ਼ੋਰ ਪੈ ਗਈ ਆਜ਼ਾਦੀ ਦੀ ਲਹਿਰ ਵਿਚ ਮੁੜ ਜਾਨ ਪੈ ਗਈ। ਕਮਿਸ਼ਨ ਦਾ ਪੰਜਾਬ 'ਚ ਵਿਰੋਧ ਕਰਨ ਲਈ ਭਗਤ ਸਿੰਘ ਨੇ ਨੌਜਵਾਨਾਂ ਅਤੇ ਵਿਦਿਆਰਥੀਆਂ ਦੇ ਜਥੇ ਤਿਆਰ ਕੀਤੇ। ਉਸ ਦਿਨ ਸ਼ਹਿਰ ਵਿਚ ਤੇ ਸ਼ਹਿਰ ਦੇ ਰੇਲਵੇ ਸਟੇਸ਼ਨ 'ਤੇ ਕਾਲੀਆਂ ਝੰਡੀਆਂ ਨਾਲ ਮੁਜਾਹਰਾ ਕਰਨ ਅਤੇ ਆਪਣੇ ਘਰਾਂ ਤੇ ਦੁਕਾਨਾਂ 'ਤੇ ਕਾਲੇ ਝੰਡੇ ਲਾ ਰੋਸ ਪ੍ਰਗਟਾਉਣ ਲਈ ਪਹਿਲੀ ਜੁਲਾਈ 1928 ਨੂੰ ਭਾਰਤੀ ਕ੍ਰਾਂਤੀਕਾਰੀਆਂ ਦੇ ਕੁਝ ਗਰੁਪਾਂ ਨੇ ਕਾਨਪੁਰ 'ਚ ਸਾਂਝੀ ਮੀਟਿੰਗ ਕੀਤੀ। ਫੈਸਲਾ ਲਿਆ ਗਿਆ ਕਿ ਹਿੰਦੋਸਤਾਨ ਰਿਪਬਲਿਕਨ ਐਸੋਸੀਏਸ਼ਨ (ਐਚ. ਆਰ. ਏ.) ਨੂੰ ਨਵੇਂ ਸਿਰਿਓਂ ਜਥੇਬੰਦ ਕਰ ਕੇ ਇਕ ਕੇਂਦਰੀ ਰੈਵੋਲਿਊਸ਼ਨਰੀ ਪਾਰਟੀ ਬਣਾਈ ਜਾਵੇ।

1926 ਵਿਚ ਇਨਕਲਾਬੀਆਂ ਨੇ ਹਥਿਆਰ ਖਰੀਦਣ ਲਈ ਕਾਕੋਰੀ ਸਟੇਸ਼ਨ ਨੇੜੇ ਰੇਲ ਗੱਡੀ ਰੋਕ ਕੇ ਸਰਕਾਰੀ ਖਜ਼ਾਨਾ ਲੁੱਟ ਲਿਆ ਪਰ ਵੱਡੇ ਆਗੂਆਂ ਦੇ ਸਰਕਾਰ ਵੱਲੋਂ ਖਤਮ ਕੀਤੇ ਜਾਣ ਕਾਰਨ ਐਚ. ਆਰ. ਏ. ਦੀਆਂ ਕਾਰਵਾਈਆਂ ਸੀਮਤ ਹੋ ਗਈਆਂ ਸਨ। ਇਸ ਵਿਚ ਨਵੀਂ ਰੂਹ ਫੂਕਣ ਲਈ ਭਗਤ ਸਿੰਘ ਦੀਆਂ ਕੋਸ਼ਿਸ਼ਾਂ ਸਦਕਾ ਵੱਖ ਵੱਖ ਇਨਕਲਾਬੀ ਗਰੁਪ ਇਕ ਹੋਣ ਲਈ ਰਾਜ਼ੀ ਹੋ ਗਏ। ਇਹ ਕਵਾਇਦ ਪੂਰੀ ਹੋਣ ਮਗਰੋਂ ਉਨ੍ਹਾਂ ਰਾਜਾਂ ਦੇ ਡੈਲੀਗੇਟਾਂ ਦੀ ਇਕ ਮੀਟਿੰਗ ਦਿੱਲੀ ਵਿਚ ਸੱਦੀ ਗਈ। 8 ਅਤੇ 9 ਸਤੰਬਰ 1928 ਨੂੰ ਇਹ ਮੀਟਿੰਗ ਦਿੱਲੀ ਦੇ ਇਤਿਹਾਸਕ ਫਿਰੋਜ਼ਸ਼ਾਹ ਕੋਟਲਾ ਕਿਲ੍ਹੇ ਵਿਚ ਹੋਈ। ਮੀਟਿੰਗ ਵਿਚ ਗੁਪਤ ਕਾਰਵਾਈਆਂ ਲਈ ਚੰਦਰ ਸ਼ੇਖਰ ਆਜ਼ਾਦ ਦੀ ਅਗਵਾਈ ਹੇਠ ਇਕ ਵੱਖਰਾ ਵਿੰਗ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ ਬਣਾਉਣ ਲਈ ਸਹਿਮਤੀ ਦਿੱਤੀ ਗਈ।

30 ਅਕਤੂਬਰ 1928 ਨੂੰ ਸਾਈਮਨ ਕਮਿਸ਼ਨ ਨੇ ਲਾਹੌਰ ਆਉਣਾ ਸੀ। ਸਰਕਾਰ ਨੇ 28 ਅਕਤੂਬਰ ਨੂੰ ਧਾਰਾ 144 ਲਾ ਕੇ ਲੋਕਾਂ ਦੇ ਇੱਕਠੇ ਹੋਣ 'ਤੇ ਰੋਕ ਲਾ ਦਿੱਤੀ, ਪਰ 30 ਅਕਤੂਬਰ ਨੂੰ ਮੋਚੀ ਗੇਟ ਲਾਹੌਰ ਵਿਚ ਨੌਜਵਾਨਾਂ ਅਤੇ ਆਮ ਲੋਕਾਂ ਦਾ ਵੱਡਾ ਇਕੱਠ ਜੁੜ ਗਿਆ। ਇਸ ਇਕੱਠ ਨੂੰ ਵੱਖ ਵੱਖ ਪਾਰਟੀਆਂ ਦੇ ਵੱਡੇ ਆਗੂਆਂ-ਲਾਲਾ ਲਾਜਪਤ ਰਾਏ, ਮਦਨ ਮੋਹਨ ਮਾਲਵੀਆ, ਮੰਗਲ ਸਿੰਘ, ਗਾਜ਼ੀ ਅਬਦੁਲ ਰਹਿਮਾਨ, ਮੌਲਾਨਾ ਅਬਦੁਲ ਕਾਦਿਰ ਤੇ ਲਾਲਾ ਕੇਦਾਰ ਨਾਥ ਸਹਿਗਲ ਨੇ ਸੰਬੋਧਨ ਕੀਤਾ।

ਇਸ ਕਾਮਯਾਬ ਰੈਲੀ ਤੋਂ ਬਾਅਦ ਲਾਲਾ ਲਾਜਪਤ ਰਾਏ ਅਤੇ ਮਦਨ ਮੋਹਨ ਮਾਲਵੀਆ ਦੀ ਅਗਵਾਈ ਵਿਚ ਲਗਪਗ 25 ਹਜ਼ਾਰ ਲੋਕਾਂ ਦਾ ਇਕੱਠ ਕਾਲੀਆਂ ਝੰਡੀਆਂ ਲਹਿਰਾਉਂਦਾ ਅਤੇ



ਲਾਲਾ ਲਾਜਪਤ ਰਾਏ

'ਸਾਈਮਨ ਗੋ ਬੈਕ' ਦੇ ਨਾਅਰੇ ਮਾਰਦਾ ਰੇਲਵੇ ਸਟੇਸ਼ਨ ਤੱਕ ਪੁੱਜਿਆ। ਮੁਜਾਹਰਾਕਾਰੀਆਂ ਵਿਚ ਵੱਡੀ ਗਿਣਤੀ ਵਿਚ ਭਗਤ ਸਿੰਘ ਦੀ ਨੌਜਵਾਨ ਭਾਰਤ ਸਭਾ ਤੇ ਲਾਹੌਰ ਵਿਦਿਆਰਥੀ ਯੂਨੀਅਨ ਦੇ ਮੈਂਬਰ ਸਨ। ਮਾਮਲਾ ਉਦੋਂ ਗੰਭੀਰ ਹੋ ਗਿਆ ਜਦੋਂ ਅਸਿਸਟੈਂਟ ਸੁਪਰਡੈਂਟ ਪੁਲਿਸ ਜੇ. ਪੀ. ਸਾਂਡਰਸ ਤੇ ਬਾਕੀ ਪੁਲਿਸ ਨੇ ਲੋਕਾਂ 'ਤੇ ਡੰਡੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ। ਲਾਲਾ ਲਾਜਪਤ ਰਾਏ ਨੂੰ ਹੰਟਰ ਨਾਲ ਬੁਰੀ ਤਰ੍ਹਾਂ ਕੁੱਟਿਆ ਗਿਆ, ਜਿਸ ਨਾਲ ਉਨ੍ਹਾਂ ਦੀ ਛਾਤੀ 'ਤੇ ਗੰਭੀਰ ਸੱਟਾਂ ਲੱਗੀਆਂ ਤੇ ਨਵੰਬਰ 1928 ਵਿਚ ਉਨ੍ਹਾਂ ਦੀ ਮੌਤ ਹੋ ਗਈ।

ਲਾਲਾ ਜੀ ਦੀ ਮੌਤ ਨਾਲ ਜਿੱਥੇ ਸਾਰੇ ਦੇਸ਼ ਵਿਚ ਸੋਗ ਫੈਲ ਗਿਆ, ਉਥੇ ਦੇਸ਼ ਵਾਸੀਆਂ ਦੇ ਦਿਲਾਂ ਵਿਚ ਅੰਗਰੇਜ਼ ਹਕੂਮਤ ਵਿਰੁਧ ਨਫਰਤ ਦੀ ਭਾਵਨਾ ਹੋਰ ਪ੍ਰਬਲ ਹੋ ਗਈ। ਉਸ ਸਮੇਂ ਇਨਕਲਾਬੀ ਸ਼ਹੀਦ ਸੀ. ਆਰ. ਦਾਸ ਦੀ ਵਿਧਵਾ ਬਸੰਤੀ ਦੇਵੀ ਨੇ ਨੌਜਵਾਨਾਂ ਨੂੰ ਲਾਲਾ ਜੀ ਦੀ ਮੌਤ ਦਾ ਜਵਾਬ ਦੇਣ ਦੀ ਵੰਗਾਰ ਪਾਈ। 10 ਦਸੰਬਰ ਦੀ ਰਾਤ ਨੂੰ ਇਸ ਬਾਰੇ ਭਗਤ ਸਿੰਘ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ, ਸ਼ਿਵਰਾਮ ਰਾਜਗੁਰੂ, ਕਿਸ਼ੋਰੀ ਲਾਲ, ਮਹਾਂਬੀਰ ਸਿੰਘ ਤੇ ਜੈ ਗੋਪਾਲ ਨੇ ਮੋਜ਼ੰਗ ਹਾਊਸ, ਲਾਹੌਰ ਵਿਚ ਵਿਚਾਰ-ਵਟਾਂਦਰਾ ਕੀਤਾ। 17 ਦਸੰਬਰ 1928 ਨੂੰ ਚੰਦਰ ਸ਼ੇਖਰ ਆਜ਼ਾਦ ਦੀ ਕਮਾਨ ਹੇਠ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੇ ਜੌਹਨ ਪੀ. ਸਾਂਡਰਸ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਅਤੇ ਇਸ ਦਾ ਐਲਾਨ ਲਾਹੌਰ ਦੀਆਂ ਕੰਧਾਂ 'ਤੇ ਇਸ਼ਤਿਹਾਰ ਲਾ ਕੇ ਇੰਜ ਕੀਤਾ, "ਸਾਂਡਰਸ ਨੂੰ ਖਤਮ ਕਰ ਕੇ ਲਾਲਾ ਲਾਜਪਤ ਰਾਏ ਦੇ ਕਤਲ ਦਾ ਬਦਲਾ ਲੈ ਲਿਆ ਹੈ। ਕੌਮ ਦਾ ਇਹ ਅਪਮਾਨ (ਲਾਲਾ ਜੀ ਉਤੇ ਹਮਲਾ) ਨੌਜਵਾਨਾਂ ਨੂੰ ਇਕ ਚੁਣੌਤੀ ਸੀ। ਅੱਜ ਦੁਨੀਆਂ ਨੇ ਵੇਖ ਲਿਆ ਹੈ ਕਿ ਭਾਰਤ ਦੇ ਲੋਕ ਬੇਜਾਨ ਨਹੀਂ ਤੇ ਨਾ ਹੀ ਉਨ੍ਹਾਂ ਦਾ ਖੂਨ ਜੰਮਿਆ ਹੋਇਆ ਹੈ। ਉਹ ਆਪਣੇ ਰਾਸ਼ਟਰ ਦੇ ਮਾਣ ਲਈ ਜਾਨ 'ਤੇ ਖੇਡ ਸਕਦੇ ਹਨ।"



**ਓਸ਼ੀਮਾ ਰੇਖੀ ਦਾ ਚਲਾਣਾ:** ਪਰਸ਼ੀਅਨ ਬਹਾਈ ਮਾਪਿਆਂ ਦੇ ਘਰ ਜਨਮੀ ਤੇ ਸਿੱਖ ਮਾਪਿਆਂ ਵਲੋਂ ਗੋਦ ਲਈ ਓਸ਼ੀਮਾ ਜ਼ਰਅੰਗੇਜ਼ ਸਮੁੰਦਰੀ ਰੇਖੀ 95 ਵਰ੍ਹਿਆਂ ਦੀ ਉਮਰ ਭੋਗ ਕੇ ਆਪਣੀ ਬੇਟੀ ਜੋਇਆ ਦੇ ਘਰ ਪ੍ਰਲੋਕ ਸਿਧਾਰ ਗਈ। ਉਸ ਦੇ ਸਿੱਖ ਮਾਪਿਆਂ ਨੇ ਉਸ ਨੂੰ ਲਾਹੌਰ ਤੇ ਕਾਨਪੁਰ ਤੋਂ ਚੰਗੀ ਵਿਦਿਆ ਦਿਵਾਈ। ਉਹ ਦੇਸ਼ ਵੰਡ ਤੋਂ ਪਿਛੋਂ ਏਧਰ ਆ ਵਸੇ ਸਨ। ਓਸ਼ੀਮਾ ਆਪਣੇ ਜੀਵਨ ਵਿਚ ਉਘੀ ਸਮਾਜ ਸੇਵਕ ਹੋ ਕੇ ਉਭਰੀ। ਉਸ ਨੇ ਅਰੁਣਾ ਆਸਫ ਅਲੀ ਟਰੱਸਟ ਦੀ ਸਥਾਪਨਾ ਕੀਤੀ ਤੇ ਅੰਤਲੇ ਸਾਹ ਲੈਣ ਤੱਕ ਪੰਜਾਬ ਇਸਤਰੀ ਸਭਾ ਦੀ ਕਰਤਾ ਧਰਤਾ ਰਹੀ।



ਓਸ਼ੀਮਾ ਰੇਖੀ

ਚੰਡੀਗੜ੍ਹ ਵਾਸੀਆਂ ਨੇ ਉਸ ਨੂੰ ਢਾਈ ਮਹੀਨੇ ਪਹਿਲਾਂ 16 ਜੁਲਾਈ 2017 ਨੂੰ ਯੂ.ਟੀ. ਗੈਸਟ ਹਾਊਸ ਵਿਚ ਵੇਖਿਆ, ਜਿੱਥੇ ਕੰਵਲਪ੍ਰੀਤ ਵਲੋਂ ਲਿਖੀ ਉਸ ਦੀ ਜੀਵਨੀ ਦੇ ਪ੍ਰਸੰਗ ਵਿਚ ਚੰਡੀਗੜ੍ਹ ਸਾਹਿਤ ਅਕਾਦਮੀ ਵਲੋਂ ਉਸ ਦੇ ਜੀਵਨ ਅਤੇ ਉਸ ਦੀ ਦੇਣ ਉਤੇ ਚਰਚਾ ਕਰਵਾਈ ਗਈ। ਅੰਤਲੇ ਦਿਨਾਂ ਵਿਚ ਉਹ ਜਨਤਕ ਸਮਾਗਮਾਂ ਉਤੇ ਜਾਣ ਦੇ ਯੋਗ ਨਹੀਂ ਸੀ ਪਰ ਅਕਾਦਮੀ ਵਾਲੇ ਫੰਕਸ਼ਨ ਉਤੇ ਕਿਸੇ ਹੀਲੇ ਪਹੁੰਚ ਗਈ ਸੀ।


**ਇਸ ਸਦੀ ਦਾ ਸਭ ਤੋਂ ਵੱਡਾ ਹੀਰਾ:** ਬੋਟਸਵਾਨਾ ਦੀ ਕੈਰੋਵੇ ਖਣਿਜ ਕੰਪਨੀ ਨੂੰ ਦੋ ਸਾਲ ਪਹਿਲਾਂ ਪ੍ਰਾਪਤ ਹੋਇਆ ਪਿਛਲੇ 100 ਸਾਲਾਂ ਦਾ ਸਭ ਤੋਂ ਮੁੱਲਵਾਨ ਹੀਰਾ ਮੁੜ ਚਰਚਾ ਵਿਚ ਹੈ। 1109 ਕੈਰਟ ਦੇ ਇਸ ਹੀਰੇ ਨੂੰ ਬਰਤਾਨੀਆ ਦੀ ਹੀਰਾ ਕੰਪਨੀ 'ਕਰਾਫਟ ਡਾਇਮੰਡਜ਼' ਨੇ 345 ਕਰੋੜ ਰੁਪਏ ਵਿਚ ਖਰੀਦ ਲਿਆ ਹੈ। ਬਰਤਾਨਵੀ ਵਪਾਰੀ ਇਸ ਨੂੰ ਕੱਟ ਸੰਵਾਰ ਤੇ ਪਾਲਿਸ਼ ਕਰਕੇ ਵੇਖਣ ਦੀ ਸੋਚ ਰਿਹਾ ਹੈ। ਚੇਤੇ ਰਹੇ, ਅਖੰਡ ਭਾਰਤ ਵਾਲਾ ਕੋਹਿਨੂਰ ਹੀਰਾ, ਜਿਸ ਨੂੰ ਗੋਰੀ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਦੇ ਬੇਟੇ ਦਲੀਪ ਸਿੰਘ ਤੋਂ ਖੋਹ ਕੇ ਬਰਤਾਨਵੀ ਤਖਤ ਵਿਚ ਜੜਵਾ ਲਿਆ ਸੀ, ਇਸ ਤੋਂ 200 ਗੁਣਾ ਵਧ ਕੀਮਤ ਦਾ ਹੈ।

**ਅੰਤਿਕਾ:** ਅਮਰੀਕ ਡੋਗਰਾ
ਨਾ ਹਮਦਰਦੀ, ਨਾ ਨਿੱਘੇ ਬੋਲ,
ਨਾ ਸਤਿਕਾਰ ਹੀ ਕਿਧਰੇ
ਇਵੇਂ ਇਕ ਸ਼ਖਸ, ਪੁੱਤਾਂ-ਪੋਤਿਆਂ
ਵਿਚਕਾਰ ਰਹਿੰਦਾ ਹੈ।
ਇਹ ਠੇਕੇਦਾਰ ਧਰਮਾਂ ਦੇ,
ਟਿਕਣ ਦਿੰਦੇ ਨਹੀਂ ਕਿਧਰੇ,
ਇਹ ਰੱਬ ਹੁਣ ਮਸਜਿਦਾਂ ਤੇ ਗਿਰਜਿਆਂ
ਵਿਚਕਾਰ ਰਹਿੰਦਾ ਹੈ।

# ਤਖਤੀਆਂ ਦਾ ਮੁਥਾਜ ਨਹੀਂ ਸ਼ਹੀਦ ਭਗਤ ਸਿੰਘ ਦਾ ਨਾਂ

ਭਗਤ ਸਿੰਘ ਇੱਕ ਅਜਿਹਾ ਕਿਰਦਾਰ ਹੈ ਜਿਸ ਨੂੰ ਕਿਸੇ ਜਾਣ ਪਛਾਣ ਦੀ ਲੋੜ ਨਹੀਂ। ਅੱਜ ਹਰ ਨੌਜੁਆਨ ਭਗਤ ਸਿੰਘ ਨੂੰ ਆਪਣੇ ਮਨ ਵਿਚ ਬੇਸ਼ਕ ਹੀਰੋ ਮੰਨਦਾ ਹੋਵੇ ਪਰ ਕੋਈ ਵੀ ਭਗਤ ਸਿੰਘ ਬਣਨ ਦਾ ਖੁਆਬ ਨਹੀਂ ਦੇਖਦਾ। ਭਾਰਤ ਦੀ ਆਜ਼ਾਦੀ ਖਾਤਰ ਉਸ ਦੀ ਸ਼ਹਾਦਤ ਕਦੇ ਭੁਲਾਈ ਨਹੀਂ ਜਾ ਸਕਦੀ। ਪਰ ਭਗਤ ਸਿੰਘ ਦੇ ਵਡਮੁੱਲੇ ਵਿਚਾਰਾਂ ਦਾ ਹੁਣ ਤੱਕ ਨਿਰੰਤਰ ਦਰਕਿਨਾਰ ਹੁੰਦਾ ਆ ਰਿਹਾ ਹੈ। ਅਸੀਂ ਹੁਣ ਤੱਕ ਅਸਲ ਭਗਤ ਸਿੰਘ ਨੂੰ ਸਮਝ ਨਹੀਂ ਸਕੇ।

ਭਗਤ ਸਿੰਘ ਇੱਕ ਵਿਲੱਖਣ ਇਨਕਲਾਬੀ ਅਤੇ ਅਸਲ ਜ਼ਿੰਦਗੀ ਜਿਉਣ ਦਾ ਆਸ਼ਿਕ ਸੀ। ਹਥਿਆਰਾਂ ਦੀ ਥਾਂ ਕਿਤਾਬਾਂ ਦਾ ਅਧਿਐਨ ਕਰਨ



ਸ਼ਗਨਦੀਪ ਸਿੰਘ
ਫੋਨ: 91-95014-59259

ਅਤੇ ਉਨ੍ਹਾਂ ਸਿਧਾਂਤਾਂ ਨੂੰ ਲਾਗੂ ਕਰਨ ਦੀ ਸੋਚ ਰੱਖਣ ਵਾਲਾ ਇੱਕ ਮਹਾਨ ਚਿੰਤਕ ਵੀ ਸੀ, ਭਾਵੇਂ ਉਸ ਨੂੰ ਆਪਣੀ ਪੜ੍ਹਾਈ 1921 ਦੇ ਅੰਦੋਲਨ ਕਰਕੇ ਉਸ ਸਮੇਂ ਅੱਧ ਵਿਚਾਲੇ ਹੀ ਛੱਡਣੀ ਪਈ ਸੀ ਜਦੋਂ ਵਿਦਿਆਰਥੀਆਂ ਨੂੰ ਕਿਹਾ ਗਿਆ ਸੀ ਬ੍ਰਿਟਿਸ਼ ਸਰਕਾਰ ਦੀ ਵਿੱਦਿਆ ਨੂੰ ਤਿਆਗ ਕੇ ਸਕੂਲ ਛੱਡ ਦੇਣ। ਇਸ ਕਰਕੇ ਉਹ ਦਸਵੀਂ ਤੱਕ ਵੀ ਪੜ੍ਹਾਈ ਪੂਰੀ ਨਾ ਕਰ ਸਕਿਆ ਪਰ ਫਿਰ ਉਸ ਨੇ 1922 ਵਿਚ ਦੇਸ਼ ਭਗਤਾਂ ਵੱਲੋਂ ਲਾਹੌਰ ਵਿਚ ਚਲਾਏ ਗਏ ਇੱਕ ਕਾਲਜ ਵਿਚ ਵਿਸ਼ੇਸ਼ ਟੈਸਟ ਪਾਸ ਕਰਕੇ ਦਾਖਲਾ ਲਿਆ ਅਤੇ ਰਾਜਨੀਤਿਕ, ਧਾਰਮਿਕ, ਸਾਹਿਤਕ, ਸਮਾਜਿਕ ਵਿਸ਼ਿਆਂ ਦੀ ਤਾਲੀਮ ਹਾਸਲ ਕੀਤੀ।

ਭਗਤ ਸਿੰਘ ਇੱਕ ਅਣਖੀਲਾ, ਨਿਡਰ ਹੋਣ ਦੇ ਨਾਲ ਨਾਲ ਅਤਿ ਸੂਖਮ ਦਿਲ ਇਨਸਾਨ ਸੀ। 1923-24 ਵਿਚ ਜਦੋਂ ਉਹ ਗਣੇਸ਼ ਸ਼ੰਕਰ ਦੇ 'ਪ੍ਰਤਾਪ' ਨਾਮੀ ਅਖਬਾਰ ਲਈ ਕੰਮ ਕਰਨ ਲੱਗਾ ਤਾਂ ਉਥੇ ਉਸ ਦੀ ਮੁਲਾਕਾਤ ਬੀ. ਕੇ. ਦੱਤ, ਜੈਦੇਵ ਕੁਮਾਰ, ਸ਼ਿਵ ਵਰਮਾ ਆਦਿ ਨਾਲ ਹੋਈ। ਇੱਕ ਦਿਨ ਪਾਰਟੀ ਲਈ ਫੰਡ ਇਕੱਠਾ ਕਰਨ ਖਾਤਰ ਭਗਤ ਸਿੰਘ ਨੂੰ ਉਨ੍ਹਾਂ ਨਾਲ ਇੱਕ ਪਿੰਡ ਵਿਚ ਡਾਕਾ ਮਾਰਨ ਜਾਣਾ ਪਿਆ ਤਾਂ ਇਹ ਸਭ ਦੇਖ ਕੇ ਉਹ ਬਹੁਤ ਜ਼ਿਆਦਾ ਭਾਵੁਕ ਹੋਇਆ। ਉਸ ਨੇ ਕਿਹਾ ਕਿ ਇਸ ਤਰ੍ਹਾਂ ਹਥਿਆਰਾਂ ਦੀ ਨੋਕ 'ਤੇ ਪੈਸਾ ਇਕੱਠਾ ਕਰ ਕੇ ਕੀ ਅਸੀਂ ਇੱਕ ਆਜ਼ਾਦ ਭਾਰਤ ਦੀ ਤਮੰਨਾ ਕਰ ਸਕਦੇ ਹਾਂ? ਇਸ ਸ਼ਬਦ ਦੀ ਖੋਜ ਵਿਚ ਉਸ ਨੇ ਰੂਸ, ਆਇਰਲੈਂਡ ਅਤੇ ਇਟਲੀ ਵਿਚ ਹੋਏ ਆਜ਼ਾਦੀ ਦੇ ਸੰਘਰਸ਼ਾਂ ਨੂੰ ਘੋਖਿਆ ਤੇ ਆਪਣੇ ਆਪ ਨੂੰ ਹਥਿਆਰਾਂ ਨਾਲ ਲੈਸ ਕਰਨ ਦੀ ਥਾਂ ਸ਼ਬਦਾਂ ਦੇ ਅਧਿਐਨ ਨਾਲ ਲੈਸ ਕੀਤਾ।

1929 ਤੋਂ 1931 (ਫਾਂਸੀ ਦੇਣ ਤੱਕ) ਤੱਕ ਦੁਨੀਆਂ ਦੇ ਬਿਹਤਰੀਨ ਲੇਖਕਾਂ ਦੀਆਂ ਕਿਤਾਬਾਂ ਪੜ੍ਹੀਆਂ ਅਤੇ ਪੂੰਜੀਵਾਦ, ਸਮਾਜਵਾਦ, ਰਾਜ ਦੀ ਉਤਪਤੀ, ਮਾਰਕਸਵਾਦ, ਸਰਕਾਰ ਦੇ ਰੂਪਾਂ, ਪਰਿਵਾਰ ਅਤੇ ਕੌਮਾਂਤਰੀਵਾਦ ਆਦਿ ਵਿਸ਼ਿਆਂ 'ਤੇ ਨੋਟ ਵੀ ਲਿਖੇ। ਭਗਤ ਸਿੰਘ ਦੀ ਵਿਚਾਰਧਾਰਾ ਸੀ ਕਿ ਅਸੀਂ ਆਦਰਸ਼ ਸਮਾਜਵਾਦ ਦੀ ਸਿਰਜਣਾ ਕਰੀਏ ਜਿਸ ਵਿਚ ਸਮੁੱਚੀ ਮਾਨਵਤਾ ਨੂੰ ਬਰਾਬਰ ਦਾ ਹੱਕ ਮਿਲੇ। ਪੂੰਜੀਵਾਦ ਨੂੰ ਉਹ ਜੜ੍ਹੋਂ ਉਖਾੜਨ ਦੀ ਗੱਲ ਕਰਦੇ ਸਨ। ਕਿਸਾਨ ਤੇ ਮਜਦੂਰ ਉਨ੍ਹਾਂ ਦੇ ਸੱਚੇ ਇਨਕਲਾਬੀ ਸਨ। ਉਹ ਚਾਹੁੰਦੇ ਸਨ ਕਿ ਮਿਹਨਤਕਸ਼ ਲੋਕਾਂ ਦੇ ਹੱਥਾਂ ਵਿਚ ਸੱਤਾ ਹੋਣੀ ਚਾਹੀਦੀ ਹੈ।

ਭਗਤ ਸਿੰਘ ਨੇ ਫਾਂਸੀ ਦਿੱਤੇ ਜਾਣ ਤੋਂ ਪਹਿਲਾਂ ਆਪਣੇ ਦੋਸਤਾਂ ਨੂੰ ਕਿਹਾ ਸੀ ਕਿ ਇਹ ਸ਼ਹਾਦਤ ਮੇਰੇ ਲਈ ਦੇਸ਼ ਭਗਤੀ ਦਾ ਸਰਵਉਚ ਪੁਰਸਕਾਰ ਹੈ ਅਤੇ ਮੈਂ ਇਸ ਨੂੰ ਮਾਣ ਨਾਲ ਪ੍ਰਾਪਤ ਕਰ ਰਿਹਾ ਹਾਂ। ਮੈਨੂੰ ਫਾਂਸੀ ਦਿੱਤੇ ਜਾਣ



ਪਿਛੋਂ ਮੇਰੇ ਇਨਕਲਾਬੀ ਵਿਚਾਰਾਂ ਦੀ ਸੁਗੰਧ ਪੂਰੇ ਦੇਸ਼ ਦੇ ਮਾਹੌਲ ਵਿਚ ਘੁਲ ਮਿਲ ਜਾਵੇਗੀ। ਬ੍ਰਿਟਿਸ਼ ਹਾਕਮ ਮੇਰਾ ਸਰੀਰ ਭਾਵੇਂ ਨਸ਼ਟ ਕਰ ਦੇਣ ਪਰ ਉਹ ਮੇਰੀ ਸੋਚ ਨੂੰ ਨਸ਼ਟ ਨਹੀਂ ਕਰ ਸਕਦੇ।

ਉਸ ਇਨਕਲਾਬੀ ਦੀ ਇੱਕੋ ਹੀ ਤਮੰਨਾ ਸੀ ਕਿ ਉਸ ਦੇ ਵਿਚਾਰਾਂ ਨੂੰ ਜਿੰਦਾ ਰੱਖਿਆ ਜਾਵੇ ਪਰ ਮੌਜੂਦਾ ਪੂੰਜੀਵਾਦੀ ਸਰਕਾਰਾਂ ਉਸ ਦੇ ਨਾਂ 'ਤੇ ਸਿਰਫ ਰਾਜਨੀਤੀ ਹੀ ਕਰਦੀਆਂ ਹਨ ਪਰ ਭਗਤ ਸਿੰਘ ਦੇ ਵਿਚਾਰ ਜਨਤਾ ਤੱਕ ਪਹੁੰਚਾਉਣ ਦਾ ਕਾਰਜ ਨਹੀਂ ਕਰਦੀਆਂ। ਇਸ ਲਈ ਨਾਮ ਦੀ ਕੋਈ ਅਹਿਮੀਅਤ ਨਹੀਂ ਬਲਕਿ ਸੋਚ ਦੀ ਹੈ। ਇਸ ਮਸਲੇ 'ਤੇ ਰਾਜਨੀਤੀ ਬੰਦ ਕਰਕੇ ਉਸ ਸੋਚ ਨੂੰ ਅੱਗੇ ਲਿਆਉਣ ਅਤੇ ਹਰ ਭਾਰਤੀ ਵਿਚਲੇ ਭਗਤ ਸਿੰਘ ਨੂੰ ਜਗਾਉਣ ਦੀ ਲੋੜ ਹੈ, ਤਾਂ ਜੋ ਉਸ ਯੋਧੇ ਨੇ ਜੇਲ੍ਹ ਦੀਆਂ ਬੇੜੀਆਂ ਵਿਚ ਜਕੜੇ ਅਤੇ ਕੁੱਲ ਸੰਸਾਰ ਤੋਂ ਕੱਟ ਕੇ ਜੋ ਅਧਿਐਨ ਕੀਤੇ, ਉਨ੍ਹਾਂ 'ਤੇ ਅਮਲ ਕੀਤਾ ਜਾ ਸਕੇ।

ਅਸੀਂ ਅੱਜ ਭਗਤ ਸਿੰਘ ਦੇ ਵਾਰਿਸ ਹੋਣ ਦਾ ਪਖੰਡ ਕਰਦੇ ਹਾਂ। ਉਸ ਨੂੰ ਹਥਿਆਰ ਰੱਖਣ ਵਾਲੇ ਨੌਜੁਆਨ ਵਜੋਂ ਪੇਸ਼ ਕਰਦੇ ਹਾਂ ਜੋ ਭੇਸ ਉਸ ਨੇ ਸਾਂਡਰਸ ਨੂੰ ਮਾਰਨ ਤੋਂ ਬਾਅਦ ਕਲਕੱਤਾ ਜਾਣ ਲਈ ਬਣਾਇਆ ਸੀ। ਉਸ ਭੇਸ ਨੂੰ ਤੋੜ ਮਰੋੜ ਕੇ ਪੇਸ਼ ਕਰਦੇ ਹਾਂ। ਉਸ ਨੇ ਭਾਵੇਂ ਬ੍ਰਿਟਿਸ਼ ਹਕੂਮਤ ਵਿਰੁਧ ਹਥਿਆਰ ਚੁੱਕਿਆ ਸੀ ਪਰ ਉਹਨੂੰ ਅਹਿਸਾਸ ਹੋ ਗਿਆ ਸੀ ਕਿ ਕਿਤਾਬ ਦੀ ਤਾਕਤ ਹਥਿਆਰ ਨਾਲੋਂ ਵੱਧ ਹੈ। ਇੱਕਾ ਦੁੱਕਾ ਪੁਲਿਸ ਅਫਸਰਾਂ ਅਤੇ ਮੁਖਬਰਾਂ ਨੂੰ ਮਾਰ ਕੇ ਕਦੇ ਵੀ ਆਜ਼ਾਦ ਭਾਰਤ ਦਾ ਸੁਪਨਾ ਪੂਰਾ ਨਹੀਂ ਹੋਵੇਗਾ। ਸਿਰਫ ਸ਼ਬਦਾਂ ਦਾ ਅਧਿਐਨ ਕਰਕੇ ਹੀ ਨੌਜੁਆਨਾਂ ਵਿਚਲੇ ਇਨਕਲਾਬ ਨੂੰ ਜਗਾਇਆ ਜਾ ਸਕਦਾ ਹੈ। 19 ਅਕਤੂਬਰ 1929 ਨੂੰ ਪੰਜਾਬ ਸਟੂਡੈਂਟ ਦੀ ਕਾਂਗਰਸ ਦੇ ਨਾਂ ਇੱਕ ਸੰਦੇਸ਼ ਭੇਜਿਆ ਸੀ ਤੇ ਕਿਹਾ ਸੀ, "ਅਸੀਂ ਨੌਜਵਾਨਾਂ ਨੂੰ ਬੰਬ ਤੇ ਪਿਸਤੌਲ ਚੁੱਕਣ ਦੀ ਸਲਾਹ ਨਹੀਂ ਦੇ ਸਕਦੇ। ਇਨ੍ਹਾਂ ਨੇ ਤਾਂ ਗੰਦੀਆਂ ਬਸਤੀਆਂ ਅਤੇ ਪਿੰਡਾਂ ਦੀਆਂ ਝੁੱਗੀਆਂ-ਝੋਪੜੀਆਂ ਵਿਚ ਰਹਿਣ ਵਾਲੇ ਲੋਕਾਂ ਤੱਕ ਇਨਕਲਾਬ ਦਾ ਸੰਦੇਸ਼ ਪਹੁੰਚਾਉਣਾ ਹੈ।"


23 ਮਾਰਚ ਉਹ ਦਿਨ, ਜਦੋਂ ਆਜ਼ਾਦੀ ਦੀ ਕਿਤਾਬ ਦਾ ਪਹਿਲਾ ਪੰਨਾ ਲਿਖਿਆ ਗਿਆ ਪਰ ਅੱਜ ਅਸੀਂ ਏਸ ਦਿਨ ਨੂੰ ਸਿਰਫ ਰਸਮੀ ਤੌਰ 'ਤੇ ਯਾਦ ਕਰਦੇ ਹਾਂ। ਸਾਲ ਵਿਚ ਸਿਰਫ ਦੋ ਦਿਨ ਹੀ ਅਸੀਂ ਉਸ ਸ਼ਹੀਦ ਨੂੰ ਯਾਦ ਕਰਦੇ ਹਾਂ ਅਤੇ ਆਉਣ ਵਾਲੇ ਸਾਲ ਭੁੱਲ ਜਾਂਦੇ ਹਾਂ। ਸੋਸ਼ਲ ਮੀਡੀਏ 'ਤੇ ਤਸਵੀਰਾਂ ਪਾਉਣ ਜਾਂ ਗੱਡੀਆਂ 'ਤੇ ਫੋਟੋ, ਸਟਿੱਕਰ ਆਦਿ ਲਿਖ ਕੇ ਸਾਨੂੰ ਫੁਕਰਾਪਨ ਛੱਡ ਦੇਣਾ ਚਾਹੀਦਾ ਹੈ ਕਿਉਂਕਿ ਜੇ ਅਸੀਂ ਉਸ ਦਾ ਅਕਸ ਸੁਧਾਰ ਨਹੀਂ ਸਕਦੇ ਤਾਂ ਵਿਗਾੜੀਏ ਵੀ ਨਾ। ਸਿੱਕਿਆਂ 'ਤੇ ਫੋਟੋ ਲਾਉਣ ਜਾਂ ਕਿਸੇ ਸੰਸਦ ਵਿਚ ਬੁੱਤ ਲਾਉਣ ਦੀ ਥਾਂ ਉਸ ਸ਼ਹੀਦ ਬਾਰੇ ਸਾਹਿਤ ਸਮੱਗਰੀ ਦੇਸ਼ ਦੇ ਹਰ ਕਸਬੇ, ਕੋਨੇ ਤੱਕ ਪਹੁੰਚਾਈ ਜਾਵੇ। ਜਨਮ ਅਤੇ ਸ਼ਹੀਦੀ ਦਿਹਾੜਿਆ 'ਤੇ ਛੁੱਟੀ ਕਰਨ ਦੀ ਥਾਂ ਸਕੂਲਾਂ-ਕਾਲਜਾਂ ਵਿਚ ਵਿਸ਼ੇਸ਼ ਸਮਾਗਮ ਕੀਤੇ ਜਾਣ।

ਇੱਕ ਗੱਲ ਹੋਰ ਦੱਸਣੀ ਬਣਦੀ ਹੈ ਕਿ 15 ਸਤੰਬਰ 2015 ਸਤੰਬਰ ਨੂੰ ਨਵੇਂ ਬਣੇ ਚੰਡੀਗੜ੍ਹ ਏਅਰਪੋਰਟ ਦਾ ਉਦਘਾਟਨ ਕੀਤਾ ਗਿਆ ਜਿਸ ਦਾ ਨਾਂ ਰੱਖਣ ਲਈ ਤਿੰਨ ਧਿਰਾਂ ਨੇ ਵੱਖ ਵੱਖ ਨਾਂ ਪੇਸ਼ ਕੀਤੇ। ਪਰ ਕਿਸੇ ਨਾਂ 'ਤੇ ਸਹਿਮਤੀ ਨਾ ਬਨਣ ਕਰਕੇ ਇਹ ਮਸਲਾ ਲਟਕ ਕੇ ਰਹਿ ਗਿਆ। ਜੇ ਅਤੀਤ ਦੀ ਗੱਲ ਕਰੀਏ ਤਾਂ ਪੰਜਾਬ ਨੇ 2008 ਤੋਂ ਲੈ ਕੇ ਹੁਣ ਤੱਕ ਭਗਤ ਸਿੰਘ ਦੇ ਨਾਂ ਦੀ ਜ਼ੋਰਦਾਰ ਹਮਾਇਤ ਕੀਤੀ ਹੈ। ਮੌਜੂਦਾ ਸਮੇਂ ਪੰਜਾਬ ਦੀ ਹਰ ਸਿਆਸੀ ਪਾਰਟੀ ਭਗਤ ਸਿੰਘ ਦਾ ਨਾਮ ਰੱਖਣ ਲਈ ਪੂਰੀ ਵਾਹ ਲਾ ਰਹੀ ਹੈ ਪਰ ਕੋਈ ਵੀ ਇਹ ਨਹੀਂ ਸੋਚ ਰਿਹਾ ਕਿ ਏਅਰਪੋਰਟ ਦਾ ਨਾਂ ਭਗਤ ਸਿੰਘ ਰੱਖਣ ਦੀ ਲੋੜ ਹੈ ਕਿ ਨਹੀਂ? ਇਸ ਦੇ ਨਾਲ ਹੀ ਇੱਕ ਸ਼ਹੀਦ ਦੀ ਦੋ ਅਜਿਹੇ ਨਾਂਵਾਂ ਨਾਲ ਮੁਕਾਬਲੇਬਾਜੀ ਹੋ ਰਹੀ ਹੈ ਜਿਨ੍ਹਾਂ ਦੀ ਭਗਤ ਸਿੰਘ ਦੇ ਨਾਂ ਨਾਲ ਤੁਲਨਾ ਕਰਨ ਦੀ ਕਲਪਨਾ ਵੀ ਠੀਕ ਨਹੀਂ ਹੋਵੇਗੀ।

ਜੇ ਭਗਤ ਸਿੰਘ ਦੇ ਜੀਵਨ 'ਤੇ ਝਾਤ ਮਾਰੀਏ ਤਾਂ ਇਹੀ ਪਤਾ ਲੱਗਦਾ ਹੈ ਕਿ ਉਹ ਆਪਣੀ ਸੋਚ ਸਮਾਜ ਨੂੰ ਦੇਣਾ ਚਾਹੁੰਦੇ ਸਨ ਨਾ ਕਿ ਆਪਣੇ ਨਾਂ ਨੂੰ। ਸੋ ਸਾਨੂੰ ਲੋੜ ਹੈ ਉਸ ਦੇ ਵਿਚਾਰਾਂ ਦੀ ਕਦਰ ਕਰਨ ਦੀ, ਨਾ ਕਿ ਉਸ ਦੇ ਨਾਮ ਦੀ ਤਖਤੀ ਬਣਾ ਕੇ ਥਾਂ ਥਾਂ ਚਿਪਕਾਉਣ ਦੀ।

# ਵਿਕਾਸ ਦੇ ਮੁੱਦੇ 'ਤੇ ਜੁਮਲੇ ਸੁਣਾਉਣ ਦਾ ਚਸਕਾ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਇਸ ਵਾਰੀ ਦਸਹਿਰੇ ਤੋਂ ਇੱਕ ਦਿਨ ਪਹਿਲਾਂ ਸਾਡੇ ਲੋਕਾਂ ਨੂੰ ਇਹ ਖਬਰ ਸੁਣਨ ਨੂੰ ਮਿਲੀ ਕਿ ਮੁੰਬਈ ਦੇ ਪਰੇਲ ਇਲਾਕੇ ਵਿਚ ਇੱਕ ਰੇਲਵੇ ਓਵਰ-ਬ੍ਰਿਜ ਟੁੱਟਣ ਕਰ ਕੇ ਬਾਈ ਜਣੇ ਮਾਰੇ ਗਏ ਤੇ ਇਸ ਤੋਂ ਤਕਰੀਬਨ ਡਿਓਢੀ ਗਿਣਤੀ ਇਸ ਮੌਕੇ ਜ਼ਖਮੀ ਹੋਣ ਵਾਲਿਆਂ ਦੀ ਹੈ। ਸਾਰਾ ਮੀਡੀਆ ਇਸੇ ਖਬਰ ਦੀ ਚੀਰ-ਫਾੜ ਕਰਨ ਤੇ ਲੋਕਾਂ ਦਾ ਧਿਆਨ ਖਿੱਚਣ ਲੱਗਾ ਰਿਹਾ। ਇਹ ਕੰਮ ਕਰਨਾ ਮੀਡੀਏ ਦਾ ਫਰਜ਼ ਵੀ ਹੈ ਤੇ ਕੁਝ ਲੋੜ ਵੀ। ਇੱਕ ਮਹੀਨੇ ਤੋਂ ਉਪਰ ਸਮਾਂ ਸਿਰਫ ਸੱਚੇ ਸੌਦੇ ਵਾਲੇ ਬਾਬੇ ਤੇ ਉਸ ਦੀ ਮੂੰਹ ਬੋਲੀ ਧੀ, ਲੋਕਾਂ ਦੀ ਨਜ਼ਰ ਵਿਚ ਪਤਾ ਨਹੀਂ ਕੀ, ਵਾਲੀ ਚਰਚਾ ਕਰਦਿਆਂ ਦਰਸ਼ਕ ਵੀ ਅੱਕਣ ਲੱਗੇ ਸਨ ਤੇ ਮੀਡੀਆ ਵਾਲੇ ਵੀ। ਹੁਣ ਸਿਰਸੇ ਦੀ ਖਬਰ ਮੀਡੀਆ ਦੀ ਭਾਸ਼ਾ ਮੁਤਾਬਕ ਗੈਪ-ਫਿੱਲਰ ਬਣ ਗਈ ਹੈ, ਵਿਚ-ਵਿਚਾਲੇ ਚਰਚਾ ਲਈ ਕੱਢੀ ਜਾਵੇਗੀ, ਵੱਡੀ ਖਬਰ ਰੇਲਵੇ ਪੁਲ ਦੇ ਹਾਦਸੇ ਦੀ ਹੈ ਅਤੇ ਉਹ ਵੀ ਓਨਾ ਚਿਰ ਹੈ, ਜਦੋਂ ਤੱਕ ਕੋਈ ਹੋਰ ਇਸ ਤੋਂ ਵੱਧ ਧਿਆਨ ਖਿੱਚਣ ਵਾਲੀ ਖਬਰ ਨਹੀਂ ਆ ਜਾਂਦੀ। ਕੁਝ ਪਾਠਕਾਂ ਨੂੰ ਜਾਪੇਗਾ ਕਿ ਮੀਡੀਏ ਵੱਲੋਂ ਐਡੇ ਦੁਖਾਂਤ ਦੀ ਦਰਦਨਾਕ ਪੇਸ਼ਕਾਰੀ ਨੂੰ ਅਸੀਂ ਛੁਟਿਆ ਕੇ ਵੇਖ ਰਹੇ ਹਾਂ, ਪਰ ਸਾਡੇ ਮਨ ਵਿਚ ਕੁਝ ਹੋਰ ਖਿਆਲ ਹਨ। ਮੀਡੀਆ ਕਿਸੇ ਦੁਖਾਂਤ ਬਾਰੇ ਕਿੰਨਾ ਕੁ ਗੰਭੀਰ ਹੈ, ਅਸੀਂ ਇਹ ਜਾਣਦੇ ਹਾਂ। ਓਵਰ ਬ੍ਰਿਜ ਹੇਠਾਂ ਪਏ ਲਾਸ਼ਾਂ ਦੇ ਢੇਰ ਵਿਖਾਉਣ ਤੇ ਕੀਰਨੇ ਪਾਉਣ ਵਾਂਗ ਖਬਰ ਪੇਸ਼ ਕਰਨ ਪਿੱਛੋਂ ਟੀ. ਵੀ. ਚੈਨਲ ਬਰੇਕ ਵਿਚ ਏਦਾਂ ਦੀ ਭੱਦੀ ਬੋਲੀ ਵਿਚ ਮਾਲ ਦੀ ਮਸ਼ਹੂਰੀ ਕਰਦੇ ਹਨ ਕਿ ਸਿਵੇ ਦੇ ਸਿਰਹਾਣੇ ਸੁਹਾਗ ਦੇ ਗੀਤ ਗਾਏ ਜਾਣ ਵਾਂਗ ਜਾਪਦਾ ਹੈ। ਹੁਣ ਮੀਡੀਆ ਕਹਿੰਦਾ ਹੈ ਕਿ ਸਾਡੇ ਕੋਲ ਇਸ ਪੁਲ ਬਾਰੇ ਪਹਿਲਾਂ ਤੋਂ ਸੂਚਨਾਵਾਂ ਸਨ, ਪਰ ਜੇ ਉਨ੍ਹਾਂ ਕੋਲ ਸੂਚਨਾਵਾਂ ਸਨ ਤਾਂ ਉਹ ਸੂਚਨਾਵਾਂ ਦੁਖਾਂਤ ਵਾਪਰਨ ਤੋਂ ਪਹਿਲਾਂ ਲੋਕਾਂ ਅੱਗੇ ਕਿਉਂ ਨਹੀਂ ਰੱਖੀਆਂ? ਇਹ ਗੱਲ ਕੋਈ ਨਹੀਂ ਦੱਸੇਗਾ।

ਸਾਰੀਆਂ ਸੂਚਨਾਵਾਂ ਕੇਂਦਰ ਤੇ ਰਾਜ ਸਰਕਾਰ ਚਲਾਉਣ ਵਾਲਿਆਂ ਕੋਲ ਸਨ ਜਾਂ ਫਿਰ ਮੁੰਬਈ ਸ਼ਹਿਰ ਚਲਾਉਣ ਦੇ ਜ਼ਿੰਮੇਵਾਰ ਨਗਰ ਨਿਗਮ ਦੇ ਅਫਸਰਾਂ ਤੇ ਅਹੁਦੇਦਾਰਾਂ ਕੋਲ ਸਨ, ਜਿਹੜੇ ਏਨੇ 'ਜ਼ਿੰਮੇਵਾਰ' ਹਨ ਕਿ ਹਰ ਦੁਖਾਂਤ ਲਈ 'ਜ਼ਿੰਮੇਵਾਰ' ਠਹਿਰਾਏ ਜਾ ਸਕਦੇ ਹਨ। ਭਾਜਪਾ ਆਗੂਆਂ ਨੇ ਇਹ ਦਲੀਲ ਫੜ ਲਈ ਕਿ ਇਹ ਪੁਲ ਰੇਲਵੇ ਦਾ ਨਹੀਂ ਅਤੇ ਭਾਜਪਾ ਮੁੱਖ ਮੰਤਰੀ ਵਾਲੀ ਮਹਾਰਾਸ਼ਟਰ ਸਰਕਾਰ ਦਾ ਵੀ ਨਹੀਂ, ਉਸ ਨਗਰ ਨਿਗਮ ਦਾ ਹੈ, ਜਿਸ ਦੀ ਅਗਵਾਈ ਸ਼ਿਵ ਸੈਨਾ ਦੇ ਮੇਅਰ ਕੋਲ ਹੈ। ਸ਼ਿਵ ਸੈਨਿਕ ਕਹਿੰਦੇ ਹਨ ਕਿ ਕੇਂਦਰ ਦੇ ਰੇਲ ਮਹਿਕਮੇ ਦਾ ਜ਼ਿੰਮਾ ਸੀ ਕਿ ਇਸ ਪੁਲ ਦੀ ਹਾਲਤ ਸੁਧਾਰਦਾ। ਰੇਲਵੇ ਦੇ ਬਚਾਅ ਲਈ ਭਾਜਪਾ ਆਗੂ ਆਖਦੇ ਹਨ ਕਿ ਦੋ ਰੇਲਵੇ ਸਟੇਸ਼ਨਾਂ ਨੂੰ ਆਪੋ ਵਿਚ ਜੋੜਨ ਵਾਲਾ ਇਹ ਓਵਰ ਬ੍ਰਿਜ ਹੈ, ਜੋ ਕਿਸੇ ਵੀ ਤਰ੍ਹਾਂ ਰੇਲਵੇ ਦੀ ਜਾਇਦਾਦ ਨਹੀਂ। ਜਵਾਬ ਵਿਚ ਸ਼ਿਵ ਸੈਨਾ ਵਾਲੇ ਇਹ ਦੱਸਦੇ ਹਨ ਕਿ ਉਨ੍ਹਾਂ ਦੇ ਇੱਕ ਪਾਰਲੀਮੈਂਟ ਮੈਂਬਰ ਨੇ ਰੇਲ ਮੰਤਰੀ ਨੂੰ ਇਸ ਓਵਰ ਬ੍ਰਿਜ ਦੀ ਹਾਲਤ ਦੱਸ ਕੇ ਪਹਿਲ ਦੇ ਆਧਾਰ 'ਤੇ ਬਣਾਉਣ ਦੀ ਬੇਨਤੀ ਕੀਤੀ ਸੀ ਤਾਂ ਰੇਲਵੇ ਮੰਤਰੀ ਨੇ ਕਿਹਾ ਸੀ ਕਿ ਹਾਲੇ ਫੰਡ ਨਹੀਂ ਹਨ, ਜਦੋਂ ਹੋਣਗੇ, ਇਸ ਨੂੰ ਬਣਾ ਦਿਆਂਗੇ। ਉਹ ਪੁੱਛਦੇ ਹਨ ਕਿ ਜੇ ਪੁਲ ਰੇਲਵੇ ਦੇ ਅਧਿਕਾਰ ਖੇਤਰ ਵਿਚ ਨਹੀਂ ਤਾਂ ਰੇਲ ਮੰਤਰੀ ਨੇ ਫੰਡ ਹੋਣ 'ਤੇ ਬਣਾ ਦੇਣ ਦੀ ਗੱਲ ਕਿਉਂ ਕਹਿ ਦਿੱਤੀ ਸੀ? ਇਸ ਤੋਂ ਸਾਫ ਹੈ ਕਿ ਪੁਲ ਰੇਲਵੇ ਦਾ ਹੈ। ਦੁਵੱਲੇ ਭੇਤ ਵਿਚ ਉਲਝੀਆਂ ਇਹ ਦੋਵੇਂ ਸਿਆਸੀ ਪਾਰਟੀਆਂ ਕੇਂਦਰ ਵਿਚ ਵੀ ਅਤੇ ਰਾਜ ਸਰਕਾਰ ਵਿਚ ਵੀ-ਦੋਵੇਂ ਥਾਂ ਭਾਈਵਾਲ ਹਨ।




ਏਦਾਂ ਪਹਿਲੀ ਵਾਰ ਨਹੀਂ ਹੋ ਰਿਹਾ। ਰਾਜੀਵ ਗਾਂਧੀ ਦੇ ਜ਼ਮਾਨੇ ਵਿਚ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਇਹੋ ਜਿਹਾ ਇੱਕ ਫਲਾਈ ਓਵਰ ਬਣਾਇਆ ਜਾਣਾ ਸੀ। ਦਿੱਲੀ ਨਗਰ ਨਿਗਮ ਤੇ ਨਵੀਂ ਦਿੱਲੀ ਨਗਰ ਨਿਗਮ-ਦੋਵੇਂ ਦਾਅਵਾ ਕਰਦੀਆਂ ਸਨ ਕਿ ਇਸ ਨੂੰ ਬਣਾਉਣ ਦਾ ਹੱਕ ਸਾਡਾ ਹੈ ਤੇ ਦਿੱਲੀ ਡਿਵੈਲਪਮੈਂਟ ਅਥਾਰਟੀ (ਡੀ.ਡੀ.ਏ.) ਕਹਿੰਦੀ ਸੀ ਕਿ ਦੋ ਧਿਰਾਂ ਦੇ ਵਿਚਾਲੇ ਦਾ ਓਵਰ ਬ੍ਰਿਜ ਹੋਣ ਕਾਰਨ ਇਸ ਦਾ ਪ੍ਰਾਜੈਕਟ ਸਾਨੂੰ ਮਿਲਣਾ ਚਾਹੀਦਾ ਹੈ। ਉਹੋ ਜਿਹਾ ਇੱਕ ਹੋਰ ਪੁਲ ਡੀ.ਡੀ.ਏ. ਨੇ ਪਹਿਲਾਂ ਬਣਾਇਆ ਸੀ ਤੇ ਇਸ ਨਵੇਂ ਪ੍ਰਾਜੈਕਟ ਦੇ ਬਣਨ ਦਾ ਫੈਸਲਾ ਹੋਣ ਤੋਂ ਪਹਿਲਾਂ ਉਸ ਪੁਰਾਣੇ ਪੁਲ ਉਤੇ ਇੱਕ ਵੱਡਾ ਹਾਦਸਾ ਹੋ ਗਿਆ। ਦੋਵੇਂ ਨਗਰ ਨਿਗਮਾਂ ਦੇ ਅਫਸਰ ਇੱਕ-ਦੂਸਰੇ ਦਾ ਖੇਤਰ ਕਹਿ ਕੇ ਪੱਲਾ ਝਾੜਨ ਤੁਰ ਪਏ ਸਨ ਅਤੇ ਡੀ.ਡੀ.ਏ. ਵਾਲਿਆਂ ਨੇ ਕਹਿ ਦਿੱਤਾ ਸੀ ਕਿ ਸਾਡੀ ਜ਼ਿੰਮੇਵਾਰੀ ਸਿਰਫ ਬਣਾਉਣ ਤੱਕ ਹੈ, ਉਸ ਤੋਂ ਬਾਅਦ ਨਹੀਂ ਹੁੰਦੀ। ਮੁੰਬਈ ਦੇ ਓਵਰ ਬ੍ਰਿਜ ਵਾਲੇ ਹਾਦਸੇ ਨੇ ਉਸ ਮੌਕੇ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਬਣਾਉਣ ਨੂੰ ਸਾਰੇ ਤਿਆਰ ਹਨ, ਕਿਉਂਕਿ ਇਸ ਵਿਚੋਂ ਕਮਾਈ ਦਾ ਜੁਗਾੜ ਹੁੰਦਾ ਹੈ। ਹਾਦਸੇ ਦੀ ਜ਼ਿੰਮੇਵਾਰੀ ਲੈਣ ਵਾਲਾ ਕੋਈ ਨਹੀਂ। ਇਹ ਭਾਰਤ ਦੇ ਸੌ ਦੁਖਾਂਤਾਂ ਦੇ ਦੌਰਾਨ ਸਾਹਮਣੇ ਆਇਆ ਸੱਚ ਕਿਹਾ ਜਾ ਸਕਦਾ ਹੈ ਅਤੇ ਅੱਗੋਂ ਵੀ ਕਿਹਾ ਜਾਂਦਾ ਰਹੇਗਾ।

ਪਿਛਲੇ ਹਫਤੇ ਇੱਕ ਹਾਦਸਾ ਬਿਹਾਰ ਦੇ ਭਾਗਲਪੁਰ ਜ਼ਿਲੇ ਵਿਚ ਵਾਪਰਿਆ ਹੈ। ਉਥੇ ਇੱਕ ਡੈਮ ਬਣ ਕੇ ਤਿਆਰ ਹੋ ਗਿਆ ਤਾਂ ਜਿਸ ਦਿਨ ਉਸ ਰਾਜ ਦੇ ਮੁੱਖ ਮੰਤਰੀ ਨੇ ਉਦਘਾਟਨ ਕਰਨਾ ਸੀ, ਇੱਕ ਦਿਨ ਪਹਿਲਾਂ ਉਸ ਦੇ ਢਹਿਣ ਦੀ ਖਬਰ ਆ ਗਈ। ਅਸਲ ਵਿਚ ਉਥੇ ਡੈਮ ਨਹੀਂ ਸੀ ਟੁੱਟਾ, ਡੈਮ ਨੂੰ ਪਾਣੀ ਪੁਚਾਉਣ ਵਾਲੀ ਨਹਿਰ ਟੁੱਟੀ ਸੀ। ਉਦਘਾਟਨ ਤੋਂ ਇੱਕ ਦਿਨ ਪਹਿਲਾਂ ਉਸ ਨਹਿਰ ਤੇ ਡੈਮ ਦੀ ਪਰਖ ਲਈ ਪਾਣੀ ਛੱਡਿਆ ਗਿਆ ਤਾਂ ਉਹ ਇੱਕ ਥਾਂ ਤੋਂ ਪਟੜੀ ਰੋੜ੍ਹ ਕੇ ਲੈ ਗਿਆ ਅਤੇ ਆਸ-ਪਾਸ ਦੇ ਸਾਰੇ ਇਲਾਕੇ ਵਿਚ ਹੜ੍ਹ ਵਾਂਗ ਪਾਣੀ ਲੋਕਾਂ ਦੇ ਘਰਾਂ ਵਿਚ ਜਾ ਵੜਿਆ। ਬਿਹਾਰ ਸਰਕਾਰ ਦੇ ਅਫਸਰਾਂ ਨੇ ਕਿਹਾ ਕਿ ਕਸੂਰ ਸਾਡਾ ਨਹੀਂ, ਕੇਂਦਰ ਸਰਕਾਰ ਦੇ ਇੱਕ ਅਦਾਰੇ ਦਾ ਹੈ, ਜਿਸ ਨੇ ਆਪਣੇ ਪ੍ਰਾਜੈਕਟ ਵੱਲ ਪਾਣੀ ਲਿਜਾਣ ਲਈ ਇਸ ਨਹਿਰ ਦੇ ਹੇਠੋਂ ਦੀ ਅੰਡਰ-ਪਾਸ ਬਣਾਇਆ ਸੀ ਤੇ ਉਸ ਅੰਡਰ-ਪਾਸ ਦੇ ਉਪਰੋਂ ਪਟੜੀ ਰੁੜ੍ਹੀ ਹੈ। ਕੇਂਦਰ ਦੇ ਅਦਾਰੇ ਨੇ ਕਿਹਾ ਕਿ ਸਾਡਾ ਅੰਡਰ-ਪਾਸ ਕਾਇਮ ਹੈ, ਰਾਜ ਸਰਕਾਰ ਆਪਣੀ ਪਟੜੀ ਰੁੜ੍ਹ ਜਾਣ ਦੀ ਜਾਂਚ ਕਰਾਵੇ, ਨੁਕਸ ਉਸ ਦਾ ਨਿਕਲੇਗਾ। ਇਹੋ ਜਿਹੇ ਕੰਮਾਂ ਵਿਚ ਜਿਵੇਂ ਆਮ ਹੁੰਦਾ ਹੈ, ਜਾਂਚ ਕਮੇਟੀ ਬਣਾ ਕੇ ਡੰਗ ਸਾਰਿਆ ਗਿਆ ਹੈ, ਜਿਸ ਦੀ ਰਿਪੋਰਟ ਆਉਂਦਿਆਂ ਕਈ ਸਾਲ ਗੁਜ਼ਰ ਜਾਣਗੇ। ਫਿਰ ਕੋਈ ਪੁੱਛਣ ਵਾਲਾ ਨਹੀਂ ਲੱਭਣਾ।


ਹੋਇਆ ਅਸਲ ਵਿਚ ਇਹ ਸੀ ਕਿ ਡੈਮ ਵਾਲੀ ਨਹਿਰ ਦੇ ਹੇਠੋਂ ਜਦੋਂ ਕੇਂਦਰੀ ਅਦਾਰੇ ਨੇ ਅੰਡਰ-ਪਾਸ ਬਣਾਇਆ, ਉਹ ਠੀਕ ਬਣ ਗਿਆ, ਪਰ ਉਸ ਦੇ ਉਪਰੋਂ ਲੰਘਣ ਵਾਲੀ ਨਹਿਰ ਦੀ ਪਟੜੀ ਇਸ ਅੰਡਰ-ਪਾਸ ਵਾਲੇ ਥਾਂ ਤੋਂ ਵੱਧ ਪੱਕੀ ਕਰਨ ਲਈ ਉਸ ਵਿਚ ਲੋਹੇ ਦੇ ਸਰੀਏ ਦਾ ਜਾਲ ਬੁੰਨ੍ਹਣ ਦੀ ਲੋੜ ਸੀ। ਜਿੱਥੋਂ ਪਟੜੀ ਰੁੜ੍ਹ ਗਈ, ਉਥੋਂ ਮਿੱਟੀ ਲਮਕ ਰਹੀ ਦਿਖਾਈ ਦਿੰਦੀ ਸੀ, ਸਰੀਆ ਲਮਕਦਾ ਦਿਖਾਈ ਨਹੀਂ ਸੀ ਦਿੰਦਾ, ਕਿਉਂਕਿ ਉਹ ਪਾਇਆ ਹੀ ਨਹੀਂ ਸੀ। ਰਾਜ ਸਰਕਾਰ ਦੇ ਅਧਿਕਾਰੀ ਇਸ ਦੀ ਜ਼ਿੰਮੇਵਾਰੀ ਚੁੱਕਣ ਨੂੰ ਤਿਆਰ ਨਹੀਂ ਸਨ। ਪੁਲ ਉਥੇ ਟੁੱਟ ਚੁੱਕਾ ਸੀ, ਦੋਬਾਰਾ ਨਹਿਰ ਖੜ੍ਹੇ ਪੈਰ ਬਣ ਨਹੀਂ ਸੀ ਸਕਦੀ ਤੇ ਉਦਘਾਟਨ ਦਾ ਲਿਸ਼ਕਦਾ ਪੱਥਰ ਉਥੇ ਲੱਗਾ ਮੂੰਹ ਚਿੜਾ ਰਿਹਾ ਸੀ।

ਭਾਰਤੀ ਰਾਜਨੀਤੀ ਅੱਜ-ਕੱਲ੍ਹ ਜੁਮਲੇ ਸੁਣਾਉਣ ਦਾ ਚਸਕਾ ਲੈਂਦੀ ਹੈ। ਪਹਿਲਾਂ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਜੁਮਲੇ ਸੁਣਾਉਂਦੇ ਸਨ, ਹੁਣ ਰਾਹੁਲ ਗਾਂਧੀ ਵੀ ਸੁਣਾਉਂਦਾ ਹੈ। ਇਸ ਹਫਤੇ 'ਵਿਕਾਸ ਪਾਗਲ ਹੋ ਗਿਆ' ਵਾਲੇ ਜੁਮਲੇ ਨਾਲ ਰਾਹੁਲ ਗਾਂਧੀ ਨੇ ਲੋਕਾਂ ਦਾ ਧਿਆਨ ਖਿੱਚਿਆ ਹੈ। ਇਹ ਇੱਕ ਦੂਸਰੇ ਦਾ ਧਿਆਨ ਖਿੱਚਦੇ ਹਨ, ਸੋਸ਼ਲ ਮੀਡੀਏ ਦੀ ਵਰਤੋਂ ਨਾਲੋਂ ਦੁਰਵਰਤੋਂ ਵੱਧ ਕਰਨ ਵਾਲੇ ਲੋਕ ਆਪਣੀ ਕਲਾ ਵਿਖਾਈ ਜਾਂਦੇ ਹਨ। ਇਸ ਹਫਤੇ ਉਨ੍ਹਾਂ ਦੀ ਕਲਾ ਦਾ ਇੱਕ ਨਮੂਨਾ ਵੀ ਇੱਕ ਜੁਮਲਾ ਬਣ ਕੇ ਸਾਹਮਣੇ ਆਇਆ ਹੈ। ਉਸ ਜੁਮਲੇ ਮੁਤਾਬਕ ਭਾਰਤ, ਇੰਗਲੈਂਡ ਤੇ ਰੂਸ ਦੇ ਸਿਆਸੀ ਮੰਤਰੀ ਇੱਕ ਮੀਟਿੰਗ ਲਈ ਇੰਗਲੈਂਡ ਵਿਚ ਇਕੱਠੇ ਹੋਏ ਤਾਂ ਉਥੋਂ ਦਾ ਮੰਤਰੀ ਭਾਰਤ ਤੇ ਰੂਸ ਵਾਲਿਆਂ ਨੂੰ ਆਪਣੇ ਬੰਗਲੇ ਵਿਚ ਲੈ ਗਿਆ। ਸੋਹਣਾ ਬੰਗਲਾ ਵੇਖ ਕੇ ਦੋਵਾਂ ਨੇ ਪੁੱਛ ਲਿਆ ਕਿ ਏਨਾ ਪੈਸਾ ਕਿੱਥੋਂ ਮਿਲ ਗਿਆ। ਉਸ ਨੇ ਦੋਵਾਂ ਨੂੰ ਨਾਲ ਲਿਆ ਅਤੇ ਛੋਟੇ ਜਿਹੇ ਦਰਿਆ ਉਤੇ ਲਿਜਾ ਕੇ ਇੱਕ ਪੁਲ ਵੱਲ ਹੱਥ ਕਰ ਕੇ ਕਿਹਾ, 'ਬਹੁਤਾ ਭ੍ਰਿਸ਼ਟਾਚਾਰ ਤਾਂ ਏਥੇ ਨਹੀਂ, ਪਰ ਐਡੇ ਕੁ ਪੁਲ ਵਿਚੋਂ ਬੰਗਲਾ ਬਣਾਉਣ ਜੋਗਾ ਕਮਿਸ਼ਨ ਮਿਲ ਜਾਂਦਾ ਹੈ।'

ਅਗਲੀ ਮੀਟਿੰਗ ਵੇਲੇ ਰੂਸ ਵਿਚ ਮਿਲ ਪਏ ਤਾਂ ਰੂਸ ਦੇ ਮੰਤਰੀ ਦਾ ਬੰਗਲਾ ਉਸ ਤੋਂ ਵੀ ਵੱਡਾ ਸੀ। ਪੈਸਾ ਪੁੱਛਣ ਉਤੇ ਉਹ ਦਰਿਆ ਉਤੇ ਜਾ ਕੇ ਨਿਕੰਮਾ ਜਿਹਾ ਬਣਿਆ ਪੁਲ ਵਿਖਾ ਕੇ ਕਹਿਣ ਲੱਗਾ, 'ਜੇ ਮੇਰਾ ਬੰਗਲਾ ਨਾ ਬਣਨਾ ਹੁੰਦਾ ਤਾਂ ਇਹ ਪੁਲ ਜ਼ਰਾ ਚੰਗਾ ਬਣ ਜਾਣਾ ਸੀ, ਮੈਂ ਬੰਗਲੇ ਜੋਗਾ ਪੈਸਾ ਕਮਾ ਲਿਆ ਸੀ।' ਤੀਸਰੀ ਮੀਟਿੰਗ ਭਾਰਤ ਵਿਚ ਹੋਈ ਤੇ ਸਾਡੇ ਮੰਤਰੀ ਦਾ ਬੰਗਲਾ ਉਨ੍ਹਾਂ ਦੋਵਾਂ ਤੋਂ ਵੱਡਾ ਸੀ। ਪੈਸੇ ਬਾਰੇ ਪੁੱਛਿਆ ਤਾਂ ਅਗਲੇ ਦਿਨ ਦਰਿਆ ਕੰਢੇ ਲਿਜਾ ਕੇ ਕਹਿਣ ਲੱਗਾ, 'ਔਹ ਪੁਲ ਤੁਸੀਂ ਵੇਖ ਲਓ, ਉਸ ਦੀ ਕ੍ਰਿਪਾ ਨਾਲ ਮੇਰਾ ਇਹ ਬੰਗਲਾ ਬਣਿਆ ਹੈ।' ਦੋਵੇਂ ਵੇਖ ਰਹੇ ਸਨ, ਪਰ ਪੁਲ ਦਿੱਸ ਨਹੀਂ ਸੀ ਰਿਹਾ। ਉਨ੍ਹਾਂ ਨੇ ਪੁੱਛ ਲਿਆ, 'ਕਿਹੜਾ ਪੁਲ, ਸਾਨੂੰ ਤਾਂ ਦਿੱਸਦਾ ਨਹੀਂ।' ਮੰਤਰੀ ਨੇ ਹੱਸ ਕੇ ਕਿਹਾ, 'ਜੇ ਪੁਲ ਦਿਖਾਈ ਦਿੰਦਾ ਤਾਂ ਤੁਹਾਡੇ ਦੋਵਾਂ ਦੇ ਬੰਗਲਿਆਂ ਤੋਂ ਵੱਡਾ ਬੰਗਲਾ ਨਹੀਂ ਸੀ ਦਿੱਸਣਾ, ਇਸ ਲਈ ਇਹ ਪੁਲ ਕਾਗਜ਼ਾਂ ਵਿਚ ਬਣਾਇਆ ਤੇ ਹੜ੍ਹਾਂ ਵਿਚ ਰੋੜ੍ਹ ਦਿੱਤਾ ਸੀ।'

ਇਹ ਜੁਮਲਾ ਕੁਝ ਜ਼ਿਆਦਾ ਹੱਦਾਂ ਟੱਪਣ ਵਾਲਾ ਜਾਪਦਾ ਹੈ, ਪਰ ਏਦਾਂ ਦੇ ਜੁਮਲੇ ਦਾ ਮਾਹੌਲ ਸਾਡੇ ਆਗੂਆਂ ਨੇ ਹੀ ਪੈਦਾ ਕੀਤਾ ਹੈ। ਮਨਮੋਹਨ ਸਿੰਘ ਦੀ ਸਰਕਾਰ ਨੇ ਆਪਣੀ ਇਸ਼ਤਿਹਾਰਬਾਜ਼ੀ ਦੇ ਅਖੀਰ ਵਿਚ ਆਖਿਆ ਸੀ, 'ਭਾਰਤ ਕੇ ਵਿਕਾਸ ਮੇਂ ਹੱਕ ਹੈ ਮੇਰਾ।' ਉਦੋਂ ਪਠਾਨਕੋਟ ਆਏ ਗੁਜਰਾਤ ਦੇ ਮੁੱਖ ਮੰਤਰੀ ਮੋਦੀ ਨੇ ਜੁਮਲਾ ਕੱਸਿਆ ਸੀ, ''ਮਨਮੋਹਨ ਸਿੰਘ ਸਰਕਾਰ ਕੀ ਐਡ ਗਲਤ ਹੈ, ਵੋ ਕਹਿਤੇ ਹੈਂ ਕਿ 'ਭਾਰਤ ਕੇ ਵਿਕਾਸ ਮੇਂ ਹੱਕ ਹੈ ਮੇਰਾ', ਮੈਂ ਕਹਿਤਾ ਹੂੰ ਕਿ 'ਭਾਰਤ ਕੇ ਵਿਕਾਸ ਮੇਂ ਸ਼ੱਕ ਹੈ ਮੇਰਾ'।'' ਗੁਜਰਾਤ ਦਾ ਉਹ ਮੁੱਖ ਮੰਤਰੀ ਹੁਣ ਭਾਰਤ ਦਾ ਪ੍ਰਧਾਨ ਮੰਤਰੀ ਹੈ ਤੇ ਹਰ ਵਕਤ ਵਿਕਾਸ ਦੀਆਂ ਗੱਲਾਂ ਕਰਦਾ ਹੈ, ਪਰ ਉਦੋਂ ਮਨਮੋਹਨ ਸਿੰਘ ਸਰਕਾਰ ਨੂੰ ਜੇਬ ਵਿਚ ਸਮਝਣ ਵਾਲਾ ਮੁੰਡਾ ਹੁਣ ਇਹ ਕਹਿੰਦਾ ਹੈ ਕਿ 'ਵਿਕਾਸ ਪਾਗਲ ਹੋ ਗਿਆ ਲਗਤਾ ਹੈ।' ਲੋਕ ਜਦੋਂ ਇਨ੍ਹਾਂ ਦੋਵਾਂ ਦਾ ਹੁੰਗਾਰਾ ਦੇਣ ਵੇਲੇ ਮੁਸ਼ਕਿਲ ਮਹਿਸੂਸ ਕਰਦੇ ਹੋਣ ਤਾਂ ਉਦੋਂ ਕੀ ਕਰਨਗੇ, ਸ਼ਾਇਦ ਉਹ ਸੋਸ਼ਲ ਮੀਡੀਏ ਦਾ ਉਪਰ ਵਾਲਾ ਜੁਮਲਾ ਹੀ ਵਰਤਦੇ ਹੋਣਗੇ।

# ਮੁਸਲਿਮ ਔਰਤ ਨੇ ਭਾਰਤੀ ਟਰੱਕ ਡਰਾਈਵਰ ਦੀ ਜਾਨ ਬਚਾਈ



**ਦੁਬਈ:** ਇਕ ਮੁਸਲਿਮ ਮਹਿਲਾ ਵੱਲੋਂ ਵਰਤੀ ਸੂਝ ਬੂਝ ਨੇ ਇਥੇ ਭਿਆਨਕ ਸੜਕ ਹਾਦਸੇ ਦਾ ਸ਼ਿਕਾਰ ਹੋਏ ਭਾਰਤੀ ਟਰੱਕ ਡਰਾਈਵਰ ਦੀ ਜਾਨ ਬਚਾ ਦਿੱਤੀ। ਮਹਿਲਾ ਦੀ ਪਛਾਣ ਜਵਾਹਰ ਸੈਫ ਅਲ ਕੁਮੈਤੀ (22) ਅਤੇ ਪੀੜਤ ਟਰੱਕ ਡਰਾਈਵਰ ਦੀ ਹਰਕੀਰਤ ਸਿੰਘ ਵਜੋਂ ਹੋਈ ਹੈ। ਯੂ.ਏ.ਈ. ਸਥਿਤ ਭਾਰਤੀ ਸਫਾਰਤਖਾਨੇ ਵੱਲੋਂ ਮਹਿਲਾ ਦਾ ਸਨਮਾਨ ਕੀਤਾ ਜਾਵੇਗਾ। ਗਲਫ ਨਿਊਜ਼ ਦੀ ਰਿਪੋਰਟ ਮੁਤਾਬਕ ਇਹ ਮੁਸਲਿਮ ਮਹਿਲਾ ਹਸਪਤਾਲ ਵਿਚ ਦਾਖਲ ਆਪਣੇ ਦੋਸਤ ਦੀ ਖਬਰਸਾਰ ਲੈ ਕੇ ਮੁੜ ਰਹੀ ਸੀ ਜਦੋਂ ਉਸ ਨੇ ਯੂ.ਏ.ਈ. ਦੇ ਸ਼ਹਿਰ ਰਾਸ ਅਲ-ਖੈਮਾਹ ਵਿਚ ਦੋ ਟਰੱਕ ਅੱਗ ਵਿਚ ਧੁਖਦੇ ਵੇਖੇ।

ਇਸ ਦੌਰਾਨ ਉਸ ਨੇ ਕਿਸੇ ਵੱਲੋਂ ਬਚਾਏ ਜਾਣ ਦੀ ਆਵਾਜ਼ ਸੁਣੀ। ਕੁਮੈਤੀ ਨੇ ਆਪਣੀ ਸਾਥਣ ਮੁਸਾਫਰ ਦੇ ਬੁਰਕੇ ਦੀ ਮਦਦ ਨਾਲ ਅੱਗ ਬੁਝਾਉਂਦਿਆਂ ਪੀੜਤ ਦੇ ਸਰੀਰ ਨੂੰ ਢਕਿਆ। ਸ਼ਾਰਜਾਹ ਦੇ ਐਡਨੋਕ ਓਆਇਸਸ ਵਿਚ ਕੰਮ ਕਰਦੀ ਅਲ ਕੁਮੈਤੀ ਨੇ ਕਿਹਾ, 'ਉਹ ਹੇਠਾਂ ਪਿਆ ਸੀ। ਉਸ ਦੇ ਕੱਪੜਿਆਂ ਨੂੰ ਅੱਗ ਲੱਗੀ ਹੋਈ ਸੀ। ਮੈਂ ਆਪਣੀ ਦੋਸਤ ਦਾ ਬੁਰਕਾ ਲਿਆ ਤੇ ਉਸ ਨੂੰ ਕਾਰ ਅੰਦਰ ਹੀ ਰਹਿਣ ਲਈ ਕਿਹਾ। ਮੈਂ ਪੀੜਤ ਟਰੱਕ ਡਰਾਈਵਰ ਨੂੰ ਢੱਕਣਾ ਚਾਹੁੰਦੀ ਸੀ ਕਿਉਂਕਿ ਉਸ ਦੇ ਸਰੀਰ 'ਤੇ ਕੋਈ ਕੱਪੜਾ ਨਹੀਂ ਸੀ। ਉਸ ਨੇ ਮੇਰੇ ਵੱਲ ਵੇਖਿਆ ਤੇ ਕਿਹਾ,'ਮੈਂ ਮਰ ਰਿਹਾ ਹਾਂ। ਮੈਂ ਮਰਨ ਤੋਂ ਡਰਦਾ ਹਾਂ।' ਕੁਮੈਤੀ ਨੇ ਕਿਹਾ ਕਿ ਉਸ ਨੇ ਗੱਲਬਾਤ ਕਰਦਿਆਂ ਉਸ ਨੂੰ ਸ਼ਾਂਤ ਕੀਤਾ ਤੇ ਦੱਸਿਆ ਕਿ ਰਾਹਤ ਟੀਮਾਂ ਜਲਦੀ ਹੀ ਮੌਕੇ 'ਤੇ ਪੁੱਜ ਰਹੀਆਂ ਹਨ। ਮੌਕੇ ਉਤੇ ਪੁੱਜੀਆਂ ਪੁਲਿਸ ਪੈਟਰੋਲ, ਐਂਬੂਲੈਂਸ ਤੇ ਪੈਰਾ ਮੈਡੀਕਲ ਸਟਾਫ ਨੇ ਪੀੜਤ ਨੂੰ ਮੁੱਢਲੀ ਸਹਾਇਤਾ ਦਿੰਦਿਆਂ ਹਸਪਤਾਲ ਪਹੁੰਚਾਇਆ।

# ਹੁਣ ਨਹੀਂ ਪੈਣਗੇ ਬੁਲਟ ਦੇ ਪਟਾਕੇ...

ਵੰਨ-ਸੁਵੰਨੀਆਂ ਆਵਾਜ਼ਾਂ ਨਾਲ ਲੋਕਾਂ ਨੂੰ ਪ੍ਰੇਸ਼ਾਨ ਕਰਦੇ ਹਾਰਨ, ਪ੍ਰੈਸ਼ਰ ਹਾਰਨ, ਪਟਾਕੇ ਮਾਰਨ ਵਾਲੇ ਸਾਈਲੈਂਸਰ ਬਣਾਉਣ, ਵੇਚਣ, ਖਰੀਦਣ ਅਤੇ ਫਿਟ ਕਰਨ ਵਾਲਿਆਂ ਦੀ ਹੁਣ ਖੈਰ ਨਹੀਂ। ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਚੇਅਰਮੈਨ ਸ. ਕਾਹਨ ਸਿੰਘ ਪੰਨੂੰ ਨੇ ਇਨ੍ਹਾਂ ਬੇਅਰਾਮ ਕਰਦੀਆਂ ਆਵਾਜ਼ਾਂ ਨੂੰ ਰੋਕਣ ਲਈ ਕਮਰ ਕੱਸੀ ਹੈ। ਵਾਯੂ ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ ਐਕਟ 1981 ਦੀ ਧਾਰਾ 31ਏ ਤਹਿਤ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਪਹਿਲੀ ਅਕਤੂਬਰ 2017 ਤੋਂ ਜੋ ਵਿਅਕਤੀ ਅਜਿਹੇ ਹਾਰਨ, ਮਲਟੀ ਹਾਰਨ ਅਤੇ ਪਟਾਕੇ ਮਾਰਨ ਵਾਲੇ ਸਾਈਲੈਂਸਰ ਬਣਾਏਗਾ, ਵੇਚੇਗਾ ਅਤੇ ਫਿਟ ਕਰੇਗਾ, ਉਸ ਨੂੰ 6 ਸਾਲ ਦੀ ਕੈਦ ਤੇ 5000 ਰੁਪਏ ਜੁਰਮਾਨਾ ਕੀਤਾ ਜਾਵੇਗਾ।

ਨਰਿੰਦਰ ਸਿੰਘ ਬਰਨਾਲ
ਫੋਨ: 91-95010-01303

ਵਰਨਣਯੋਗ ਹੈ ਕਿ ਉਕਤ ਹਾਰਨਾਂ ਤੇ ਬੁਲਟ ਦੀਆਂ ਆਵਾਜ਼ਾਂ ਤੋਂ ਜਿੱਥੇ ਆਮ ਲੋਕ ਪ੍ਰੇਸ਼ਾਨ ਹੁੰਦੇ ਹਨ, ਉਥੇ ਕਈ ਵਾਰ ਇਹ ਅਚਨਚੇਤ ਵੱਜਦੇ ਹਾਰਨ ਹਾਦਸਿਆਂ ਅਤੇ ਲੜਾਈਆਂ ਦਾ ਕਾਰਨ ਵੀ ਬਣਦੇ ਹਨ। ਲੋਕਾਂ ਦੀਆਂ ਪ੍ਰੇਸ਼ਾਨੀਆਂ ਨੂੰ ਸਮਝਦਿਆਂ ਅਤੇ ਇਨ੍ਹਾਂ ਪ੍ਰਤੀ ਨੌਜਵਾਨ ਪੀੜ੍ਹੀ ਦੇ ਵੱਧ ਰਹੇ ਕਰੇਜ਼ ਦੇ ਮੱਦੇਨਜ਼ਰ ਸ. ਕਾਹਨ ਸਿੰਘ ਪੰਨੂੰ ਨੇ ਜੁਲਾਈ ਮਹੀਨੇ ਅਖਬਾਰਾਂ ਵਿਚ ਇਸ਼ਤਿਹਾਰ ਦੇ ਕੇ ਪਹਿਲਾਂ ਇਨ੍ਹਾਂ ਨਾਲ ਸਬੰਧਤ ਪਾਰਟੀਆਂ ਦੇ ਇਤਰਾਜ਼ ਸੁਣੇ ਅਤੇ ਅਖੀਰ ਜਨਤਕ ਹਿੱਤ ਵੇਖਦਿਆਂ ਇਨ੍ਹਾਂ ਨੂੰ ਬੰਦ ਕਰਨ ਦਾ ਫੈਸਲਾ ਲੈ ਲਿਆ।

ਨਵੇਂ ਫੈਸਲੇ ਮੁਤਾਬਕ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਵੀ ਕੀਤੀਆਂ ਗਈਆਂ ਹਨ ਕਿ ਉਹ ਅਕਤੂਬਰ ਮਹੀਨੇ ਤੋਂ ਅਜਿਹੇ ਹਾਰਨ ਵੇਚਣ ਤੇ ਬਣਾਉਣ ਵਾਲਿਆਂ ਵਿਰੁਧ ਸਖਤ ਕਾਰਵਾਈ ਅਮਲ ਵਿਚ ਲਿਆਉਣ। ਜ਼ਿਕਰਯੋਗ ਹੈ ਕਿ ਵਿਗੜੇ ਕਾਕੇ ਸ਼ਹਿਰਾਂ-ਕਸਬਿਆਂ ਅਤੇ



ਕਾਲਜਾਂ ਦੇ ਆਲੇ-ਦੁਆਲੇ ਆਸ਼ਕੀ ਕਰਦੇ ਆਮ ਹੀ ਵੇਖੇ ਜਾਂਦੇ ਹਨ ਜੋ ਬੁਲੇਟ ਦੀਆਂ ਕੰਨ ਪਾੜਵੀਆਂ ਆਵਾਜ਼ਾਂ, ਹੂਟਰ, ਬੱਚੇ ਦੀ ਰੋਣ ਦੀ ਆਵਾਜ਼ ਅਤੇ ਖਾਸ ਕਰ ਬੁਲਟ ਦੇ ਪਟਾਕੇ ਮਾਰ ਕੇ ਆਵਾਜ਼ ਪ੍ਰਦੂਸ਼ਣ ਤਾਂ ਕਰਦੇ ਹੀ ਹਨ, ਲੋਕਾਂ ਦਾ ਤ੍ਰਾਹ ਵੀ ਕੱਢਦੇ ਹਨ।

ਮੁਹਾਲੀ ਵਿਚ ਪੜ੍ਹੇ-ਲਿਖੇ ਲੋਕਾਂ ਦੀ ਜਾਗਰੂਕਤਾ ਕਰਕੇ ਇੱਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ, ਅਜਿਹਾ ਨਹੀਂ ਵਾਪਰਦਾ ਜਦਕਿ ਚੰਡੀਗੜ੍ਹ ਵਿਚ ਤਾਂ ਪੁਲਿਸ ਦੀ ਸਖਤਾਈ ਕਰਕੇ ਸੋਚਿਆ ਵੀ ਨਹੀਂ ਜਾ ਸਕਦਾ। ਇਸ ਸਬੰਧੀ ਇਕ ਬੁਲਟ ਵਿਕਰੇਤਾ ਦਾ ਕਹਿਣਾ ਹੈ ਕਿ ਜਦ ਕੰਪਨੀ ਬੁਲਟ ਤਿਆਰ ਕਰਦੀ ਹੈ ਤਾਂ ਪ੍ਰਦੂਸ਼ਣ ਦੇ ਮਾਪਦੰਡ ਪੂਰੇ ਕਰਕੇ ਹੀ ਮੋਟਰ ਸਾਈਕਲ ਸੜਕ 'ਤੇ ਚੜ੍ਹਦਾ ਹੈ, ਪਰ ਕਈ ਮਨਚਲੇ ਬੁਲਟ ਖਰੀਦਣ ਉਪਰੰਤ ਪਹਿਲਾ ਕੰਮ ਬੁਲਟ ਵਿਚ ਪਟਾਕੇ ਮਾਰਨ ਵਾਲਾ ਸਿਸਟਮ ਲਵਾਉਣ ਦਾ ਕਰਦੇ ਹਨ। ਪਿੰਡਾਂ ਵਿਚ ਤਾਂ ਬੁਲਟ ਖਰੀਦਣ ਦੀ ਵਧਾਈ ਦੇ ਲੱਡੂ ਓਨਾ ਚਿਰ ਚੰਗੇ ਹੀ ਨਹੀਂ ਲੱਗਦੇ, ਜਦੋਂ ਤੱਕ ਬੁਲਟ ਦੇ ਪਟਾਕੇ ਪੁਆਉਂਦਿਆਂ ਪਿੰਡ ਨਾ ਵੜਿਆ ਜਾਵੇ। ਇਹ ਟਾਹਰ ਮਾਰਨ ਦੀ ਕੋਸ਼ਿਸ਼ ਹੁੰਦੀ ਹੈ ਕਿ ਸਾਡੇ ਘਰ ਵੀ ਬੁਲਟ ਆ ਗਿਆ ਹੈ। ਕਈ ਸ਼ੌਕੀਨ ਤਾਂ ਮੋਟਰ ਸਾਈਕਲ ਦੀ ਕੀਮਤ ਤੋਂ ਕਿਤੇ ਵੱਧ ਉਸ ਨੂੰ ਮੋਡੀਫਾਈ ਕਰਨ 'ਤੇ ਲਾ ਦਿੰਦੇ ਹਨ। ਇਕ ਮਕੈਨਿਕ ਦਾ ਕਹਿਣਾ ਹੈ ਕਿ ਪਟਾਕੇ ਪੁਆਉਣ ਵਾਲੇ ਸਿਸਟਮ ਫਿਟ ਕਰਨ ਨਾਲ ਮੋਟਰ ਸਾਈਕਲ ਦਾ ਜ਼ੋਰ ਵੱਧ ਲੱਗਦਾ ਹੈ ਤੇ ਇੰਜਣ ਜਲਦੀ ਹੀ ਖਰਾਬ ਹੋ ਜਾਂਦਾ ਹੈ। ਖੈਰ! ਆਵਾਜ਼ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਇਹ ਨਵਾਂ ਫੈਸਲਾ ਕੀ ਰੰਗ ਲਿਆਉਂਦਾ ਹੈ, ਸਮਾਂ ਹੀ ਦੱਸੂ।

# ਡਾਇਰੀ ਦੇ ਨਿੱਤਨੇਮ ਤੋਂ ਨਾਵਲਕਾਰੀ ਤੱਕ ਦਾ ਸਫਰ

**ਫਰਿਜ਼ਨੋ (ਬਿਊਰੋ):** ਕਈ ਵਾਰ ਰੋਜ਼ਾਨਾ ਨਿੱਕਾ ਨਿੱਕਾ ਅਭਿਆਸ, ਸਮੇਂ ਦੀ ਕੁਠਾਲੀ ਵਿਚ ਪੈ ਕੇ ਸਿਰਜਣਾ ਲਈ ਕੁੰਦਨ ਬਣ ਜਾਂਦਾ ਹੈ। ਇਹੀ ਵਾਪਰਿਆ, ਆਪਣੇ ਪਲੇਠੇ ਨਾਵਲ ਨਾਲ ਹੀ ਚਰਚਾ ਵਿਚ ਆਏ ਹਰਨਾਮ ਸਿੰਘ ਪੰਨੂੰ ਨਾਲ। ਉਹ ਅੱਧੀ ਸਦੀ ਤੱਕ ਬਾਕਾਇਦਾ ਡਾਇਰੀ ਲਿਖਦਾ ਆ ਰਿਹਾ ਸੀ, ਹੁਣ ਇਸੇ ਭੁੱਸ ਦਾ ਸਾਹਿਤਕਾਰੀ ਵਿਚ ਰੁਪਾਂਤਰਣ ਹੋ ਗਿਆ ਹੈ। ਪਿਛਲੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਫਰਿਜ਼ਨੋ ਚੈਪਟਰ ਵੱਲੋਂ ਉਸ ਦਾ ਨਾਵਲ 'ਲੱਸੀ ਦਾ ਛਿੱਟਾ' ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਸੈਂਟਰਲ ਵੈਲੀ ਦੇ ਚਿੰਤਕ, ਲੇਖਕ, ਕਵੀ ਅਤੇ ਸਾਹਿਤ ਰਸੀਏ ਹਾਜ਼ਰ ਸਨ। ਲੇਖਕ, ਉਸ ਦੀ ਲਿਖਤ ਅਤੇ ਸਾਹਿਤ ਬਾਰੇ ਹੋਈ ਚਰਚਾ 'ਚੋਂ ਕਈ ਪ੍ਰੇਰਣਾਵਾਂ ਮਿਲੀਆਂ।

ਆਮ ਕਰਕੇ ਪੰਜਾਬੀ ਭਾਈਚਾਰੇ ਦੇ ਸੇਵਾ-ਮੁਕਤ ਬੰਦੇ, ਪਰਿਵਾਰ ਦੇ ਕੇਂਦਰ 'ਚੋਂ ਸਰਕ ਕੇ ਹਾਸ਼ੀਏ 'ਤੇ ਚਲੇ ਜਾਂਦੇ ਹਨ। ਉਨ੍ਹਾਂ ਲਈ ਖੁਦ ਦੇ ਜਿਉਣ ਲਈ ਕੋਈ ਏਜੰਡਾ ਨਹੀਂ ਹੁੰਦਾ। ਉਹ ਸਿਰਫ ਬੱਚਿਆਂ ਦੇ ਘਰ ਵਸਾਉਣ ਜਾਂ ਉਨ੍ਹਾਂ ਦੇ ਜੁਆਕ ਖਿਡਾਉਣ, ਉਨ੍ਹਾਂ ਨੂੰ ਸਕੂਲ ਛੱਡਣ ਜਾਂ ਸਕੂਲੋਂ ਲਿਆਉਣ ਦੀਆਂ ਗੱਲਾਂ ਕਰਦੇ ਹਨ। ਇਸ ਉਮਰੇ ਉਨ੍ਹਾਂ ਦੀ ਰਚਨਾਤਮਕਤਾ ਦਾ ਸੋਮਾ ਸੁੱਕ ਜਾਂਦਾ ਹੈ। ਪਰ ਹਰਨਾਮ ਸਿੰਘ ਪੰਨੂੰ ਅਪਵਾਦ ਹੈ। ਉਸ ਦਾ ਪਹਿਲਾ ਨਾਵਲ 65 ਵਰ੍ਹਿਆਂ ਦੀ ਉਮਰੇ ਛਪਿਆ ਹੈ।

ਸਾਹਿਤਕਾਰੀ ਬਾਰੇ ਗੱਲ ਕਰਨ ਤੋਂ ਪਹਿਲਾਂ ਹਥਲੇ ਵਿਸ਼ੇ ਨਾਲ ਜੁੜਦੀ ਸੁਆਮੀ ਵਿਵੇਕਾਨੰਦ ਨਾਲ ਵਾਪਰੀ ਘਟਨਾ ਦਾ ਹਵਾਲਾ ਦੇਣਾ ਕੁਥਾਂ ਨਹੀਂ ਹੋਵੇਗਾ। ਵਿਵੇਕਾਨੰਦ ਸਮੁੰਦਰੀ ਜਹਾਜ਼ ਰਾਹੀਂ ਅਮਰੀਕਾ ਜਾ ਰਿਹਾ ਸੀ। ਉਸ ਨੇ ਵੇਖਿਆ ਕਿ ਜਹਾਜ਼ ਵਿਚ ਬਾਕੀ ਮੁਸਾਫਿਰ ਤਾਂ ਮੌਜ ਮਸਤੀ ਕਰਦੇ ਰਹਿੰਦੇ ਹਨ ਇੱਕ ਬਜੁਰਗ ਪਾਸੇ ਬੈਠਾ ਪੜ੍ਹ ਰਿਹਾ ਹੁੰਦਾ ਹੈ। ਵਿਵੇਕਾਨੰਦ ਤੋਂ ਰਿਹਾ ਨਾ ਗਿਆ, ਆਖਰ ਇੱਕ ਦਿਨ ਪੁੱਛ ਹੀ ਲਿਆ। ਉਸ ਨੇ ਜੁਆਬ ਦਿਤਾ, "ਮੈਂ ਚੀਨੀ ਭਾਸ਼ਾ ਸਿੱਖਣ ਦਾ ਯਤਨ ਕਰ ਰਿਹਾ ਹਾਂ। ਚੀਨੀ ਵਿਚ ਉੜਾ ਆੜਾ ਤਾਂ ਹੈ ਨਹੀਂ, ਸਗੋਂ ਹਰ ਸ਼ਬਦ ਲਈ ਵੱਖਰੀ ਤਸਵੀਰ ਹੈ। ਮੁਹਾਰਤ ਨਾਲ ਚੀਨੀ ਲਿਖਣ ਲਈ ਬੰਦੇ ਨੂੰ ਹਜ਼ਾਰਾਂ ਤਸਵੀਰਾਂ ਯਾਦ ਕਰਨੀਆਂ ਪੈਂਦੀਆਂ ਹਨ, ਜਿਸ ਵਿਚ ਘੱਟੋ ਘੱਟ ਦੱਸ ਸਾਲ ਲੱਗ ਜਾਂਦੇ ਹਨ।"

ਵਿਵੇਕਾਨੰਦ ਨੇ ਬਜੁਰਗ ਨੂੰ ਪੁੱਛਿਆ, "ਤੁਹਾਡੀ ਉਮਰ ਕਿੰਨੀ ਹੈ?" ਬਜੁਰਗ ਕਹਿੰਦਾ, "ਮੈਂ ਇਸ ਬਾਰੇ ਕਦੇ ਸੋਚਿਆ ਨਹੀਂ।" ਫੇਰ ਮੋਟਾ ਜਿਹਾ ਹਿਸਾਬ ਲਾ ਕੇ ਕਹਿੰਦਾ, "ਹੋਣੀ ਐ 90-95 ਸਾਲ।" ਵਿਵੇਕਾਨੰਦ ਕਹਿੰਦਾ, "ਤੁਸੀਂ ਹੁਣ ਚੀਨੀ ਪੜ੍ਹਨੀ-ਲਿਖਣੀ ਸਿੱਖਣ ਲੱਗੇ ਹੋ। ਇਸ ਵਿਚ ਦੱਸ ਕੁ ਸਾਲ ਲੱਗਣਗੇ। ਫਿਰ ਜੋ ਚੀਜ ਦੱਸ ਸਾਲ ਲਾ ਕੇ ਸਿੱਖੀ ਹੋਵੇ, ਉਸ ਨੂੰ ਦੱਸ ਵੀਹ ਸਾਲ ਵਰਤਿਆ ਨਾ ਤਾਂ ਕੀ ਫਾਇਦਾ? ਪਰ ਉਦੋਂ ਨੂੰ ਤੁਸੀਂ ਮਰ ਜਾਓਗੇ।" ਬਜੁਰਗ ਕਹਿੰਦਾ, "ਭਾਈ ਮਰਨ ਦਾ ਡਰ ਤਾਂ ਉਸ ਦਿਨ ਵੀ ਓਨਾ ਹੀ ਸੀ ਜਿਸ ਦਿਨ ਮੈਂ ਜੰਮਿਆ ਸਾਂ। ਜੇ ਮਰਨ ਡਰੋਂ ਸਿੱਖਣਾ ਬੰਦ ਕਰ ਦਿੰਦਾ, ਤਾਂ ਮੈਂ ਸਾਰੀ ਉਮਰ ਕੁਝ ਸਿੱਖਦਾ ਹੀ ਨਾ। ਪਰ ਮੇਰਾ 90-95 ਸਾਲ ਦਾ ਤਜਰਬਾ ਕਹਿੰਦਾ ਹੈ ਕਿ ਮੈਂ ਹੁਣ ਨ੍ਹੀਂ ਮਰਦਾ।"

ਫੇਰ ਬਜੁਰਗ ਨੇ ਸੁਆਮੀ ਨੂੰ ਪੁੱਛਿਆ, "ਤੁਹਾਡੀ ਉਮਰ ਕਿੰਨੀ ਹੈ?" ਸੁਆਮੀ ਨੇ ਕਿਹਾ, "ਤੀਹ ਸਾਲ।" ਬਜੁਰਗ ਦਾ ਜੁਆਬ ਸੀ, "ਅਫਸੋਸ ਦੀ ਗੱਲ ਹੈ ਕਿ ਤੀਹ ਸਾਲ ਦਾ ਬੰਦਾ ਮੌਤ ਬਾਰੇ ਸੋਚ ਰਿਹਾ ਹੈ। ਭਾਈ ਇਹ ਤਾਂ ਜ਼ਿੰਦਗੀ ਬਾਰੇ ਸੋਚਣ ਦੀ ਉਮਰ ਹੈ। ਮੈਨੂੰ ਪਤਾ ਲੱਗ ਗਿਆ ਕਿ ਹਿੰਦੁਸਤਾਨ ਕਿਉਂ ਬੁੜ੍ਹਾ ਹੋ ਗਿਆ ਹੈ। ਸਾਰੇ ਧਰਮ ਮੌਤ ਦਾ ਡਰ ਦਿਖਾ ਦਿਖਾ ਕੇ ਬੰਦੇ ਨੂੰ ਮੂਰਖ ਬਣਾਈ ਰੱਖਦੇ ਹਨ।"

ਪੰਨੂੰ ਬੁੜ੍ਹਾ ਮਹਿਸੂਸ ਕਰਨ ਜਾਂ ਸਮਝੇ ਜਾਣ ਤੋਂ ਨਾਬਰ ਹੈ। ਆਪਣੀ ਸਾਹਿਤਕ ਯਾਤਰਾ ਸਾਂਝੀ ਕਰਦਿਆਂ ਉਸ ਨੇ ਕਿਹਾ, "ਕੋਈ ਵੀ ਹੁਨਰ ਇੱਕ ਦਿਨ ਵਿਚ ਨਹੀਂ ਆ ਜਾਂਦਾ। ਇਸ ਨੂੰ ਪ੍ਰਵਾਨ ਚੜ੍ਹਨ ਲਈ ਸਮਾਂ ਲੱਗਦਾ ਹੈ। ਇਸ ਵਿਚ ਅਭਿਆਸ ਦੀ ਜਰੂਰਤ ਹੈ। ਲਿਖਣ ਦੀ ਚੇਟਕ ਮੈਨੂੰ ਸਕੂਲ ਵਿਚ ਲੱਗੀ ਸੀ। ਜਦੋਂ ਵੀ ਕੋਈ ਗੱਲ ਮੇਰੇ ਦਿਲ ਨੂੰ ਛੂਹਣੀ ਮੈਂ ਕਾਗਜ਼ 'ਤੇ ਲਿਖ ਲੈਣੀ। ਇਹ 1962-63 ਦੀ ਗੱਲ ਹੈ। ਇੱਕ ਵਾਰ ਅਧਿਆਪਕ ਰਹੇ ਅਤੇ ਹਾਂਗਕਾਂਗ ਵਿਚ ਰਹਿੰਦੇ ਚਰਨਪਾਲ ਗਿੱਲ ਨੂੰ ਚਿੱਠੀ ਲਿਖੀ। ਉਸ ਨੂੰ ਮੇਰੀ ਸ਼ੈਲੀ ਬੜੀ ਚੰਗੀ ਲੱਗੀ। ਉਸ ਨੇ ਹੌਂਸਲਾ ਦਿੱਤਾ ਕਿ ਮੈਂ ਲਿਖਿਆ ਕਰਾਂ। ਫਿਰ ਡਾਇਰੀਆਂ ਲਿਖਣ ਦਾ ਸਿਲਸਿਲਾ ਸ਼ੁਰੂ ਹੋਇਆ ਜੋ ਰਸ ਕੇ ਸਾਹਿਤਕਾਰੀ ਤੱਕ ਪਹੁੰਚ ਗਿਆ।"

ਦਸਵੀਂ ਪਾਸ ਕਰਦਿਆਂ ਪੰਨੂੰ ਵਿਆਹਿਆ ਗਿਆ ਤੇ ਘਰਦਿਆਂ ਨੇ ਹੱਥ ਵਿਚ ਹਲ ਦੀ ਮੁੰਨੀ ਫੜਾ ਦਿੱਤੀ। ਉਹ ਬੋਤਾ ਵਾਹੁੰਦਾ, ਟਰੈਕਟਰ ਚਲਾਉਂਦਾ ਅਮਰੀਕਾ ਆ ਗਿਆ ਜਿੱਥੇ 30 ਸਾਲ ਟਰੱਕ ਨਾਲ ਸਾਰਾ ਮੁਲਕ ਗਾਹੁੰਦਾ ਰਿਹਾ। ਡਾਇਰੀਆਂ ਦਾ ਸਿਲਸਿਲਾ ਜਾਰੀ ਰਿਹਾ। ਉਸ ਦੇ ਕਹਿਣ ਮੁਤਾਬਿਕ ਉਸ ਕੋਲ 1951 ਤੋਂ ਲੈ ਕੇ ਹੁਣ ਤੱਕ ਦੀਆਂ ਡਾਇਰੀਆਂ ਹਨ, ਜਿਨ੍ਹਾਂ ਵਿਚ ਜ਼ਿੰਦਗੀ ਦੇ ਕੌੜੇ-ਮਿੱਠੇ ਅਨੁਭਵ ਹਨ। ਜਿਉਂ ਹੀ ਟਰੱਕ ਦੀਆਂ ਚਾਬੀਆਂ ਜੁਆਕਾਂ ਨੂੰ ਸੰਭਾਲੀਆਂ, ਆਪ ਲਿਖਣ ਦਾ ਬੀੜਾ ਚੁੱਕ ਲਿਆ। ਕੰਪਿਊਟਰ 'ਤੇ ਪੰਜਾਬੀ ਦੀ ਟਾਈਪ ਕਰਨੀ ਸਿੱਖੀ। ਪਹਿਲਾਂ ਸਵੈ ਜੀਵਨੀ ਲਿਖੀ, ਫਿਰ ਇੱਕ ਹੋਰ ਕਿਤਾਬ ਦਾ ਖਰੜਾ ਤਿਆਰ ਕੀਤਾ ਤੇ ਛੇਕੜ ਨੂੰ ਇਹ ਨਾਵਲ। ਉਸ ਦੀ ਲਿਖਤ ਨੂੰ ਸੰਵਾਰਨ ਵਿਚ ਉਸ ਦੇ ਜਮਾਤੀ, ਦੋਸਤ ਅਤੇ ਰਿਸ਼ਤੇਦਾਰ ਕਹਾਣੀਕਾਰ ਕਰਮ ਸਿੰਘ ਮਾਨ ਦਾ ਵੀ ਨੁਮਾਇਆ ਰੋਲ ਹੈ। ਦਸਵੀਂ ਪੜ੍ਹੇ ਪੰਨੂੰ ਦਾ ਇਹ ਸਿਰੜ, ਕਾਲਜੀਂ ਪੜ੍ਹੇ ਹੋਰ ਪੰਜਾਬੀਆਂ ਨੂੰ ਵੀ ਉਕਸਾ ਸਕਦਾ ਹੈ, ਜਿਨ੍ਹਾਂ ਨੂੰ ਮੁਫਤ ਲੈ ਕੇ ਅਖਬਾਰ ਪੜ੍ਹਨਾ ਵੀ ਭਾਰੀ ਲੱਗਦਾ ਹੈ।



ਸਾਹਿਤ ਨੂੰ ਵਹਿੰਦੇ ਦਰਿਆ ਨਾਲ ਤੁਲਨਾਉਂਦਿਆਂ ਕਵੀ ਸੰਤੋਖ ਮਿਨਹਾਸ ਨੇ ਆਪਣੇ ਪਰਚੇ ਵਿਚ ਕਿਹਾ ਕਿ ਪੰਨੂੰ ਇਸ ਵਿਚ ਜਵਾਰਭਾਟੇ ਵਾਂਗ ਉਦੇ ਹੋਇਆ ਹੈ। ਦਰਜਨਾਂ ਜਿਉਂਦੇ ਜਾਗਦੇ ਪਾਤਰਾਂ ਦਾ ਗਲਪੀਕਰਣ ਕਰਕੇ ਪੰਨੂੰ ਨੇ ਇੱਕ ਪ੍ਰੌਢ ਰਚਨਾਕਾਰ ਦਾ ਸਬੂਤ ਦਿੱਤਾ ਹੈ। ਇਹ ਨਾਵਲ ਬੋਤਾ ਜੁੱਗ ਤੋਂ ਲੈ ਕੇ ਕਾਰ ਦਾ ਸਫਰ ਤੈਅ ਕਰਦਾ ਹੈ। ਯਥਾਰਥਵਾਦੀ ਆਦਰਸ਼ਵਾਦੀ ਨਜ਼ਰੀਏ ਤੋਂ ਲਿਖੇ ਇਸ ਨਾਵਲ ਵਿਚ ਮੰਡੀ ਜੁੱਗ ਦੇ ਰਿਸ਼ਤਿਆਂ ਦੀ ਟੁੱਟ-ਭੱਜ ਭੋਗਦੇ ਪਾਤਰਾਂ ਨੂੰ ਹਾਲਾਤ ਨਾਲ ਲੜਦਿਆਂ ਦਿਖਾਇਆ ਹੈ। ਇਸ ਵਿਚਲੀਆਂ ਘਟਨਾਵਾਂ ਪਾਠਕ ਦੀ ਕਾਇਆਕਲਪ ਵਿਚ ਸਹਾਈ ਹੋਣਗੀਆਂ। ਕਰਮ ਸਿੰਘ ਮਾਨ ਨੇ ਇਸ ਨੂੰ ਤਿੰਨ ਪੀੜੀਆਂ ਦਾ ਬਿਰਤਾਂਤ ਕਿਹਾ।

ਨਾਵਲ 'ਤੇ ਟਿੱਪਣੀ ਕਰਦਿਆਂ ਸਾਧੂ ਸਿੰਘ ਸੰਘਾ ਨੇ ਬਾਕੀ ਦੰਪਤੀਆਂ ਲਈ ਪ੍ਰੇਰਣਾਦਾਇਕ ਨੁਕਤਾ ਸਾਂਝਾ ਕੀਤਾ ਕਿ ਇਹ ਨਾਵਲ ਉਨ੍ਹਾਂ ਮੀਆਂ-ਬੀਵੀ ਨੇ ਇਕੱਠਿਆਂ ਪੜ੍ਹਿਆ ਹੈ। ਇਕੱਲੇ ਇਕੱਲੇ ਪਾਤਰ ਦੇ ਵਿਕਾਸ ਅਤੇ ਸੁਭਾਅ ਦੀ ਨਜ਼ਰਸਾਨੀ ਕਰਦਿਆਂ ਸਮਾਜ ਸੇਵੀ ਗੁਰਦੀਪ ਸਿੰਘ ਅਣਖੀ ਨੇ ਇਸ ਨੂੰ ਤਿੰਨ ਪੁਸ਼ਤਾਂ ਦੀ ਕਹਾਣੀ ਕਿਹਾ।

ਚਿੰਤਕ ਤੇ ਕਵੀ ਡਾ. ਗੁਰੂਮੇਲ ਦਾ ਕਹਿਣਾ ਸੀ ਕਿ ਜਮੀਨ ਕਿਰਸਾਨੀ ਸਭਿਆਚਾਰ ਦਾ ਕੇਂਦਰੀ ਬਿੰਦੂ ਹੈ ਜਿਸ 'ਚੋਂ ਖੁਸ਼ੀਆਂ ਤੇ ਕਲੇਸ਼-ਦੋਵੇਂ ਪੈਦਾ ਹੁੰਦੇ ਹਨ। ਇਸ ਨਾਵਲ ਵਿਚ ਇਨ੍ਹਾਂ ਸਬੰਧਾਂ ਦੀਆਂ ਸੁਲਝਣਾਂ ਅਤੇ ਉਲਝਣਾਂ ਨੂੰ ਬਾਖੂਬੀ ਨਿਭਾਇਆ ਗਿਆ ਹੈ। ਨਾਵਲ ਦੇ ਮੁੱਖ ਥੀਮ 'ਚੋਂ ਕਿਰਸਾਣੀ ਪਰਿਵਾਰਾਂ ਦੀ ਈਰਖਾ ਦਾ ਇਜ਼ਹਾਰ ਬੜੀ ਮਾਰਮਿਕ ਭਾਸ਼ਾ ਵਿਚ ਹੋਇਆ ਹੈ। ਈਰਖਾ ਪੇਂਡੂ ਸੁਭਾਅ ਦਾ ਨਿਰਾਲਾ, ਪ੍ਰਖਤਾ ਅਤੇ ਸਰਬਵਿਆਪਕ ਪੱਖ ਹੈ। ਪੰਜਾਬੀਆਂ ਵਿਚ ਹਸਦ ਨਾਲੋਂ ਈਰਖਾਲੂ ਅੰਸ਼ ਵਧੇਰੇ ਹੈ। ਲੇਖਕ ਨੇ ਈਰਖਾਲੂ ਪੱਖ ਨੂੰ 'ਲੱਸੀ ਦੇ ਛਿੱਟੇ' ਦੇ ਅਲੰਕਾਰ ਰਾਹੀਂ ਚਿੱਤਰਣ ਦੀ ਕੋਸ਼ਿਸ਼ ਕੀਤੀ ਹੈ।

ਸ਼ਬਦ ਦੀ ਮਹਿਮਾ ਬਾਰੇ ਬੋਲਦਿਆਂ ਕਵੀ ਹਰਜਿੰਦਰ ਕੰਗ ਦਾ ਕਹਿਣਾ ਸੀ ਕਿ ਇਸ ਨਾਲ ਜੁੜ ਕੇ ਅੰਦਰ ਤੇ ਬਾਹਰ ਨੂੰ ਸਮਝਣ ਵਿਚ ਮਦਦ ਮਿਲਦੀ ਹੈ। ਇਹ ਨਵੇਂ ਰਾਹ ਖੋਲ੍ਹਦਾ ਹੈ ਅਤੇ ਦ੍ਰਿਸ਼ਟੀ ਵਿਸ਼ਾਲ ਕਰਦਾ ਹੈ। ਕਵਿਤਾ ਜੇ ਤੁਪਕੇ ਵਿਚ ਲੁਕੇ ਸਮੁੰਦਰ ਦੀ ਗੱਲ ਕਰਦੀ ਹੈ ਤਾਂ ਨਾਵਲ ਸਮੁੰਦਰ ਵਿਚਲੇ ਤੁਪਕਿਆਂ (ਕਿਰਦਾਰਾਂ) ਦੇ ਪਾਸਾਰ ਪਾਠਕ ਅੱਗੇ ਖੋਲ੍ਹਦਾ ਹੈ। ਉਸ ਨੇ ਦੇਰ ਨਾਲ ਸਹੀ, ਆਪਣੇ ਪਲੇਠੇ ਨਾਵਲ ਨਾਲ ਸਾਹਿਤਕ ਕਾਫਲੇ ਸੰਗ ਰਲਣ 'ਤੇ ਹਰਨਾਮ ਸਿੰਘ ਪੰਨੂੰ ਨੂੰ ਜੀਅ ਆਇਆਂ ਆਖੀ।

ਨਾਵਲ ਦੇ ਲੋਕ ਅਰਪਣ ਉਪਰੰਤ ਕਵਿਤਾ ਪਾਠ ਤੇ ਚਰਚਾ ਵਿਚ ਭਾਗ ਲੈਣ ਵਿਚ ਗੁੱਡੀ ਸਿੱਧੂ, ਪਿਸ਼ੌਰਾ ਸਿੰਘ ਢਿੱਲੋਂ, ਮਲਕੀਤ ਕਿੰਗਰਾ, ਦੇਵ ਰਾਉਕੇ, ਸੁੱਖੀ ਧਾਲੀਵਾਲ, ਕਮਲਜੀਤ ਬੈਨੀਪਾਲ, ਮਹਿੰਦਰ ਢਾਅ, ਸੁਰਿੰਦਰ ਮੰਡਾਲੀ, ਨਵਦੀਪ ਧਾਲੀਵਾਲ, ਤਾਰਾ ਸਾਗਰ, ਅਸ਼ਰਫ ਗਿੱਲ, ਹਰਜਿੰਦਰ ਢੇਸੀ, ਦਲਜੀਤ ਰਿਆੜ, ਅਜੇ ਤਨਵੀਰ ਅਤੇ ਅਵਤਾਰ ਗੋਂਦਾਰਾ ਸ਼ਾਮਿਲ ਸਨ।

## ਜਗਮੀਤ ਸਿੰਘ ਦੇ ਐਨ.ਡੀ.ਪੀ. ਦਾ ਪ੍ਰਧਾਨ ਚੁਣੇ ਜਾਣ 'ਤੇ ਖੁਸ਼ੀ ਦਾ ਪ੍ਰਗਟਾਵਾ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਮਰੀਕਾ ਇਕਾਈ ਨੇ ਜਗਮੀਤ ਸਿੰਘ ਦੇ ਕੈਨੇਡਾ ਦੀ ਨਿਊ ਡੈਮੋਕਰੈਟਿਕ ਪਾਰਟੀ (ਐਨ.ਡੀ.ਪੀ.) ਦਾ ਪ੍ਰਧਾਨ ਚੁਣੇ ਜਾਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਇਕ ਅੰਮ੍ਰਿਤਧਾਰੀ ਸਿੱਖ ਦਾ ਕੈਨੇਡਾ ਦੀ ਅਹਿਮ ਪਾਰਟੀ ਦਾ ਆਗੂ ਚੁਣਿਆ ਜਾਣਾ ਸਿੱਖ ਪੰਥ ਲਈ ਮਾਣ ਵਾਲੀ ਗੱਲ ਹੈ।

ਪਾਰਟੀ ਇਕਾਈ ਨੇ ਇਕ ਬਿਆਨ ਵਿਚ ਇਹ ਵੀ ਕਿਹਾ ਹੈ ਕਿ ਭਾਵੇਂ ਭਾਰਤ ਸਰਕਾਰ ਦੀਆਂ ਏਜੰਸੀਆਂ ਨੇ ਅੰਮ੍ਰਿਤਧਾਰੀ ਜਗਮੀਤ ਸਿੰਘ ਦੀ ਜਿੱਤ ਨੂੰ ਰੋਕਣ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ ਹੋਇਆ ਸੀ ਪਰ ਚੋਣ ਨਤੀਜਿਆਂ ਨੇ ਉਨ੍ਹਾਂ ਦੇ ਮਨਸੂਬੇ ਚਕਨਾਚੂਰ ਕਰ ਦਿੱਤੇ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਮਰੀਕਾ ਇਕਾਈ ਦੇ ਕਨਵੀਨਰ ਬੂਟਾ ਸਿੰਘ ਖੜੌਦ, ਪ੍ਰਧਾਨ ਸੁਰਜੀਤ ਸਿੰਘ ਕਲਾਰ, ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ, ਪੈਨਲ ਮੈਂਬਰ ਰੁਪਿੰਦਰ ਸਿੰਘ ਬਾਠ ਤੇ ਮੱਖਣ ਸਿੰਘ ਕਲੇਰ, ਬੁਲਾਰੇ ਸਰਬਜੀਤ ਸਿੰਘ, ਯੂਥ ਪ੍ਰਧਾਨ ਅਮਨਦੀਪ ਸਿੰਘ ਅਤੇ ਜਨਰਲ ਸਕੱਤਰ ਅਮਰਜੀਤ ਸਿੰਘ ਵਲੋਂ ਜਾਰੀ ਇਕ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਪਹਿਲੀ ਅਕਤੂਬਰ



ਜਗਮੀਤ ਸਿੰਘ

2017 ਦਾ ਦਿਨ ਸਿੱਖ ਕੌਮ ਲਈ ਇਤਿਹਾਸਕ ਦਿਹਾੜਾ ਹੋ ਨਿਬੜਿਆ ਹੈ। ਉਨ੍ਹਾਂ ਸ. ਜਗਮੀਤ ਸਿੰਘ ਦੇ ਐਨ.ਡੀ.ਪੀ. ਪਾਰਟੀ ਮੁਖੀ ਚੁਣੇ ਜਾਣ 'ਤੇ ਸਮੂਹ ਕੈਨੇਡਾ ਨਿਵਾਸੀਆਂ ਨੂੰ ਵਧਾਈ ਦਿੱਤੀ ਹੈ।

## ਓਲੰਪੀਅਨ ਸੁਰਿੰਦਰ ਸੋਢੀ ਅਤੇ ਪਵਨ ਟੀਨੂੰ ਦਾ ਸਨਮਾਨ

**ਗਿਲਰਾਏ, ਕੈਲੀਫੋਰਨੀਆ (ਬਿਊਰੋ):** ਕੈਲੀਫੋਰਨੀਆ ਦੀਆਂ ਨਾਮੀ ਹਸਤੀਆਂ ਵਲੋਂ ਸਾਂਝੇ ਤੌਰ 'ਤੇ 'ਇਕ ਸ਼ਾਮ ਓਲੰਪੀਅਨ ਸੁਰਿੰਦਰ ਸਿੰਘ ਸੋਢੀ ਤੇ ਪਵਨ ਕੁਮਾਰ ਟੀਨੂੰ ਦੇ ਨਾਮ' ਹੇਠ ਕਰਵਾਏ ਗਏ ਪ੍ਰੋਗਰਾਮ ਵਿਚ ਪੰਜਾਬ ਤੋਂ ਪੁੱਜੀਆਂ ਦੋਹਾਂ ਹੀ ਸ਼ਖਸੀਅਤਾਂ ਦਾ ਮਾਣ ਸਨਮਾਨ ਕੀਤਾ ਗਿਆ। ਇਸ ਮੌਕੇ ਓਲੰਪੀਅਨ ਅਤੇ ਰਿਟਾਇਰਡ ਆਈ.ਜੀ. ਸੁਰਿੰਦਰ ਸਿੰਘ ਸੋਢੀ ਅਤੇ ਪੰਜਾਬ ਦੇ ਸਾਬਕਾ ਪਾਰਲੀਮਾਨੀ ਸਕੱਤਰ ਤੇ ਮੌਜੂਦਾ ਵਿਧਾਇਕ ਪਵਨ ਕੁਮਾਰ ਟੀਨੂੰ ਨਾਲ ਉਨ੍ਹਾਂ ਦੀਆਂ ਖੇਡਾਂ ਅਤੇ ਰਾਜਨੀਤਕ ਖੇਤਰ ਵਿਚ ਪਹਿਲਕਦਮੀਆਂ 'ਤੇ ਵਿਚਾਰ ਵਟਾਂਦਰਾ ਵੀ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਉਘੇ ਕਾਰੋਬਾਰੀ ਅਤੇ ਕਬੱਡੀ ਪ੍ਰੋਮੋਟਰ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਇਹ ਦੋਵੇਂ ਹੀ ਸ਼ਖਸੀਅਤਾਂ ਆਪਣੇ ਸੁਭਾਅ ਅਤੇ ਇਨਸਾਨੀਅਤ ਕਰਕੇ ਬੇਹੱਦ ਸਤਿਕਾਰਯੋਗ ਹਨ ਜਿਨ੍ਹਾਂ ਨੇ ਆਪੋ ਆਪਣੇ ਖੇਤਰ ਵਿਚ ਲੋਕਾਂ ਦੇ ਦਿਲ ਜਿੱਤੇ ਹਨ। ਸੁਰਿੰਦਰ ਸਿੰਘ ਸੋਢੀ ਦਾ ਦੇਸ਼-ਵਿਦੇਸ਼ ਵਸਦੇ ਪੰਜਾਬੀਆਂ 'ਚ ਆਪਣਿਆਂ ਵਾਂਗ ਵਿਚਰਨਾ ਅਤੇ ਹਵਾ ਦੇ ਰੁੱਖ ਦੇ ਉਲਟ ਪਵਨ ਕੁਮਾਰ ਟੀਨੂੰ ਦਾ ਵਿਧਾਇਕ ਚੁਣੇ ਜਾਣਾ ਦੱਸਦਿਆਂ ਆਪਣੇ ਰਾਜਸੀ ਜੀਵਨ ਵਿਚ ਪੰਜਾਬ ਦੇ ਭਲੇ ਲਈ ਵਚਨਬੱਧਤਾ ਦੁਹਰਾਈ। ਇਹ ਦੋਵੇਂ



*ਸੁਰਿੰਦਰ ਸਿੰਘ ਸੋਢੀ ਅਤੇ ਪਵਨ ਕੁਮਾਰ ਟੀਨੂੰ ਦੇ ਸਨਮਾਨ ਸਮਾਗਮ 'ਚ ਵਿਚਾਰ ਪੇਸ਼ ਕਰਦੇ ਵੱਖ ਵੱਖ ਬੁਲਾਰੇ ਅਤੇ ਹਾਜ਼ਰ ਸ਼ਖਸੀਅਤਾਂ ਮਹਿਮਾਨਾਂ ਨਾਲ*

ਆਪਣੇ ਆਪ ਵਿਚ ਖਾਸ ਹੈ ਅਤੇ ਇਨ੍ਹਾਂ ਦੀ ਪ੍ਰਸਿੱਧੀ ਦਾ ਸਬੂਤ ਹੈ।


ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਸੁਰਿੰਦਰ ਸਿੰਘ ਸੋਢੀ ਨੇ ਕਿਹਾ ਕਿ ਓਲੰਪਿਕ ਜਿੱਤਣ ਤੋਂ ਲੈ ਕੇ ਪ੍ਰਸ਼ਾਸਕੀ ਅਹੁਦਿਆਂ ਤੱਕ ਉਨ੍ਹਾਂ ਨੇ ਨਿਮਰਤਾ ਨਾਲ ਜ਼ਿੰਦਗੀ ਗੁਜ਼ਾਰੀ ਹੈ ਅਤੇ ਅੱਜ ਦਾ ਮਾਣ ਵੀ ਇਸੇ ਦਾ ਸਿੱਟਾ ਹੈ। ਪਵਨ ਕੁਮਾਰ ਟੀਨੂੰ ਨੇ ਸ. ਗਾਖਲ ਨੂੰ ਆਪਣਾ ਵੱਡਾ ਭਰਾ ਦੱਸਿਆ ਅਤੇ ਕਿਹਾ ਕਿ ਉਹ ਅਮੋਲਕ ਸਿੰਘ ਦੇ ਬੇਟੇ

ਸ਼ਖਸੀਅਤਾਂ ਸ. ਅਮੋਲਕ ਸਿੰਘ ਦੇ ਬੇਟੇ ਗੁਰਵਿੰਦਰ ਸਿੰਘ ਗਾਖਲ ਦੇ ਵਿਆਹ ਸਮਾਗਮਾਂ ਵਿਚ ਸ਼ਾਮਿਲ ਹੋਣ ਲਈ ਪੰਜਾਬ ਤੋਂ ਉਚੇਚੇ ਤੌਰ 'ਤੇ ਪੁੱਜੀਆਂ ਸਨ।

ਸ਼ੀਰਾ ਨਾਹਲ ਤੇ ਉਘੇ ਗਾਇਕ ਐਚ. ਐਸ. ਭਜਨ ਦੇ ਯਤਨਾਂ ਨਾਲ ਆਯੋਜਿਤ ਇਸ ਸਨਮਾਨ ਸਮਾਰੋਹ ਨੂੰ ਕੁਲਵੰਤ ਸਿੰਘ ਖਹਿਰਾ, ਮੰਗਲ ਸਿੰਘ ਭੰਡਾਲ, ਚਰਨ ਸਿੰਘ ਭੰਡਾਲ ਤੇ ਐਸ. ਅਸ਼ੋਕ ਭੌਰਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਦਲਵੀਰ ਚਾਹਲ, ਪ੍ਰਿਥੀਪਾਲ ਸਿੰਘ, ਨਰਿੰਦਰ ਰੰਧਾਵਾ, ਬਲਦੇਵ ਪਵਾਰ, ਕੁਲਦੀਪ ਭੰਡਾਲ, ਗੁਰਜੀਤ ਸਿੰਘ ਹੋਠੀ, ਮਨਵੀਰ ਭੌਰਾ, ਜਸਵੀਰ ਪਵਾਰ, ਸੁਖਵੰਤ ਖਹਿਰਾ, ਤਰਨਵੀਰ ਸਿੰਘ, ਜਸਪਿੰਦਰ ਸਿੰਘ, ਗਗਨਜੋਤ ਸਿੰਘ ਆਦਿ ਸ਼ਖਸੀਅਤਾਂ ਵੀ ਹਾਜ਼ਰ ਸਨ।

## ਜਬਰ ਜਨਾਹ ਕੇਸ 'ਚ ਤਰੁਣ ਤੇਜਪਾਲ ਖਿਲਾਫ ਦੋਸ਼ ਆਇਦ

**ਪਣਜੀ:** ਗੋਆ ਦੀ ਇਕ ਜ਼ਿਲ੍ਹਾ ਅਦਾਲਤ ਨੇ ਤਹਿਲਕਾ ਰਸਾਲੇ ਦੇ ਬਾਨੀ ਤਰੁਣ ਤੇਜਪਾਲ ਖਿਲਾਫ ਜਬਰ ਜਨਾਹ ਅਤੇ ਗੈਰਕਾਨੂੰਨੀ ਤੌਰ 'ਤੇ ਬੰਦੀ ਬਣਾ ਕੇ ਰੱਖਣ ਦੇ ਦੋਸ਼ ਆਇਦ ਕੀਤੇ ਹਨ। ਇਸ ਕੇਸ ਦੀ ਸੁਣਵਾਈ 21 ਨਵੰਬਰ ਤੋਂ ਸ਼ੁਰੂ ਹੋਵੇਗੀ। ਤਰੁਣ ਤੇਜਪਾਲ ਦੇ ਵਕੀਲ ਨੇ ਗੋਆ ਦੀ ਮਾਪੁਸਾ ਅਦਾਲਤ ਵਿਚ ਅਪੀਲ ਕੀਤੀ ਕਿ ਸੁਣਵਾਈ ਹਾਲੇ ਮੁਲਤਵੀ ਰੱਖੀ ਜਾਵੇ



ਕਿਉਂਕਿ ਦੋਸ਼ ਆਇਦ ਕੀਤੇ ਜਾਣ ਨੂੰ ਚੁਣੌਤੀ ਦਿੰਦੀ ਇਕ ਪਟੀਸ਼ਨ, ਜਿਹੜੀ ਕਿ ਗੋਆ ਦੀ ਬੰਬੇ ਹਾਈ ਕੋਰਟ ਵਿਚ ਦਾਇਰ ਕੀਤੀ ਗਈ ਹੈ, ਕਿਸੇ ਕੰਢੇ ਨਹੀਂ ਲੱਗੀ ਹੈ। ਜੱਜ ਨੇ ਅਪੀਲ ਰੱਦ ਕਰਦਿਆਂ ਤੇਜਪਾਲ ਖਿਲਾਫ ਦੋਸ਼ ਆਇਦ ਕਰਨ ਨੂੰ ਮਨਜ਼ੂਰੀ ਦੇ ਦਿੱਤੀ। ਤੇਜਪਾਲ ਨੇ ਦਲੀਲ ਦਿੱਤੀ ਕਿ ਉਹ ਦੋਸ਼ੀ ਨਹੀਂ ਹੈ ਅਤੇ ਇਸ ਨਾਲ ਸੁਣਵਾਈ ਦਾ ਰਾਹ ਪੱਧਰਾ ਹੋ ਗਿਆ।

ਤਹਿਲਕਾ ਦੇ ਸਾਬਕਾ ਸੰਪਾਦਕ ਉਤੇ 2013 ਵਿਚ ਗੋਆ ਦੇ ਇਕ ਪੰਜ ਤਾਰਾ ਹੋਟਲ ਦੀ ਲਿਫਟ ਵਿਚ ਸਾਬਕਾ ਸਹਿਕਰਮੀ ਦਾ ਸਰੀਰਕ ਸ਼ੋਸ਼ਣ ਕਰਨ ਦੇ ਦੋਸ਼ ਲੱਗੇ ਸਨ। ਇਸ ਤੋਂ ਪਹਿਲਾਂ ਇਸ ਹਫਤੇ ਗੋਆ ਵਿਚ ਬੰਬੇ ਹਾਈ ਕੋਰਟ ਨੇ ਤੇਜਪਾਲ ਖਿਲਾਫ ਦੋਸ਼ ਆਇਦ ਕੀਤੇ ਜਾਣ 'ਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਸੂਬਾ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਸੀ। ਹਾਈ ਕੋਰਟ ਨੇ ਜ਼ਿਲ੍ਹਾ ਅਦਾਲਤ ਨੂੰ ਹਾਲ ਦੀ ਘੜੀ ਇਸ ਕੇਸ ਸਬੰਧੀ ਸਬੂਤਾਂ ਦੀ ਜਾਂਚ ਤੋਂ ਵਰਜ ਦਿੱਤਾ ਸੀ।

## ਐਪਲ ਅਤੇ ਜੀਓ ਨੇ ਮਿਲਾਇਆ ਹੱਥ

**ਮੁੰਬਈ:** ਰਿਲਾਇੰਸ ਜੀਓ ਨੇ ਐਪਲ ਨਾਲ ਹੱਥ ਮਿਲਾਉਂਦਿਆਂ ਉਸ ਦੇ ਨਵੇਂ ਆਈਫੋਨ-8 ਅਤੇ ਆਈਫੋਨ-8 ਪਲੱਸ ਫੋਨਾਂ ਨੂੰ ਪੇਸ਼ ਕੀਤਾ ਹੈ। ਜਿਓ ਦੋਵੇਂ ਫੋਨਾਂ ਨੂੰ ਪੈਕੇਜ ਨਾਲ ਦੇ ਰਿਹਾ ਹੈ। ਪਹਿਲੀ ਵਾਰ ਆਈਫੋਨ ਦੇਸ਼ ਦੇ 900 ਸ਼ਹਿਰਾਂ 'ਚ ਦੋ ਹਜ਼ਾਰ ਤੋਂ ਵੱਧ ਰਿਲਾਇੰਸ ਡਿਜੀਟਲ ਆਊਟਲੈਟਸ 'ਤੇ ਮਿਲਣਗੇ। ਜਿਓ ਦੇ ਡਾਇਰੈਕਟਰ ਆਕਾਸ਼ ਅੰਬਾਨੀ ਨੇ ਆਈਫੋਨ ਲਾਂਚ ਕੀਤਾ ਜਦਕਿ ਐਪਲ ਦੇ ਸੀ.ਈ.ਓ. ਟਿਮ ਕੁੱਕ ਨੇ ਵੀਡੀਓ ਸੁਨੇਹੇ ਰਾਹੀਂ ਉਥੇ ਹਾਜ਼ਰ ਸਰੋਤਿਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ।

ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

# ਗੁਰਦੁਆਰਾ ਸਿੱਖ ਟੈਂਪਲ, ਯੂਬਾ ਸਿਟੀ

**2468 Tierra Buena Rd., Yuba City, CA 95992**

## ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ

# 38ਵਾਂ ਮਹਾਨ ਨਗਰ ਕੀਰਤਨ

## ਅਤੇ ਗੁਰਮਤਿ ਸਮਾਗਮ

## 5 ਨਵੰਬਰ 2017

ਇਹ ਦਿਹਾੜਾ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ-ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਹੈ ਕਿ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਰੌਣਕਾਂ ਵਧਾਓ ਅਤੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ।



## ਪ੍ਰੋਗਰਾਮ ਦਾ ਵੇਰਵਾ

**ਅਖੰਡ ਪਾਠ ਸਾਹਿਬ ਦੀ ਲੜੀ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ 2 ਸਤੰਬਰ ਤੋਂ ਸ਼ੁਰੂ ਹੈ, ਜਿਸ ਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ ਸਮੂਹ ਸੰਗਤ ਵੱਲੋਂ 3 ਨਵੰਬਰ ਸ਼ੁੱਕਰਵਾਰ ਤੋਂ ਅਰੰਭ ਹੋ ਕੇ 5 ਨਵੰਬਰ, ਦਿਨ ਐਤਵਾਰ ਸਵੇਰੇ 7.30 ਵਜੇ (ਨਵੇਂ ਸਮੇਂ ਮੁਤਾਬਕ) ਭੋਗ ਪੈਣਗੇ। ਸੋਮਵਾਰ, 2 ਅਕਤੂਬਰ ਤੋਂ ਐਤਵਾਰ 22 ਅਕਤੂਬਰ ਤੱਕ ਪੰਥ ਪ੍ਰਸਿੱਧ ਢਾਡੀ ਜਥਾ ਭਾਈ ਅਮਰਜੀਤ ਸਿੰਘ ਜੌਹਲ ਬਿਧੀਪੁਰ ਵਾਲੇ ਸ਼ਾਮ ਦੇ ਦੀਵਾਨਾਂ ਵਿਚ ਢਾਡੀ ਵਾਰਾਂ ਨਾਲ ਨਿਹਾਲ ਕਰਨਗੇ ਜੀ। ਸ਼ੁੱਕਰਵਾਰ 13 ਅਕਤੂਬਰ ਤੋਂ ਵੀਰਵਾਰ 26 ਅਕਤੂਬਰ ਤੱਕ ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਹੈਡ ਗ੍ਰੰਥੀ ਭਾਈ ਇਕਬਾਲ ਸਿੰਘ ਸ਼ਾਮ ਦੇ ਦੀਵਾਨਾਂ ਵਿਚ ਕਥਾ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ ਜੀ।

**ਬੰਦੀ ਛੋੜ ਦਿਵਸ (ਦੀਵਾਲੀ):** ਵੀਰਵਾਰ, ਅਕਤੂਬਰ 19 ਨੂੰ ਸ਼ਾਮ 6 ਵਜੇ ਤੋਂ ਰਾਤ 10.30 ਵਜੇ ਤੱਕ ਵਿਸ਼ੇਸ਼ ਕੀਰਤਨ ਦੀਵਾਨ ਸਜਣਗੇ ਅਤੇ ਦੀਪਮਾਲਾ ਹੋਵੇਗੀ ਜੀ।

ਵਿਸ਼ੇਸ਼ ਕਵੀ ਦਰਬਾਰ: ਸਨਿਚਰਵਾਰ, 21 ਅਕਤੂਬਰ ਨੂੰ ਸ਼ਾਮ 6 ਵਜੇ ਤੋਂ 10 ਵਜੇ ਤੱਕ ਵਿਸ਼ੇਸ਼ ਕਵੀ ਦਰਬਾਰ ਸਜਣਗੇ ਜੀ।

27, 28 ਤੇ 29 ਅਕਤੂਬਰ (ਸ਼ੁੱਕਰਵਾਰ ਤੋਂ ਐਤਵਾਰ) ਤੱਕ ਗਿਆਨੀ ਕੁਲਵੰਤ ਸਿੰਘ ਜੀ ਲੁਧਿਆਣੇ ਵਾਲੇ ਕਥਾ ਵਿਆਖਿਆ ਰਾਹੀਂ ਸੰਗਤ ਨੂੰ ਗੁਰ ਸ਼ਬਦ ਨਾਲ ਜੋੜਨਗੇ।

**ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ:** ਸਨਿਚਰਵਾਰ, ਅਕਤੂਬਰ 28 ਨੂੰ ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ ਸ਼ਾਮ 6:30 ਵਜੇ ਤੋਂ ਰਾਤ 10 ਵਜੇ ਤੱਕ ਹੋਵੇਗਾ। ਇਸ ਵਿਚ ਬੱਚੇ ਰਾਗਾਂ ਵਿਚ ਕੀਰਤਨ ਕਰਨਗੇ।

**ਵਿਸ਼ੇਸ਼ ਢਾਡੀ ਦਰਬਾਰ:** ਮੰਗਲਵਾਰ, 31 ਅਕਤੂਬਰ ਨੂੰ ਸ਼ਾਮ 6 ਤੋਂ ਰਾਤ 10 ਵਜੇ ਤੱਕ ਸ਼ਹੀਦ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ, ਭਾਈ ਕੇਹਰ ਸਿੰਘ ਸਮੇਤ ਸਮੂਹ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਢਾਡੀ ਦਰਬਾਰ ਹੋਵੇਗਾ।

**ਆਤਿਸ਼ਬਾਜ਼ੀ:** ਨਗਰ ਕੀਰਤਨ ਦੀਆਂ ਖੁਸ਼ੀਆਂ ਵਿਚ ਸ਼ੁੱਕਰਵਾਰ, 3 ਨਵੰਬਰ ਨੂੰ ਰਾਤ 8 ਵਜੇ ਆਤਿਸ਼ਬਾਜ਼ੀ ਹੋਵੇਗੀ ਜੀ।

**ਅੰਮ੍ਰਿਤ ਸੰਚਾਰ:** ਸਨਿਚਰਵਾਰ, 4 ਨਵੰਬਰ ਨੂੰ ਸਵੇਰੇ 5 ਵਜੇ ਅੰਮ੍ਰਿਤ ਸੰਚਾਰ ਅਰੰਭ ਹੋਵੇਗਾ। ਅੰਮ੍ਰਿਤ ਅਭਿਲਾਖੀ ਸੰਗਤਾਂ ਆਪਣੇ ਨਾਮ ਹੈਡ ਗ੍ਰੰਥੀ ਭਾਈ ਸਾਹਿਬ ਸਿੰਘ ਕੋਲ ਲਿਖਵਾ ਕੇ ਕੱਕਾਰ ਪ੍ਰਾਪਤ ਕਰ ਸਕਦੀਆਂ ਹਨ ਜੀ।

**ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ:** ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਸਨਿਚਰਵਾਰ, 4 ਨਵੰਬਰ ਨੂੰ ਸਵੇਰੇ 9 ਵਜੇ ਸਮੂਹ ਸੰਗਤ ਵੱਲੋਂ ਹੋਵੇਗੀ ਜੀ।

**ਓਪਨ ਹਾਊਸ/ਸੈਮੀਨਾਰ:** ਸਨਿਚਰਵਾਰ, 4 ਨਵੰਬਰ ਨੂੰ ਓਪਨ ਹਾਊਸ/ਸੈਮੀਨਾਰ ਦਸਮੇਸ਼ ਹਾਲ ਵਿਚ 1 ਤੋਂ 4 ਵਜੇ ਤੱਕ ਹੋਵੇਗਾ ਜੀ।

**ਰੈਣ ਸਬਾਈ ਕੀਰਤਨ:** ਸਨਿਚਰਵਾਰ, 4 ਨਵੰਬਰ ਨੂੰ ਰੈਣ ਸਬਾਈ ਕੀਰਤਨ ਸ਼ਾਮ 6 ਤੋਂ ਰਾਤ ਇਕ ਵਜੇ ਤੱਕ ਹੋਵੇਗਾ, ਜਿਸ ਵਿਚ ਪੰਥ ਪ੍ਰਸਿੱਧ ਰਾਗੀ ਜਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ ਜੀ।

### ਪਹੁੰਚ ਰਹੇ ਰਾਗੀ ਜਥੇ ਅਤੇ ਪ੍ਰਚਾਰਕ

ਭਾਈ ਮਨਜੀਤ ਸਿੰਘ ਪਠਾਨਕੋਟ ਵਾਲੇ, ਭਾਈ ਹਰਚਰਨ ਸਿੰਘ ਖਾਲਸਾ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ), ਭਾਈ ਮਨੋਹਰ ਸਿੰਘ ਦਿੱਲੀ ਵਾਲੇ, ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਯੂਬਾ ਸਿਟੀ ਗਿਆਨੀ ਲਖਵਿੰਦਰ ਸਿੰਘ ਸੋਹਲ ਦਾ ਢਾਡੀ ਜਥਾ ਅਤੇ ਭਾਈ ਮਹਿਲ ਸਿੰਘ ਦਾ ਕਵੀਸ਼ਰੀ ਜਥਾ ਸੰਗਤਾਂ ਨੂੰ ਨਿਹਾਲ ਕਰਨ ਲਈ ਪਹੁੰਚ ਰਹੇ ਹਨ ਜੀ।

**ਨੋਟ:** ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ, ਗੱਡੀਆਂ ਦੀ ਪਾਰਕਿੰਗ ਸਿਰਫ ਨਿਯਤ ਜਗ੍ਹਾ ਉਤੇ ਹੀ ਕੀਤੀ ਜਾਵੇ ਜੀ। ਰਿਵਰ ਵੈਲੀ ਹਾਈ ਸਕੂਲ (801 EI Margarita Rd, Yuba City, CA 95993) ਤੋਂ ਗੁਰੂ ਘਰ ਲਈ ਸਵੇਰੇ 8 ਵਜੇ ਤੋਂ ਸ਼ਾਮ 6.30 ਵਜੇ ਤੱਕ ਮੁਫਤ ਬੱਸਾਂ ਦਾ ਪ੍ਰਬੰਧ ਹੋਵੇਗਾ।

## ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹੁਮ ਹੁਮਾ ਕੇ ਪਹੁੰਚਣ ਦੀ ਬੇਨਤੀ ਹੈ ਜੀ।

### ਹੋਰ ਜਾਣਕਾਰੀ ਲਈ ਇਨ੍ਹਾਂ ਫੋਨ ਨੰਬਰਾਂ ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ:

ਹੈਡ ਗ੍ਰੰਥੀ ਭਾਈ ਸਾਹਿਬ ਸਿੰਘ 530-673-9918 ਚੇਅਰਮੈਨ ਨਗਰ ਕੀਰਤਨ ਸ. ਗੁਰਨਾਮ ਸਿੰਘ ਪੰਮਾ 530-682-6444

ਪ੍ਰਧਾਨ ਸ. ਬਲਬੀਰ ਸਿੰਘ ਸੋਹਲ 530-682-9300 ਸੈਕਟਰੀ ਸ. ਹਰਮਨਦੀਪ ਸਿੰਘ ਸੰਧੂ 530-632-2899 ਖਜ਼ਾਨਚੀ ਸ. ਸੁਖਵਿੰਦਰ ਸਿੰਘ 530-713-2805

# 1947 ਦੀ ਵੰਡ ਦੇ ਦਰਦ ਨੂੰ ਬਿਆਨਦਾ ਨਾਟਕ 'ਕਰਮਾਂ ਵਾਲੀ'

**ਯੂਨੀਅਨ ਸਿਟੀ (ਐਸ. ਅਸ਼ੋਕ ਭੌਰਾ):** 1947 ਦੀ ਵੰਡ ਦੇ ਦਰਦ ਦਾ ਬਿਆਨ ਕਰਦਾ ਕਸ਼ਮੀਰੀ ਲਾਲ ਯਾਰਕ ਦੇ ਨਾਵਲ 'ਤੇ ਆਧਾਰਿਤ ਨਾਟਕ 'ਕਰਮਾਂ ਵਾਲੀ' ਇੱਥੇ ਲੋਗਨ ਹਾਈ ਸਕੂਲ ਦੇ ਥਿਏਟਰ ਵਿਚ ਪੰਜਾਬੀ ਫਿਲਮਾਂ ਅਤੇ ਰੰਗ ਮੰਚ ਦੀ ਜਾਣੀ ਪਛਾਣੀ ਸ਼ਖਸੀਅਤ ਸੁਨੀਤਾ ਧੀਰ ਦੇ ਨਿਰਦੇਸ਼ਨ ਹੇਠ ਖੇਡਿਆ ਗਿਆ। ਪੀਪਲਜ਼ ਥਿਏਟਰ ਐਸੋਸੀਏਸ਼ਨ, ਪਟਿਆਲਾ ਅਤੇ ਗੁਰੂ ਐਂਟਰਟੇਨਮੈਂਟ ਐਂਡ ਮੀਡੀਆ ਲਾਸ ਏਂਜਲਸ ਵਲੋਂ ਮਿਹਰ ਮਾਹਲ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਨਾਟਕ ਨੂੰ ਵੇਖਣ ਲਈ ਬੇ-ਏਰੀਆ ਦੀਆਂ ਰੰਗ ਮੰਚ, ਸਾਹਿਤ, ਸਮਾਜਿਕ ਅਤੇ ਰਾਜਨੀਤਕ ਖੇਤਰ ਨਾਲ ਜੁੜੀਆਂ ਸ਼ਖਸੀਅਤਾਂ ਨੇ ਵੱਡੀ ਗਿਣਤੀ 'ਚ ਹਾਜ਼ਰੀ ਲਗਵਾਈ।



'ਕਰਮਾਂ ਵਾਲੀ' ਦੇ ਇਕ ਦ੍ਰਿਸ਼ 'ਚ



ਵਿਜੇ ਸਿੰਘ, ਗਿਰਜਾ ਸ਼ੰਕਰ ਤੇ ਛੋਟਾ ਬੱਚਾ ਖੁਸ਼ੀਆ

ਨਾਟਕ ਦੀ ਖਾਸੀਅਤ ਇਹ ਸੀ ਕਿ ਸੁਨੀਤਾ ਧੀਰ, ਗਿਰਜਾ ਸ਼ੰਕਰ, ਬਿੱਲੂ ਸਿੰਘ ਤੋਂ ਸਿਵਾ ਤਕਰੀਬਨ ਸਾਰੇ ਸਥਾਨਕ ਕਲਾਕਾਰਾਂ ਨੂੰ ਕਲਾਕਾਰ ਬਣਨ ਦਾ ਮੌਕਾ ਦਿੱਤਾ ਗਿਆ, ਇਸੇ ਕਰਕੇ ਕੁਝ ਊਣਤਾਈਆਂ ਨੂੰ ਅੱਖੋਂ ਪਰੋਖੇ ਵੀ ਕੀਤਾ ਜਾ ਸਕਦਾ ਹੈ। ਭਾਵੇਂ 1947 ਦੀ ਵੰਡ ਦੇ ਦਰਦ ਦਾ ਭਾਰ ਹਾਲੇ ਤੱਕ ਵੀ ਦੋਹਾਂ ਪੰਜਾਬਾਂ ਦੇ ਵਾਰਸਾਂ ਨੂੰ ਰੱਜ ਕੇ ਦੁਖੀ ਕਰਦਾ ਹੈ ਪਰ ਫਿਰ ਵੀ ਇਸ ਤ੍ਰਾਸਦੀ ਨੂੰ ਜਦੋਂ ਰੰਗ ਮੰਚ ਜ਼ਰੀਏ ਪੇਸ਼ ਕੀਤਾ ਜਾਂਦਾ ਹੈ, ਤਾਂ ਸਧਾਰਨ ਮਨੁੱਖ ਦੀ ਇਕਾਗਰਤਾ ਵੀ ਬਣੀ ਰਹਿੰਦੀ ਹੈ।

ਸੁਨੀਤਾ ਧੀਰ ਨੇ ਨਾਟਕ ਨੂੰ ਰਵਾਨਗੀ ਦੇਣ ਲਈ ਇਕ ਸੂਤਰਧਾਰ ਵਜੋਂ 'ਕਰਮਾਂ ਵਾਲੀ' ਦਾ ਹੀ ਰੋਲ ਅਦਾ ਕੀਤਾ ਜਦੋਂ ਕਿ ਨਾਟਕ ਵਿਚ ਇਸੇ ਕਿਰਦਾਰ ਨੂੰ ਰੂਬੀ ਸਰਾਂ ਨੇ ਬਹੁਤ ਵਧੀਆ ਢੰਗ ਨਾਲ ਨਿਭਾਇਆ। ਗਿਰੀਜਾ ਸ਼ੰਕਰ ਦੀ ਹਾਜ਼ਰੀ ਭਾਵੇਂ ਨਾਟਕ ਦੇ ਆਖਰੀ ਪਲਾਂ ਵਿਚ ਸੀ ਪਰ ਸਾਰੀ ਉਮਰ ਅਦਾਕਾਰੀ 'ਚ ਗੁਜ਼ਾਰੀ ਹੋਣ ਕਰਕੇ ਉਸ ਨੇ ਨਾਟਕ ਵਿਚਲੇ ਸਿੱਖ ਕਿਰਦਾਰ ਨੂੰ ਇੰਨ੍ਹ ਬਿੰਨ੍ਹ 1947 ਦੇ ਦ੍ਰਿਸ਼ ਵਾਂਗ ਚਿਤਰ ਦਿੱਤਾ। ਵਰਤਮਾਨ ਮਾਹੌਲ ਵਿਚ ਧਰਮ ਦੇ ਆਧਾਰ 'ਤੇ ਵਧ ਰਹੇ ਪਾੜੇ ਅਤੇ ਨਫਰਤ ਨੂੰ ਇਸ ਨਾਟਕ ਜ਼ਰੀਏ ਇਕ ਤਰ੍ਹਾਂ ਨਾਲ ਮਨੁੱਖਤਾ ਨੂੰ ਝੰਜੋੜਨ ਵਾਲੀ ਗੱਲ ਕੀਤੀ ਕਿ ਇਨਸਾਨੀਅਤ ਧਰਮ ਤੋਂ ਵੀ ਵੱਡੀ ਹੁੰਦੀ ਹੈ ਤੇ ਇਕ ਮੁਸਲਮਾਨ ਬੱਚੇ ਖੁਸ਼ੀਏ ਦਾ ਵਿਛੋੜਾ ਪਰਿਵਾਰ ਲਈ ਤਾਂ ਅਸਹਿ ਸੀ ਪਰ ਉਸ ਨੂੰ ਇਕ ਗੁਰੂ ਘਰ ਦਾ ਗ੍ਰੰਥੀ ਕਿਵੇਂ ਸੰਭਾਲਦਾ ਤੇ ਉਸ ਦੀ ਪਰਵਰਿਸ਼ ਕਰਦਾ ਹੈ, ਇਹ ਅਸਲ 'ਚ 'ਸਾਂਝੀਵਾਲਤਾ' ਦਾ ਸੰਦੇਸ਼ ਸੀ। ਤਕਰੀਬਨ ਡੇਢ ਘੰਟੇ ਦੇ ਇਸ ਨਾਟਕ ਵਿਚ ਇਕਾਗਰਤਾ ਬਣੀ ਰਹੀ, ਸੰਗੀਤ ਵਿਚ ਕੁਝ ਰਵਾਇਤੀ ਗੀਤਾਂ ਨੂੰ ਪੇਸ਼ ਕਰਨਾ ਚੰਗਾ ਲੱਗਾ, ਤੇ ਇਕ ਯੁੱਗੜੇ ਬੀਤ ਜਾਣ ਵਾਲੀ ਕਹਾਣੀ ਨੂੰ ਅਮਰੀਕਾ ਵਰਗੇ ਮੁਲਕ ਵਿਚ ਪੰਜਾਬੀਆਂ ਅੱਗੇ ਪੇਸ਼ ਕਰਨਾ ਵੰਡੀਆਂ ਪਾਉਂਦੇ ਮਨੁੱਖ ਨੂੰ ਇਕੱਠੇ ਹੋਣ ਦਾ ਸੰਕੇਤ ਸੀ। ਨਾਟਕ ਵਿਚ ਬਿੱਲੂ ਸਿੰਘ, ਮਾਸਟਰ ਰਿੰਕੂ, ਵਿਜੈ ਸਿੰਘ, ਬਲਜੀਵਨ ਅਤੇ ਪੌਪੀ ਸਿੰਘ ਦੇ ਕਿਰਦਾਰਾਂ ਨੂੰ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ। ਮੇਜਰ ਮਾਹਲ ਨੇ ਸਹਿਯੋਗੀਆਂ ਅਤੇ ਆਏ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਅਗਲੇ ਵਰ੍ਹਿਆਂ ਵਿਚ ਵੀ ਅਜਿਹੇ ਨਾਟਕ ਪੇਸ਼ ਕਰਨ ਦਾ ਵਾਅਦਾ ਕੀਤਾ।



ਸੂਤਰਧਾਰ ਕਿਰਦਾਰ ਵਜੋਂ ਸੁਨੀਤਾ ਧੀਰ

# ਖੂਬ ਛਣਕੀ ਝਾਂਜਰ ਦੀ ਛਣਕਾਰ

**ਮਿਲਪੀਟਸ (ਬਿਊਰੋ):** ਸੈਨ ਹੋਜ਼ੇ ਪੰਜਾਬੀ ਹੈਰੀਟੇਜ ਕਲੱਬ ਵਲੋਂ ਲੰਘੇ ਐਤਵਾਰ ਇਥੇ ਇੰਡੀਅਨ ਕਮਿਊਨਿਟੀ ਸੈਂਟਰ ਵਿਚ ਆਪਣਾ ਪਲੇਠਾ ਪ੍ਰੋਗਰਾਮ 'ਝਾਂਜਰ ਦੀ ਛਣਕਾਰ' ਗੁਰਮੀਤ ਕੌਰ ਛੀਨਾ ਦੀ ਅਗਵਾਈ ਹੇਠ ਪੰਜਾਬ ਰੇਡੀਓ ਯੂਐਸਏ, ਰੇਡੀਓ ਪੰਜਾਬ, ਚੜ੍ਹਦੀ ਕਲਾ ਰੇਡੀਓ, ਪੰਜਾਬ ਲੋਕ ਰੰਗ ਅਤੇ ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਦੇ ਸਹਿਯੋਗ ਨਾਲ ਕਰਵਾਇਆ ਗਿਆ ਜਿਸ ਵਿਚ ਵੱਡੀ ਗਿਣਤੀ ਵਿਚ ਮੁਟਿਆਰਾਂ ਤੇ ਬੀਬੀਆਂ ਨੇ ਹਿੱਸਾ ਲਿਆ। ਨਿੱਕੇ ਨਿੱਕੇ ਬੱਚਿਆਂ ਦੇ ਗਿੱਧੇ-ਭੰਗੜੇ ਤੇ ਗੀਤ-ਸੰਗੀਤ ਦਾ ਆਪਣਾ ਹੀ ਰੰਗ ਸੀ।



ਗੁਰਮੀਤ ਕੌਰ ਛੀਨਾ



ਸ਼ਕਤੀ ਮਾਣਕ

ਪ੍ਰੋਗਰਾਮ ਵਿਚ ਅਨੇਕਾਂ ਕਿਸਮ ਦੀਆਂ ਸੰਗੀਤਕ ਵੰਨਗੀਆਂ, ਸਕਿੱਟਾਂ ਅਤੇ ਕੋਰੀਓਗ੍ਰਾਫੀ ਦਾ ਵੱਖਰਾ ਹੀ ਮੰਚ ਸਿਰਜਿਆ ਗਿਆ। ਅਜੇ ਭੰਗੜਾ ਅਕੈਡਮੀ ਸੈਨ ਹੋਜ਼ੇ ਦੇ ਬੱਚਿਆਂ ਨੇ ਭੰਗੜੇ ਅਤੇ ਗਿੱਧੇ ਦੀ ਖੂਬਸੂਰਤ ਪੇਸ਼ਕਾਰੀ ਕੀਤੀ। ਜਸਜੀਤ ਕੌਰ ਤੇ ਜਸਪ੍ਰੀਤ, ਜੱਸੀ ਸਰਾਂ ਵਲੋਂ ਮੈਲੋਡੀ ਡਾਂਸ ਕਮਾਲ ਸੀ ਤੇ ਬਾਬਿਆਂ ਦੇ ਕਿਰਦਾਰ 'ਤੇ ਵਿਅੰਗ ਕਰਦਾ ਸੋਨੀਆ ਚੇੜਾ ਦਾ ਗੀਤ ਵੀ ਖੂਬ ਰਿਹਾ। ਜੱਸੀ ਸੱਗੀ ਵਲੋਂ ਸਟੇਜ ਅਤੇ ਸਮੁੱਚੇ ਪ੍ਰੋਗਰਾਮ ਦੀ ਪੇਸ਼ਕਾਰੀ ਦਾ ਪ੍ਰਬੰਧ ਇਸ ਪ੍ਰੋਗਰਾਮ ਨੂੰ ਨਿਵੇਕਲੀ ਦਿੱਖ ਪ੍ਰਦਾਨ ਕਰਨ ਵਿਚ ਸਫਲ ਹੋਇਆ। ਸੁਖਨਿੰਦਰ ਭੰਗਲ, ਬੌਬੀ ਹੋਠੀ, ਜਸਵਿੰਦਰ ਤੇ ਲਖਵੀਰ ਦਾ ਡਾਂਸ ਅਤੇ ਜਸਵਿੰਦਰ ਧਨੋਆ ਤੇ ਕੁਲਵੰਤ ਕੌਰ ਚਾਹਲ ਦੀ ਕੋਰੀਓਗ੍ਰਾਫੀ ਇਸ ਪ੍ਰੋਗਰਾਮ ਦੀ ਜਿੰਦ ਜਾਨ ਬਣੇ। ਅਰਚਨਾ ਚੁੱਘ ਅਤੇ ਗੁਰਜੀਤ ਕੌਰ ਨੇ ਵੱਖਰੇ ਹੀ ਅੰਦਾਜ਼ ਵਿਚ ਇਸ ਮੇਲੇ ਨੂੰ ਸੰਗੀਤਕ ਪਾਣ ਦਿੱਤੀ। ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਸਮੂਹ ਕਲਾਕਾਰਾਂ ਨੂੰ ਸਨਮਾਨ ਵਜੋਂ ਤੋਹਫੇ ਦਿੱਤੇ ਗਏ।







ਪ੍ਰੋਗਰਾਮ ਬਾਰੇ ਬੋਲਦਿਆਂ ਗੁਰਮੀਤ ਕੌਰ ਛੀਨਾ ਨੇ ਕਿਹਾ ਕਿ ਉਸ ਨੇ ਸਾਰੀ ਉਮਰ ਪੰਜਾਬ ਦੇ ਲੋਕ ਰੰਗ ਅਤੇ ਸਿਹਤਮੰਦ ਸੱਭਿਆਚਾਰ ਨੂੰ ਬਚਾਉਣ ਲਈ ਯਤਨ ਕੀਤੇ ਹਨ। ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਕੁਲਵੰਤ ਕੌਰ ਸੰਘੇੜਾ, ਜਸਵਿੰਦਰ ਧਨੋਆ ਤੇ ਕਸ਼ਮੀਰ ਕੌਰ ਭੌਰਾ ਸ਼ਾਮਿਲ ਹੋਈਆਂ। ਮੰਚ ਸੰਚਾਲਨ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਨੇ ਬਾਖੂਬੀ ਕੀਤਾ।

# ਸਾਹਿਤ ਸਭਾ ਦੇ ਕਾਰਜਾਂ ਨੂੰ ਬਿਹਤਰ ਬਣਾਉਣ ਲਈ ਵਿਚਾਰਾਂ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਯੂਬਾ ਸਿਟੀ/ਸੈਕਰਾਮੈਂਟੋ ਇਕਾਈ ਦੀ ਮਾਸਿਕ ਮੀਟਿੰਗ 'ਚ ਸਭਾ ਦੇ ਕਾਰਜਾਂ ਨੂੰ ਬਿਹਤਰ ਬਣਾਉਣ ਲਈ ਵਿਚਾਰਾਂ ਕੀਤੀਆਂ ਗਈਆਂ। ਇਸ ਤੋਂ ਇਲਾਵਾ ਸਭਾ ਦੇ ਵੱਧ ਤੋਂ ਵੱਧ ਮੈਂਬਰ ਬਣਾਉਣ 'ਤੇ ਵੀ ਜ਼ੋਰ ਦਿੱਤਾ ਗਿਆ।



ਮੀਟਿੰਗ ਵਿਚ ਲਹਿੰਦੇ ਪੰਜਾਬ ਤੋਂ ਲੇਖਕ ਅਫਜ਼ਲ ਅਹਿਸਨ ਰੰਧਾਵਾ ਦੇ ਅਕਾਲ ਚਲਾਣੇ ਉਤੇ ਦੋ ਮਿੰਟ ਦਾ ਮੌਨ ਧਾਰ ਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਮਰਹੂਮ ਰੰਧਾਵਾ ਦੀ ਸਾਹਿਤਕ ਦੇਣ ਉਤੇ ਚਰਚਾ ਹੋਈ।

ਇਸ ਮੌਕੇ ਹੋਏ ਕਵੀ ਦਰਬਾਰ ਵਿਚ ਜੀਵਨ ਰੱਤੂ, ਪਰਮਿੰਦਰ ਰਾਏ ਖਾਨਖਾਨਾ, ਮਨਜੀਤ ਕੌਰ ਸੇਖੋਂ, ਗੋਗੀ ਸੰਧੂ, ਜਸਵੰਤ ਸ਼ੀਮਾਰ, ਜੋਤੀ ਸਿੰਘ ਅਤੇ ਅਜੈਬ ਚੀਮਾ ਨੇ ਤਰੰਨਮ ਵਿਚ ਗੀਤ ਸੁਣਾ ਕੇ ਹਾਜ਼ਰੀ ਲੁਆਈ। ਦਿਲ ਨਿੱਜਰ, ਹਰਬੰਸ ਸਿੰਘ ਜਗਿਆਸੂ, ਹਰਭਜਨ ਸਿੰਘ ਢੇਰੀ, ਜੋਗਿੰਦਰ ਕੌਰ, ਰਾਠੇਸ਼ਵਰ ਸਿੰਘ ਸੂਰਾਪੁਰੀ, ਇੰਦਰਜੀਤ ਗਰੇਵਾਲ ਅਤੇ ਮਹਿੰਦਰ ਸਿੰਘ ਘੱਗ ਨੇ ਕਵਿਤਾਵਾਂ ਸੁਣਾਈਆਂ। ਛੋਟੀ ਬੱਚੀ ਖੁਸ਼ੀ ਰੱਤੂ ਨੇ ਵੀ ਕਵਿਤਾ ਸੁਣਾਈ। ਮੰਚ ਸੰਚਾਲਨ ਗੋਗੀ ਸੰਧੂ ਨੇ ਕੀਤਾ।

ਪ੍ਰਧਾਨ ਜਸਵੰਤ ਸ਼ੀਮਾਰ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਦੱਸਿਆ ਕਿ 21 ਅਕਤੂਬਰ ਨੂੰ ਸ਼ਾਮ 6 ਵਜੇ ਤੋਂ ਦਸ ਵਜੇ ਤੱਕ ਗੁਰਦੁਆਰਾ ਟਾਇਰਾ ਬਿਊਨਾ, ਯੂਬਾ ਸਿਟੀ ਵਿਚ ਇਕ ਕਵੀ ਦਰਬਾਰ ਸਜਾਇਆ ਜਾਵੇਗਾ। ਹੋਰ ਜਾਣਕਾਰੀ ਲਈ ਜਸਵੰਤ ਸ਼ੀਮਾਰ ਨਾਲ ਫੋਨ: 916-293-6030 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# 'ਅਕਾਲੀ ਦਲ (ਅੰਮ੍ਰਿਤਸਰ) ਦੇ ਵਰਕਰ ਕਨਵੀਨਰ ਬੂਟਾ ਸਿੰਘ ਨਾਲ ਰਲ ਕੇ ਚੱਲਣ ਦੇ ਪਾਬੰਦ'

**ਫਤਿਹਗੜ੍ਹ ਸਾਹਿਬ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਪਸ਼ਟ ਕੀਤਾ ਹੈ ਕਿ ਪਾਰਟੀ ਦੀ ਅਮਰੀਕਾ ਇਕਾਈ ਦੇ ਕਨਵੀਨਰ ਅਤੇ ਚੇਅਰਮੈਨ ਸ. ਬੂਟਾ ਸਿੰਘ ਖੜੌਦ ਹਨ ਅਤੇ ਬਾਕੀ ਸਭ ਅਹੁਦੇਦਾਰ ਸ. ਖੜੌਦ ਨਾਲ ਤਾਲਮੇਲ ਰੱਖਦੇ ਹੋਏ ਸਲਾਹ ਮਸ਼ਵਰੇ ਨਾਲ ਕੰਮ ਕਰਨ ਦੇ ਪਾਬੰਦ ਹਨ।

ਪਾਰਟੀ ਵਲੋਂ ਜਾਰੀ ਬਿਆਨ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਪਾਰਟੀ ਦੇ ਮੈਂਬਰਸ਼ਿਪ ਕਾਰਡ ਜਾਰੀ ਕਰਨ ਦਾ ਅਧਿਕਾਰ ਕੇਵਲ ਨਿਊ ਯਾਰਕ ਵਿਖੇ ਸਥਾਪਤ ਪਾਰਟੀ ਦਫਤਰ ਅਤੇ ਪੰਜਾਬ (ਭਾਰਤ ਵਿਚ) ਕਿਲ੍ਹਾ ਸ. ਹਰਨਾਮ ਸਿੰਘ (ਫਤਿਹਗੜ੍ਹ ਸਾਹਿਬ) ਦੇ ਮੁੱਖ ਦਫਤਰ ਪਾਸ ਹੈ। ਇਸ ਤੋਂ ਇਲਾਵਾ ਕਿਸੇ ਵੀ ਦਫਤਰ ਅਤੇ ਅਹੁਦੇਦਾਰ ਨੂੰ ਇਹ ਅਧਿਕਾਰ ਨਹੀਂ ਹੈ। ਨਵੇਂ ਮੈਂਬਰਸ਼ਿਪ ਕਾਰਡ ਬਣਾਉਣ ਦੇ ਚਾਹਵਾਨ ਨਿਊ ਯਾਰਕ ਦਫਤਰ ਜਾਂ ਫਤਿਹਗੜ੍ਹ ਸਾਹਿਬ ਦੇ ਮੁੱਖ ਦਫਤਰ ਤੋਂ ਹੀ ਆਪਣੇ ਪਹਿਚਾਣ ਪੱਤਰ ਪ੍ਰਾਪਤ ਕਰਨ।

ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਦੀਆਂ ਹਦਾਇਤਾਂ 'ਤੇ ਅਮਲ ਕਰਦਿਆਂ ਪਾਰਟੀ ਦੇ ਮੁੱਖ ਬੁਲਾਰੇ, ਸਿਆਸੀ ਅਤੇ ਮੀਡੀਆ ਸਲਾਹਕਾਰ ਸ. ਇਕਬਾਲ ਸਿੰਘ ਟਿਵਾਣਾ ਦੇ ਦਸਤਖਤਾਂ ਹੇਠ ਜਾਰੀ ਬਿਆਨ ਵਿਚ ਬੇਨਤੀ ਕੀਤੀ ਗਈ ਹੈ ਕਿ ਸ. ਰੇਸ਼ਮ ਸਿੰਘ ਵੀ ਪਾਰਟੀ ਦੇ ਸਤਿਕਾਰਯੋਗ ਤੇ ਸੀਨੀਅਰ ਮੈਂਬਰ ਹਨ। ਉਨ੍ਹਾਂ ਨੇ ਸਰਬੱਤ ਖਾਲਸਾ ਸਮੇਂ ਅਤੇ ਕਈ ਔਖੇ ਸਮਿਆਂ ਉਤੇ ਪਾਰਟੀ ਲਈ ਵੱਡੀ ਘਾਲਣਾ ਘਾਲੀ ਹੈ ਤੇ 9 ਮਹੀਨੇ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦੀ ਰਹੇ ਹਨ। ਸੋ, ਉਨ੍ਹਾਂ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਦਾ ਮਾਣ ਕਰਦਿਆਂ ਸਭ ਪਾਰਟੀ ਮੈਂਬਰਾਂ ਨੂੰ ਉਨ੍ਹਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਬਿਆਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਹੋਰ ਅਹੁਦੇਦਾਰ ਸ. ਬੂਟਾ ਸਿੰਘ ਖੜੌਦ ਨਾਲ ਸੰਪਰਕ ਰੱਖਦੇ ਹੋਏ ਆਪਣੀਆਂ ਜਿੰਮੇਵਾਰੀਆਂ ਨਿਸ਼ਠਾ ਨਾਲ ਨਿਭਾਉਣਾ।

ਬਿਆਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਪਾਰਟੀ ਵਲੋਂ ਗੁਰਦਾਸਪੁਰ ਲੋਕ ਸਭਾ ਜਿਮਨੀ ਚੋਣ ਲਈ ਖੜ੍ਹੇ ਕੀਤੇ ਗਏ ਕੁਲਵੰਤ ਸਿੰਘ ਮਝੈਲ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਸਭ ਪਾਰਟੀ ਵਰਕਰਾਂ ਨੂੰ ਪੂਰੀ ਤਨਦੇਹੀ ਨਾਲ ਕੰਮ ਕਰਨਾ ਚਾਹੀਦਾ ਹੈ।

## ਸਾਬਕਾ ਪ੍ਰੇਮਿਕਾ ਨੂੰ ਧਮਕਾਉਣ 'ਤੇ ਜੇਲ੍ਹ

**ਲੰਡਨ:** ਭਾਰਤੀ ਮੂਲ ਦੇ ਪ੍ਰਦੀਪ ਥੌਮਸ ਵੱਲੋਂ ਸਾਬਕਾ ਪ੍ਰੇਮਿਕਾ ਦਾ ਪਿੱਛਾ ਕਰਨ ਅਤੇ ਧਮਕੀਆਂ ਦੇਣ ਦੇ ਮਾਮਲੇ ਵਿਚ ਹੈਰੋ ਕ੍ਰਾਊਨ ਕੋਰਟ ਨੇ ਉਸ ਨੂੰ 10 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ।

37 ਵਰ੍ਹਿਆਂ ਦੇ ਪ੍ਰਦੀਪ ਥੌਮਸ ਨੇ 50 ਵਰ੍ਹਿਆਂ ਦੀ ਪੀੜਤਾ ਨੂੰ ਧਮਕੀਆਂ ਭਰੇ ਸੁਨੇਹੇ ਭੇਜੇ ਜਿਨ੍ਹਾਂ ਵਿਚ ਉਸ ਨੂੰ ਜਾਨੋਂ ਮਾਰਨ ਅਤੇ ਉਸ ਉਤੇ ਤੇਜ਼ਾਬ ਸੁੱਟਣ ਦੀਆਂ ਧਮਕੀਆਂ ਵੀ ਸ਼ਾਮਲ ਸਨ। ਪੀੜਤਾ ਦੀ ਸ਼ਿਕਾਇਤ 'ਤੇ ਪੁਲਿਸ ਨੇ ਥੌਮਸ ਨੂੰ 14 ਅਗਸਤ ਨੂੰ ਗ੍ਰਿਫਤਾਰ ਕਰ ਲਿਆ ਸੀ।

## ਸੁਪਰੀਮ ਕੋਰਟ 'ਤੇ ਘਟਿਆ ਬਕਾਇਆ ਕੇਸਾਂ ਦਾ ਭਾਰ

**ਨਵੀਂ ਦਿੱਲੀ:** ਕਾਨੂੰਨ ਮੰਤਰਾਲੇ ਦੇ ਅੰਕੜਿਆਂ ਮੁਤਾਬਕ ਪਿਛਲੇ ਤਿੰਨ ਸਾਲਾਂ ਵਿਚ ਸੁਪਰੀਮ ਕੋਰਟ ਅਤੇ ਦੇਸ਼ ਦੀਆਂ 24 ਹਾਈ ਕੋਰਟਾਂ ਵਿਚ ਬਕਾਇਆ ਕੇਸਾਂ ਦੀ ਗਿਣਤੀ ਘਟੀ ਹੈ ਪਰ ਹੇਠਲੀਆਂ ਅਦਾਲਤਾਂ ਵਿਚਲੇ ਬਕਾਇਆ ਕੇਸਾਂ ਦੀ ਗਿਣਤੀ ਵਿਚ ਵਾਧਾ ਦਰਜ ਕੀਤਾ ਗਿਆ ਹੈ। ਮੰਤਰਾਲੇ ਦੇ ਅੰਕੜਿਆਂ ਮੁਤਾਬਕ ਸੰਨ 2014 ਦੇ ਅੰਤ ਤੱਕ ਸਰਬਉਚ ਅਦਾਲਤ ਵਿਚ 62,791 ਕੇਸ ਬਕਾਇਆ ਸਨ। ਦਸੰਬਰ 2015 ਤੱਕ ਇਹ ਗਿਣਤੀ ਘਟੀ ਤੇ ਉਦੋਂ ਤੱਕ 59,272 ਕੇਸ ਬਕਾਇਆ ਰਹਿ ਗਏ।

# ਗੁਰਦੁਆਰਾ ਸੈਨ ਹੋਜ਼ੇ (ਕੈਲੀਫੋਰਨੀਆ) ਦੀ ਮੌਜੂਦਾ ਕਮੇਟੀ ਬਿਨਾ ਵਿਰੋਧ ਸਰਬਸੰਮਤੀ ਨਾਲ ਚੁਣੀ ਗਈ

**ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥**

**ਪਹਿਲੀ ਅਕਤੂਬਰ 2017 ਨੂੰ ਗੁਰੂ ਘਰ ਵਿਖੇ ਪ੍ਰਬੰਧਕ ਕਮੇਟੀ ਦੀ ਚੋਣ ਹੋਣੀ ਸੀ ਜਿਸ ਵਿਚ 21 ਮੈਂਬਰ ਚੁਣੇ ਜਾਣੇ ਸਨ। ਇਸ ਤੋਂ ਇਲਾਵਾ ਸਵਿਧਾਨ ਵਿਚ ਇੱਕ ਸੋਧ ਉਤੇ ਵੀ ਵੋਟ ਪੈਣੀ ਸੀ ਕਿ ਪ੍ਰਬੰਧਕ ਕਮੇਟੀ ਮੈਂਬਰ ਦੀ ਮਿਆਦ 4 ਸਾਲ ਹੋਣੀ ਚਾਹੀਦੀ ਹੈ ਅਤੇ ਇਹ ਸੋਧ ਪ੍ਰਬੰਧਕ ਕਮੇਟੀ ਦੇ ਨਵੇਂ ਚੁਣੇ ਜਾਣ ਵਾਲੇ ਮੈਂਬਰਾਂ ‘ਤੇ ਵੀ ਲਾਗੂ ਹੋਣੀ ਸੀ। ਇਹ ਚੋਣ ਹੇਠ ਲਿਖੇ ਕਾਰਨਾਂ ਕਰਕੇ ਰੱਦ ਕੀਤੀ ਗਈ ਸੀ:**

**ਮੌਜੂਦਾ ਪ੍ਰਬੰਧਕ ਕਮੇਟੀ ਦੇ 21 ਉਮੀਦਵਾਰ ਚੋਣ ਮੈਦਾਨ ਵਿਚ ਸਨ:** ਪ੍ਰੀਤਮ ਸਿੰਘ ਗਰੇਵਾਲ, ਭੁਪਿੰਦਰ ਸਿੰਘ ਢਿੱਲੋਂ, ਹਰਦੇਵ ਸਿੰਘ ਤੱਖਰ, ਰਾਜਿੰਦਰ ਸਿੰਘ ਮੰਗਰ, ਗੁਰਿੰਦਰਪਾਲ ਸਿੰਘ, ਕਿਰਪਾਲ ਸਿੰਘ ਅਟਵਾਲ, ਸੁਰਜੀਤ ਸਿੰਘ ਬੈਂਸ, ਬਹਾਦਰ ਸਿੰਘ ਦਿਓਲ, ਨਰਿੰਦਰਪਾਲ ਸਿੰਘ, ਗੁਰਪ੍ਰੀਤ ਸਿੰਘ ਸੇਠੀ, ਨਰਿੰਦਰ ਕੌਰ ਮਹੇੜੂ, ਪ੍ਰਿਤਪਾਲ ਕੌਰ, ਗੁਰਬਖਸ਼ ਸਿੰਘ ਢਿੱਲੋਂ, ਸਰਵਜੋਤ ਸਿੰਘ, ਨੀਤੂ ਸਿੰਘ ਕਾਹਲੋਂ, ਬਲਜੀਤ ਕੌਰ ਹੰਸਰਾ, ਸੁਖਦੇਵ ਸਿੰਘ ਬੈਣੀਵਾਲ, ਧਰਮ ਸਿੰਘ ਢਿੱਲੋਂ, ਸੋਹਣ ਸਿੰਘ ਧਨੋਤਾ, ਬਲਬੀਰ ਸਿੰਘ ਬੈਂਸ ਅਤੇ ਬਲਬੀਰ ਸਿੰਘ ਜੌਹਲ।

**ਸਾਧ ਸੰਗਤ ਸਲੇਟ ਦੇ 17 ਉਮੀਦਵਾਰ ਚੋਣ ਮੈਦਾਨ ਵਿਚ ਸਨ:** ਜਸਵੰਤ ਸਿੰਘ ਹੋਠੀ, ਜਸਪਾਲ ਸਿੰਘ ਸੈਣੀ, ਹਰਕੇਵਲ ਸਿੰਘ, ਜਗਜੀਤ ਸਿੰਘ ਮੰਡ, ਮਨਪ੍ਰੀਤ ਸਿੰਘ ਬਦੇਸ਼ਾ, ਕਮਲਜੀਤ ਸਿੰਘ ਚੀਮਾ, ਮਲਕੀਤ ਸਿੰਘ ਸੁਨੜ, ਪਰਮਜੀਤ ਸਿੰਘ ਸੰਧੂ, ਦਲਵੀਰ ਸਿੰਘ ਬਾਸੀ, ਤਰਲੋਚਨ ਸਿੰਘ ਰੰਧਾਵਾ, ਸੰਦੀਪਪ੍ਰੀਤ ਸਿੰਘ ਸੰਧੂ, ਕੁਲਵੰਤ ਕੌਰ ਚਾਹਲ, ਹਰਪਾਲ ਸਿੰਘ ਚਾਹਲ, ਕਸ਼ਮੀਰ ਸਿੰਘ ਸਿਵੀਆ, ਜੋਗਾ ਸਿੰਘ, ਗੁਰਪ੍ਰੀਤ ਕੌਰ ਅਤੇ ਅਮਰੀਕ ਸਿੰਘ ਪਵਾਰ।

**ਇਕ ਆਜ਼ਾਦ ਉਮੀਦਵਾਰ ਚੋਣ ਮੈਦਾਨ ਵਿਚ ਸੀ:** ਭੁਪਿੰਦਰ ਸਿੰਘ ਚੀਮਾ

19 ਸਤੰਬਰ 2017 ਨੂੰ ਪ੍ਰਬੰਧਕ ਕਮੇਟੀ ਲਈ ਉਮੀਦਵਾਰਾਂ ਵਲੋਂ ਭਰੀ ਅਰਜ਼ੀ ਵਾਪਸ ਲੈਣ ਦੇ ਆਖਰੀ ਸਮੇਂ ਤੋਂ ਇੱਕ ਘੰਟਾ ਪਹਿਲਾਂ ਮੌਜੂਦਾ ਪ੍ਰਬੰਧਕ ਕਮੇਟੀ ਦੇ ਖਿਲਾਫ ਖੜੇ ਸਾਰੇ 18 ਉਮੀਦਵਾਰਾਂ ਨੇ ਸਰਬਸੰਮਤੀ ਨਾਲ ਪ੍ਰਬੰਧਕ ਕਮੇਟੀ ਉਮੀਦਵਾਰ ਵਜੋਂ ਭਰੀਆਂ ਆਪਣੀਆਂ ਅਰਜ਼ੀਆਂ ਵਾਪਸ ਲੈ ਲਈਆਂ। ਮੌਜੂਦਾ ਪ੍ਰਬੰਧਕ ਕਮੇਟੀ ਨੇ ਚੋਣ ਵਿਚ ਰੱਖੀ ਸੰਵਿਧਾਨ ਦੀ ਸੋਧ ਨੂੰ ਵਾਪਿਸ ਲੈ ਲਿਆ ਤਾਂ ਕਿ ਗੁਰਦੁਆਰਾ ਸਾਹਿਬ ਦੀ ਚੋਣ ਰੱਦ ਕੀਤੀ ਜਾ ਸਕੇ। ਇਸ ਪਿਛੋਂ ਮੌਜੂਦਾ ਪ੍ਰਬੰਧਕ ਕਮੇਟੀ ਦੇ 21 ਪ੍ਰਬੰਧਕ ਕਮੇਟੀ ਉਮੀਦਵਾਰ ਅਗਲੇ 2 ਸਾਲਾਂ ਲਈ ਸਰਬਸੰਮਤੀ ਨਾਲ ਚੁਣੇ ਗਏ।

ਮੌਜੂਦਾ ਕਮੇਟੀ ਵਲੋਂ ਖੜੇ ਸਾਰੇ 21 ਉਮੀਦਵਾਰਾਂ ਅਤੇ ਸਾਧ ਸੰਗਤ ਵਲੋਂ ਖੜੇ 6 ਉਮੀਦਵਾਰਾਂ (ਜਸਵੰਤ ਸਿੰਘ ਹੋਠੀ, ਜਸਪਾਲ ਸਿੰਘ ਸੈਣੀ, ਮਨਪ੍ਰੀਤ ਸਿੰਘ ਬਦੇਸ਼ਾ, ਹਰਪਾਲ ਸਿੰਘ ਚਾਹਲ, ਕਸ਼ਮੀਰ ਸਿੰਘ ਸਿਵੀਆ, ਜੋਗਾ ਸਿੰਘ) ਅਤੇ ਆਜ਼ਾਦ ਉਮੀਦਵਾਰ ਭੁਪਿੰਦਰ ਸਿੰਘ ਚੀਮਾ ਨੇ ਅਰਜੀ ਨਾਲ ਦਿੱਤਾ ਉਮੀਦਵਾਰ ਫੀਸ ਵਜੋਂ 1000 ਡਾਲਰ ਦਾ ਚੈਕ ਗੁਰਦੁਆਰਾ ਸਾਹਿਬ ਨੂੰ ਦੇ ਦਿੱਤਾ ਹੈ।

ਮੌਜੂਦਾ ਪ੍ਰਬੰਧਕ ਕਮੇਟੀ ਨੇ ਸਰਬਸੰਮਤੀ ਨਾਲ ਸੰਗਤ ਦੇ ਕੁਝ ਮੈਂਬਰਾਂ ਤੇ ਪਿਛਲੇ 9 ਸਾਲਾਂ ਤੋਂ ਸਟੇਜ ‘ਤੇ ਬੋਲਣ ਦੀ ਪਾਬੰਦੀ ਹਟਾ ਦਿੱਤੀ ਹੈ। ਹੁਣ ਉਹ ਪ੍ਰਾਈਵੇਟ ਸਮਾਗਮ ਤੇ ਸੈਕਟਰੀ ਵਲੋਂ ਦਿੱਤੇ ਸਮੇਂ ਦੇ ਅੰਦਰ ਰਹਿ ਕੇ ਰਾਜਨੀਤਕ ਪ੍ਰਚਾਰ ਤੋਂ ਰਹਿਤ ਸਮਾਗਮ ਸਬੰਧੀ ਸਟੇਜ ਤੋਂ ਬੋਲ ਸਕਣਗੇ।

ਗੁਰੂ ਪਿਆਰੀ ਸਾਧ ਸੰਗਤ ਜੀ,

ਤੁਸੀਂ ਪਿਛਲੇ ਲੰਬੇ ਸਮੇਂ ਤੋਂ ਪ੍ਰਬੰਧਕ ਕਮੇਟੀ ਦੇ ਮੋਢੇ ਨਾਲ ਮੋਢਾ ਜੋੜ ਕੇ ਤਨ, ਮਨ ਅਤੇ ਧਨ ਨਾਲ ਸਾਥ ਦਿੱਤਾ ਹੈ ਅਤੇ ਅਗਲੇ 2 ਸਾਲ ਲਈ ਹੋਰ ਸੇਵਾ ਬਖਸ਼ੀ ਹੈ। ਅਸੀਂ ਆਪ ਜੀ ਦੇ ਤਹਿ ਦਿਲੋਂ ਧੰਨਵਾਦੀ ਹਾਂ। ਤੁਹਾਡੇ ਵਲੋਂ ਇਸ ਸਹਿਯੋਗ ਅਤੇ ਅਕਾਲ ਪੁਰਖ ਦੀ ਮਿਹਰ ਸਦਕਾ ਹੀ ਆਪਾਂ ਸਾਰਿਆਂ ਨੇ ਰਲ ਕੇ ਇਸ ਗੁਰੂ ਘਰ ਨੂੰ ਬਣਾਉਣ ਵਿਚ ਮਿਹਨਤ ਕੀਤੀ ਅਤੇ ਇਸ ਨੂੰ ਬੁਲੰਦੀਆਂ ‘ਤੇ ਪਹੁੰਚਾਇਆ ਹੈ।

**ਪਿਛਲੇ 2 ਸਾਲਾਂ ਦੌਰਾਨ ਆਪਾਂ ਗੁਰੂ ਘਰ ਲਈ ਹੇਠਾਂ ਲਿਖੇ ਵਿਸ਼ੇਸ਼ ਪ੍ਰਾਜੈਕਟਾਂ ‘ਤੇ ਕੰਮ ਕੀਤਾ ਹੈ:**

1. ਗੁਰਦੁਆਰਾ ਸਾਹਿਬ ਦਾ ਕਰਜਾ 10 ਸਾਲ ਲਈ ਪੱਕੇ ਵਿਆਜ ਵਾਲਾ ਕਰਵਾ ਦਿੱਤਾ ਹੈ।
2. ਗੁਰਦੁਆਰਾ ਸਾਹਿਬ ਨੂੰ ਜਾਂਦੀ ਸੜਕ ਦਾ ਨਾਂ ਮੁਰਿਲੋ ਐਵਨਿਊ ਤੋਂ ਬਦਲਵਾ ਕੇ ਗੁਰਦੁਆਰਾ ਐਵਨਿਊ ਰਖਵਾ ਦਿੱਤਾ ਗਿਆ ਹੈ।
3. ਬਿਜਲੀ ਪੈਦਾ ਕਰਨ ਵਾਲਾ ਸੋਲਰ ਸਿਸਟਮ ਖਰੀਦਿਆ।
4. ਛੋਟੇ ਬੱਚਿਆਂ ਲਈ ਖੇਡ ਮੈਦਾਨ ਬਣਾਇਆ ਹੈ।
5. ਭਾਈ ਗੁਰਦਾਸ ਲਾਇਬਰੇਰੀ ਸਥਾਪਤ ਕੀਤੀ ਗਈ ਹੈ।
6. ਬਿਜਲੀ ਨਾਲ ਚਾਰਜ ਹੋਣ ਵਾਲੀਆਂ ਕਾਰਾਂ ਲਈ ਚਾਰਜਿੰਗ ਸਟੇਸ਼ਨ ਲਗਵਾਏ ਗਏ ਹਨ।
7. ਹਰ ਸਾਲ ਗੁਰਦੁਆਰਾ ਸਾਹਿਬ ਤੋਂ ਬਾਹਰ ਨਗਰ ਕੀਰਤਨ ਦਾ ਇੰਤਜ਼ਾਮ ਮੁਕੰਮਲ ਕਰ ਦਿੱਤਾ ਗਿਆ ਹੈ।
8. ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਵਿਚ ਹਰ ਐਤਵਾਰ ਨੂੰ 2 ਤੋਂ 3 ਵਜੇ ਤੱਕ ਵਿਸ਼ੇਸ਼ ਪ੍ਰੋਗਰਾਮ ਕੀਤੇ ਜਾਂਦੇ ਹਨ।
9. ਸਸਕਾਰ ਲਈ, ਸੰਨੀਵੇਲ ਸਪੈਂਗੂਲਰ ਮੌਰਚਰੀ ਨਾਲ ਇਕਰਾਰ ਹੋ ਗਿਆ ਹੈ ਜਿਸ ਦਾ ਖਰਚਾ ਤਕਰੀਬਨ ਯੂਨੀਅਨ ਸਿਟੀ ਦੇ ਚੈਪਲ ਆਫ ਚਾਈਮਜ਼ ਦੇ ਖਰਚੇ ਬਰਾਬਰ ਹੈ।
10. ਪਹਾੜੀ ਵਾਲੀ ਜਗ੍ਹਾ ‘ਤੇ 180 ਕਾਰਾਂ ਲਈ ਆਰਜ਼ੀ ਪਾਰਕਿੰਗ ਬਣਾ ਦਿੱਤੀ ਗਈ ਹੈ, ਅਜੇ ਹੋਰ ਕੰਮ ਹੋਣ ਵਾਲਾ ਹੈ।
11. ਪਗਡੰਡੀ ਦਾ ਕੰਮ ਸ਼ੁਰੂ ਹੋ ਚੁਕਾ ਹੈ, ਸਿਟੀ ਤੋਂ ਪਰਮਿਟ ਲੈਣ ਲਈ ਡਰਾਇੰਗਾਂ ਬਣ ਗਈਆਂ ਹਨ।

ਆਉਣ ਵਾਲੇ ਸਮੇਂ ਦੌਰਾਨ ਗੁਰੂ ਘਰ ਦੇ ਹੋਰ ਵਿਸ਼ੇਸ਼ ਪ੍ਰਾਜੈਕਟਾਂ ਬਾਰੇ ਆਪ ਜੀ ਨਾਲ ਸਲਾਹ ਕੀਤੀ ਜਾਵੇਗੀ।

## ਨਵੀਂ ਬਣੀ ਕਮੇਟੀ ਵਿਚ ਹੋਈਆਂ ਤਬਦੀਲੀਆਂ ਇਸ ਤਰ੍ਹਾਂ ਹਨ

ਜਨਰਲ ਸਕੱਤਰ ਪ੍ਰੀਤਮ ਸਿੰਘ ਗਰੇਵਾਲ, ਸਟੇਜ ਸਕੱਤਰ ਰਾਜਿੰਦਰ ਸਿੰਘ ਮੰਗਰ, ਪ੍ਰਧਾਨ ਭੁਪਿੰਦਰ ਸਿੰਘ ਢਿੱਲੋਂ, ਮੀਤ ਪ੍ਰਧਾਨ ਗੁਰਿੰਦਰ ਪਾਲ ਸਿੰਘ, ਖਜਾਨਚੀ ਸੋਹਣ ਸਿੰਘ ਧਨੋਤਾ, ਸਹਾਇਕ ਖਜਾਨਚੀ ਕਿਰਪਾਲ ਸਿੰਘ ਅਟਵਾਲ, ਬਲਬੀਰ ਸਿੰਘ ਬੈਂਸ ਤੇ ਬਲਬੀਰ ਸਿੰਘ ਜੌਹਲ, ਚੇਅਰਮੈਨ ਹਰਦੇਵ ਸਿੰਘ ਤੱਖਰ।

**ਧਾਰਮਿਕ ਸਬ-ਕਮੇਟੀ:** ਸੁਖਦੇਵ ਸਿੰਘ ਬੈਣੀਵਾਲ, ਗੁਰਿੰਦਰਪਾਲ ਸਿੰਘ, ਨਰਿੰਦਰਪਾਲ ਸਿੰਘ, ਰਾਜਿੰਦਰ ਸਿੰਘ ਮੰਗਰ, ਪ੍ਰੀਤਮ ਸਿੰਘ ਗਰੇਵਾਲ ਅਤੇ ਧਰਮ ਸਿੰਘ ਢਿੱਲੋਂ।

**ਲੰਗਰ ਸਬ-ਕਮੇਟੀ:** ਗੁਰਬਖਸ਼ ਸਿੰਘ ਢਿੱਲੋਂ, ਸਰਵਜੋਤ ਸਿੰਘ ਸਵੱਦੀ, ਪ੍ਰਿਤਪਾਲ ਕੌਰ, ਕੁਲਦੀਪ ਸਿੰਘ ਸ਼ੇਰਗਿੱਲ,ਹਰਜਿੰਦਰ ਸਿੰਘ ਲੱਦੜ। **ਰਿਹਾਇਸ਼ੀ ਕਮਰੇ ਅਤੇ ਗੁਰਦੁਆਰਾ ਸਾਹਿਬ ਦੀ ਸਫਾਈ:** ਨੀਤੂ ਸਿੰਘ ਕਾਹਲੋਂ, ਗੁਰਦੇਵ ਸਿੰਘ ਕਲਸੀ। **ਮੈਂਬਰਸ਼ਿੱਪ ਕਮੇਟੀ:** ਕਿਰਪਾਲ ਸਿੰਘ ਅਟਵਾਲ, ਬਲਜੀਤ ਕੌਰ ਹੰਸਰਾ, ਹਰਜਿੰਦਰ ਸਿੰਘ ਲੱਦੜ ਅਤੇ ਜਸਵੀਰ ਸਿੰਘ ਪਵਾਰ।

**ਦਰਬਾਰ ਹਾਲ ਮੈਨੇਜਮੈਂਟ:** ਸਤਿੰਦਰ ਸਿੰਘ ਮੰਗਰ, ਅੰਮ੍ਰਿਤਪਾਲ ਸਿੰਘ ਧਾਲੀਵਾਲ, ਜਸਵੀਰ ਸਿੰਘ ਪਵਾਰ ਅਤੇ ਓਂਕਾਰ ਸਿੰਘ ਸੰਘਾ। **ਕੰਸਟਰੱਕਸ਼ਨ ਸਬ ਕਮੇਟੀ:** ਸੁਰਜੀਤ ਸਿੰਘ ਬੈਂਸ, ਪ੍ਰੀਤਮ ਸਿੰਘ ਗਰੇਵਾਲ, ਗੁਰਜੰਟ ਸਿੰਘ ਸੰਘਾ ਅਤੇ ਅਮਰਿੰਦਰ ਸਿੰਘ ਝੱਜ। **ਗੁਰਦੁਆਰਾ ਸਾਹਿਬ ਦੀ ਸਾਂਭ-ਸੰਭਾਲ ਬਾਰੇ ਕਮੇਟੀ:** ਬਹਾਦਰ ਸਿੰਘ ਦਿਓਲ, ਪ੍ਰੀਤਮ ਸਿੰਘ ਗਰੇਵਾਲ ਅਤੇ ਹਰਦੇਵ ਸਿੰਘ ਤੱਖਰ।

**ਮੀਡੀਆ ਸਬ-ਕਮੇਟੀ:** ਕਿਰਪਾਲ ਸਿੰਘ ਅਟਵਾਲ, ਗੁਰਿੰਦਰਪਾਲ ਸਿੰਘ, ਨਰਿੰਦਰ ਕੌਰ ਮਹੇੜੂ ਅਤੇ ਸੁਖਦੇਵ ਸਿੰਘ ਬੈਣੀਵਾਲ। **ਸੋਸ਼ਲ ਮੀਡੀਆ:** ਗੁਰਪ੍ਰੀਤ ਸਿੰਘ ਸੇਠੀ, ਸੁਖਦੇਵ ਸਿੰਘ ਬੈਣੀਵਾਲ ਅਤੇ ਨਰਿੰਦਰਪਾਲ ਸਿੰਘ।

**ਸਿੱਖਾਂ ਤੋਂ ਬਾਹਰਲੇ ਭਾਈਚਾਰੇ ਨਾਲ ਸਬੰਧ:** ਸੁਖਦੇਵ ਸਿੰਘ ਬੈਣੀਵਾਲ, ਦੀਦਾਰ ਸਿੰਘ ਮੁੰਡੀ, ਕੁਲਵੰਤ ਸਿੰਘ ਸਿੱਧੂ ਅਤੇ ਗੁਰਿੰਦਰਪਾਲ ਸਿੰਘ।



ਇੱਥੇ ਅਸੀਂ ਸੰਗਤ ਨਾਲ ਇਹ ਗੱਲ ਵੀ ਸਾਂਝੀ ਕਰਨੀ ਵਾਜਬ ਸਮਝਦੇ ਹਾਂ ਕਿ 15 ਸਤੰਬਰ 2017 ਨੂੰ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਪਹਿਲੇ ਸਮਾਗਮ ਦੌਰਾਨ ਬਾਹਰੋਂ ਆਏ ਮੈਬਰਾਂ ਨੇ ਕੀਰਤਨ ਦਰਬਾਰ ਅੰਦਰ ਰੌਲਾ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਹੈ, ਸਾਨੂੰ ਇਸ ਦਾ ਬਹੁਤ ਦੁੱਖ ਹੋਇਆ ਹੈ। ਇਹ ਖਰਾਬੀ ਕਰਨ ਵਿਚ ਸਬੂਤ ਮਿਲਣ ‘ਤੇ ਜਿਸ ਦਾ ਵੀ ਨਾਂ ਸਾਹਮਣੇ ਆਇਆ, ਅਸੀਂ ਸੰਗਤ ਨਾਲ ਜਰੂਰ ਸਾਂਝਾ ਕਰਾਂਗੇ।

*ਅਖੀਰ ਵਿਚ ਫੇਰ, ਆਪ ਜੀ ਦਾ ਬਹੁਤ-ਬਹੁਤ ਧੰਨਵਾਦ ਹੈ। ਆਸ ਕਰਦੇ ਹਾਂ ਕਿ ਪਹਿਲਾਂ ਵਾਂਗ ਸਾਡਾ ਸਾਥ ਦੇ ਕੇ ਗੁਰੂ ਘਰ ਨੂੰ ਹੋਰ ਵੀ ਬੁਲੰਦੀਆਂ ਵਲ ਲਿਜਾਣ ਵਿਚ ਮਦਦ ਕਰਦੇ ਰਹੋਗੇ।*

**ਵਲੋਂ: ਭੁਪਿੰਦਰ ਸਿੰਘ ਢਿੱਲੋਂ (ਮੁੱਖ ਸੇਵਾਦਾਰ) ਗੁਰਦੁਆਰਾ ਸਾਹਿਬ ਸੈਨ ਹੋਜ਼ੇ**

# ਮਹਿਲਾਂ ਵਾਲੇ ਘਰ ਵੇ...

## ਗਾਇਕਾ ਸਨੇਹ ਨਾਲ ਕੀਤੀ ਕੁਝ ਗੱਲਾਂ ਬਾਤਾਂ



### ਕਲਾ ਪਰਿਕਰਮਾ

ਸਨੇਹ ਲਤਾ ਪੰਜਾਬੀ ਗਾਇਕੀ ਦੀ ਨਾਮਵਰ ਹਸਤਾਖਰ ਰਹੀ ਹੈ। ਉਸ ਦੇ ਪਹਿਲੇ ਗੀਤ ਕਰਮਜੀਤ ਧੂਰੀ ਨਾਲ ਰਿਕਾਰਡ ਹੋਏ, ਪਰ ਪੰਜਾਬੀ ਦੋਗਾਣਾ ਗੀਤਕਾਰੀ ਵਿਚ ਸਨੇਹ ਲਤਾ ਅਤੇ ਦੀਦਾਰ ਸੰਧੂ ਦੀ ਜੋੜੀ ਨੂੰ ਜੋ ਮੁਕਾਮ ਮਿਲਿਆ, ਉਹ ਬਾ-ਕਮਾਲ ਸਾਬਤ ਹੋਇਆ। ਇਸ ਜੋੜੀ ਦਾ ਪਹਿਲਾ ਗੀਤ 'ਪਿੰਡ ਦਿਆਂ ਮੁੰਡਿਆਂ ਨੂੰ, ਸਾਨੂੰ ਵੇਖ ਕੇ ਨੀਂਦ ਨਾ ਆਵੇ' ਆਇਆ ਤਾਂ ਚੱਲ ਸੋ ਚੱਲ ਹੋ ਗਈ। ਦੀਦਾਰ ਸੰਧੂ ਨੇ ਹੋਰ ਕਈ ਗਾਇਕਾਵਾਂ ਨਾਲ ਵੀ ਗੀਤ ਗਾਏ, ਪਰ ਲੋਕ ਧਾਰਨਾ ਇਹ ਹੈ ਕਿ ਉਸ ਦੇ ਦੋਗਾਣਿਆਂ ਵਿਚ ਰਸ ਤੇ ਰਵਾਨੀ ਜੋ ਸਨੇਹ ਲਤਾ ਨਾਲ ਗਾਉਂਦਿਆਂ ਉਪਜੀ, ਉਹ ਨਿਵੇਕਲੀ ਬੁਲੰਦੀ ਨੂੰ ਛੂਹਣ ਵਾਲੀ ਸੀ।



**ਗੱਜਣਵਾਲਾ ਸੁਖਮਿੰਦਰ**
**ਫੋਨ: +91-99151-06449**

ਸਨੇਹ ਲਤਾ ਨੂੰ ਦੀਦਾਰ ਸੰਧੂ ਨਾਲ ਕਰੀਬ ਸੱਤ ਸਾਲ ਗਾਉਣ ਦਾ ਸੁਭਾਗ ਹਾਸਲ ਹੋਇਆ। ਦੋਹਾਂ ਨੇ ਦੁਨੀਆਂ ਨੂੰ ਮੁਹੱਬਤੀ, ਚੋਹਲ-ਮੋਹਲ ਤੇ ਸਮਾਜੀ ਸਰੋਕਾਰਾਂ ਨਾਲ ਲਬਰੇਜ਼ ਸੁਰੀਲੇ ਗੀਤ ਦਿੱਤੇ: ਜੋੜੀ ਜਦੋਂ ਚੁਬਾਰੇ ਚੜ੍ਹਦੀ, ਨਾ ਕਰ ਮੈਨੂੰ ਪਿਆਰ, ਬੋਲ ਮੇਰਿਆ ਮਾਹੀਆ ਵੇ ਮੈਂ ਸੌਂ ਜਾਵਾਂ ਕੇ ਨਾ, ਮਰ ਗਿਆ ਨੀ ਅਤਰ ਕੁਰੇ, ਆਦਿ। ਅਜਿਹੇ ਗੀਤ ਉਨ੍ਹਾਂ ਰੂਹ ਨਾਲ ਗਾ ਕੇ ਪੰਜਾਬ ਦੀ ਫਿਜ਼ਾ ਨੂੰ ਵਿਸਮਾਦੀ ਬਣਾ ਦਿੱਤਾ ਅਤੇ ਉਨ੍ਹਾਂ ਦੇ ਬੋਲ ਸਰੋਤਿਆਂ ਦੇ ਚੇਤਿਆਂ ਵਿਚ ਸਦਾ ਲਈ ਸਮਾ ਗਏ।

ਕੁਝ ਸਮਾਂ ਪਹਿਲਾਂ ਗੀਤਕਾਰ ਸ਼ਮਸ਼ੇਰ ਸੰਧੂ ਦੀ ਸੰਗਤ ਸਦਕਾ ਸਨੇਹ ਲਤਾ ਨਾਲ ਮੁਲਾਕਾਤ ਦਾ ਸਬੱਬ ਬਣਿਆ। ਉਹ ਆਪਣੇ ਭਰਾ ਕੋਲ ਪੰਚਕੂਲਾ ਆਈ ਹੋਈ ਸੀ। ਮਿਲੇ ਤਾਂ ਸਨੇਹ ਲਤਾ ਦੇ ਮੂੰਹੋਂ ਸਹਿਜ ਸੁਭਾਅ ਨਿਕਲਿਆ: "ਸ਼ਮਸ਼ੇਰ ਤੂੰ ਤਾਂ ਚਾਲੀ ਸਾਲ ਪਹਿਲਾਂ ਵਰਗਾ ਹੀ ਜਾਪਦਾਂ।" ਉਹਨੂੰ ਵੇਖਣ ਸਾਰ ਦਿਲ-ਦਿਮਾਗ਼ ਵਿਚੋਂ ਤਵਿਆਂ ਸਪੀਕਰਾਂ ਵਾਲਾ 70-80ਵੇਂ ਦਹਾਕੇ ਦਾ ਸਮਾਂ ਘੁੰਮ ਗਿਆ। ਸਨੇਹ ਲਤਾ ਦੇ ਚਿਹਰੇ-ਮੋਹਰੇ ਨੂੰ ਨਿਹਾਰਿਆ। ਜਦੋਂ ਉਹ ਗੱਲ ਕਰਦੀ ਤਾਂ ਭੁਲੇਖਾ ਜਿਹਾ ਪੈਂਦਾ ਕਿ ਦੀਦਾਰ ਸੰਧੂ ਨਾਲ ਇਸ ਨੇ ਸੱਚਮੁੱਚ ਆਹ ਗੀਤ ਗਾਏ ਹੋਣਗੇ: ਉਡਣ ਖਟੋਲੇ ਵਰਗੀ ਵੇ ਮੁੰਡਿਆ ਆਸ਼ਕ ਤੇਰੇ 'ਤੇ, ਮਹਿਲਾਂ ਵਾਲੇ ਘਰ ਵੇ ਮੇਰਾ ਉਡੇ ਡੋਰੀਆ...!

ਇਨ੍ਹਾਂ ਗੀਤਾਂ ਨੂੰ ਚਾਰ ਦਹਾਕੇ ਪਹਿਲਾਂ ਗਾਉਣ ਵਾਲੀ ਇਹ ਉਹੀ ਸਨੇਹ ਲਤਾ ਹੈ? ਲੱਗਿਆ, ਸਨੇਹ ਲਤਾ ਦੇ ਤਲੱਫਜ਼ ਵਿਚ ਸ਼ਹਿਰੀ ਪ੍ਰਭਾਵ ਆ ਗਿਆ ਹੈ। ਜਦ ਉਸ ਨੂੰ ਪੁੱਛਿਆ, "ਤੁਸੀਂ ਗਾਈਕੀ ਦੇ ਬੁਲੰਦ ਮਰਤਬੇ 'ਤੇ ਪਹੁੰਚ ਕੇ ਜਦ ਪੰਜਾਬੀ ਵਿਰਸੇ ਦੇ ਭਰੇ ਮੇਲੇ ਨੂੰ ਛੱਡਿਆ ਤਾਂ ਉਸ ਵੇਲੇ ਤੁਹਾਡੇ ਮਨ ਵਿਚ ਕੋਈ ਝੋਰਾ ਤਾਂ ਜ਼ਰੂਰ ਹੋਇਆ ਹੀ ਹੋਵੇਗਾ?" ਉਸ ਸਮੇਂ ਉਸ ਨੇ ਇਸ ਗੱਲ ਦੀ ਹਾਮੀ ਨਾ ਭਰਦਿਆਂ ਆਖਿਆ, "ਵਿਆਹ ਕਰਵਾ ਕੇ ਮੈਂ ਜਿਥੇ ਗਈ, ਉਹ ਮਾਹੌਲ ਵੱਖਰੀ ਤਰ੍ਹਾਂ ਦਾ ਰੱਜਿਆ ਪੁੱਜਿਆ ਤੇ ਆਧੁਨਿਕ ਸੀ। ਝੋਰੇ ਵਾਲੀ ਗੱਲ ਬਿਲਕੁਲ ਨਹੀਂ ਉਪਜੀ। ਹਾਂ, ਸਾਡੀ ਗਾਇਕੀ ਵੇਲੇ ਦਾ ਸਮਾਂ ਬਹੁਤ ਅਦਬ ਵਾਲਾ ਸੀ। ਲੋਕ ਮੁਹੱਬਤ ਕਰਦੇ ਅਤੇ ਅੱਖਾਂ ਵਿਛਾਉਣ ਤਕ ਜਾਂਦੇ ਸਨ। ਦੀਦਾਰ ਸੰਧੂ ਕੋਲ ਸ਼ਬਦਾਂ ਦਾ ਵੱਡਾ ਭੰਡਾਰ ਸੀ। ਕਿਵੇਂ ਦਾ ਸਮਾਂ ਸੀ ਕਿ ਦਿਨ ਵਿਚ ਤਿੰਨ ਤਿੰਨ ਪ੍ਰੋਗਰਾਮ ਕਰਨ ਲਈ ਦੂਰ ਦੂਰ ਤਕ ਜਾਂਦੇ। ਡੱਬਵਾਲੀ ਰਾਜਸਥਾਨ ਤਕ ਚਲੇ ਜਾਂਦੇ। ਜਦੋਂ ਪ੍ਰੋਗਰਾਮ ਖ਼ਤਮ ਹੋ ਜਾਂਦਾ ਤਾਂ ਔਰਤਾਂ ਇੱਕਠੀਆਂ ਹੋ ਕੇ ਆਖਦੀਆਂ- 'ਸਨੇਹ ਜੀ, ਹੁਣ ਸਾਡੇ ਨਾਲ ਵੀ ਗਿੱਧਾ ਪਾਵੋ।' ਉਨ੍ਹਾਂ ਦਾ ਪਿਆਰ ਵੇਖ ਕੇ ਦਸ ਮਿੰਟ ਉਨ੍ਹਾਂ ਨਾਲ ਵੀ ਨੱਚ ਲੈਣਾ, ਗਿੱਧਾ ਵਗੈਰਾ ਪਾ ਲੈਂਦੇ।"

ਸਨੇਹ ਲਤਾ ਨੇ ਭਾਵੇਂ ਝੋਰੇ ਦੀ ਹਾਮੀ ਨਹੀਂ ਭਰੀ, ਪਰ ਗੱਲਬਾਤ ਦੌਰਾਨ ਉਸ ਵੱਲੋਂ ਕੀਤੀਆਂ ਪਰਿਵਾਰਕ ਤੇ ਪੇਸ਼ੇਵਾਰਾਨਾ ਗੱਲਾਂ ਵਿਚੋਂ ਕੁਝ ਕੁ ਵਿਰਾਸਤੀ ਅਸਾਸੇ ਗੁਆਚਣ ਦੀ ਝਲਕ ਜ਼ਰੂਰ ਪੈਂਦੀ ਦਿਸੀ। ਉਸ ਨੇ ਦੱਸਿਆ: "ਇੱਕ ਵਾਰ ਉਸ ਦੇ ਭਤੀਜਿਆਂ ਨੇ ਕਿਹਾ- 'ਭੂਆ ਜੀ ਤੁਹਾਡੀ ਆਵਾਜ਼ ਵਿਚ ਬੜੀ ਕਸ਼ਿਸ਼ ਹੈ', ਤਾਂ ਮੈਂ ਹੱਸ ਕੇ ਆਖਿਆ- 'ਜੇ ਮੈਂ ਇਥੇ ਵਿਆਹੀ ਨਾ ਹੁੰਦੀ, ਤਾਂ ਤੁਹਾਡੀ ਭੂਆ ਨੇ ਇਸ ਵੇਲੇ ਬੰਬੇ ਹੋਣਾ ਸੀ।"







ਸਨੇਹ ਲਤਾ ਤੇ ਸ਼ਮਸ਼ੇਰ ਸੰਧੂ ਅਤੇ (ਉਪਰ) ਸਨੇਹ ਲਤਾ ਤੇ ਦੀਦਾਰ ਸੰਧੂ ਦੇ ਇਕ ਤਵੇ ਦਾ ਕਵਰ।

ਫਿਰ ਸਨੇਹ ਲਤਾ ਦੱਸਣ ਲੱਗੀ ਕਿ ਵਿਆਹ ਤੋਂ ਬਾਅਦ ਉਸ ਨੇ ਗਾਇਕੀ ਦੀ ਦੁਨੀਆਂ ਨੂੰ ਅਲਵਿਦਾ ਕਹਿ ਦਿੱਤਾ ਸੀ। ਕਾਫ਼ੀ ਅਰਸੇ ਬਾਅਦ ਉਸ ਨੂੰ ਦੀਦਾਰ ਦਾ ਫੋਨ ਆਇਆ, "ਸਨੇਹ ਜੀ, ਗੀਤਾਂ ਦੀ ਰਿਕਾਰਡਿੰਗ ਕਰਨੀ ਹੈ ਅਤੇ ਕੰਪਨੀ ਵਾਲਿਆਂ ਦੀ ਰਾਏ ਹੈ ਕਿ ਬਿਹਤਰ ਹੋਵੇਗਾ ਕਿ ਦੋਗਾਣੇ ਸਨੇਹ ਲਤਾ ਜੀ ਨਾਲ ਹੀ ਕੀਤੇ ਜਾਣ। ਤੁਸੀਂ ਦਿੱਲੀ ਸਟੂਡੀਓ ਆ ਜਾਵੋ।" ਸਨੇਹ ਲਤਾ ਨੇ ਦੱਸਿਆ, "ਮੈਂ ਗੀਤਾਂ ਦੀ ਰਿਹਰਸਲ ਵਗੈਰਾ ਕੀਤੀ। ਉਸ ਵੇਲੇ ਮੇਰੇ ਕੁੱਛੜ ਦੋ ਕੁ ਮਹੀਨਿਆਂ ਦਾ ਬੱਚਾ ਸੀ। ਉਨ੍ਹੀਂ ਦਿਨੀਂ ਰਿਕਾਰਡਿੰਗ ਅੱਜ ਵਾਂਗ ਡਿਜੀਟਲ ਵਗੈਰਾ ਨਹੀਂ ਸੀ। ਬਹੁਤ ਵਕਤ ਲੱਗਦਾ ਸੀ। ਅਜਿਹਾ ਸਬੱਬ ਬਣਿਆ ਕਿ ਅਜੇ ਤਿੰਨ ਗੀਤ ਹੀ ਰਿਕਾਰਡ ਹੋਏ ਸਨ ਕਿ ਪਿੱਛੋਂ ਸਹੁਰਿਆਂ ਵੱਲੋਂ ਫੋਨ ਆ ਗਿਆ ਕਿ ਜਲਦੀ ਆ ਜਾਵੇ, ਲੋਹੜੀ ਆ ਗਈ ਹੈ... ਹੁਣ ਇਸ ਰਸਮ ਨੂੰ ਵੀ ਛੱਡਿਆ ਨਹੀਂ ਜਾ ਸਕਦਾ ਸੀ। ਬੱਚੇ ਦੀ ਪਹਿਲੀ ਲੋਹੜੀ ਸੀ। ਇਸ ਤਰ੍ਹਾਂ ਪੰਜ ਗੀਤ ਰਿਕਾਰਡ ਹੋਣ ਤੋਂ ਰਹਿ ਗਏ।"

ਫਿਰ ਚਾਲੀ ਪੰਜਾਹ ਸਾਲ ਪਹਿਲਾਂ ਵਾਲੇ ਉਸ ਜ਼ਮਾਨੇ ਦੇ ਗਾਇਕਾਂ ਕੁਲਦੀਪ ਮਾਣਕ, ਮੁਹੰਮਦ ਸਦੀਕ, ਜਗਮੋਹਨ ਕੌਰ, ਨਰਿੰਦਰ ਬੀਬਾ ਆਦਿ ਕਲਾਕਾਰਾਂ ਦੀਆਂ ਗੱਲਾਂ ਚੱਲੀਆਂ। ਉਸ ਨੇ ਸਾਰਿਆਂ ਬਾਰੇ ਬੜੀ ਅਪਣੱਤ ਨਾਲ ਇਕੱਲੇ ਇਕੱਲੇ ਬਾਰੇ ਪੁੱਛਿਆ ਕਿ ਉਹ ਕਿਥੇ ਹਨ? ਕੀ ਕਰਦੇ ਹਨ? ਰਣਜੀਤ ਕੌਰ ਦਾ ਕੀ ਹਾਲ ਹੈ? ਫਿਰ ਅੱਜ ਦੇ ਗਾਇਕਾਂ ਦੀਆਂ ਗੱਲਾਂ ਚੱਲੀਆਂ ਤਾਂ ਉਸ ਨੇ ਗੁਰਦਾਸ ਮਾਨ ਦੀ ਬਹੁਤ ਤਾਰੀਫ਼ ਕੀਤੀ। ਉਸ ਨੇ ਦੱਸਿਆ ਕਿ ਉਹ ਮੁੰਬਈ ਕਿਸੇ ਮਾਲ ਵਿਚ ਸਨ ਜਿਥੇ ਉਸ ਦੀ ਬੇਟੀ ਬੱਚਿਆਂ ਦੇ ਡਰੈੱਸ ਮੁਕਾਬਲੇ ਵਿਚ ਭਾਗ ਲੈ ਰਹੀ ਸੀ। ਉਹ ਪਹਿਲੇ ਨੰਬਰ 'ਤੇ ਚੁਣੀ ਗਈ। ਉਸ ਨੂੰ ਇਨਾਮ ਦੇਣ ਦੀ ਰਸਮ ਗੁਰਦਾਸ ਮਾਨ ਨੇ ਕਰਨੀ ਸੀ, ਪਰ ਜਦੋਂ ਉਸ ਨੂੰ ਪਤਾ ਲੱਗਿਆ ਕਿ ਇਹ ਸਨੇਹ ਲਤਾ ਦੀ ਕੁੜੀ ਹੈ, ਤੇ ਉਹ ਖ਼ੁਦ ਇਥੇ ਮੌਜੂਦ ਹਨ, ਤਾਂ ਉਹ ਸਨੇਹ ਲਤਾ ਨੂੰ ਸਟੇਜ 'ਤੇ ਲੈ ਗਿਆ ਅਤੇ ਉਸ ਦੀ ਤਾਰੀਫ਼ ਕਰਦਿਆਂ ਕਿਹਾ ਕਿ ਇਨ੍ਹਾਂ ਨੂੰ ਸੁਣ ਸੁਣ ਕੇ ਤਾਂ ਉਸ ਨੇ ਗਾਉਣ ਦਾ ਵੱਲ ਸਿੱਖਿਆ ਹੈ। ਇਸ ਲਈ ਉਹ ਉਨ੍ਹਾਂ ਦੀ ਬੇਟੀ ਨੂੰ ਇਨਾਮ ਦੇਣ ਦੇ ਕਾਬਿਲ ਨਹੀਂ। ਇਸ ਮੌਕੇ ਸਨੇਹ ਲਤਾ ਤੋਂ ਹੀ ਉਸ ਦੀ ਬੇਟੀ ਨੂੰ ਇਨਾਮ ਦੇਣ ਦੀ ਰਸਮ ਨਿਭਾਈ ਗਈ।

ਸਾਡੇ ਨਾਲ ਇਸ ਮੁਲਾਕਾਤ ਤੋਂ ਬਾਅਦ ਸਨੇਹ ਲਤਾ ਨੇ ਗੁੜਗਾਉਂ ਜਾਣਾ ਸੀ। ਤਦ ਸ਼ਮਸ਼ੇਰ ਸੰਧੂ ਨੇ ਕਿਹਾ, "ਸਨੇਹ ਜੀ, ਵਿਦਾ ਹੋਣ ਤੋਂ ਪਹਿਲਾਂ ਤੁਹਾਡਾ ਮਕਬੂਲ ਗੀਤ ਸੁਣਦੇ ਹਾਂ, ਤੇ ਫਿਰ ਚੱਲਦੇ ਹਾਂ।" ਸੰਧੂ ਨੇ ਆਪਣੇ ਮੋਬਾਈਲ ਤੋਂ ਸਨੇਹ ਲਤਾ ਤੇ ਦੀਦਾਰ ਸੰਧੂ ਦਾ ਗੀਤ ਲਾਇਆ:

ਜੋੜੀ ਜਦੋਂ ਚੁਬਾਰੇ ਚੜ੍ਹਦੀ,
ਸਾਨੂੰ ਵੇਖ ਗੁਆਂਢਣ ਸੜਦੀ...!

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਅਕਤੂਬਰ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-294



*ਨਵੀਂ ਪਨੀਰੀ ਸਦਾ ਸਦਾ ਹੀ, ਆਸਾਂ ਲੈ ਕੇ ਆਉਂਦੀ।*
*ਪੱਤ ਪੁਰਾਣੇ ਝੜਦੇ ਜਾਂਦੇ, ਨਵੀਂਆਂ ਪਿਰਤਾਂ ਪਾਉਂਦੀ।*
*ਸੇਵਾ ਦਾ ਇਹ ਮਿੱਠਾ ਮੇਵਾ, ਹਰ ਟਾਹਣੀ 'ਤੇ ਟਹਿਕੇ,*
*ਪਿਆਰ, ਮੁਹੱਬਤ, ਭਲਾ ਸਰਬੱਤ ਦਾ, ਹੇਕ ਸਾਂਝ ਦੀ ਲਾਉਂਦੀ।*

## ਕੈਪਸ਼ਨ ਮੁਕਾਬਲਾ-292



ਇੱਕ ਖਿੱਚੇ ਇੱਕ ਧੱਕੇ ਮਗਰੋਂ
ਜੀਵਨ ਗੱਡੀ ਰੋੜ੍ਹੀ ਜਾਵਣ।
ਸਿਰ ਢਕਣ ਨੂੰ ਥਾਂ ਕਰਨ ਲਈ
ਮਨ ਵਿਚ ਲੱਖਾਂ ਫਿਕਰ ਸਤਾਵਣ।
ਜਾਨੋਂ ਪਿਆਰਾ ਛਾਂ ਵਿਚ ਪਾਇਆ
ਖੁਸ਼ ਹੋਵੇ ਜਦ ਝੂਟੇ ਆਵਣ।
**-ਜਗਮੀਤ ਸਿੰਘ ਪੰਧੇਰ**

---

ਤਿੱਖੜ ਦੁਪਹਿਰੇ ਵੀ ਨਾ ਬਹਿੰਦਾ
ਸਾਰਾ ਦਿਨ ਮਿੱਟੀ ਨਾਲ ਮਿੱਟੀ ਹੁੰਦਾ
ਕੁੱਲੀ-ਗੁੱਲੀ-ਜੁੱਲੀ ਦੀ ਚਿੰਤਾ ਸਤਾਵੇ
ਪੁਰਾਣੀਆਂ ਇੱਟਾਂ ਢੋਅ ਕੁੱਲੀ ਬਣਾਵੇ
ਬੱਚਿਆਂ ਲਈ ਇਹ ਸੁਪਨਾ ਸਜਾਵੇ।
**-ਕੈਲਾਸ਼ ਠਾਕੁਰ, ਨੰਗਲ ਟਾਊਨਸ਼ਿਪ**

---

ਨਾਇਕਾ 'ਗੁੱਡ ਅਰਥ' ਦੀ ਹੈ
ਜਾਂ 'ਮਦਰ ਇੰਡੀਆ' ਇਹ ਜਾਪੇ।
ਕਰ'ਤੀ ਛਤਰੀ ਦੀ ਥਾਂ ਇੱਟਾਂ ਉਤੇ
ਕਿਤੇ ਲਾਲ ਨੂੰ ਧੁੱਪ ਨਾ ਬਿਆਪੇ।
ਹੱਡ ਭੰਨਵੀਂ ਮਿਹਨਤ ਦਿਨ ਭਰ
ਸੌਣਾ ਖੁੱਲ੍ਹੇ ਅੰਬਰਾਂ ਥੱਲੇ।
ਇੱਟਾਂ ਜੋੜ ਬਣਾਈਏ ਝੁੱਗੀ
ਇਹੋ ਹਾਲ ਗਰੀਬਾਂ ਪੱਲੇ।
**-ਸੇਵਾ ਸਿੰਘ ਨੂਰਪੁਰੀ**

---

ਪੁੱਤਰਾ ਕਰ ਲੈ ਨੀਂਦ ਤੂੰ ਪੂਰੀ,
ਧੁੱਪ ਤੋਂ ਕਰ'ਤੀ ਤੈਨੂੰ ਛਾਂ।
ਇੱਟਾਂ ਢੋਣ ਦੀ ਹੈ ਮਜਬੂਰੀ,
ਕੁੱਲੀ, ਗੁੱਲੀ, ਮਿਲੂ ਸਾਨੂੰ ਤਾਂ।
ਰੱਬ ਕਰੇ ਜੂਨ ਪਵੇਂ ਨਾ ਸਾਡੀ,
ਲਾਵਾਂਗੇ ਅਸੀਂ ਪੂਰੀ ਵਾਹ,
ਪੜ੍ਹ-ਲਿਖ ਕੇ ਤੂੰ ਬਣੇ ਅਫਸਰ,
ਦਿਲੋਂ ਕਰਾਂ ਮੈਂ ਇਹੀ ਦੁਆ।
**-ਦਵਿੰਦਰ ਕੌਰ**

---

ਨਵੀਂ ਜ਼ਿੰਦਗੀ ਲਈ ਬਣਾਈ
ਇਨ੍ਹਾਂ ਆਪਣੀ ਰਫਤਾਰ।
ਬੱਚਾ ਵੀ ਕਿਰਤ ਦੇ ਨਾਲ
ਸਿਰਜੂ ਆਪਣਾ ਸੰਸਾਰ।
ਤੀਲ੍ਹਾ ਤੀਲ੍ਹਾ ਜੋੜ ਕੇ ਜੀਹਨੇ
ਆਲ੍ਹਣਾ ਬਣਾਉਣਾ ਸਿਖਿਆ
ਉਸ ਇਕ ਦਿਨ ਬਣਨਾ ਅੰਬਰਾਂ ਦਾ ਉਡਾਰ।
**-ਜਗਜੀਤ ਕੌਰ ਤੂਰ, ਚੰਡੀਗੜ੍ਹ**

---

ਗੁਰਬਤ ਵਿਚੋਂ ਨਿਕਲਣ ਲਈ
ਰਲ ਮਿਹਨਤ ਕਰੇ ਸਾਰਾ ਪਰਿਵਾਰ।
ਹਾਲਾਤ ਕਈ ਵਾਰ ਵਿਗੜ ਜਾਂਦੇ
ਪੈਣ ਮੁਸੀਬਤਾਂ, ਆਉਣ ਦੁਸ਼ਵਾਰੀਆਂ।
ਐਪਰ ਹਿੰਮਤੀ ਲੋਕ ਸਰ ਕਰ ਜਾਂਦੇ
ਮੁਸ਼ਕਿਲਾਂ ਪੈਣ ਭਾਵੇਂ ਭਾਰੀਆਂ।
**-ਅਮਰਜੀਤ ਸਿੰਘ ਤੂਰ**

---

ਖਿੱਚ ਰਿਕਸ਼ਾ ਭਰਿਆ ਇੱਟਾਂ ਦਾ
ਜੁੜਿਆ ਜਿਵੇਂ ਬੀਂਡੀ ਝੋਟਾ ਗੱਡੇ ਨੂੰ
ਪਾ ਨੰਨਾ ਬੱਚਾ ਇੱਟਾਂ 'ਤੇ ਹੀ
ਘਰ ਵਾਲੀ ਵੀ ਧੱਕਾ ਲਾਉਂਦੀ।
ਰੋਟੀ, ਕੱਪੜਾ, ਮਕਾਨ ਸੌਖਾ ਨਾ ਮਿਲੇ
ਕਰਨੀ ਪੈਂਦੀ ਘਾਲਣਾ ਅੰਤਾਂ ਦੀ।
**-ਦਰਸ਼ਨਪਾਲ ਦੋਸਾਂਝ**

---

ਹੱਡ ਭੰਨਵੀਂ ਮਿਹਨਤ ਪਿਛੋਂ ਮਿਲਦੀ ਰੋਟੀ।
ਅਸਾਂ ਗਰੀਬਾਂ ਕਦੇ ਨਾ ਵੇਖੀ ਰਕਮ ਮੋਟੀ।
ਪਿਓ ਖਿੱਚਦਾ ਰੇੜ੍ਹੀ ਵਿਚ
ਭਰ ਕੇ ਇੱਟਾਂ ਪੁਰਾਣੀਆਂ।
ਗਰੀਬੀ ਦੀ ਹੈ ਇਹ ਨਿਸ਼ਾਨੀ
ਘਰ ਘਰ ਏਹੀ ਕਹਾਣੀਆਂ।
**-ਗੋਰਾ ਪ੍ਰਜਾਪਤ, ਨਿਊ ਯਾਰਕ**

---

ਮਮਤਾ ਦਾ ਮੁੱਲ ਤਾਂ ਉਹੀ ਜਾਣੇ
ਜਿਸ ਨੇ ਹੱਥੀਂ ਕੀਤੀਆਂ ਛਾਂਵਾਂ।
ਖੁਦ ਨੂੰ ਝੁਲਸ ਕੇ ਭੱਠੀ ਮਿਹਨਤ ਦੀ 'ਚ
ਲੱਗਣ ਨਾ ਦਿੱਤੀਆਂ ਤੱਤੀਆਂ ਹਵਾਵਾਂ।
ਤਾਹੀਂ ਤਾਂ ਲੋਕੋ ਰੱਬ ਦੀ ਮੂਰਤ
ਕਹਾਉਂਦੀਆਂ ਸਾਡੀਆਂ ਮਾਂਵਾਂ।
**-ਦੀਪਕ ਸੈਣੀ, ਸ਼ਾਰਲਟ**

# ਗੁਰੂ ਕੀ ਨਗਰੀ ਨੂੰ ਰੁਸ਼ਨਾਉਣਗੀਆਂ ਐਲ.ਈ.ਡੀ. ਲਾਈਟਾਂ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਗਭਗ 12 ਕਰੋੜ ਰੁਪਏ ਦੀ ਲਾਗਤ ਨਾਲ ਸਥਾਪਤ ਕੀਤੀ ਜਾ ਰਹੀ ਵਿਸ਼ੇਸ਼ ਅਤਿ-ਆਧੁਨਿਕ ਐਲ.ਈ.ਡੀ. ਲਾਈਟ ਪ੍ਰਣਾਲੀ ਸਥਾਪਤ ਹੋ ਗਈ ਹੈ। ਅੰਮ੍ਰਿਤਸਰ ਦੇ ਬਾਨੀ ਗੁਰੂ ਰਾਮ ਦਾਸ ਜੀ ਨੂੰ ਸਮਰਪਤ ਇਸ ਪ੍ਰੋਜੈਕਟ ਦਾ ਉਦਘਾਟਨ ਉਨ੍ਹਾਂ ਦੇ ਪ੍ਰਕਾਸ਼ ਪੁਰਬ ਮੌਕੇ 5 ਅਕਤੂਬਰ ਨੂੰ ਕੀਤਾ ਜਾਵੇਗਾ।



ਇਨ੍ਹਾਂ ਅਤਿ-ਆਧੁਨਿਕ ਲਾਈਟਾਂ ਦੀ ਸਥਾਪਨਾ ਨਾਲ ਇਥੇ ਹਰ ਰੋਜ਼ ਸੂਰਜ ਅਸਤ ਹੋਣ ਵੇਲੇ ਤੋਂ ਇਹ ਲਾਈਟਾਂ ਆਪਣੇ-ਆਪ ਜਗਣੀਆਂ ਸ਼ੁਰੂ ਹੋ ਜਾਣਗੀਆਂ ਅਤੇ ਜਿਵੇਂ ਜਿਵੇਂ ਹਨੇਰਾ ਵਧੇਗਾ, ਇਨ੍ਹਾਂ ਲਾਈਟਾਂ ਦਾ ਚਾਨਣ ਵੀ ਵਧੇਗਾ। ਦਿਨ ਚੜ੍ਹਨ 'ਤੇ ਇਹ ਲਾਈਟਾਂ ਆਪੇ ਬੰਦ ਹੋ ਜਾਣਗੀਆਂ। ਇਨ੍ਹਾਂ ਲਾਈਟਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਸਮੂਹ ਦੀਆਂ ਇਮਾਰਤਾਂ ਦੇ ਵੱਖ-ਵੱਖ ਹਿੱਸੇ ਵਿਸ਼ੇਸ਼ ਪ੍ਰਭਾਵ ਨਾਲ ਦਿਖਾਈ ਦੇਣਗੇ ਅਤੇ ਰਾਤ ਸਮੇਂ ਇਨ੍ਹਾਂ ਲਾਈਟਾਂ ਕਾਰਨ ਸ੍ਰੀ ਹਰਿਮੰਦਰ ਸਾਹਿਬ ਸਮੂਹ ਦੀ ਸਰੋਵਰ ਵਿਚ ਪੈਂਦੀ ਝਲਕ ਦੇਖਣਯੋਗ ਹੋਵੇਗੀ। ਇਹ ਵਿਸ਼ੇਸ਼ ਲਾਈਟਾਂ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਪ੍ਰਵੇਸ਼ ਦੁਆਰ ਅਤੇ ਆਟਾ ਮੰਡੀ ਗੇਟਾਂ ਦੀਆਂ ਡਿਉਢੀਆਂ ਵਿਚ, ਮੁੱਖ ਫਸਾੜ ਦੇ ਸਾਰੇ ਹਿੱਸੇ ਵਿਚ, ਪਰਿਕਰਮਾ ਦੇ ਵਰਾਂਡਿਆਂ, ਦੋਵੇਂ ਰਾਮਗੜ੍ਹੀਆ ਬੁੰਗੇ, ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਦੇ ਅੰਦਰਲੇ ਹਿੱਸੇ, ਦਰਸ਼ਨੀ ਡਿਉਢੀ ਆਦਿ ਥਾਂਵਾਂ 'ਤੇ ਸਥਾਪਤ ਕੀਤੀਆਂ ਗਈਆਂ ਹਨ। ਇਨ੍ਹਾਂ ਲਾਈਟਾਂ ਨਾਲ ਇਥੇ ਲੱਗੇ ਸੋਨੇ ਦੀ ਚਮਕ ਹੋਰ ਵੀ ਉਭਰ ਕੇ ਸਾਹਮਣੇ ਆਵੇਗੀ। ਰੌਸ਼ਨੀਆਂ ਦੇ ਵੱਧ-ਘੱਟ ਹੋਣ ਨਾਲ ਇਸ ਦੇ ਪ੍ਰਭਾਵ ਸੁੰਦਰ ਦਿਖਾਈ ਦੇਣਗੇ। ਇਨ੍ਹਾਂ ਵਿਸ਼ੇਸ਼ ਲਾਈਟਾਂ ਦੀ ਸਥਾਪਨਾ ਨਾਲ ਗੁਰਪੁਰਬ ਮੌਕੇ ਹੁਣ ਦੀਪਮਾਲਾ ਦੀ ਲੋੜ ਨਹੀਂ ਰਹਿ ਜਾਵੇਗੀ। ਤਕਨੀਕੀ ਮਾਹਿਰਾਂ ਮੁਤਾਬਕ ਇਹ ਵਿਸ਼ੇਸ਼ ਲਾਈਟਾਂ ਇਟਲੀ, ਰੂਸ, ਜਰਮਨੀ, ਚੀਨ ਤੇ ਹੋਰ ਕਈ ਮੁਲਕਾਂ ਤੋਂ ਮੰਗਾਈਆਂ ਗਈਆਂ ਹਨ। ਜਦੋਂਕਿ ਇਸ ਯੋਜਨਾ ਦਾ ਡਿਜ਼ਾਈਨ ਲੂਸੈਂਟ ਕੰਸਲਟੈਟਿਵ ਕੰਪਨੀ ਵੱਲੋਂ ਤਿਆਰ ਕੀਤਾ ਗਿਆ ਹੈ।

ਲਗਭਗ 1700 ਐਲ.ਈ.ਡੀ. ਲਾਈਟਾਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਵੱਖ-ਵੱਖ ਥਾਂਵਾਂ ਉਤੇ ਲਾਈਆਂ ਗਈਆਂ ਹਨ, ਜਿਨ੍ਹਾਂ ਦੇ ਪ੍ਰਭਾਵ ਤੇ ਰੰਗਾਂ ਨੂੰ ਕੰਪਿਊਟਰ ਰਾਹੀਂ ਕੰਟਰੋਲ ਕੀਤਾ ਜਾਵੇਗਾ। ਇਸ ਨਵੀਂ ਲਾਈਟ ਪ੍ਰਣਾਲੀ ਦਾ ਇਕ-ਦੋ ਦਿਨ ਤਜਰਬਾ ਕੀਤਾ ਗਿਆ ਹੈ, ਜੋ ਸਫਲ ਰਿਹਾ ਹੈ। ਲਾਈਟਾਂ ਦੇ ਰੰਗ ਭੜਕੀਲੇ ਨਹੀਂ ਹੋਣਗੇ ਸਗੋਂ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਮੁਤਾਬਕ ਕੁਦਰਤੀ ਰੰਗ ਹੀ ਵਰਤੇ ਜਾਣਗੇ। ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਨਵੀਂ ਲਾਈਟ ਪ੍ਰਣਾਲੀ ਦਾ ਉਦਘਾਟਨ ਪੰਜ ਅਕਤੂਬਰ ਨੂੰ ਕੀਤਾ ਜਾਵੇਗਾ ਅਤੇ ਇਸ ਨੂੰ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਕੀਤਾ ਜਾਵੇਗਾ।

## ਸਕੂਲੀ ਬੱਚਿਆਂ ਨੂੰ ਵਰਦੀ ਦੇਣ ਵੇਲੇ ਵੀ ਕੰਜੂਸੀ

**ਚੰਡੀਗੜ੍ਹ:** ਪੰਜਾਬ ਸਰਕਾਰ ਸੂਬੇ ਦੇ ਸਕੂਲੀ ਵਿਦਿਆਰਥੀਆਂ ਨੂੰ ਮਹਿਜ਼ 400 ਰੁਪਏ ਦੀ ਵਰਦੀ ਦੇਵੇਗੀ। 400 ਰੁਪਏ ਵਿਚੋਂ ਹੀ ਵਰਦੀ ਦੀ ਸਿਲਾਈ ਦਾ ਖਰਚਾ ਵੀ ਕੱਢਿਆ ਜਾਵੇਗਾ।

ਸਰਵ ਸਿੱਖਿਆ ਮੁਹਿਮ ਹੇਠ ਕੇਂਦਰ ਤੇ ਸੂਬਾ ਸਰਕਾਰਾਂ ਸਾਂਝੇ ਵਿੱਤੀ ਪ੍ਰੋਗਰਾਮ ਤਹਿਤ ਪਹਿਲੀ ਤੋਂ ਲੈ ਕੇ 8ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਮੁਫਤ ਵਰਦੀਆਂ ਦਿੰਦੀਆਂ ਹਨ। ਇਸ ਸਕੀਮ ਹੇਠ ਕੁੱਲ ਖਰਚੇ ਦਾ 60% ਕੇਂਦਰ ਤੇ 40% ਪੰਜਾਬ ਸਰਕਾਰ ਵੱਲੋਂ ਪਾਇਆ ਜਾਂਦਾ ਹੈ। ਪਹਿਲੀ ਤੋਂ 8ਵੀਂ ਤੱਕ ਦੇ ਬੱਚਿਆਂ ਨੂੰ 400 ਰੁਪਏ ਦੀਆਂ ਵਰਦੀਆਂ ਦੇਣ ਲਈ 60.63 ਕਰੋੜ ਰੁਪਏ ਲੋੜੀਂਦੇ ਸਨ ਪਰ ਫੰਡਾਂ ਦੀ ਘਾਟ ਕਾਰਨ ਸਰਕਾਰ ਨੇ ਸਿਰਫ 5ਵੀਂ ਤੱਕ ਦੇ ਬੱਚਿਆਂ ਨੂੰ ਹੀ ਵਰਦੀਆਂ ਦੇਣ ਲਈ ਫਿਲਹਾਲ 35.52 ਕਰੋੜ ਰੁਪਏ ਬਜਟ ਜਾਰੀ ਕੀਤਾ ਹੈ।

ਇਸ ਸਕੀਮ ਤਹਿਤ ਪਹਿਲੀ ਤੋਂ 8ਵੀਂ ਤੱਕ ਦੀਆਂ ਸਮੂਹ ਵਿਦਿਆਰਥਣਾਂ, ਅਨੁਸੂਚਿਤ ਜਾਤੀਆਂ, ਐਸਸੀ ਅਤੇ ਗਰੀਬੀ ਰੇਖਾ ਤੋਂ ਹੇਠਾਂ (ਬੀ.ਪੀ.ਐਲ.) ਪਰਿਵਾਰਾਂ ਨਾਲ ਸਬੰਧਤ ਵਿਦਿਆਰਥੀਆਂ ਨੂੰ ਵਰਦੀਆਂ ਮੁਹੱਈਆ ਕੀਤੀਆਂ ਜਾਂਦੀਆਂ ਹਨ।

# ਆਲਮੀ ਰਿਪੋਰਟ ਨੇ ਖੋਲ੍ਹੀ ਸਿਖਿਆ ਬਾਰੇ ਰਣਨੀਤੀ ਦੀ ਪੋਲ

**ਵਾਸ਼ਿੰਗਟਨ:** ਵਿਸ਼ਵ ਬੈਂਕ ਦੀ ਰਿਪੋਰਟ ਮੁਤਾਬਕ ਭਾਰਤ ਉਨ੍ਹਾਂ 12 ਮੁਲਕਾਂ ਦੀ ਸੂਚੀ ਵਿਚ ਦੂਜੇ ਸਥਾਨ ਉਤੇ ਹੈ ਜਿਥੇ ਦੂਜੀ ਜਮਾਤ ਦੇ ਵਿਦਿਆਰਥੀ ਇਕ ਛੋਟੇ ਜਿਹੇ ਪਾਠ ਦਾ ਇਕ ਸ਼ਬਦ ਪੜ੍ਹਨ ਵਿਚ ਵੀ ਨਾਕਾਮ ਹਨ। ਇਸ ਸੂਚੀ ਵਿਚ ਮਲਾਵੀ ਸਿਖਰਲੇ ਸਥਾਨ ਉਤੇ ਹੈ। ਭਾਰਤ ਸਮੇਤ ਘੱਟ ਅਤੇ ਦਰਮਿਆਨੀ ਆਮਦਨ ਵਾਲੇ ਮੁਲਕਾਂ ਵਿਚ ਆਪਣੇ ਅਧਿਐਨ ਦਾ ਹਵਾਲਾ ਦਿੰਦਿਆਂ ਵਿਸ਼ਵ ਬੈਂਕ ਨੇ ਕਿਹਾ ਕਿ ਬਿਨਾਂ ਗਿਆਨ ਦੇ ਸਿੱਖਿਆ ਦੇਣਾ ਨਾ ਸਿਰਫ ਵਿਕਾਸ ਕਰਨ ਦੇ ਮੌਕਿਆਂ ਨੂੰ ਬਰਬਾਦ ਕਰਨ ਦੇ ਬਰਾਬਰ ਹੈ ਬਲਕਿ ਵਿਸ਼ਵ ਭਰ ਦੇ ਬੱਚਿਆਂ ਤੇ ਨੌਜਵਾਨਾਂ ਨਾਲ ਵੱਡਾ ਅਨਿਆਂ ਹੈ।

ਵਿਸ਼ਵ ਬੈਂਕ ਨੇ ਆਪਣੀ ਸੱਜਰੀ ਰਿਪੋਰਟ ਵਿਚ ਆਲਮੀ ਸਿੱਖਿਆ ਵਿਚ ਗਿਆਨ ਦੇ ਸੰਕਟ ਦੀ ਚਿਤਾਵਨੀ ਦਿੱਤੀ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਮੁਲਕਾਂ 'ਚ ਲੱਖਾਂ ਨੌਜਵਾਨ ਮਗਰਲੀ ਜ਼ਿੰਦਗੀ 'ਚ ਘੱਟ ਮੌਕਿਆਂ ਅਤੇ ਘੱਟ ਤਨਖਾਹ ਦੇ ਖਦਸ਼ੇ ਦਾ ਸਾਹਮਣਾ ਕਰਦੇ ਹਨ ਕਿਉਂਕਿ ਉਨ੍ਹਾਂ ਦੇ ਪ੍ਰਾਇਮਰੀ ਤੇ ਸੈਕੰਡਰੀ ਸਕੂਲ ਉਨ੍ਹਾਂ ਨੂੰ ਜ਼ਿੰਦਗੀ 'ਚ ਸਫਲ ਬਣਾਉਣ ਲਈ ਸਿੱਖਿਆ ਦੇਣ ਵਿਚ ਨਾਕਾਮ ਰਹੇ ਹਨ। ਬੈਂਕ ਵੱਲੋਂ ਜਾਰੀ ਰਿਪੋਰਟ 'ਵਰਲਡ ਡਿਵੈਲਪਮੈਂਟ ਰਿਪੋਰਟ 2018: ਲਰਨਿੰਗ ਟੂ ਰਿਅਲਾਈਜ਼ ਐਜੂਕੇਸ਼ਨ ਪ੍ਰੋਮਿਸ' ਮੁਤਾਬਕ, ਪੇਂਡੂ ਭਾਰਤ ਵਿਚ ਤੀਜੀ ਜਮਾਤ ਦੇ ਤਿੰਨ ਚੌਥਾਈ ਵਿਦਿਆਰਥੀ ਦੋ ਅੰਕਾਂ ਦੇ ਘਟਾਓ ਵਾਲੇ ਸਵਾਲਾਂ ਨੂੰ ਹੱਲ ਨਹੀਂ ਕਰ ਸਕਦੇ ਜਦਕਿ ਪੰਜਵੀਂ ਜਮਾਤ ਦੇ ਅੱਧੇ ਵਿਦਿਆਰਥੀ ਅਜਿਹਾ ਕਰਨ ਵਿਚ ਨਾਕਾਮ ਰਹੇ ਹਨ। ਰਿਪੋਰਟ 'ਚ ਕਿਹਾ ਗਿਆ ਹੈ ਕਿ ਬਿਨਾਂ ਗਿਆਨ ਦੇ ਸਿੱਖਿਆ ਗਰੀਬੀ ਮਿਟਾਉਣ ਅਤੇ ਸਾਰਿਆਂ ਲਈ ਮੌਕੇ ਪੈਦਾ ਕਰਨ ਤੇ ਖੁਸ਼ਹਾਲੀ ਲਿਆਉਣ ਦੇ ਵਾਅਦੇ ਨੂੰ ਪੂਰਾ ਕਰਨ ਵਿਚ ਅਸਫਲ ਰਹੇਗੀ।

ਇਥੋਂ ਤੱਕ ਕਿ ਸਕੂਲਾਂ ਵਿਚ ਕਈ ਸਾਲਾਂ ਬਾਅਦ ਵੀ ਲੱਖਾਂ ਵਿਦਿਆਰਥੀ ਪੜ੍ਹ ਲਿਖ ਨਹੀਂ ਪਾਉਂਦੇ ਜਾਂ ਫਿਰ ਗਣਿਤ ਦੇ ਸੌਖੇ ਜਿਹਾ ਸਵਾਲ ਦਾ ਹੱਲ ਕੱਢਣ ਵਿੱਚ ਵੀ ਫਾਡੀ ਰਹਿੰਦੇ ਹਨ। ਰਿਪੋਰਟ ਵਿਚ ਅੱਗੇ ਲਿਖਿਆ ਹੈ ਕਿ ਗਿਆਨ ਦਾ ਇਹ ਸੰਕਟ ਸਮਾਜਿਕ ਖੱਪੇ ਨੂੰ ਛੋਟਾ ਕਰਨ ਦੀ ਥਾਂ ਇਸ ਨੂੰ ਹੋਰ ਡੂੰਘਾ ਕਰ ਰਿਹਾ ਹੈ।

ਵਿਸ਼ਵ ਬੈਂਕ ਸਮੂਹ ਦੇ ਮੁਖੀ ਜਿਮ ਯੌਂਗ ਕਿਮ ਨੇ ਕਿਹਾ, 'ਗਿਆਨ ਦਾ ਸੰਕਟ ਨੈਤਿਕ ਤੇ ਆਰਥਿਕ ਸੰਕਟ ਹੈ। ਉਨ੍ਹਾਂ ਕਿਹਾ ਕਿ ਜਦੋਂ ਸਹੀ ਢੰਗ ਤਰੀਕੇ ਨਾਲ ਸਿੱਖਿਆ ਮਿਲਦੀ ਹੈ ਤਾਂ ਇਹ ਨੌਜਵਾਨਾਂ ਨੂੰ ਰੁਜ਼ਗਾਰ, ਚੰਗੀ ਕਮਾਈ, ਚੰਗੀ ਸਿਹਤ ਤੇ ਗਰੀਬੀ ਰਹਿਤ ਜ਼ਿੰਦਗੀ ਦਾ ਵਾਅਦਾ ਕਰਦੀ ਹੈ।' ਬੈਂਕ ਮੁਖੀ ਨੇ ਕਿਹਾ ਸਿੱਖਿਆ ਭਾਈਚਾਰਿਆਂ ਵਾਸਤੇ ਨਵੀਆਂ ਖੋਜਾਂ ਲਈ ਪ੍ਰੇਰਨ ਦੇ ਨਾਲ-ਨਾਲ ਸੰਸਥਾਵਾਂ ਨੂੰ ਮਜ਼ਬੂਤ ਅਤੇ ਸਮਾਜਿਕ ਮੇਲ ਜੋਲ ਨੂੰ ਵਧਾਉਂਦੀ ਹੈ।

## ਭਾਰਤੀ ਵੱਲੋਂ ਹੁਣ ਮਿਆਂਮਾਰ 'ਚ ਸਰਜੀਕਲ ਸਟ੍ਰਾਈਕ

**ਨਵੀਂ ਦਿੱਲੀ:** ਪਾਕਿਸਤਾਨ ਤੋਂ ਬਾਅਦ ਭਾਰਤ ਵੱਲੋਂ ਮਿਆਂਮਾਰ ਵਿਚ ਸਰਜੀਕਲ ਸਟ੍ਰਾਈਕ ਕਰਨ ਦਾ ਦਾਅਵਾ ਕੀਤਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਭਾਰਤੀ ਸੈਨਾ ਦੇ ਕਮਾਂਡੋ ਸਵੇਰੇ ਪੰਜ ਵਜੇ ਮਿਆਂਮਾਰ ਦੀ ਸਰਹੱਦ ਅੰਦਰ ਵੜੇ ਤੇ ਸਰਜੀਕਲ ਸਟ੍ਰਾਈਕ ਨੂੰ ਅੰਜਾਮ ਦਿੱਤਾ।

ਫੌਜ ਨੇ ਅਤਿਵਾਦੀ ਕੈਂਪ ਤਬਾਹ ਕਰਨ ਦਾ ਦਾਅਵਾ ਕੀਤਾ ਹੈ। ਮੀਡੀਆ ਰਿਪੋਰਟਾਂ ਵਿਚ ਫੌਜੀ ਸੂਤਰਾਂ ਨੇ ਦਾਅਵਾ ਕੀਤਾ ਕਿ ਇਹ ਸਰਜੀਕਲ ਸਟ੍ਰਾਈਕ ਅਤਿਵਾਦੀ ਸੰਗਠਨ ਐਨ. ਐਸ. ਸੀ. ਐਨ. ਖਾਪਲਾਂਗ ਦੇ ਕੈਂਪਾਂ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ। ਇਸ ਸਟ੍ਰਾਈਕ ਵਿਚ ਭਾਰਤੀ ਸੈਨਾ ਨੇ ਕਈ ਅਤਿਵਾਦੀਆਂ ਨੂੰ ਮਾਰ ਸੁੱਟਿਆ।







# ਅੰਗਰੇਜ਼ੀ ਲਈ ਹੇਜ, ਪੰਜਾਬੀ ਤੋਂ ਕੀਤਾ ਜਾ ਰਿਹੈ ਪਰਹੇਜ਼

**ਚੰਡੀਗੜ੍ਹ:** ਪੰਜਾਬੀ ਭਾਸ਼ਾ ਦੀ ਚੜ੍ਹਦੀ ਕਲਾ ਲਈ ਨਵੀਂ ਬਣੀ ਕੈਪਟਨ ਅਮਰਿੰਦਰ ਸਰਕਾਰ ਤੋਂ ਵੱਡੀਆਂ ਉਮੀਦਾਂ ਸਨ, ਪਰ ਕਾਂਗਰਸ ਸਰਕਾਰ ਨੇ ਅਸਲ ਏਜੰਡੇ ਨੂੰ ਵਿਸਾਰ ਕੇ ਅੰਗਰੇਜ਼ੀ ਪ੍ਰਤੀ ਹੇਜ ਤੇ ਪੰਜਾਬੀ ਤੋਂ ਪਰਹੇਜ਼ ਕਰਨਾ ਸ਼ੁਰੂ ਕਰ ਦਿੱਤਾ, ਜੋ ਪੰਜਾਬੀ ਪਿਆਰਿਆਂ ਲਈ ਚਿੰਤਾ ਵਾਲਾ ਵਿਸ਼ਾ ਬਣੇ ਹੋਏ ਹਨ। ਲੇਖਕਾਂ ਲਈ ਬਣਾਏ ਸਾਹਿਤ ਸਦਨ ਦੀ ਇਮਾਰਤ ਐਨ.ਸੀ.ਸੀ. ਨੂੰ ਦੇ ਕੇ ਰਹਿੰਦੀ-ਖੂੰਹਦੀ ਕਸਰ ਵੀ ਸਰਕਾਰ ਨੇ ਕੱਢ ਦਿੱਤੀ ਹੈ। ਹੁਣ ਤਾਂ ਇਹ ਵੀ ਚਰਚਾ ਹੈ ਕਿ ਸਦਨ ਦੇ ਹੇਠਲੇ ਹਿੱਸੇ ਨੂੰ ਵੀ ਕਿਸੇ ਹੋਰ ਵਿਭਾਗ ਨੂੰ ਦੇਣ ਦੀਆਂ ਤਿਆਰੀਆਂ ਹਨ।




ਭਾਸ਼ਾ ਵਿਭਾਗ ਦੀ ਮੌਜੂਦਾ ਸਥਿਤੀ 'ਤੇ ਝਾਤ ਮਾਰਦਿਆਂ ਪਤਾ ਲੱਗਦਾ ਹੈ ਕਿ ਇਸ ਵਿਭਾਗ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਭਾਸ਼ਾ ਵਿਭਾਗ ਜਿਸ ਨੇ ਮੁੱਖ ਰੂਪ ਵਿਚ ਪੰਜਾਬੀ ਭਾਸ਼ਾ ਦਾ ਵਿਕਾਸ ਤੇ ਖੋਜ ਦਾ ਕੰਮ ਕਰਨਾ ਹੈ, ਕੋਲ ਨਾ ਤਾਂ ਵਿਕਾਸ ਲਈ ਕੋਈ ਆਰਥਿਕ ਵਸੀਲਾ ਹੈ ਅਤੇ ਨਾ ਹੀ ਖੋਜ ਕਾਰਜਾਂ ਲਈ ਖੋਜ ਅਫਸਰ ਹਨ। ਖੋਜ ਅਫਸਰਾਂ ਦੀਆਂ 27 ਵਿਚੋਂ 19 ਅਸਾਮੀਆਂ ਅਤੇ ਖੋਜ ਸਹਾਇਕਾਂ ਦੀਆਂ 60 ਵਿਚੋਂ 58 ਅਸਾਮੀਆਂ ਖਾਲੀ ਹਨ, ਜਿਸ ਤੋਂ ਖੋਜ ਦੇ ਕੰਮ ਪ੍ਰਤੀ ਸਰਕਾਰ ਦੀ ਇੱਛਾ ਸ਼ਕਤੀ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਸਹਾਇਕ ਡਾਇਰੈਕਟਰਾਂ ਦੀਆਂ 27 ਵਿਚੋਂ 16, ਡਿਪਟੀ ਡਾਇਰੈਕਟਰਾਂ ਦੀਆਂ 7 ਵਿਚੋਂ 4, ਜੁਆਇੰਟ ਡਾਇਰੈਕਟਰਾਂ ਦੀਆਂ 2 ਵਿਚੋਂ 1, ਇੰਸਟਰਕਟਰਾਂ ਦੀਆਂ ਦਰਜਨ ਦੇ ਕਰੀਬ ਅਸਾਮੀਆਂ ਖਾਲੀ ਚਲੀਆਂ ਆ ਰਹੀਆਂ ਹਨ।

1996 ਤੋਂ ਬਾਅਦ ਭਾਸ਼ਾ ਵਿਭਾਗ 'ਚ ਕੋਈ ਭਰਤੀ ਨਹੀਂ ਹੋਈ ਹੈ। ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ 10 ਸਤੰਬਰ 2008 ਨੂੰ ਪੰਜਾਬ ਵਿਧਾਨ ਸਭਾ ਵਿਚ ਪੰਜਾਬੀ ਮਾਂ ਬੋਲੀ ਨੂੰ ਬਣਦਾ ਮਾਣ ਸਤਿਕਾਰ ਦਿਵਾਉਣ ਲਈ ਪੰਜਾਬ ਰਾਜ ਭਾਸ਼ਾ (ਤਰਮੀਮ) ਕਾਨੂੰਨ ਪਾਸ ਕੀਤਾ ਗਿਆ ਸੀ, ਜਿਸ ਨੂੰ ਉਸ ਸਮੇਂ ਦੀ ਵਿਰੋਧੀ ਧਿਰ ਕਾਂਗਰਸ ਵੱਲੋਂ ਵੀ ਪੂਰਨ ਸਮਰਥਨ ਦਿੱਤਾ ਗਿਆ ਸੀ। ਪੂਰਨ ਰੂਪ ਵਿਚ ਨਾ ਸਹੀ ਅੰਸ਼ਕ ਰੂਪ ਵਿਚ ਪੰਜਾਬੀ ਭਾਸ਼ਾ ਦੀ ਗੱਲ ਸਰਕਾਰੀ ਦਰਬਾਰੇ ਤੇ ਦਫਤਰਾਂ ਵਿਚ ਤੁਰੀ ਸੀ।

ਰਾਜ ਤੇ ਜ਼ਿਲ੍ਹਾ ਪੱਧਰੀ ਭਾਸ਼ਾ ਕਮੇਟੀਆਂ ਦਾ ਵੀ ਗਠਨ ਕੀਤਾ ਸੀ ਜਿਸ ਨਾਲ ਦਫਤਰਾਂ ਵਿਚ ਅਧਿਕਾਰੀ ਤੇ ਕਰਮਚਾਰੀ ਸੁਚੇਤ ਤੌਰ 'ਤੇ ਪੰਜਾਬੀ ਭਾਸ਼ਾ ਵਿਚ ਕੰਮ ਕਰਨ ਨੂੰ ਤਰਜੀਹ ਦੇਣ ਲੱਗ ਪਏ ਸਨ। ਆਪਣੇ ਕਾਰਜਕਾਲ ਦੇ ਆਖਰੀ ਵਰ੍ਹਿਆਂ ਵਿਚ ਅਕਾਲੀ-ਭਾਜਪਾ ਸਰਕਾਰ ਦਾ ਰਵੱਈਆ ਵੀ ਇਸ ਪ੍ਰਤੀ ਢਿੱਲਾ ਹੋ ਗਿਆ ਸੀ ਜਿਸ ਕਾਰਨ ਭਾਸ਼ਾ ਕਮੇਟੀਆਂ ਦਾ ਗਠਨ ਵੀ ਲਟਕ ਗਿਆ ਸੀ ਪਰ ਮੌਜੂਦਾ ਸਰਕਾਰ ਦੇ ਵਤੀਰੇ ਤੋਂ ਲੱਗਦਾ ਹੈ ਕਿ ਇਸ ਨੇ ਪੰਜਾਬੀ ਭਾਸ਼ਾ ਦੀ ਅਹਿਮੀਅਤ ਨੂੰ ਅੱਖੋਂ ਪਰੋਖੇ ਤਾਂ ਕੀਤਾ ਹੀ ਹੈ ਸਗੋਂ ਪੰਜਾਬੀ ਭਾਸ਼ਾ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਲਈ ਜ਼ਿੰਮੇਵਾਰ ਭਾਸ਼ਾ ਵਿਭਾਗ ਦਾ ਵੀ ਭੋਗ ਪਾਉਣ ਦੀ ਤਿਆਰੀ ਕਰ ਲਈ ਹੈ।

## ਪੁਸਤਕਾਂ ਦੀ ਛਪਾਈ ਵੀ ਰੁਕੀ

**ਚੰਡੀਗੜ੍ਹ:** ਸਰਕਾਰ ਦੀ ਅਣਦੇਖੀ ਕਾਰਨ ਪਿਛਲੇ 3-4 ਸਾਲਾਂ ਤੋਂ ਪੁਸਤਕਾਂ ਦੀ ਛਪਾਈ ਵੀ ਇਕ ਤਰ੍ਹਾਂ ਨਾਲ ਬੰਦ ਹੀ ਪਈ ਹੈ। ਭਾਸ਼ਾ ਵਿਭਾਗ ਕੋਲ ਕਈ ਵਡਮੁੱਲੇ ਖਰੜੇ ਛਪਾਈ ਦੀ ਉਡੀਕ 'ਚ ਪਏ ਹਨ ਪਰ ਫੰਡਾਂ ਦੀ ਕਮੀ ਕਾਰਨ ਉਨ੍ਹਾਂ ਦੀ ਛਪਾਈ ਦਾ ਕੰਮ ਰੁਕਿਆ ਪਿਆ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਬਜਟ ਵਿਚ ਉਰਦੂ ਭਾਸ਼ਾ ਲਈ ਗ੍ਰਾਂਟ ਤਾਂ ਦਿੱਤੀ ਗਈ ਹੈ ਪਰ ਭਾਸ਼ਾ ਵਿਭਾਗ ਲਈ ਨਹੀਂ। ਪੰਜਾਬੀ ਪਿਆਰਿਆਂ ਮੁਤਾਬਕ, ਉਨ੍ਹਾਂ ਨੂੰ ਉਰਦੂ ਭਾਸ਼ਾ ਤੇ ਹੋਰ ਸੰਸਥਾਵਾਂ ਨੂੰ ਗਰਾਂਟ ਦੇਣ 'ਤੇ ਕੋਈ ਇਤਰਾਜ਼ ਨਹੀਂ ਹੈ ਪਰ ਪੰਜਾਬੀ ਭਾਸ਼ਾ ਨੂੰ ਵਿਸਾਰਿਆ ਜਾ ਰਿਹਾ ਹੈ, ਇਸ ਕਰ ਕੇ ਉਨ੍ਹਾਂ ਨੂੰ ਸਰਕਾਰ ਪ੍ਰਤੀ ਡਾਢਾ ਰੋਸ ਹੈ।

## ਨਵਜੋਤ ਸਿੱਧੂ ਉਤੇ ਭੜਕਿਆ ਮਜੀਠੀਆ

**ਪਟਿਆਲਾ:** ਸਾਬਕਾ ਮੰਤਰੀ ਤੇ ਮਜੀਠਾ ਹਲਕੇ ਦੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਹੈ ਕਿ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਆਪਣੇ ਆਪ ਨੂੰ 'ਸੁਪਰ ਸੀਐਮ' ਸਮਝਣ ਲੱਗ ਪਏ ਹਨ, ਜੋ ਮੁੱਖ ਮੰਤਰੀ ਦੇ ਕੰਮ ਦੀ ਸਮੀਖਿਆ ਕਰਨ ਦੀ ਉਲਟੀ ਰੀਤ ਚਲਾ ਰਹੇ ਹਨ। ਸ੍ਰੀ ਮਜੀਠੀਆ ਨੇ ਕਿਹਾ ਕਿ ਇਤਿਹਾਸ ਵਿਚ ਪਹਿਲੀ ਵਾਰ ਵੇਖਣ ਨੂੰ ਮਿਲਿਆ ਹੈ ਕਿ ਜੋ ਵਿਭਾਗ ਮੁੱਖ ਮੰਤਰੀ ਨੇ ਆਪਣੇ ਅਧੀਨ ਰੱਖੇ ਹੋਣ, ਇਕ ਕੈਬਨਿਟ ਮੰਤਰੀ ਉਨ੍ਹਾਂ ਵਿਭਾਗਾਂ ਵਿਚ ਕੰਮ ਦੀ ਸਮੀਖਿਆ ਕਰਦਿਆਂ ਜਨਤਕ ਤੌਰ ਉਤੇ ਵਿਭਾਗ ਉਸ ਨੂੰ ਸੌਂਪਣ ਦੀ ਮੰਗ ਕਰ ਰਿਹਾ ਹੋਵੇ।



ਉਨ੍ਹਾਂ ਕਿਹਾ ਕਿ ਆਮ ਤੌਰ 'ਤੇ ਮੁੱਖ ਮੰਤਰੀ ਵੱਲੋਂ ਮੰਤਰੀਆਂ ਦੇ ਵਿਭਾਗਾਂ ਵਿਚ ਕੰਮ ਦੀ ਸਮੀਖਿਆ ਕੀਤੀ ਜਾਂਦੀ ਹੈ, ਪਰ ਨਵਜੋਤ ਸਿੰਘ ਸਿੱਧੂ ਤਾਂ ਖੁਦ ਨੂੰ ਮੁੱਖ ਮੰਤਰੀ ਤੋਂ ਉਪਰ ਸਮਝਣ ਲੱਗ ਪਏ ਹਨ।

# ਮਗਨਰੇਗਾ ਵਿਚ ਪੰਜਾਬ ਦਾ ਸਭ ਤੋਂ ਮਾੜਾ ਹਾਲ



**ਚੰਡੀਗੜ੍ਹ:** ਸਾਲ ਵਿਚ 100 ਦਿਨ ਦੇ ਰੁਜ਼ਗਾਰ ਦੀ ਗਰੰਟੀ ਵਾਲੀ ਦੁਨੀਆਂ ਦੀ ਸਭ ਤੋਂ ਵੱਡੀ ਰੁਜ਼ਗਾਰ ਯੋਜਨਾ ਕਾਮਿਆਂ ਤੱਕ ਸਹੀ ਜਾਣਕਾਰੀ ਨਾ ਪੁੱਜਣ ਕਰ ਕੇ ਸੁਸਤ ਚੱਲ ਰਹੀ ਹੈ। ਮਹਾਤਮਾ ਗਾਂਧੀ ਦਿਹਾਤੀ ਰੁਜ਼ਗਾਰ ਗਾਰੰਟੀ ਯੋਜਨਾ (ਮਗਨਰੇਗਾ) ਨੂੰ ਲਗਭਗ ਅੱਠ ਸਾਲ ਹੋਣ ਵਾਲੇ ਹਨ ਪਰ ਬਹੁਤੇ ਕਾਮਿਆਂ ਨੂੰ ਇਹ ਜਾਣਕਾਰੀ ਤੱਕ ਨਹੀਂ ਕਿ ਉਹ ਕੰਮ ਜਦੋਂ ਚਾਹੁਣ ਉਸ ਸਮੇਂ ਲੈਣ ਦਾ ਸੰਵਿਧਾਨਕ ਹੱਕ ਰੱਖਦੇ ਹਨ। ਇਸੇ ਕਾਰਨ ਪੰਜਾਬ ਅੰਦਰ 85 ਫੀਸਦੀ ਕਾਮਿਆਂ ਨੂੰ ਸਮੇਂ ਸਿਰ ਦਿਹਾੜੀ ਨਹੀਂ ਮਿਲੀ ਅਤੇ ਕਿਸੇ ਨੂੰ ਵੀ ਕੰਮ ਨਾ ਮਿਲਣ ਉਤੇ ਬੇਰੁਜ਼ਗਾਰੀ ਭੱਤਾ ਨਹੀਂ ਦਿੱਤਾ ਗਿਆ। ਇਹ ਖੁਲਾਸਾ ਪਿਛਲੇ ਤਿੰਨ ਸਾਲਾਂ ਦੌਰਾਨ ਮਗਨਰੇਗਾ ਦੀ ਜ਼ਮੀਨੀ ਸਥਿਤੀ ਜਾਣਨ ਲਈ ਕੇਂਦਰ ਵੱਲੋਂ ਕਰਵਾਏ ਲੇਖੇ-ਜੋਖੇ ਦੌਰਾਨ ਹੋਇਆ ਹੈ।

ਨੈਸ਼ਨਲ ਲੈਵਲ ਮਾਨਿਟਰਿੰਗ, ਕਾਮਨ ਰਿਵੀਊ ਮਿਸ਼ਨ ਐਂਡ ਇੰਟਰਨਲ ਆਡਿਟ ਔਨ ਮਗਨਰੇਗਾ ਨਾਮ ਦੀ ਇਸ ਰਿਪੋਰਟ ਵਿਚ 27 ਰਾਜਾਂ ਦੇ ਨਮੂਨੇ ਅਧੀਨ ਲਏ ਲਗਭਗ ਢਾਈ ਹਜ਼ਾਰ ਪਿੰਡਾਂ ਦੇ 46 ਫੀਸਦੀ ਕਾਮੇ ਅਣਜਾਣ ਸਨ ਕਿ ਉਹ ਜਦੋਂ ਚਾਹੁਣ ਕੰਮ ਮੰਗ ਸਕਦੇ ਹਨ। ਸਾਲ 2016-17 ਦੇ ਕੰਮ ਦੀ ਸਮੀਖਿਆ ਦੌਰਾਨ ਇਹ ਪਾਇਆ ਗਿਆ ਕਿ 42 ਫੀਸਦੀ ਕਾਮਿਆਂ ਨੂੰ ਇਹ ਪਤਾ ਤੱਕ ਨਹੀਂ ਸੀ ਕਿ ਜੇਕਰ ਸਮੇਂ ਸਿਰ ਕੰਮ ਨਾ ਮਿਲੇ ਤਾਂ ਉਹ ਬੇਰੁਜ਼ਗਾਰੀ ਭੱਤਾ ਲੈਣ ਦੇ ਵੀ ਹੱਕਦਾਰ ਹਨ।

ਕਰਨਾਟਕ, ਮੱਧ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ ਅਤੇ ਝਾਰਖੰਡ ਵਿਚ ਮਗਨਰੇਗਾ ਦੇ ਕੰਮ ਦੀ ਸ਼ਲਾਘਾ ਹੋਈ ਹੈ। ਝਾਰਖੰਡ ਸਰਕਾਰ ਨੇ ਤਾਂ 450 ਕਰੋੜ ਰੁਪਏ ਦਾ ਰਿਵਾਲਵਿੰਗ ਫੰਡ ਸਥਾਪਤ ਕਰ ਰੱਖਿਆ ਹੈ ਜਿਸ ਵਿਚੋਂ ਬੇਰੁਜ਼ਗਾਰੀ ਭੱਤਾ ਜਾਂ ਹੋਰ ਕੰਮ ਚਲਾਇਆ ਜਾਂਦਾ ਹੈ। ਦੋ ਸਾਲਾਂ ਤੋਂ ਵੱਡੇ ਪੱਧਰ ਉਤੇ ਜੌਬ ਕਾਰਡ ਵੀ ਨਵਿਆਏ ਨਹੀਂ ਗਏ ਹਨ। ਕਾਮਿਆਂ ਨੂੰ ਰਸੀਦ ਦੇਣ ਤੋਂ ਪਾਸਾ ਵੱਟਿਆ ਜਾਂਦਾ ਹੈ। ਪੰਜਾਬ ਵਿਚ ਚਾਲੂ ਵਿੱਤੀ ਸਾਲ 2017-18 ਦੌਰਾਨ ਵੀ ਮਗਨਰੇਗਾ ਦੀ ਸਥਿਤੀ ਇਹ ਹੈ ਕਿ 13079 ਪੰਚਾਇਤਾਂ ਵਿਚੋਂ ਅਜੇ ਤੱਕ 4039 ਪੰਚਾਇਤਾਂ ਨੇ ਤਾਂ ਆਪਣੇ ਪਿੰਡਾਂ ਵਿਚ ਇਕ ਪੈਸਾ ਵੀ ਨਹੀਂ ਖਰਚਿਆ। ਪਿਛਲੇ ਸਾਲ 66 ਫੀਸਦੀ ਗ੍ਰਾਮ ਸਭਾਵਾਂ ਕੋਲੋਂ ਲੇਬਰ ਬਜਟ ਪਾਸ ਕਰਵਾਇਆ ਗਿਆ ਸੀ। ਪੰਜਾਬ ਦੇ ਲੋਕਾਂ ਨੇ 2 ਅਕਤੂਬਰ ਤੋਂ 30 ਨਵੰਬਰ ਤੱਕ ਗ੍ਰਾਮ ਸਭਾਵਾਂ ਦੇ ਇਜਲਾਸਾਂ ਵਿਚ ਮਗਨਰੇਗਾ ਦੇ ਲੇਬਰ ਬਜਟ ਪਾਸ ਕਰਨੇ ਹਨ।

# ਪੰਜਾਬ ਨਾਲ ਲੱਗਦੀ ਸਰਹੱਦ ਬਣੀ ਨਸ਼ਾ ਤਸਕਰੀ ਦਾ ਰਾਹ



**ਜੰਮੂ:** ਪੰਜਾਬ ਵਿਚ ਅੰਤਰਰਾਸ਼ਟਰੀ ਸਰਹੱਦ ਤੋਂ ਬੀ.ਐਸ.ਐਫ. ਨੇ ਇਸ ਸਾਲ 150 ਕਿੱਲੋ ਤੋਂ ਜ਼ਿਆਦਾ ਹੈਰੋਇਨ ਫੜੀ ਅਤੇ 10 ਪਾਕਿਸਤਾਨੀ ਤਸਕਰਾਂ ਨੂੰ ਗ੍ਰਿਫਤਾਰ ਕੀਤਾ। ਬੀ.ਐਸ.ਐਫ. ਦੇ ਡਿਪਟੀ ਇੰਸਪੈਕਟਰ ਜਨਰਲ ਆਰ.ਐਸ. ਕਟਾਰੀਆ ਨੇ ਕਿਹਾ ਕਿ ਇਸ ਸਾਲ ਹੁਣ ਤੱਕ ਪੰਜਾਬ 'ਚ ਅੰਤਰਰਾਸ਼ਟਰੀ ਸਰਹੱਦ ਤੋਂ 158.74 ਕਿੱਲੋ ਹੈਰੋਇਨ ਅਤੇ 1.89 ਕਿੱਲੋ ਅਫੀਮ ਫੜੀ ਜਾ ਚੁੱਕੀ ਹੈ। ਡੀ.ਆਈ.ਜੀ. ਨੇ ਅੱਗੇ ਦੱਸਿਆ ਕਿ 10 ਪਾਕਿਸਤਾਨੀ ਤਸਕਰਾਂ ਨੂੰ ਵੀ 10 ਮੋਬਾਈਲ ਫੋਨ ਅਤੇ 25 ਸਿਮ ਕਾਰਡਾਂ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ।

## ਪਰਾਲੀ ਦਾ ਹੱਲ ਲੱਭਣ 'ਚ ਜੁਟੀ ਕੈਪਟਨ ਸਰਕਾਰ


**ਚੰਡੀਗੜ੍ਹ:** ਕਾਗਜ਼ ਤਿਆਰ ਕਰਨ ਵਾਲੀ ਮੋਹਰੀ ਕੰਪਨੀ ਨੇ ਪੰਜਾਬ ਵਿਚ ਇਕ ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ ਮੈਨੂਫੈਕਚਰਿੰਗ ਯੂਨਿਟ ਸਥਾਪਤ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਹੈ। ਇਹ ਯੂਨਿਟ ਰੂਪਨਗਰ ਜ਼ਿਲ੍ਹੇ ਵਿਚ ਚਮਕੌਰ ਸਾਹਿਬ ਵਿਖੇ ਸਥਾਪਤ ਕੀਤੇ ਜਾਣ ਦਾ ਪ੍ਰਸਤਾਵ ਹੈ। ਇਸ ਨਾਲ ਜਿਥੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਪਰਾਲੀ ਸਾੜਨ ਨੂੰ ਰੋਕਣ ਲਈ ਕੀਤੇ ਜਾ ਰਹੇ ਯਤਨਾਂ ਨੂੰ ਬਲ ਮਿਲੇਗਾ, ਉਥੇ ਹੀ ਫਸਲਾਂ ਦੀ ਰਹਿੰਦ-ਖੂੰਹਦ ਨਾਲ ਲਿਖਣ ਤੇ ਛਪਾਈ ਵਾਲੇ ਕਾਗਜ਼ ਤਿਆਰ ਕੀਤੇ ਜਾਣਗੇ।

ਮੈਸਰਜ਼ ਰੁਚੀਰਾ ਪੇਪਰਜ਼ ਲਿਮਟਡ ਨੇ ਵੱਡੇ ਪੱਧਰ 'ਤੇ ਨਵਾਂ ਯੂਨਿਟ ਲਾਉਣ ਲਈ ਸਰਕਾਰ ਤੋਂ ਪ੍ਰਵਾਨਗੀਆਂ ਲੈਣ ਲਈ ਅਰਜ਼ੀ ਦਿੱਤੀ ਹੈ। ਇਹ ਪ੍ਰੋਜੈਕਟ ਸਾਲ 2019 ਵਿਚ ਚਾਲੂ ਹੋ ਜਾਣ ਦੀ ਸੰਭਾਵਨਾ ਹੈ ਤੇ ਕੰਪਨੀ ਮੁਤਾਬਕ ਇਸ ਪ੍ਰੋਜੈਕਟ ਨਾਲ 3500 ਲੋਕਾਂ ਨੂੰ ਰੁਜ਼ਗਾਰ ਮਿਲੇਗਾ।

# ਪੰਜਾਬ ਦੇ ਵਜ਼ੀਰਾਂ ਨੂੰ ਵੀ ਲੱਗਾ ਸਰਫਾ ਮੁਹਿੰਮ ਦਾ ਸੇਕ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਟਰਾਂਸਪੋਰਟ, ਵਿੱਤ ਤੇ ਆਮ ਪ੍ਰਸ਼ਾਸਨ ਵਿਭਾਗਾਂ ਉਤੇ ਆਧਾਰਤ ਕਾਇਮ ਕੀਤੀ ਉਚ ਪੱਧਰੀ ਕਮੇਟੀ ਨੇ ਮੰਤਰੀਆਂ ਤੇ ਵਿਧਾਇਕਾਂ ਦੀਆਂ ਕਾਰਾਂ ਵਿਚ ਤੇਲ ਨੂੰ ਸੀਮਤ ਕਰਨ ਬਾਰੇ ਵਿਚਾਰ ਕੀਤਾ ਹੈ। ਸੂਤਰਾਂ ਮੁਤਾਬਕ ਇਨ੍ਹਾਂ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨੇ ਤੇਲ ਦੀ ਵਰਤੋਂ ਸੀਮਤ ਕਰਨ ਦੀ ਤਜਵੀਜ਼ ਸਰਕਾਰ ਨੂੰ ਸੌਂਪ ਦਿੱਤੀ ਹੈ। ਸਰਕਾਰ ਦਾ ਮੰਨਣਾ ਹੈ ਕਿ 'ਅਨਲਿਮਟਿਡ' ਤੇਲ ਦੀ ਵਰਤੋਂ ਸਰਕਾਰੀ ਖਜ਼ਾਨੇ ਦਾ ਧੂੰਆਂ ਕੱਢ ਰਹੀ ਹੈ।

ਸਰਕਾਰ ਵੱਲੋਂ ਗਠਿਤ ਇਸ ਕਮੇਟੀ ਨੇ ਸਮੀਖਿਆ ਕੀਤੀ ਹੈ ਕਿ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨਾਲ ਸਬੰਧਤ ਮੰਤਰੀਆਂ ਵੱਲੋਂ 2 ਤੋਂ 2.5 ਲੱਖ ਰੁਪਏ ਪ੍ਰਤੀ ਮਹੀਨਾ ਤੇਲ ਦੇ ਬਿੱਲ ਸਰਕਾਰੀ ਖਜ਼ਾਨੇ ਵਿਚੋਂ ਵਸੂਲੇ ਜਾਂਦੇ ਸਨ। ਕੈਪਟਨ ਸਰਕਾਰ ਦੇ ਮੰਤਰੀਆਂ ਵੱਲੋਂ ਤੇਲ ਦੀ ਖਪਤ ਭਾਵੇਂ 1 ਤੋਂ 1.5 ਲੱਖ ਰੁਪਏ ਪ੍ਰਤੀ ਮਹੀਨਾ ਵਸੂਲੀ ਜਾਂਦੀ ਹੈ ਪਰ ਇਹ ਖਪਤ ਹੋਰ ਵੀ ਘਟ ਸਕਦੀ ਹੈ। ਸਰਕਾਰ ਦਾ ਇਹ ਕਦਮ ਵਿੱਤੀ ਮੰਦਹਾਲੀ ਦੇ ਦੌਰ ਵਿਚ ਸਰਫੇ ਵਾਲੀ ਯੋਜਨਾ ਦਾ ਹਿੱਸਾ ਹੈ।



ਕਮੇਟੀ ਦੀ ਰਿਪੋਰਟ ਮੁਤਾਬਕ ਮੰਤਰੀਆਂ ਨੂੰ ਪ੍ਰਤੀ ਮਹੀਨਾ 4500 ਕਿਲੋਮੀਟਰ ਕਾਰ ਚਲਾਉਣ ਲਈ ਤੇਲ ਦਿੱਤਾ ਜਾਣਾ ਚਾਹੀਦਾ ਹੈ, ਜੋ 54000 ਕਿਲੋਮੀਟਰ ਸਾਲਾਨਾ ਬਣੇਗਾ। ਟਰਾਂਸਪੋਰਟ ਮਾਹਿਰਾਂ ਦਾ ਕਹਿਣਾ ਹੈ ਕਿ ਕੋਈ ਵੀ ਕੰਮ ਕਰਨ ਵਾਲਾ ਵਿਅਕਤੀ ਸਾਲ ਵਿਚ 54000 ਕਿਲੋਮੀਟਰ ਕਾਰ ਨਹੀਂ ਚਲਾ ਸਕਦਾ ਤੇ ਜੇਕਰ ਇਸ ਤੋਂ ਵੱਧ ਚਲਾਉਣ ਦਾ ਦਾਅਵਾ ਕਰਦਾ ਵੀ ਹੈ ਤਾਂ ਗੜਬੜ ਮੰਨੀ ਜਾ ਸਕਦੀ ਹੈ।

ਕਮੇਟੀ ਦੀ ਤਜਵੀਜ਼ ਮੁਤਾਬਕ ਜੇਕਰ ਕੋਈ ਮੰਤਰੀ ਆਪਣੀ ਨਿੱਜੀ ਕਾਰ ਦੀ ਵਰਤੋਂ ਕਰਦਾ ਹੈ ਤਾਂ ਉਸ ਨੂੰ 70 ਹਜ਼ਾਰ ਰੁਪਏ ਪ੍ਰਤੀ ਮਹੀਨਾ ਦਿੱਤਾ ਜਾਣਾ ਚਾਹੀਦਾ ਹੈ। ਇਸ ਵਿਚ ਡਰਾਈਵਰ ਦੀ ਤਨਖਾਹ, ਤੇਲ, ਮੁਰੰਮਤ ਆਦਿ ਦੇ ਖਰਚੇ ਵੀ ਸ਼ਾਮਲ ਹਨ। ਕਮੇਟੀ ਨੇ ਵਿਧਾਇਕਾਂ ਉਤੇ ਵੀ ਸੀਮਤ ਤੇਲ ਦੀ ਵਰਤੋਂ ਲਾਗੂ ਕਰਨ ਦਾ ਸੁਝਾਅ ਦਿੰਦਿਆਂ ਕਿਹਾ ਹੈ ਕਿ ਇਕ ਵਿਧਾਇਕ ਨੂੰ 3 ਹਜ਼ਾਰ ਕਿਲੋਮੀਟਰ ਪ੍ਰਤੀ ਮਹੀਨਾ ਗੱਡੀ ਚਲਾਉਣ ਦਾ ਖਰਚ ਦਿੱਤਾ ਜਾਣਾ ਚਾਹੀਦਾ ਹੈ।

ਪੰਜਾਬ ਦੇ ਮੰਤਰੀਆਂ ਦੀਆਂ ਕਾਰਾਂ ਵਿਚ ਅਨਲਿਮਟਿਡ ਤੇਲ ਦੀ ਵਰਤੋਂ ਦਾ ਮਾਮਲਾ ਅਕਸਰ ਚਰਚਾ ਦਾ ਵਿਸ਼ਾ ਬਣਿਆ ਰਹਿੰਦਾ ਹੈ ਕਿਉਂਕਿ ਮੰਤਰੀਆਂ ਵੱਲੋਂ ਜਿੰਨੇ ਤੇਲ ਦੀ ਵਰਤੋਂ ਦਿਖਾਈ ਜਾਂਦੀ ਹੈ, ਉਨੇ ਕਿਲੋਮੀਟਰ ਗੱਡੀ ਚੱਲਣੀ ਕਈ ਵਾਰੀ ਸੰਭਵ ਵੀ ਨਹੀਂ ਹੁੰਦੀ। ਕੈਪਟਨ ਸਰਕਾਰ ਵੱਲੋਂ ਵਿੱਤੀ ਤੰਗੀ ਕਾਰਨ ਕਈ ਤਰ੍ਹਾਂ ਦੀਆਂ ਪੇਸ਼ਬੰਦੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਦਾ ਸੇਕ ਮੰਤਰੀਆਂ ਨੂੰ ਵੀ ਲੱਗਣ ਦੇ ਆਸਾਰ ਹਨ।

## ਕਾਰਾਂ ਦੀ ਦੁਰਵਰਤੋਂ ਨੂੰ ਲੱਗੇਗੀ ਬਰੇਕ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸਰਕਾਰੀ ਵਾਹਨਾਂ ਦੀ ਦੁਰਵਰਤੋਂ ਰੋਕਣ ਲਈ 'ਵਹੀਕਲ ਮੈਨੇਜਮੈਂਟ ਸਿਸਟਮ' ਲਿਆਂਦਾ ਜਾ ਰਿਹਾ ਹੈ। ਇਸ ਪ੍ਰਬੰਧ ਰਾਹੀਂ ਸਰਕਾਰੀ ਵਾਹਨਾਂ ਦੀ ਕੁੱਲ ਗਿਣਤੀ ਸਾਹਮਣੇ ਆਵੇਗੀ ਅਤੇ ਵਾਹਨ ਦੀ ਵਰਤੋਂ ਜਾਂ ਦੁਰਵਰਤੋਂ ਨੂੰ ਕੰਪਿਊਟਰ ਰਾਹੀਂ ਚੰਡੀਗੜ੍ਹ ਬੈਠਿਆਂ ਦੇਖਿਆ ਜਾ ਸਕੇਗਾ। ਵਿੱਤ ਵਿਭਾਗ ਵੱਲੋਂ ਟਰਾਂਸਪੋਰਟ ਵਿਭਾਗ ਨੂੰ ਇਹ ਸਿਸਟਮ ਤਿਆਰ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ। ਸੂਤਰਾਂ ਅਨੁਸਾਰ ਇਕ ਮਹੀਨੇ ਦੇ ਅੰਦਰ ਹੀ ਇਹ ਤਕਨੀਕ ਲਾਗੂ ਹੋਣ ਦੇ ਆਸਾਰ ਹਨ।

# ਮੋਦੀ ਦੇ 'ਅੱਛੇ ਦਿਨਾਂ' ਖਿਲਾਫ ਬਾਗੀ ਸੁਰਾਂ ਹੋਈਆਂ ਤਿੱਖੀਆਂ





**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇਸ਼ ਦੀ ਆਰਥਿਕ ਹਾਲਤ ਸਬੰਧੀ ਕਸੂਤੇ ਘਿਰ ਗਏ ਹਨ। 'ਅੱਛੇ ਦਿਨਾਂ' ਦੇ ਵਾਅਦੇ ਨਾਲ ਸੱਤਾ ਵਿਚ ਆਈ ਮੋਦੀ ਸਰਕਾਰ ਇਨ੍ਹੀਂ ਦਿਨੀਂ ਭਾਰੀ ਨਮੋਸ਼ੀ ਦਾ ਸਾਹਮਣਾ ਕਰ ਰਹੀ ਹੈ। ਉਨ੍ਹਾਂ ਉਪਰ ਪਾਰਟੀ ਦੇ ਅੰਦਰੋਂ ਤੇ ਬਾਹਰੋਂ ਤਾਬੜਤੋੜ ਹਮਲੇ ਹੋ ਰਹੇ ਹਨ।

ਭਾਜਪਾ ਦੇ ਸੀਨੀਅਰ ਆਗੂ ਤੇ ਅਟਲ ਬਿਹਾਰੀ ਵਾਜਪਾਈ ਸਰਕਾਰ ਵਿਚ ਵਿੱਤ ਮੰਤਰੀ ਰਹੇ ਯਸ਼ਵੰਤ ਸਿਨਹਾ ਨੇ ਦੇਸ਼ ਦੀ ਅਰਥਵਿਵਸਥਾ ਨੂੰ ਲੈ ਕੇ ਮੋਦੀ ਸਰਕਾਰ ਦੀਆਂ ਨਕਾਮੀਆਂ ਦਾ ਪਿਟਾਰਾ ਖੋਲ੍ਹ ਦਿੱਤਾ। ਯਸ਼ਵੰਤ ਸਿਨਹਾ ਨੇ ਮੋਦੀ ਦੇ ਨੋਟਬੰਦੀ ਦੇ ਫੈਸਲਾ ਦੀ ਨਿਖੇਧੀ ਕਰਦੇ ਹੋਏ ਕਹਿ ਦਿੱਤਾ ਕਿ ਸਰਕਾਰ ਇਕ ਤੋਂ ਬਾਅਦ ਇਕ ਝਟਕੇ ਦਿੰਦੀ ਰਹੀ। ਇਸ ਨਾਲ ਦੇਸ਼ ਦੀ ਅਰਥਵਿਵਸਥਾ ਕਮਜ਼ੋਰ ਹੋਈ ਹੈ। ਬੀਤੇ 6 ਮਹੀਨੇ ਤੋਂ ਲਗਾਤਾਰ ਵਿਕਾਸ ਦਰ 'ਚ ਥੱਲੇ ਨੂੰ ਆ ਰਹੀ ਹੈ। ਸਿਨ੍ਹਾ ਨੇ ਕਿਹਾ ਕਿ ਸਰਕਾਰ ਨੇ ਪਹਿਲਾ ਝਟਕਾ ਨੋਟਬੰਦੀ ਨਾਲ ਦਿੱਤਾ। ਦੇਸ਼ ਇਸ ਤੋਂ ਬਾਹਰ ਵੀ ਨਹੀਂ ਨਿਕਲ ਸਕਿਆ ਸੀ ਕਿ ਜੀ.ਐਸ.ਟੀ. ਨੇ ਝਟਕਾ ਦੇ ਦਿੱਤਾ।

ਮੋਦੀ ਸਰਕਾਰ ਦੀ ਜਲਦਬਾਜ਼ੀ 'ਚ ਕੀਤੇ ਗਏ ਫੈਸਲੇ ਉਤੇ ਸਵਾਲ ਖੜ੍ਹਾ ਕਰਦੇ ਹੋਏ ਪੁੱਛਿਆ ਕਿ ਕਿਹੜਾ ਪਹਾੜ ਟੁੱਟ ਜਾਂਦਾ ਜੇਕਰ ਜੀ.ਐਸ.ਟੀ. ਇਕ ਜੁਲਾਈ ਦੀ ਥਾਂ ਇਕ ਅਕਤੂਬਰ ਨੂੰ ਲਾਗੂ ਹੋ ਜਾਂਦਾ। ਨੋਟਬੰਦੀ ਦੇ ਝਟਕੇ ਤੋਂ ਬਾਹਰ ਆ ਜਾਂਦੇ ਤਾਂ ਜੀ.ਐਸ.ਟੀ. ਦਾ ਉਨ੍ਹਾਂ ਅਸਰ ਨਹੀਂ ਹੋਣਾ ਸੀ। ਉਨ੍ਹਾਂ ਇਹ ਵੀ ਸਾਫ ਕੀਤਾ ਕਿ ਉਹ ਜੀ.ਐਸ.ਟੀ. ਦੇ ਡਿਜ਼ਾਇਨ ਤੇ ਟੈਕਸ ਦੀਆਂ ਦਰਾਂ 'ਤੇ ਨਹੀਂ ਬਲਕਿ ਉਸ ਨੂੰ ਲਾਗੂ ਕਰਨ ਦੀ ਗੱਲ ਕਰ ਰਹੇ ਹਨ। ਉਧਰ, ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਮੋਦੀ ਦੇ ਰਾਜ ਵਿਚ ਵਿਕਾਸ ਪਾਗਲ ਹੋ ਗਿਆ ਹੈ। ਮੋਦੀ ਦੀਆਂ ਨੀਤੀਆਂ ਕਰ ਕੇ ਉਸ ਨੂੰ ਕੋਈ ਸਮਝ ਹੀ ਨਹੀਂ ਆ ਰਹੀ। ਰਾਹੁਲ ਗਾਂਧੀ ਨੇ ਕਿਹਾ ਕਿ ਯਸ਼ਵੰਤ ਸਿਨਹਾ ਸਹੀ ਕਹਿੰਦੇ ਹਨ, ਮੋਦੀ ਸਰਕਾਰ ਨੇ ਆਰਥਿਕਤਾ ਨੂੰ ਚੌਪਟ ਕਰ ਦਿੱਤਾ ਹੈ। ਉਨ੍ਹਾਂ ਕਿਹਾ ਨੋਟਬੰਦੀ ਫੇਲ੍ਹ ਹੋ ਗਈ ਤੇ ਰੁਜ਼ਗਾਰ ਕਿਤੇ ਲੱਭ ਨਹੀਂ ਰਿਹਾ।

ਇਕ ਅੰਗਰੇਜ਼ੀ ਅਖਬਾਰ ਵਿਚ ਪ੍ਰਕਾਸ਼ਿਤ ਲੇਖ ਵਿਚ ਉਨ੍ਹਾਂ ਨੇ ਕੌਮੀ ਵਿਕਾਸ ਦਰ ਵਿਚਲੀ ਗਿਰਾਵਟ ਕਾਰਨ ਅਰਥਚਾਰੇ ਦੀ ਡਾਵਾਂਡੋਲ ਸਥਿਤੀ ਨੂੰ ਕੌਮੀ ਹਿੱਤਾਂ ਲਈ ਖਤਰਨਾਕ ਦੱਸਿਆ ਹੈ ਅਤੇ ਇਸ ਸਥਿਤੀ ਵਾਸਤੇ ਪ੍ਰਧਾਨ ਮੰਤਰੀ ਤੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਨਾਲ ਹੀ ਉਨ੍ਹਾਂ ਇਹ ਵੀ ਲਿਖਿਆ ਹੈ ਕਿ ਇਸ ਨਿਘਾਰ ਤੋਂ ਅਰਥਚਾਰੇ ਦਾ ਮਾਰਚ 2019 ਤੱਕ ਉਭਰਨਾ ਨਾਮੁਮਕਿਨ ਹੈ। ਅਜਿਹੀ ਸੂਰਤ ਵਿਚ ਪਾਰਟੀ ਦਾ ਅਗਲੀਆਂ ਚੋਣਾਂ ਵਿਚ 'ਠਾਹ ਕਰਕੇ ਡਿੱਗਣਾ' ਉਨ੍ਹਾਂ ਨੂੰ ਅਟੱਲ ਜਾਪਦਾ ਹੈ।

ਉਨ੍ਹਾਂ ਕਿਹਾ ਕਿ ਜੀ.ਐਸ.ਟੀ. ਨੇ ਵਪਾਰ ਤਬਾਹ ਕਰ ਦਿੱਤਾ ਹੈ। ਜੀ.ਐਸ.ਟੀ. ਤੋਂ 95000 ਕਰੋੜ ਰੁਪਏ ਇਕੱਠੇ ਹੋਏ ਪਰ ਇਸ ਵਿਚੋਂ 65000 ਕਰੋੜ ਰੁਪਏ ਦੀ ਇਨਪੁਟ ਟੈਕਸ ਕਰੈਡਿਟ ਦੀ ਮੰਗ ਖੜ੍ਹੀ ਹੋ ਗਈ ਹੈ। ਭਾਰਤ ਸਰਕਾਰ ਨੇ ਹੁਣ ਇਨਕਮ ਟੈਕਸ ਵਿਭਾਗ ਨੂੰ ਇਸ ਲਈ ਵੱਡੇ ਦਾਅਵੇ ਕਰਨ ਵਾਲਿਆਂ ਦਾ ਪਿੱਛਾ ਕਰਨ ਲਈ ਕਹਿ ਦਿੱਤਾ ਹੈ। ਸ੍ਰੀ ਸਿਨਹਾ ਨੇ ਕਿਹਾ ਕਿ ਆਰਥਿਕਤਾਵਾਂ ਉਸਾਰਨ ਨਾਲੋਂ ਤਬਾਹ ਬਹੁਤ ਸੌਖੀਆਂ ਹੋ ਜਾਂਦੀਆਂ ਹਨ।


### ਭਾਜਪਾ ਆਗੂ ਯਸ਼ਵੰਤ ਸਿਨਹਾ ਨੇ ਕੀਤੀ ਜੁਰਅਤ

**ਮੁੰਬਈ:** ਭਾਜਪਾ ਵਿਚ ਇਸ ਵੇਲੇ ਇਹ ਸਮਝਿਆ ਜਾ ਰਿਹਾ ਸੀ ਨਰੇਂਦਰ ਮੋਦੀ, ਅਮਿਤ ਸ਼ਾਹ ਅਤੇ ਅਰੁਣ ਜੇਤਲੀ ਦੀ ਤਿੱਕੜੀ ਵਿਰੁੱਧ ਬੋਲਣ ਦੀ ਜੁਰਅਤ ਕਿਸੇ ਵਿਚ ਨਹੀਂ ਹੈ, ਪਰ ਯਸ਼ਵੰਤ ਸਿਨਹਾ ਨੇ ਜੇਤਲੀ 'ਤੇ ਤਿੱਖਾ ਹਮਲਾ ਬੋਲ ਕੇ ਇਕ ਤਰ੍ਹਾਂ ਨਾਲ ਬਿੱਲੀ ਦੇ ਗਲ ਵਿਚ ਘੰਟੀ ਬੰਨ੍ਹਣ ਦੀ ਕੋਸ਼ਿਸ਼ ਤਾਂ ਕਰ ਹੀ ਦਿੱਤੀ ਹੈ। ਰਾਜਨੀਤਕ ਹਲਕਿਆਂ ਵਿਚ ਚਰਚਾ ਹੈ ਕਿ ਸ੍ਰੀ ਯਸ਼ਵੰਤ ਸਿਨਹਾ ਇਕੱਲੇ ਆਪਣੇ ਤੌਰ 'ਤੇ ਅਜਿਹੀ ਹਿੰਮਤ ਨਹੀਂ ਕਰ ਸਕਦੇ, ਸਗੋਂ ਇਹ ਪਾਰਟੀ ਦੇ ਅਣਗੌਲੇ ਗਏ ਪ੍ਰਮੁੱਖ ਨੇਤਾਵਾਂ ਦੀ ਸਲਾਹ ਨਾਲ ਤੇ ਸਮਾਂ ਵਿਚਾਰ ਕੇ ਕੀਤਾ ਗਿਆ ਹਮਲਾ ਹੈ। ਸਮਝਿਆ ਜਾਂਦਾ ਹੈ ਕਿ ਹੁਣ ਜਦੋਂ ਆਮ ਚੋਣਾਂ ਨੇੜੇ ਆ ਰਹੀਆਂ ਹਨ ਤਾਂ ਇਹ ਹੀ ਸਹੀ ਮੌਕਾ ਹੈ ਜਦੋਂ ਮੋਦੀ ਵਿਰੋਧੀ ਧੜਾ ਆਪਣੀਆਂ ਮੰਗਾਂ ਮੰਨਵਾ ਸਕਦਾ ਹੈ ਤੇ ਆਪਣੇ ਧੜੇ ਦੇ ਲੋਕਾਂ ਦੀਆਂ ਟਿਕਟਾਂ ਸੁਰੱਖਿਅਤ ਕਰਨ ਦੀ ਸਥਿਤੀ ਬਣਾ ਸਕਦਾ ਹੈ। ਪਹਿਲਾਂ ਸ੍ਰੀ ਯਸ਼ਵੰਤ ਸਿਨਹਾ ਦੇ ਹਮਲੇ ਦਾ ਜਵਾਬ ਦੇਣ ਲਈ ਮੋਦੀ-ਸ਼ਾਹ ਧੜੇ ਤੋਂ ਵੱਖਰੇ ਮੰਨੇ ਜਾਂਦੇ ਗ੍ਰਹਿ ਮੰਤਰੀ ਸ੍ਰੀ ਰਾਜਨਾਥ ਸਿੰਘ ਨੂੰ ਅੱਗੇ ਕੀਤਾ ਗਿਆ, ਪਰ ਹੁਣ ਸ੍ਰੀ ਸਿਨਹਾ ਦੇ ਹਵਾਬਾਜ਼ੀ ਰਾਜ ਮੰਤਰੀ ਪੁੱਤਰ ਸ੍ਰੀ ਸਿਨਹਾ ਨੂੰ ਹੀ ਅੱਗੇ ਕਰ ਦਿੱਤਾ ਗਿਆ ਹੈ।

### ਜੇਕਰ ਸਿਨਹਾ ਗਲਤ ਹਨ ਤਾਂ ਸਾਬਤ ਕਰੋ: ਸ਼ਿਵ ਸੈਨਾ

**ਮੁੰਬਈ:** ਸ਼ਿਵ ਸੈਨਾ ਨੇ ਕੇਂਦਰ ਸਰਕਾਰ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਸਾਬਕਾ ਵਿੱਤ ਮੰਤਰੀ ਯਸ਼ਵੰਤ ਸਿਨਹਾ ਦੇ ਆਰਥਿਕ ਹਾਲਾਤ ਬਾਰੇ ਲਿਖੇ ਲੇਖ ਨੂੰ ਗਲਤ ਸਾਬਤ ਕਰ ਕੇ ਵਿਖਾਉਣ। ਨਾਲ ਹੀ ਉਨ੍ਹਾਂ ਤਨਜ ਕੱਸਦੇ ਹੋਏ ਕਿਹਾ ਕਿ ਵਿਚਾਰ ਪ੍ਰਗਟ ਕਰਨ ਲਈ ਭਾਜਪਾ ਆਗੂ ਨੂੰ ਕੀ ਸਜ਼ਾ ਦਿੱਤੀ ਜਾਵੇਗੀ? ਸ਼ਿਵ ਸੈਨਾ ਨੇ ਦਾਅਵਾ ਕੀਤਾ ਕਿ ਭਾਜਪਾ ਦੇ ਕਈ ਆਗੂ ਵਿਵਸਥਾ ਖਿਲਾਫ਼ ਬੋਲਣ ਤੋਂ ਡਰਦੇ ਹਨ। ਉਨ੍ਹਾਂ ਨੂੰ ਡਰ ਹੈ ਕਿ ਜੇਕਰ ਉਨ੍ਹਾਂ ਨੇ ਅਜਿਹਾ ਕੀਤਾ ਤਾਂ ਉਨ੍ਹਾਂ ਨੂੰ 'ਅਣਜਾਣੇ ਖਤਰਿਆਂ' ਦਾ ਸਾਹਮਣਾ ਕਰਨਾ ਪਵੇਗਾ।

### ਸਿਨਹਾ ਆਪਣਾ ਰਿਕਾਰਡ ਭੁੱਲ ਗਏ: ਜੇਤਲੀ



**ਨਵੀਂ ਦਿੱਲੀ:** ਯਸ਼ਵੰਤ ਸਿਨਹਾ ਦੀ ਆਲੋਚਨਾ ਬਾਰੇ ਖਾਮੋਸ਼ੀ ਤੋੜਦਿਆਂ ਵਿੱਤ ਮੰਤਰੀ ਅਰੁਣ ਜੇਤਲੀ ਨੇ ਉਨ੍ਹਾਂ ਨੂੰ 80 ਸਾਲ ਦੀ ਉਮਰ ਵਿਚ ਨੌਕਰੀ ਭਾਲਣ ਵਾਲਾ ਦੱਸਿਆ, ਜਿਹੜਾ ਵਿੱਤ ਮੰਤਰੀ ਵਜੋਂ ਆਪਣਾ ਰਿਕਾਰਡ ਭੁੱਲ ਗਿਆ ਹੈ ਅਤੇ ਨੀਤੀਆਂ ਦੀ ਥਾਂ ਵਿਅਕਤੀਗਤ ਟਿੱਪਣੀਆਂ ਕਰ ਰਿਹਾ ਹੈ। ਅਰੁਣ ਜੇਤਲੀ ਨੇ ਸਿਨਹਾ ਉਤੇ ਦੋਸ਼ ਲਾਇਆ ਕਿ ਉਹ ਕਾਂਗਰਸ ਆਗੂ ਤੇ ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਦੇ ਪਿੱਛੇ ਲੱਗ ਕੇ ਅਜਿਹੀਆਂ ਟਿੱਪਣੀਆਂ ਕਰ ਰਹੇ ਹਨ।

# ਅਸਲਾ ਰੱਖਣ ਵਿਚ ਯੂ.ਪੀ. ਅੱਗੇ

**ਨਵੀਂ ਦਿੱਲੀ:** ਉਤਰ ਪ੍ਰਦੇਸ਼ ਵਿਚ 12.77 ਲੱਖ ਲੋਕਾਂ ਕੋਲ ਹਥਿਆਰ ਰੱਖਣ ਦਾ ਲਾਇਸੰਸ ਹੈ ਤੇ ਇਹ ਰਾਜ ਅਸਲਾ ਲਾਇਸੰਸਾਂ ਵਾਲੇ ਸੂਬਿਆਂ ਦੀ ਸੂਚੀ ਵਿਚ ਸਭ ਤੋਂ ਉਪਰ ਹੈ। ਦੂਜੇ ਸਥਾਨ ਉਤੇ ਅਤਿਵਾਦ ਪ੍ਰਭਾਵਿਤ ਰਾਜ ਜੰਮੂ-ਕਸ਼ਮੀਰ, ਜਿਥੇ 3.69 ਲੱਖ ਲੋਕਾਂ ਕੋਲ ਅਸਲਾ ਲਾਇਸੰਸ ਹਨ। ਗ੍ਰਹਿ ਮੰਤਰਾਲੇ ਵੱਲੋਂ ਜਾਰੀ ਅੰਕੜਿਆਂ ਮੁਤਾਬਕ 31 ਦਸੰਬਰ, 2016 ਦੀ ਸਥਿਤੀ ਅਨੁਸਾਰ, ਦੇਸ਼ 'ਚ ਬੰਦੂਕਾਂ ਦੇ ਜਾਰੀ ਲਾਇਸੰਸਾਂ ਦੀ ਗਿਣਤੀ 33,69,444 ਹੈ।

ਅਸਲਾ ਲਾਇਸੰਸ ਉਤਰ ਪ੍ਰਦੇਸ਼ ਵਿਚ ਸਭ ਤੋਂ ਵੱਧ ਹਨ, ਜਿਥੇ 12,77,914 ਲੋਕਾਂ ਨੇ ਹਥਿਆਰ ਰੱਖੇ ਹੋਏ ਹਨ। ਜ਼ਿਆਦਾਤਰ ਲੋਕਾਂ ਨੇ ਨਿੱਜੀ ਸੁਰੱਖਿਆ ਦੇ ਨਾਂ ਉਤੇ ਲਾਇਸੰਸ ਲਏ ਹਨ। ਸਾਲ 2011 ਦੀ ਜਨਗਣਨਾ ਅੰਕੜਿਆਂ ਮੁਤਾਬਕ ਉਤਰ ਪ੍ਰਦੇਸ਼ ਦੀ ਆਬਾਦੀ 19,98,12,341 ਸੀ। ਤਕਰੀਬਨ ਤਿੰਨ ਦਹਾਕਿਆਂ ਤੋਂ ਅਤਿਵਾਦ ਨਾਲ ਪੀੜਤ ਜੰਮੂ-ਕਸ਼ਮੀਰ 'ਚ 3,69,191 ਲੋਕਾਂ ਕੋਲ ਅਸਲਾ ਲਾਇਸੰਸ ਹਨ। 1980 ਤੇ 90 ਦੇ ਦਹਾਕਿਆਂ ਵਿਚ ਅਤਿਵਾਦ ਨਾਲ ਪੀੜਤ ਰਹੇ ਪੰਜਾਬ ਵਿਚ ਅਸਲਾ ਲਾਇਸੰਸ ਦੀ ਗਿਣਤੀ 3,59,349 ਹੈ। ਇਸ 'ਚ ਜ਼ਿਆਦਾਤਰ ਲਾਇਸੰਸ ਰਾਜ ਵਿਚ ਅਤਿਵਾਦ ਦੇ ਦੋ ਦਹਾਕਿਆਂ ਦੌਰਾਨ ਜਾਰੀ ਕੀਤੇ ਗਏ ਸਨ। 2011 ਦੀ ਜਨਗਣਨਾ ਮੁਤਾਬਕ ਪੰਜਾਬ ਦੀ ਕੁੱਲ ਆਬਾਦੀ 2,77,43,338 ਸੀ।

## ਚੀਨ ਦਾ ਉਤਰੀ ਕੋਰਿਆਈ ਕੰਪਨੀਆਂ ਨੂੰ ਜਵਾਬ

**ਪੇਈਚਿੰਗ:** ਚੀਨ ਨੇ ਉਤਰ ਕੋਰੀਆ ਦੀਆਂ ਕੰਪਨੀਆਂ ਨੂੰ ਜਨਵਰੀ ਤੱਕ ਕਾਰੋਬਾਰ ਸਮੇਟ ਲੈਣ ਦੇ ਹੁਕਮ ਦਿੱਤੇ ਹਨ। ਵਣਜ ਮੰਤਰਾਲੇ ਨੇ ਕਿਹਾ ਹੈ ਕਿ ਸੰਯੁਕਤ ਰਾਸ਼ਟਰ ਵੱਲੋਂ ਲਾਈਆਂ ਪਾਬੰਦੀਆਂ ਮਗਰੋਂ ਉਤਰ ਕੋਰਿਆਈ ਕੰਪਨੀਆਂ ਨੂੰ ਆਪਣਾ ਕਾਰੋਬਾਰ ਬੰਦ ਕਰਨਾ ਪਏਗਾ। ਮੰਤਰਾਲੇ ਨੇ ਕਿਹਾ ਕਿ ਚੀਨੀ ਕੰਪਨੀਆਂ ਨਾਲ ਸਾਂਝੀ ਭਾਈਵਾਲੀ ਸਮੇਤ ਹੋਰ ਕੰਪਨੀਆਂ ਨੂੰ ਕੰਮ ਇਥੋਂ ਤਬਦੀਲ ਕਰਨ ਲਈ 11 ਸਤੰਬਰ ਤੋਂ ਲੈ ਕੇ 120 ਦਿਨਾਂ ਤੱਕ ਦਾ ਸਮਾਂ ਦਿੱਤਾ ਗਿਆ ਹੈ। ਇਹ ਐਲਾਨ ਉਸ ਸਮੇਂ ਹੋਇਆ ਹੈ ਜਦੋਂ ਚੀਨ ਨੇ ਪੁਸ਼ਟੀ ਕੀਤੀ ਸੀ ਕਿ ਉਹ ਪਾਬੰਦੀ ਨੂੰ ਲਾਗੂ ਕਰੇਗਾ।

# ਦਰਜਾਬੰਦੀ ਵਿਚ ਮੁੜ ਨੰਬਰ ਇਕ ਬਣੀ ਭਾਰਤ ਦੀ ਕ੍ਰਿਕਟ ਟੀਮ




**ਨਾਗਪੁਰ:** ਭਾਰਤ ਤੇ ਆਸਟਰੇਲੀਆ ਵਿਚਾਲੇ ਪੰਜ ਇਕ ਦਿਨਾਂ ਅੰਤਰਰਾਸ਼ਟਰੀ ਮੈਚਾਂ ਦੀ ਲੜੀ ਦੇ ਪੰਜਵੇਂ ਤੇ ਆਖਰੀ ਮੈਚ ਵਿਚ ਭਾਰਤ ਨੇ ਆਸਟਰੇਲੀਆ ਨੂੰ 7 ਵਿਕਟਾਂ ਨਾਲ ਹਰਾ ਕੇ ਲੜੀ 'ਤੇ 4-1 ਨਾਲ ਕਬਜ਼ਾ ਕਰ ਲਿਆ। ਇਸ ਤਰ੍ਹਾਂ ਹੁਣ ਟੀਮ ਇੰਡੀਆ ਦਰਜਾਬੰਦੀ 'ਚ ਫਿਰ ਨੰਬਰ ਇਕ ਬਣ ਗਈ ਹੈ।

ਭਾਰਤ ਵੱਲੋਂ ਰੋਹਿਤ ਸ਼ਰਮਾ ਨੇ 109 ਗੇਂਦਾਂ ਵਿਚ 125 ਦੌੜਾਂ ਬਣਾਈਆਂ ਜਿਸ ਉਤੇ ਉਸ ਨੂੰ 'ਮੈਨ ਆਫ ਦਾ ਮੈਚ' ਐਲਾਨਿਆ ਗਿਆ। ਇਸ ਤੋਂ ਪਹਿਲਾਂ ਲੜੀ ਗਵਾ ਚੁੱਕੀ ਆਸਟਰੇਲੀਆ ਦੀ ਟੀਮ ਪਿਛਲੇ ਮੈਚ ਵਿਚ ਲੈਅ ਵਿਚ ਤਾਂ ਆ ਗਈ ਸੀ ਪਰ ਇਸ ਆਖਰੀ ਮੈਚ ਵਿਚ ਆਸਟਰੇਲੀਆ ਦੀ ਬੱਲੇਬਾਜ਼ੀ ਠੀਕ ਹੀ ਰਹੀ। ਆਸਟਰੇਲੀਆ ਦੇ ਸਲਾਮੀ ਬੱਲੇਬਾਜ਼ ਡੇਵਿਡ ਵਾਰਨਰ ਨੇ ਇਸ ਮੈਚ ਵਿਚ ਵੀ ਚੰਗੀ ਬੱਲੇਬਾਜ਼ੀ ਕਰਦਿਆਂ 62 ਗੇਂਦਾਂ 'ਚ 53 ਦੌੜਾਂ ਦੀ ਅਰਧ ਸੈਂਕੜੇ ਵਾਲੀ ਪਾਰੀ ਖੇਡੀ ਜਿਸ 'ਚ ਉਸ ਦੇ 5 ਚੌਕੇ ਸ਼ਾਮਲ ਹਨ। ਡੇਵਿਡ ਨੇ ਹੀ ਆਸਟਰੇਲੀਆ ਵੱਲੋਂ ਸਭ ਤੋਂ ਵੱਧ ਦੌੜਾਂ ਬਣਾਈਆਂ।

ਭਾਰਤ ਵੱਲੋਂ ਸਭ ਤੋਂ ਵੱਧ ਵਿਕਟਾਂ ਅਕਸ਼ਰ ਪਟੇਲ (3) ਨੇ ਹਾਸਲ ਕੀਤੀਆਂ ਜਦਕਿ ਬੁਮਰਾਹ ਨੇ 2 ਅਤੇ ਭੁਵਨੇਸ਼ਵਰ, ਹਾਰਦਿਕ ਤੇ ਕੇਦਾਰ ਜਾਧਵ ਨੇ 1-1 ਵਿਕਟ ਪ੍ਰਾਪਤ ਕੀਤੀ। ਆਸਟਰੇਲੀਆ ਵਲੋਂ ਦਿੱਤੇ ਗਏ 243 ਦੌੜਾਂ ਦਾ ਟੀਚਾ ਹਾਸਲ ਕਰਨ ਉਤਰੀ ਟੀਮ ਇੰਡੀਆ ਦੀ ਸ਼ੁਰੂਆਤ ਸ਼ਾਨਦਾਰ ਰਹੀ ਤੇ ਪਹਿਲੀ ਵਿਕਟ ਅਜਿੰਕਿਆ ਰਹਾਣੇ (61) ਦੇ ਰੂਪ 'ਚ ਕੁੱਲ 124 ਦੌੜਾਂ ਉਤੇ ਡਿਗੀ। ਰੋਹਿਤ ਸ਼ਰਮਾ ਨੇ ਇਸ ਮੈਚ ਵਿਚ ਸੈਂਕੜਾ ਜੜਿਆ ਤੇ ਉਸ ਨੇ 109 ਗੇਂਦਾਂ ਦਾ ਸਾਹਮਣਾ ਕਰਦਿਆਂ 125 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ। ਇਸ ਤਰ੍ਹਾਂ ਭਾਰਤ ਨੇ 42.5 ਓਵਰਾਂ 'ਚ 243 ਦੌੜਾਂ ਬਣਾ ਕੇ 4-1 ਨਾਲ ਇਸ ਲੜੀ ਨੂੰ ਜਿੱਤ ਲਿਆ।

## ਡੇਰਾ ਸਿਰਸਾ ਦੀਆਂ 21 ਉਦਯੋਗਿਕ ਇਕਾਈਆਂ ਦੀ ਬੱਤੀ ਗੁੱਲ

**ਸਿਰਸਾ:** ਬਿਜਲੀ ਬਿੱਲ ਦੀ ਅਦਾਇਗੀ ਨਾ ਕੀਤੇ ਜਾਣ ਉਤੇ ਦੱਖਣ ਹਰਿਆਣਾ ਬਿਜਲੀ ਵੰਡ ਨਿਗਮ ਨੇ ਡੇਰਾ ਸਿਰਸਾ ਵਿਚ ਚੱਲ ਰਹੀਆਂ 21 ਉਦਯੋਗਿਕ ਇਕਾਈਆਂ ਦੇ ਬਿਜਲੀ ਕੁਨੈਕਸ਼ਨ ਕੱਟ ਦਿੱਤੇ ਹਨ। ਇਨ੍ਹਾਂ ਉਦਯੋਗਿਕ ਇਕਾਈਆਂ ਨੇ ਬਿਜਲੀ ਨਿਗਮ ਦੇ ਕਰੀਬ 28.75 ਲੱਖ ਰੁਪਏ ਦੇ ਬਕਾਇਆ ਬਿੱਲ ਨਹੀਂ ਭਰੇ। ਸਭ ਤੋਂ ਵੱਧ 13.74 ਲੱਖ ਰੁਪਏ ਦਾ ਬਕਾਇਆ ਡੇਰਾ ਸਿਰਸਾ ਵਿਚ ਚੇਅਰਮੈਨ ਦੇ ਨਾਂ ਉਤੇ ਚੱਲ ਰਹੇ ਕੁਨੈਕਸ਼ਨ ਦਾ ਹੈ। ਡੇਰਾ ਸਿਰਸਾ ਮੈਨੇਜਮੈਂਟ ਵੱਲੋਂ ਚਲਾਏ ਜਾ ਰਹੇ ਸ਼ਾਹ ਸਤਨਾਮ ਸੁਪਰ ਸਪੈਸ਼ਲਿਟੀ ਹਸਪਤਾਲ ਨੇ 1,76, 274 ਰੁਪਏ ਦਾ ਬਿਲ ਅਦਾ ਕਰ ਦਿੱਤਾ ਹੈ, ਜਿਸ ਤੋਂ ਬਾਅਦ ਹਸਪਤਾਲ ਦਾ ਕੁਨੈਕਸ਼ਨ ਨਹੀਂ ਕੱਟਿਆ ਗਿਆ।

# ਹੁਣ ਗੱਡੀਆਂ ਚਲਾ ਸਕਣਗੀਆਂ ਸਾਊਦੀ ਬੀਬੀਆਂ



**ਰਿਆਧ:** ਸਾਊਦੀ ਅਰਬ ਨੇ ਔਰਤਾਂ ਨੂੰ ਵਾਹਨ ਚਲਾਉਣ ਦੀ ਆਗਿਆ ਦੇਣ ਦਾ ਫੈਸਲਾ ਕੀਤਾ ਹੈ। ਰੂੜ੍ਹੀਵਾਦੀ ਸਲਤਨਤ ਦੇ ਇਸ ਫੈਸਲੇ ਨੂੰ ਔਰਤਾਂ ਦੇ ਹੱਕਾਂ ਵੱਲ ਅਹਿਮ ਕਦਮ ਮੰਨਿਆ ਜਾ ਰਿਹਾ ਹੈ ਪਰ ਬੀਬੀਆਂ ਦੇ ਹੱਕਾਂ ਲਈ ਲੜਨ ਵਾਲੇ ਕਾਰਕੁਨਾਂ ਨੇ ਕਿਹਾ ਕਿ ਬਰਾਬਰੀ ਵਾਲੇ ਲੰਬੇ ਪੰਧ 'ਤੇ ਇਹ ਮਹਿਜ਼ ਪਹਿਲਾ ਕਦਮ ਹੈ। ਔਰਤਾਂ ਦੇ ਵਾਹਨ ਚਲਾਉਣ ਉਤੇ ਰੋਕ ਲਾਉਣ ਵਾਲਾ ਸਾਊਦੀ ਅਰਬ ਵਿਸ਼ਵ ਦਾ ਇਕਲੌਤਾ ਮੁਲਕ ਸੀ। ਬੀਬੀਆਂ ਦੇ ਹੱਕ ਵਿਚ ਆਇਆ ਸ਼ਾਹੀ ਫਰਮਾਨ ਅਗਲੇ ਸਾਲ ਸਾਲ ਲਾਗੂ ਹੋਵੇਗਾ।

ਔਰਤਾਂ ਨੇ ਇਸ ਹੱਕ ਦੀ ਪ੍ਰਾਪਤੀ ਲਈ ਤਕਰੀਬਨ ਤਿੰਨ ਦਹਾਕੇ ਲੜਾਈ ਲੜੀ ਹੈ। ਕਾਰਕੁਨਾਂ ਵੱਲੋਂ ਛੇੜੀ ਮੁਹਿੰਮ ਤਹਿਤ ਸਾਲ 2013 ਵਿਚ ਦਰਜਨਾਂ ਔਰਤਾਂ ਨੇ ਕਾਰ ਚਲਾ ਕੇ ਆਪਣੀਆਂ ਵੀਡੀਓ ਇੰਟਰਨੈੱਟ 'ਤੇ ਪਾਈਆਂ ਸਨ। ਕੁਝ ਵੀਡੀਓਜ਼ ਵਿਚ ਪਰਿਵਾਰਕ ਮੈਂਬਰਾਂ ਅਤੇ ਪੁਰਸ਼ ਡਰਾਈਵਰਾਂ ਨੂੰ ਬੀਬੀਆਂ ਦੀ ਹੌਸਲਾ ਅਫਜ਼ਾਈ ਕਰਦੇ ਦਿਖਾਇਆ ਗਿਆ ਸੀ। ਗੌਰਤਲਬ ਹੈ ਕਿ ਨਾ ਤਾਂ ਇਸਲਾਮਿਕ ਕਾਨੂੰਨ ਤੇ ਨਾ ਹੀ ਸਾਊਦੀ ਟਰੈਫਿਕ ਕਾਨੂੰਨ ਔਰਤਾਂ ਨੂੰ ਡਰਾਈਵਿੰਗ ਤੋਂ ਰੋਕਦੇ ਹਨ ਪਰ ਸ਼ਾਹੀ ਫਰਮਾਨਾਂ ਕਾਰਨ ਉਨ੍ਹਾਂ ਨੂੰ ਲਾਇਸੈਂਸ ਜਾਰੀ ਨਹੀਂ ਕੀਤੇ ਜਾਂਦੇ ਅਤੇ ਜੇਕਰ ਕੋਈ ਔਰਤ ਡਰਾਈਵਿੰਗ ਕਰਨ ਦਾ ਯਤਨ ਕਰਦੀ ਤਾਂ ਉਸ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਹੈ।

### ਫੈਸਲੇ ਦੀ ਚੁਫੇਰਿਓਂ ਹੋਈ ਸ਼ਲਾਘਾ

**ਰਿਆਧ:** ਸਾਊਦੀ ਅਰਬ ਦੇ ਇਸ ਫੈਸਲੇ ਦੀ ਚੁਫੇਰਿਓਂ ਸ਼ਲਾਘਾ ਹੋਈ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ, 'ਸਾਊਦੀ ਅਰਬ ਵਿਚ ਔਰਤਾਂ ਦੇ ਅਧਿਕਾਰਾਂ ਤੇ ਮੌਕਿਆਂ ਵੱਲ ਇਹ ਸਕਾਰਾਤਮਕ ਕਦਮ ਤਬਦੀਲੀ ਦੀ ਨਿਸ਼ਾਨੀ ਹੈ।' ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਨਟੋਨੀਓ ਗੁਟੇਰੇਜ਼ ਨੇ ਇਸ ਨੂੰ 'ਸਹੀ ਦਿਸ਼ਾ ਵਿਚ ਇਕ ਅਹਿਮ ਕਦਮ' ਕਰਾਰ ਦਿੱਤਾ ਹੈ।

ਬਰਤਾਨੀਆ ਦੀ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨੇ ਵੀ ਇਸ ਫੈਸਲੇ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਵਿਸ਼ਵ ਵਿਚ ਔਰਤਾਂ ਦਾ ਸ਼ਸ਼ਕਤੀਕਰਨ 'ਮੁਲਕਾਂ ਦੇ ਆਰਥਿਕ ਵਿਕਾਸ ਲਈ ਅਹਿਮ ਹੈ'। ਵਾਸ਼ਿੰਗਟਨ ਲਈ ਸਾਊਦੀ ਅਰਬ ਦੇ ਸਫ਼ੀਰ ਤੇ ਬਾਦਸ਼ਾਹ ਦੇ ਪੁੱਤਰ ਸ਼ਹਿਜ਼ਾਦੇ ਖਾਲਿਦ ਬਿਨ ਸਲਮਾਨ ਨੇ ਕਿਹਾ ਕਿ ਔਰਤਾਂ ਨੂੰ ਡਰਾਈਵਿੰਗ ਦਾ ਅਧਿਕਾਰ ਦੇਣਾ ਵੱਡਾ ਕਦਮ ਹੈ ਅਤੇ ਸਮਾਜ ਇਸ ਲਈ ਤਿਆਰ ਹੈ। ਸਹੀ ਚੀਜ਼ਾਂ ਕਰਨ ਲਈ ਇਹ ਢੁਕਵਾਂ ਸਮਾਂ ਹੈ।

# ਸਲਾਮੀ ਤੇ ਵਿਦਾਇਗੀ ਦੀਆਂ ਰਸਮਾਂ ਤੇ ਗੀਤ

*ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੁੰਦ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰ ਰਿਹਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮਾਂ-ਰਿਵਾਜ਼ਾਂ ਨੂੰ ਪ੍ਰਨਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਲਿਖਾਰੀ ਨੇ ਇਨ੍ਹਾਂ ਰੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ ਜਿਹੜੇ ਵੱਖ-ਵੱਖ ਮੌਕਿਆਂ 'ਤੇ ਸਾਡੇ ਸਮਾਗਮਾਂ ਦਾ ਸ਼ਿੰਗਾਰ ਵੀ ਬਣਦੇ ਹਨ। ਇਸ ਵਾਰ ਲਿਖਾਰੀ ਨੇ ਸਲਾਮੀ ਅਤੇ ਵਿਦਾਇਗੀ ਦੀਆਂ ਰਸਮਾਂ ਅਤੇ ਇਨ੍ਹਾਂ ਨਾਲ ਸਬੰਧਤ ਗੀਤਾਂ ਬਾਰੇ ਚਾਨਣਾ ਪਾਇਆ ਹੈ। -ਸੰਪਾਦਕ*

## ਸਾਡੀਆਂ ਰਸਮਾਂ ਸਾਡੇ ਗੀਤ



**ਨੀਲਮ ਸੈਣੀ**
ਫੋਨ: 510-502-0551

ਡੋਲੀ ਤੋਰਨ ਤੋਂ ਪਹਿਲਾਂ ਜੰਞ ਵਾਜੇ ਨਾਲ ਘਰ ਪੁੱਜਦੀ ਸੀ। ਇਸ ਮੌਕੇ ਵੀ ਕੁਝ ਜਾਂਞੀ ਅੱਗੇ-ਅੱਗੇ ਭੰਗੜਾ ਪਾਉਂਦੇ ਜਾਂਦੇ ਸਨ। ਇਸ ਸਮੇਂ ਰਾਹ-ਗਲ਼ੀ ਲੰਘਣ ਵਾਲੇ (ਰਾਹਗੀਰ) ਬਹੁਤੀ ਵਾਰੀ ਭੰਗੜਾ ਅਤੇ ਲਾੜਾ ਦੇਖਣ ਲਈ ਰਾਹ ਦੇ ਇਕ ਪਾਸੇ ਖੜ੍ਹ ਜਾਂਦੇ ਸਨ। ਕੋਠਿਆਂ 'ਤੇ ਚੜ੍ਹ ਕੇ ਵੀ ਇਹ ਨਜ਼ਾਰਾ ਦੇਖਿਆ ਜਾਂਦਾ ਸੀ। ਘਰ ਪੁੱਜਦੇ ਹੀ ਲਾਗੀਆਂ ਵਲੋਂ ਬਰੂਹਾਂ 'ਤੇ ਤੇਲ ਚੁਆਇਆ ਜਾਂਦਾ ਸੀ ਅਤੇ ਕੁੰਭ ਕੀਤਾ ਜਾਂਦਾ ਸੀ। ਸਲਾਮੀ ਦੀ ਰਸਮ ਨਿਭਾਈ ਜਾਂਦੀ ਸੀ। ਕੁੜੀ ਦੇ ਮਾਤਾ ਪਿਤਾ ਤੋਂ ਬਾਅਦ ਮੁੰਡੇ ਨੂੰ ਸਾਰੇ ਵਾਰੀ-ਵਾਰੀ ਸਲਾਮੀ ਪਾਉਂਦੇ ਲਾਗੀਆਂ ਨੂੰ ਵਾਰਨੇ ਦਿੰਦੇ ਸਨ। ਇਹ ਰਸਮ ਇਕ ਤਰ੍ਹਾਂ ਨਾਲ ਧੀ ਨੂੰ ਵਿਦਾਇਗੀ ਦੇਣ ਤੋਂ ਪਹਿਲਾਂ ਜਵਾਈ ਨੂੰ ਪਿਆਰ ਅਤੇ ਸਤਿਕਾਰ ਦੇਣ ਲਈ ਕੀਤੀ ਜਾਂਦੀ ਸੀ। ਇਸ ਵਕਤ ਮੁੰਡੇ ਨੂੰ ਦਾਜ ਵਿਚ ਦੇਣ ਵਾਲੇ ਪਲੰਘ ਉਪਰ ਹੀ ਬਿਠਾਇਆ ਜਾਂਦਾ ਸੀ। ਅੱਜ ਬਹੁਤੀ ਵਾਰੀ ਦਾਜ ਦਿਖਾਇਆ ਹੀ ਨਹੀਂ ਜਾਂਦਾ। ਇਸ ਕਰ ਕੇ ਮੁੰਡੇ ਨੂੰ ਘਰ ਜਾਂ ਮੈਰਿਜ ਪੈਲਿਸ ਵਿਚ ਕਿਸੇ ਵੀ ਕੁਰਸੀ ਜਾਂ ਸੋਫ਼ੇ 'ਤੇ ਬਿਠਾ ਦਿੱਤਾ ਜਾਂਦਾ ਹੈ।

ਪਲੰਘੀਂ ਬੈਠਿਆ ਵੇ,
ਪਲੰਘੀਂ ਬੈਠਿਆ ਕਾਨ੍ਹਾ!
ਬੈਠਾ ਮੁਰਲੀ ਵਜਾ।
ਸਈਆਂ ਆਈਆਂ ਵੇ,
ਸਈਆਂ ਆਈਆਂ ਕਾਨ੍ਹਾ।
ਤੇਰੀ ਮੁਰਲੀ ਦੇ ਚਾਅ,
ਮੁਰਲੀ ਕੱਸ ਕੇ ਵਜਾ।
ਗੋਬਰ ਸੁੱਟਦੀ ਨੀ,
ਗੋਬਰ ਸੁੱਟਦੀ ਰਾਧੇ।
ਬੈਠੀ ਮਾਪਿਆਂ ਦੇ ਘਰ,
ਤਾਇਆਂ ਚਾਚਿਆਂ ਦੇ ਘਰ।
ਗੋਬਰ ਸੁੱਟਦੀ ਨੀ,
ਗਊਆਂ ਚਾਰਦਾ ਵੇ!
ਗਊਆਂ ਚਾਰਦਾ ਕਾਨ੍ਹਾ,
ਕਰਦਾ ਗੁੱਜਰਾਂ ਦੇ ਕੰਮ।
ਵੇ ਗਵਾਲਿਆਂ ਦੇ ਕੰਮ।
ਗਊਆਂ ਚਾਰਦਾ ਵੇ।
ਦੇ ਲਾ ਮਿਹਣੇ ਨੀ।
ਦੇ ਲਾ ਮਿਹਣੇ ਰਾਧੇ,
ਬੈਠੀ ਮਾਪਿਆਂ ਦੇ ਘਰ।
ਤਾਇਆਂ-ਚਾਚਿਆਂ ਦੇ ਘਰ,
ਦੇ ਲਾ ਮਿਹਣੇ ਨੀ।

ਪਲੰਘੇ ਬੈਠਿਆ ਕਾਨ੍ਹਾ,
ਵੇ ਕੁਝ ਮੰਗਦਾ ਕਿਉਂ ਨਹੀਂ?
ਸਹੁਰਾ ਤੇਰਾ ਲੱਖ ਦਾਤਾ,
ਵੇ ਕੁਝ ਮੰਗਦਾ ਕਿਉਂ ਨਹੀਂ?
ਧੀ ਲਾਡੋ ਦਾ ਦਾਨ ਕਰਾ ਰਿਹਾ,
ਵੇ ਪੱਲਾ ਫੜਦਾ ਕਿਉਂ ਨਹੀਂ?
ਗਊਆਂ ਦਾ ਦਾਨ ਕਰਾ ਰਿਹਾ,
ਵੇ ਜੱਸ ਖੱਟਦਾ ਕਿਉਂ ਨਹੀਂ?

ਇਕ ਨਾ ਮਾਰੀਂ ਵੇ ਕਾਨ੍ਹਾਂ ਬੈਂਤ ਦੀ ਸੋਟੀ,
ਇਕ ਨਾ ਕੱਢੀਂ ਮਾਂ ਦੀ ਗਾਲ਼।
ਪਿੰਡੇ ਨੂੰ ਖਾ ਜਾਊ ਵੇ ਕਾਨ੍ਹਾ ਬੈਂਤ ਦੀ ਸੋਟੀ,
ਕਲੇਜੇ ਨੂੰ ਖਾ ਜਾਊ ਮਾਂ ਦੀ ਗਾਲ਼।

ਇਸ ਤੋਂ ਬਾਅਦ ਧੀ ਦੇ ਹੱਥਾਂ ਵਿਚ ਚੌਲਾਂ ਦੀ ਮੁੱਠ ਦੇ ਕੇ ਘਰ ਵਿਚ ਚਾਰਾਂ ਦਿਸ਼ਾਵਾਂ (ਚਾਰਾਂ ਖੂੰਜਿਆਂ) ਵਿਚ ਸੁਟਵਾਈ ਜਾਂਦੀ ਸੀ। ਇਹ ਰਸਮ ਉਸ ਨੂੰ ਬਾਬਲ ਦਾ ਘਰ ਪੱਕੇ ਤੌਰ 'ਤੇ ਛੱਡੇ ਜਾਣ ਦਾ ਅਹਿਸਾਸ ਕਰਵਾ ਦਿੰਦੀ ਸੀ। ਅੱਜ ਵੀ ਇਸ ਰਸਮ ਨੂੰ ਕਰਦੇ ਵਕਤ ਮਹੌਲ ਭਾਵੁਕ ਹੁੰਦਾ ਹੈ। ਕਿਸੇ ਚਾਚੀ ਜਾਂ ਤਾਈ ਵਲੋਂ ਉਸ ਨੂੰ ਇਹ ਕਹਿਣ ਲਈ ਕਿਹਾ ਜਾਂਦਾ ਹੈ, "ਮਾਪਿਓ! ਮੈਂ ਆਪਣਾ ਭਾਗ ਲੈ ਚੱਲੀ ਹਾਂ, ਤੁਹਾਡਾ ਛੱਡ ਚੱਲੀ ਹਾਂ।" ਇਸ ਤੋਂ ਬਾਅਦ ਉਹ ਚੌਲਾਂ ਦਾ ਛੱਟਾ ਚਾਰ ਦਿਸ਼ਾਵਾਂ ਵਿਚ ਦਿੰਦੀ ਹੈ। ਚੌਲ ਸ਼ਗਨਾਂ ਅਤੇ ਖੁਸ਼ਹਾਲੀ ਦਾ ਪ੍ਰਤੀਕ ਮੰਨੇ ਜਾਂਦੇ ਹਨ। ਅਜਿਹਾ ਕਰ ਕੇ ਮਾਪਿਆਂ ਦਾ ਘਰ ਛੱਡਦੇ ਵਕਤ ਉਨ੍ਹਾਂ ਲਈ 'ਨੌਂ ਨਿਧਾਂ ਤੇ ਬਾਰਾਂ ਸਿਧਾਂ' ਦੀ ਕਾਮਨਾ ਕੀਤੀ ਜਾਂਦੀ ਹੈ। ਦੂਜੇ ਸ਼ਬਦਾਂ ਵਿਚ ਇਹ ਰਸਮ ਸਹੁਰੇ ਜਾ ਰਹੀ ਧੀ ਕੋਲੋਂ ਮਾਪਿਆਂ ਦੀ ਸੁੱਖ ਮਨਾਉਣ ਲਈ ਕਰਵਾਈ ਜਾਂਦੀ ਹੈ।

### ਵਿਦਾਇਗੀ ਦੀ ਰਸਮ ਤੇ ਗੀਤ

ਇਸ ਤੋਂ ਬਾਅਦ ਵਿਦਾਇਗੀ ਦੀ ਰਸਮ ਹੁੰਦੀ ਸੀ। ਧੀ ਦੇ ਬਾਬਲ ਵਲੋਂ ਆਪਣੇ ਕੁੜਮ ਨੂੰ ਸਮਰੱਥਾ ਅਨੁਸਾਰ 100 ਜਾਂ 500 ਜਾਂ ਇਸ ਤੋਂ ਵੀ ਵੱਧ ਰੁਪਈਏ ਵਿਦਾਇਗੀ ਵਜੋਂ ਦਿੱਤੇ ਜਾਂਦੇ ਸਨ। ਵਿਆਹ ਵਾਲੀ ਕੁੜੀ ਦਾ ਭਰਾ ਆਪਣੀ ਭੈਣ ਨੂੰ ਕਲਾਵੇ ਵਿਚ ਲੈ ਕੇ ਮੰਜੇ ਤੋਂ ਉਠਾਉਣ ਲੱਗਦਾ ਸੀ ਤਾਂ ਉਹ ਇਕੋ ਸਮੇਂ ਕਈ ਅਵਸਥਾਵਾਂ ਵਿਚੋਂ ਗੁਜ਼ਰ ਜਾਂਦੀ ਸੀ। ਉਸ ਦੇ ਮਨ ਵਿਚ ਚੀਸਾਂ ਉਠਦੀਆਂ ਸਨ। ਮਾਪਿਆਂ ਅਤੇ ਸਖ਼ੀਆਂ ਦਾ ਵਿਛੋੜਾ ਉਸ ਨੂੰ ਉਦਾਸੀਨਤਾ ਵੱਲ ਧੱਕਦਾ ਸੀ। ਉਹ ਧਾਹਾਂ ਮਾਰਦੀ ਮੰਜੇ ਦੇ ਪਾਵੇ ਨੂੰ ਘੁੱਟ ਕੇ ਫੜ ਲੈਂਦੀ ਸੀ। ਸਾਰਾ ਮਾਹੌਲ ਹੀ ਕਰੁਣਾਮਈ ਹੋ ਜਾਂਦਾ ਸੀ। ਅੱਜ ਵੀ ਵਿਦਾਇਗੀ ਦੀ ਰਸਮ ਵੇਲੇ ਮਹੌਲ ਭਾਵੁਕ ਹੁੰਦਾ ਹੈ:

ਬੀਬੀ ਛੱਡ ਦੇ ਮੰਜੇ ਦਾ ਪਾਵਾ,
ਨੀ ਸਾਡਾ ਕਾਹਦਾ ਦਾਵਾ,
ਦਾਵੇ ਵਾਲ਼ੇ ਲੈ ਨੀ ਚੱਲੇ।
ਧੀ ਵਿਆਹੀ ਲੱਥਾ ਸਿਰੋਂ ਭਾਰਾ,
ਸਾਡਾ ਕਾਹਦਾ ਦਾਵਾ,
ਦਾਵੇ ਵਾਲ਼ੇ ਲੈ ਨੀ ਚੱਲੇ।
ਦਾਵਾ ਕਰਦੇ ਲਾੜੇ ਦੇ ਭਾਈ,
ਉਨ੍ਹਾਂ ਫੜ ਲਈ ਡੋਲ਼ੇ ਦੀ ਬਾਹੀ,
ਦਾਵੇ ਵਾਲੇ ਲੈ ਨੀ ਚੱਲੇ।

ਇਸ ਦੇ ਨਾਲ ਹੀ ਉਸ ਦੇ ਮਨ ਵਿਚ ਵਿਚ ਪ੍ਰੀਤਮ ਨੂੰ ਮਿਲਣ ਦਾ ਚਾਅ ਵੀ ਹੁੰਦਾ ਸੀ। ਇਸ ਚਾਅ ਦੇ ਨਾਲ ਹੀ ਅਜਨਬੀ ਥਾਂ 'ਤੇ ਜਾ ਕੇ ਨਵੇਂ ਮਾਹੌਲ ਵਿਚ ਆਪਣੇ ਆਪ ਨੂੰ ਢਾਲਣ ਦਾ ਸਹਿਮ ਵੀ ਹੁੰਦਾ ਸੀ। ਉਸ ਦੇ ਮਨ ਵਿਚ ਸਹੁਰੇ ਪਰਿਵਾਰ ਦੇ ਹਰ ਮੈਂਬਰ ਦੇ ਸੁਭਾਅ ਬਾਰੇ ਅਨੇਕਾਂ ਪ੍ਰਸ਼ਨ ਹੁੰਦੇ ਸਨ।

ਡੋਲੀ ਨੂੰ ਚਾਰ ਕੁਹਾਰ ਆਪਣੇ ਮੋਢਿਆਂ 'ਤੇ ਚੁੱਕਦੇ ਸਨ। ਮਾਪਿਆਂ ਵਲੋਂ ਨੈਣ ਨੂੰ ਡੋਲੀ ਨਾਲ ਉਸ ਦੀ ਸਹੂਲਤ ਲਈ ਭੇਜਿਆ ਜਾਂਦਾ ਸੀ। ਉਸ ਵਕਤ ਕੁੜੀ ਘੁੰਡ ਵਿਚ ਲਪੇਟੀ ਹੁੰਦੀ ਸੀ। ਉਸ ਤੋਂ ਬਾਅਦ ਬੈਲ ਗੱਡੀਆਂ ਦੀ ਵਾਰੀ ਆ ਗਈ। ਅਜੋਕੇ ਸਮੇਂ ਵਿਚ ਕੁੜੀ ਨੂੰ ਕਾਰ ਵਿਚ ਬਿਠਾ ਕੇ ਵਾਰੋ-ਵਾਰੀ ਸਭ ਮਿਲਦੇ ਹਨ। ਹੁਣ ਕਹਾਰਾਂ ਦੀ ਥਾਂ ਭਰਾ ਕਾਰ ਨੂੰ ਧੱਕਾ ਲਾ ਕੇ ਵਿਦਾ ਕਰਦੇ ਹੋਏ ਇਹ ਰਸਮ ਪੂਰੀ ਕਰਦੇ ਹਨ। ਇਉਂ ਕਰ ਕੇ ਉਹ ਭੈਣ ਦਾ ਦਾਨ ਕਰਨ ਦਾ ਚਿੱਤਰਨ ਪੇਸ਼ ਕਰਦੇ ਹਨ। ਇਸ ਤਰ੍ਹਾਂ ਧੀ ਰੂਪੀ ਕੂੰਜ ਡਾਰੋਂ ਵਿਛੜ ਕੇ, ਬਾਬਲ ਦੇ ਮਹਿਲ-ਮੁਨਾਰੇ ਛੱਡ ਕੇ ਸਹੁਰੇ ਘਰ ਨਵੇਂ ਰਿਸ਼ਤੇ, ਨਵੀਂ ਦੁਨੀਆਂ ਵਸਾਉਣ ਤੁਰ ਪੈਂਦੀ ਹੈ। ਪਰਦੇਸਾਂ ਵਿਚ ਨਵੀਂ ਵਿਆਹੀ ਜੋੜੀ 'ਲਿਮੋਜ਼ੀਨ' ਵਿਚ ਹੀ ਜਾਂਦੀ ਹੈ। ਕੁੜੀ ਦੇ ਮਨ ਵਿਚ ਕੋਈ ਭੈਅ ਨਹੀਂ ਹੁੰਦਾ, ਕਿਉਂਕਿ ਵਿਆਹ ਦੀਆਂ ਰਸਮਾਂ ਸੰਪੂਰਨ ਹੋਣ ਉਪਰੰਤ 'ਆਪਣੇ ਛੱਡ ਆਈ ਹਾਂ, ਤੇਰੇ ਜਾ ਕੇ ਛੁਡਵਾ ਦੇਵਾਂਗੀ' ਵਾਲ਼ਾ ਵਿਅੰਗ ਅਮਲੀ ਰੂਪ ਧਾਰਨ ਕਰ ਰਿਹਾ ਪ੍ਰਤੀਤ ਹੁੰਦਾ ਹੈ। ਵਿਆਂਦੜ ਜੋੜੇ ਨੇ ਆਪਣੀਆਂ ਸਹੂਲਤਾਂ ਅਤੇ ਇਕਾਂਤ ਨੂੰ ਪਹਿਲ ਦਿੰਦਿਆਂ ਆਪਣੇ ਵੱਖਰੇ ਅਪਾਰਟਮੈਂਟ ਜਾਂ ਘਰ ਦਾ ਪ੍ਰਬੰਧ ਕੀਤਾ ਹੁੰਦਾ ਹੈ। ਸਹੁਰੇ ਘਰ ਵਿਚ ਪ੍ਰਵੇਸ਼ ਨਾਂ-ਮਾਤਰ ਅਤੇ ਰਸਮਾਂ ਨਿਭਾਉਣ ਲਈ ਹੁੰਦਾ ਹੈ।



**ਘਰ ਤੋਂ ਲੈ ਕੇ ਪਹਿਲਾਂ ਡੋਲੀ ਅਤੇ ਹੁਣ ਕਾਰ ਤੱਕ ਗਾਏ ਜਾਣ ਵਾਲੇ ਲੋਕ ਗੀਤ:**

ਅੰਦਰ ਸਾਡੇ ਬੱਤਖਾਂ,
ਕਰਦੀਆਂ ਬੱਤੋ ਬੱਤ।
ਧੀ ਵਾਲਿਆਂ ਦੀ ਬੇਨਤੀ,
ਜੀ ਅਸੀਂ ਬੰਨ ਖਲੋਤੇ ਹੱਥ।

ਉਚੀਏ ਲੰਮੀਏ ਲਾਲ ਖਜੂਰੇ,
ਤੇਰਾ ਵਾਸ ਕਿਉਂ ਦੂਰੇ।
ਮੇਰਾ ਵਾਸ ਪੁੱਛੇਂਦੜਿਆ ਭਾਈਆ,
ਬਾਬਲ ਨੇ ਦੇ ਦਿੱਤੀ ਦੂਰੇ।
ਬੂਰੀਆਂ ਦਿੰਦਾ ਸੰਧੂਰੀਆਂ ਦਿੰਦਾ,
ਬੇਟੀ ਨਾ ਦਿੰਦੜਾ ਦੂਰੇ।

ਅੱਜ ਰੋਂਦੀ ਜਾਂਦੀ ਜੀ ਵੀਰ ਜੀ,
ਕੂੰਜ ਵਿਛੜ ਗਈ ਡਾਰ 'ਚੋਂ।

ਬੋਲ ਨੀ ਮੇਰੀ ਬਣ ਤਣ ਕੋਇਲੇ,
ਮਾਪੇ ਛੋੜ ਕਹਾਂ ਚੱਲੀਆਂ।
ਬਾਬਲ ਮੇਰੇ ਨੇ ਵਚਨ ਜੋ ਕੀਤੇ,
ਵਚਨਾਂ ਦੀ ਬੱਧੜੀ ਮੈਂ ਚੱਲੀ।
ਮਾਤਾ ਮੇਰੀ ਨੇ ਦਾਜ ਬਣਾਇਆ,
ਦਾਜ ਪਹੁੰਚਾਵਣ ਮੈਂ ਚੱਲੀਆਂ।

ਇਕ ਜੋ ਬੇਰੀ ਦਾ ਪੱਤ ਆ,
ਜੀ ਉਹ ਵੀ ਲੈਂਦਾ ਹੁਲਾਰੇ।
ਅਰਜ਼ ਸੁਣੀ ਬਾਬਲ ਮੇਰਿਆ,
ਜੀ ਬੇਟੀ ਦੂਰ ਨਾ ਦੇਵੀਂ।
ਦੂਰਾਂ ਦੀਆਂ ਵਾਟਾਂ ਲੰਮੀਆਂ,
ਜੀ ਸਾਥੋਂ ਤੁਰਿਆ ਨਾ ਜਾਵੇ,
ਪੈਰਾਂ ਦੀਆਂ ਘਸ ਗਈਆਂ ਤਲੀਆਂ,
ਜੀ ਨੈਣੀਂ ਨੀਂਦ ਨਾ ਆਵੇ।
ਪੈਰਾਂ ਨੂੰ ਲਾ ਲਵੀਂ ਮਹਿੰਦੜੀ,
ਨੀ ਨੈਣੀਂ ਸੁਰਮੇ ਸਿਲਾਈ।

ਚੁੱਕ ਲਈ ਡੋਲੀ ਸਾਜਨ,
ਵਿਦਿਆ ਹੋ ਚੱਲੇ।
ਬਾਬਲ ਇਹ ਤੇਰੇ ਵਚਨ,
ਸੰਪੂਰਨ ਹੋ ਚੱਲੇ।

ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ,
ਰਹਾਂ ਬਾਪ ਦੀ ਬਣ ਕੇ ਮੈਂ ਗੋਲੀ ਨੀ ਮਾਂ।

ਉਡ ਗਏ ਨੀ, ਉਡ ਗਏ,
ਵਾੜ ਪੁਰਾਣੀ ਦੇ ਛਾਪੇ।
ਅੱਜ ਰੋਂਦੇ ਨੀ- ਰੋਂਦੇ,
ਕੂੰਜ ਨਿਮਾਣੀ ਦੇ ਮਾਪੇ।

ਮਾਏਂ ਡੋਲੀ ਨੂੰ ਲੱਗੜੇ ਹੀਰੇ,
ਤੂੰ ਬੋਲ ਮੇਰੀ ਮਾਂ।
ਮਾਏਂ ਖੜ੍ਹੇ ਰਹੇ ਮੇਰੇ ਵੀਰੇ,
ਤੂੰ ਬੋਲ ਮੇਰੀ ਮਾਂ।
ਮਾਏਂ ਡੋਲੀ ਨੂੰ ਲੱਗੜੇ ਲਾਚੇ,
ਤੂੰ ਬੋਲ ਮੇਰੀ ਮਾਂ।
ਮਾਏਂ ਖੜ੍ਹੇ ਰਹੇ ਮੇਰੇ ਚਾਚੇ,
ਤੂੰ ਬੋਲ ਮੇਰੀ ਮਾਂ।

ਬਾਬਲ ਧਰਮ ਕਰੇਂਦਿਆ,
ਮੈਨੂੰ ਰੱਖ ਲੈ ਅੱਜ ਦੀ ਰਾਤ।
ਬਾਰਾਂ ਤੇ ਬਰਸਾਂ ਅੱਗੇ ਰੱਖੀ,
ਧੀਏ ਅੱਜ ਨਹੀਂ ਰੱਖਣੀ ਰਾਤ ।
ਨੀ ਧੀਏ ਅੱਜ ਨਹੀਂ ਰੱਖਣੀ ਰਾਤ,
ਨੀ ਧੀਏ ਅੱਜ ਨਹੀਂ ਰੱਖਣੀ ਰਾਤ।
ਤੇਰੀ ਜੰਞ ਨਹੀਂ ਰੱਖਣੀ ਰਾਤ,
ਧੀਏ ਤੇਰੀ ਜੰਞ ਨਹੀਂ ਰੱਖਣੀ ਰਾਤ।
ਜੰਞ ਨੂੰ ਦੇ ਦਿਓ ਛੁੱਟੀਆਂ,
ਵੇ ਚੀਰੇ ਵਾਲੇ ਨੂੰ ਰੱਖ ਲਓ ਰਾਤ।
ਬਾਬਲ ਧਰਮ ਕਰੇਂਦਿਆ,
ਮੈਨੂੰ ਰੱਖ ਲੈ ਅੱਜ ਦੀ ਰਾਤ।

ਬੀਬੀ ਕੱਚੇ ਦੁੱਧਾਂ ਨਾਲ ਪਾਲੀ,
ਸੱਸੂ ਦੇ ਵਿਹੜੇ ਉਠ ਚੱਲੀ।
ਤੇਰੇ ਬਾਬਲ ਦੀ ਸਫ਼ਲ ਕਮਾਈ,
ਮਾਂ ਨੂੰ ਜੱਸ ਦੇ ਚੱਲੀ।

ਡੋਲੀ ਦਾ ਵਾਣ ਪੁਰਾਣਾ,
ਨੀ ਨਾ ਰੋ ਮੇਰੀ ਬੀਬੀ,
ਧੀਆਂ ਦਾ ਧੰਨ ਬਿਗਾਨਾ।

ਡੋਲੀ ਨੂੰ ਲੱਗੜੇ ਰੱਸੇ,
ਨੀ ਨਾ ਰੋ ਮੇਰੀ ਬੀਬੀ,
ਤੂੰ ਰੋਵੇਂ ਜੱਗ ਹੱਸੇ।

ਡੋਲੀ ਨੂੰ ਲੱਗੜੇ ਤੀਰ,
ਨੀ ਨਾ ਰੋ ਮੇਰੀ ਬੀਬੀ,
ਤੈਨੂੰ ਵਿਦਿਆ ਕਰੇਂਦੇ ਤੇਰੇ ਵੀਰ।

ਡੋਲੀ ਨੂੰ ਲੱਗੜੇ ਛਾਪੇ,
ਨੀ ਨਾ ਰੋ ਮੇਰੀ ਬੀਬੀ,
ਤੈਨੂੰ ਵਿਦਿਆ ਕਰੇਂਦੇ ਤੇਰੇ ਮਾਪੇ।

ਸਾਜਨ ਤਾਂ ਸਾਡੇ ਪਾਰ ਦੇ,
ਕੋਈ ਲੰਘ ਗਏ ਦਰਿਆ।
ਹਾਂ ਵੇ ਰੱਜ ਨਾ ਗੱਲਾਂ ਕੀਤੀਆਂ,
ਸਾਡੇ ਮਨੋ ਨਾ ਲੱਥਿਆ।
ਉਚਿਓ ਵੇ ਸਾਜਨੋ ਚਾਅ...

ਕਿਥੇ ਨੀ ਬੀਬੀ ਤੇਰਾ ਆਉਣਾ ਜਾਣਾ,
ਕੀ ਆ ਨੀ ਬੀਬੀ ਤੇਰਾ ਨਾਂ।
'ਮੂਨਕਾਂ' ਨੀ ਬੀਬੀ ਮੇਰਾ ਆਉਣਾ ਜਾਣਾ,
ਦੱਸਿਓ ਨਾ ਸਹੀਓ ਮੇਰਾ ਨਾਂ।
ਕਿਥੇ ਨੀ ਬੀਬੀ ਤੇਰਾ ਆਉਣਾ ਜਾਣਾ,
ਕਿਹੜਾ ਨੀ ਸ਼ਹਿਰ ਗਰਾਂ।
'ਮੂਨਕਾਂ' ਵੇ ਮਾਪਿਓ ਮੇਰਾ ਆਉਣਾ ਜਾਣਾ,
'ਤੂਰਾਂ' ਵੇ ਮੇਰਾ ਸ਼ਹਿਰ ਗਰਾਂ।
ਛੱਡਿਆ ਵੇ ਮਾਪਿਓ...
ਤੁਹਾਡਾ ਆਉਣਾ ਜਾਣਾ,
ਮੱਲਿਆ ਵੇ 'ਤੂਰਾਂ' ਸ਼ਹਿਰ ਗਰਾਂ।

ਕਾਹਨੂੰ ਗੁੰਦਾਈਆਂ ਮਾਏਂ ਮੀਢੀਆਂ,
ਸੁਹਣਾ ਤੇ ਸਾਵਾ ਪਾਇਆ ਵੇਸ ਨੀ।
ਅੱਖੀਆਂ ਡੁੱਲ੍ਹ-ਡੁੱਲ੍ਹ ਪੈਂਦੀਆਂ,
ਚੱਲੀਆਂ ਬੇਗਾਨੇ ਦੇਸ ਨੀ ਮਾਏਂ ਭੋਲੀਏ।

ਪੁੱਤਾਂ ਨੇ ਮੱਲੇ ਮਹਿਲ-ਚੁਬਾਰੇ,
ਧੀਆਂ ਦੇ ਵੱਡੇ ਪਰਦੇਸ ਨੀ।
ਅੱਖੀਆਂ ਡੁੱਲ੍ਹ-ਡੁੱਲ੍ਹ ਪੈਂਦੀਆਂ,
ਚੱਲੀਆਂ ਬੇਗਾਨੇ ਦੇਸ ਨੀ ਮਾਏਂ ਭੋਲੀਏ।

ਮੈਨੂੰ ਰੱਖ ਲੈ ਬਾਬਲ ਵੇ,
ਅੱਜ ਦੀ ਰਾਤ ਉਧਾਰੀ।
ਵਿਹੜੇ ਬੈਠੀ ਮਾਂ,
ਮੈਂ ਵਿਛੜ ਚੱਲੀ ਆਪ ਨੀ।
ਕੀਕਣ ਰੱਖਾਂ ਧੀਏ ਨੀ,
ਮੈਂ ਸੱਜਣ ਸਦਾ ਲਏ ਆਪ ਨੀ।
ਮੈਨੂੰ ਰੱਖ ਲੈ ਵੀਰਾ ਵੇ,
ਅੱਜ ਦੀ ਰਾਤ ਉਧਾਰੀ।
ਵਿਹੜੇ ਬੈਠੀ ਭਾਬੀਏ,
ਮੈਂ ਵਿਛੜ ਚੱਲੀ ਆਪ ਨੀ।
ਕੀਕਣ ਰੱਖਾਂ ਨਣਦੇ,
ਮੈਂ ਸੱਜਣ ਸਦਾ ਲਏ ਆਪ ਨੀ।
ਮੈਨੂੰ ਰੱਖ ਲੈ ਚਾਚਾ ਵੇ,
ਅੱਜ ਦੀ ਰਾਤ ਉਧਾਰੀ।
ਵਿਹੜੇ ਬੈਠੀ ਚਾਚੀਏ,
ਮੈਂ ਵਿਛੜ ਚੱਲੀ ਆਪ ਨੀ।
ਕੀਕਣ ਰੱਖਾਂ ਭਤੀਜੀਏ,
ਮੈਂ ਸੱਜਣ ਸਦਾ ਲਏ ਆਪ ਨੀ।

ਹਰੀਏ ਨੀ ਰਸ ਭਰੀਏ ਖਜੂਰੇ,
ਕਿਨ ਦਿੱਤਾ ਐਡੀ ਦੂਰੇ।
ਬਾਬਾ ਤਾਂ ਮੇਰਾ ਕਈ ਦੇਸਾਂ ਦਾ ਰਾਜਾ,
ਜਿਨ ਦਿੱਤਾ ਏਡੀ ਦੂਰੇ।
ਦਾਦੀ ਤਾਂ ਮੇਰੀ ਕਈ ਦੇਸਾਂ ਦੀ ਰਾਣੀ,
ਦਾਜ ਦਿੱਤਾ ਗੱਡ ਪੂਰੇ।
ਹਰੀਏ ਨੀ ਰਸ ਭਰੀਏ ਖਜੂਰੇ,
ਕਿਨ ਦਿੱਤਾ ਐਡੀ ਦੂਰੇ।
ਬਾਬਲ ਤਾਂ ਮੇਰਾ ਕਈ ਦੇਸਾਂ ਦਾ ਰਾਜਾ,
ਜਿਨ ਦਿੱਤਾ ਏਡੀ ਦੂਰੇ।
ਮਾਤਾ ਤਾਂ ਮੇਰੀ ਕਈ ਦੇਸਾਂ ਦੀ ਰਾਣੀ,
ਦਾਜ ਦਿੱਤਾ ਗੱਡ ਪੂਰੇ।

ਸਾਡਾ ਚਿੜੀਆਂ ਦਾ ਚੰਬਾ ਵੇ,
ਬਾਬਲ ਅਸੀਂ ਉਡ ਵੇ ਜਾਣਾ।
ਸਾਡੀ ਲੰਮੀ ਉਡਾਰੀ ਵੇ,
ਬਾਬਲ ਕਿਹੜੇ ਦੇਸ ਜਾਣਾ।
ਤੇਰੇ ਮਹਿਲਾਂ ਦੇ ਵਿਚ-ਵਿਚ ਵੇ,
ਬਾਬਲ ਗੁੱਡੀਆਂ ਕੌਣ ਖੇਡੇ।
ਮੇਰੀਆਂ ਖੇਡਣ ਪੋਤਰੀਆਂ,
ਧੀਏ ਘਰ ਜਾਹ ਆਪਣੇ।
ਤੇਰੇ ਮਹਿਲਾਂ ਦੇ ਵਿਚ-ਵਿਚ ਵੇ,
ਬਾਬਲ ਡੋਲਾ ਨਹੀਓਂ ਲੰਘਦਾ।
ਇਕ ਇੱਟ ਪੁਟਾ ਦੇਵਾਂ,
ਧੀਏ ਘਰ ਜਾਹ ਆਪਣੇ।
ਸਾਡਾ ਚਿੜੀਆਂ ਦਾ ਚੰਬਾ ਵੇ,
ਬਾਬਲ ਅਸੀਂ ਉਡ ਵੇ ਜਾਣਾ।
ਸਾਡੀ ਲੰਮੀ ਉਡਾਰੀ ਵੇ,
ਬਾਬਲ ਕਿਹੜੇ ਦੇਸ ਜਾਣਾ।

***

# ਵਿਆਹ ਦਾ ਕਾਰਡ

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

***ਜੋਤਿਸ਼ੀ ਅੱਗੇ ਜੇ ਕੋਈ ਜਵਾਨ ਹੱਥ ਕੱਢ ਕੇ ਬੈਠਾ ਹੋਵੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਇਹ ਹਾਲੇ ਵਿਆਹਿਆ ਹੋਇਆ ਨਹੀਂ ਹੈ ਤੇ ਵਿਆਹੇ-ਵਰ੍ਹੇ ਬੰਦੇ ਜੇ ਆਪਣੀਆਂ ਪਤਨੀਆਂ ਨੂੰ ਆਪ ਜੋਤਿਸ਼ੀ ਕੋਲ ਲੈ ਕੇ ਜਾਣ ਤਾਂ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੇ ਮੁਕੰਮਲ ਪਤੀ ਬਣਨ ਦੀਆਂ ਆਸਾਂ ਮੁੱਕ ਹੀ ਗਈਆਂ ਹਨ। ਕਈ ਵਾਰ ਘਰਾਂ ਵਿਚ ਜੋਤਿਸ਼ੀ ਤੇ ਜੋਤਿਸ਼ ਆਪ ਚੱਲ ਕੇ ਗਏ ਹੁੰਦੇ ਹਨ ਪਰ ਘਰ ਦਿਆਂ ਮਾਲਕਾਂ ਨੂੰ ਭੇਦ ਬੜੀ ਦੇਰ ਬਾਅਦ ਅਖਬਾਰਾਂ ਦੀਆਂ ਸੁਰਖੀਆਂ 'ਚੋਂ ਲੱਭਦੇ ਹਨ। ਅਸਲ ਵਿਚ ਹਾਲੇ ਵੀ ਕਈ ਮੂਰਖ ਇਸ ਉਡੀਕ ਵਿਚ ਹਨ ਕਿ ਕਰੇਲੇ ਮਿੱਠੇ ਹੋਣ ਲੱਗ ਪੈਣਗੇ। ਹੁਣ ਆਸਾਰ ਏਦਾਂ ਦੇ ਵੀ ਬਣਦੇ ਜਾ ਰਹੇ ਹਨ ਕਿ ਵਿਆਹ ਦੇ ਕਾਰਡ 'ਤੇ ਤਾਂ ਲਾੜੇ ਦਾ ਨਾਂ ਹੁੰਦੈ, ਮੁਕਲਾਵਾ ਕੋਈ ਹੋਰ ਹੀ ਲੈ ਜਾਂਦੈ। ਵਿਦੇਸ਼ਾਂ 'ਚ ਕਈ 'ਭੋਲੇ ਪੰਛੀਆਂ' ਨਾਲ ਅਜਿਹੀ ਕੁਪੱਤ ਵਾਹਵਾ ਹੋ ਚੁਕੀ ਹੈ। ਜਦੋਂ ਦੀਆਂ ਘੋਨ-ਮੋਨ ਸਿਰਾਂ 'ਤੇ ਵੀ ਕਲਗੀਆਂ ਸਜਾਈਆਂ ਜਾਣ ਲੱਗੀਆਂ ਹਨ, ਸਿਹਰੇ ਸਜਾਉਣ ਦਾ ਰਿਵਾਜ ਹੀ ਨਹੀਂ ਮੁੱਕਿਆ ਸਗੋਂ ਕੁੜੀਆਂ ਮੁੰਡਿਆਂ ਨੂੰ ਡੋਲੀ 'ਚ ਬਿਠਾ ਕੇ ਲਿਆਉਣ ਨੂੰ ਵੀ ਕਾਹਲੀਆਂ ਹੋ ਰਹੀਆਂ ਹਨ। ਕੈਸਾ ਯੁੱਗ ਆ ਗਿਆ ਹੈ ਕਿ ਚਾਲੀ ਕੁ ਟੱਪ ਕੇ ਜ਼ਿਆਦਾਤਰ ਪਤਨੀ ਪਤੀ ਨਾਲ ਨਹੀਂ, ਪਤੀ 'ਤੇ ਹੱਸ ਰਹੀ ਹੁੰਦੀ ਹੈ। ਇਹੀ ਕਾਰਨ ਹੈ ਕਿ ਕਈ ਵਾਰ ਪਤੀ ਦੀ ਬਿਮਾਰੀ ਦੇ ਲੱਛਣ ਡਾਕਟਰ ਨੂੰ ਰੋਗੀ ਤੋਂ ਪੁੱਛਣ ਦੀ ਜ਼ਰੂਰਤ ਹੀ ਨਹੀਂ ਪੈਂਦੀ। 'ਦਿਨ ਰਾਤ ਡੱਫਦੈ, ਕੱਖ ਨ੍ਹੀਂ ਛੱਡਦਾ, ਚਾਲ-ਚਲਣ ਇਹਦੇ ਨਾਲੋਂ ਘਰ 'ਚ ਰੱਖੇ ਕੁੱਤੇ ਦਾ ਚੰਗਾ, ਫੁੱਟ ਗਈ ਕਿਸਮਤ, ਚੂਹਾ ਜਿਹਾ ਰਾਤ ਨੂੰ ਕੁਸਕਦਾ ਨ੍ਹੀਂ, ਦਿਨ ਨੂੰ ਦਾਰਾ ਸਿਹੁੰ ਬਣਿਆ ਰਹਿੰਦੈ...।' ਜਦੋਂ ਦੇ ਕੁਨੈਕਸ਼ਨ ਡਾਇਰੈਕਟ ਹੋਣ ਲੱਗੇ ਨੇ, ਵਿਚੋਲੇ ਜਾਂਦੇ ਲੱਗੇ ਹਨ। ਪਹਿਲਾਂ 'ਲਵ' ਚਿੰਬੜਦੈ, ਫਿਰ 'ਵਿਆਹ' ਹੁੰਦੈ ਪਰ ਇਨ੍ਹਾਂ 'ਚ ਕਈ ਗ੍ਰਹਿਸਥ ਦੇ ਪਹਿਲੇ 'ਟੇਸ਼ਨ 'ਤੇ ਉਤਰ ਰਹੇ ਨੇ ਜਾਂ ਫਿਰ ਲਵ ਮੈਰਿਜ ਕਰਵਾਉਣ ਵਾਲੇ ਜੋਤਿਸ਼ੀਆਂ ਕੋਲੋਂ ਪਿਆਰ ਦਾ ਤਵੀਤ ਭਾਲਦੇ ਨੇ। ਖੈਰ! ਵਿਆਹ ਵੀ ਹੋਈ ਜਾਂਦੇ ਨੇ ਤੇ ਵਿਆਹ ਦੇ ਕਾਰਡ ਵੀ ਛਪੀ ਜਾਂਦੇ ਨੇ!***

ਕੋਈ ਮੰਨੇ ਜਾਂ ਨਾ ਪਰ ਸੱਚ ਇਹ ਹੈ ਕਿ ਵਿਆਹ ਅਸਲ 'ਚ ਇਕ ਲੱਤ ਨਾਲ ਨੱਚਣ ਦਾ ਅਭਿਆਸ ਹੀ ਹੈ ਜਾਂ ਏਦਾਂ ਕਿ ਦੋ ਕਿਰਦਾਰ ਗ੍ਰਹਿਸਥ ਦੀ ਗੱਡੀ ਨੂੰ ਖਿੱਚਦਿਆਂ ਪਿਆਰ ਦੀ ਬੁੱਕਲ ਲੈ ਕੇ ਝਗੜਨ ਦਾ ਹੀ ਰੰਗਮੰਚ ਸਿਰਜਦੇ ਹਨ। ਚਲੋ, ਵਿਆਹ ਦੀ ਗੱਲ ਕਿਤੇ ਫੇਰ ਕਰਾਂਗੇ ਪਰ ਵਿਆਹ ਨਾਲ ਜੋ ਹੋਰ ਬਹੁਤ ਕੁਝ ਜੁੜਿਆ ਹੋਇਆ ਹੈ, ਉਹਦੇ ਇਕ ਪਹਿਲੂ ਤੋਂ ਇੱਥੇ ਗੱਲ ਕਰਦੇ ਹਾਂ। ਰਿਸ਼ਤੇਦਾਰਾਂ, ਮਿੱਤਰਾਂ-ਦੋਸਤਾਂ ਅਤੇ ਸਾਕ-ਸਬੰਧੀਆਂ ਨੂੰ ਜਾਂਞੀ, ਮੇਲੀ ਅਤੇ ਰੌਣਕਾਂ ਦਾ ਛੱਰਾਟਾ ਵਰ੍ਹਾਉਣ ਲਈ ਜੋ ਸੱਦਾ ਦਿੱਤਾ ਜਾਂਦਾ ਹੈ, ਉਹਨੂੰ ਵਿਆਹ ਦਾ ਕਾਰਡ ਕਿਹਾ ਜਾਂਦਾ ਹੈ ਤੇ ਵਰਤਮਾਨ ਯੁੱਗ ਦੀ ਵਿਕਸਿਤ ਨਿਸ਼ਾਨੀ ਹੈ। ਪਰ ਜਦੋਂ ਪ੍ਰਿੰਟਿੰਗ ਮਸ਼ੀਨਾਂ ਨਹੀਂ ਸਨ ਆਈਆਂ, ਜਦੋਂ ਹੋਰ ਸੰਚਾਰ ਸਾਧਨ ਆਮ ਲੋਕਾਂ ਦੀ ਪਹੁੰਚ ਵਿਚ ਨਹੀਂ ਸਨ, ਉਦੋਂ ਪੱਛਮੀ ਸੱਭਿਅਤਾ ਵਿਚ ਰਿਵਾਜ ਸੀ, ਪਈ ਵਿਆਹ ਵਾਲੇ ਘਰ ਦਾ ਕੋਈ ਮੈਂਬਰ ਗਲੀਆਂ 'ਚ ਉਚੀ ਉਚੀ ਰੌਲਾ ਪਾਉਂਦਾ ਹੁੰਦਾ ਸੀ, "ਮੇਰੇ ਪੁੱਤ ਦਾ ਵਿਆਹ ਹੈ, ਧੀ ਦਾ ਵਿਆਹ ਹੈ, ਜ਼ਰੂਰ ਆਇਓ।"

ਬਰਤਾਨੀਆ 'ਚ ਇਹ ਪ੍ਰਥਾ ਬਹੁਤ ਚਿਰ ਚੱਲਦੀ ਰਹੀ। ਫਿਰ ਪੰਜਾਬੀ ਸੁਭਾਅ 'ਚ ਇਸ ਵਿਆਹ ਦੇ ਕਾਰਡ ਦਾ ਪਹਿਲਾ ਨਾਂ 'ਗੱਠ' ਹੁੰਦਾ ਸੀ। ਉਦੋਂ ਲਾਗੀ ਜਾਂ ਨਾਈ ਸਾਕ-ਸਬੰਧੀਆਂ 'ਚ ਪੈਦਲ ਚੱਲ ਕੇ, ਸਾਈਕਲ 'ਤੇ ਮੌਲੀ ਦਾ ਧਾਗਾ ਤੇ ਨਾਲ ਜ਼ੁਬਾਨੀ ਦੱਸ ਪਾਉਂਦਾ ਸੀ ਕਿ ਫਲਾਣੇ ਦਾ ਵਿਆਹ ਜੇਠ ਚੌਦਾਂ, ਹਾੜ ਪੰਦਰਾਂ ਨੂੰ ਪੱਕਾ ਹੋ ਗਿਆ ਹੈ, ਸਾਰੇ ਜੀਆ ਜੰਤ ਨਾਲ ਪਹੁੰਚੋ। ਘਰ ਦੇ ਫਿਰ ਟਕਾ, ਧੇਲੀ ਜਾਂ ਰੁਪੱਈਆ ਜਾਂ ਲਾਗੀ ਨੂੰ ਵਸਤਰ ਵੀ ਦਿੰਦੇ। ਸੰਚਾਰ ਸਾਧਨ ਵਿਕਸਿਤ ਹੋਏ, ਪ੍ਰਿੰਟਿੰਗ ਮਸ਼ੀਨਾਂ ਆਈਆਂ ਤੇ ਫਿਰ ਵਿਆਹ ਦੇ ਕਾਰਡ ਛਪਣ ਲੱਗ ਪਏ। ਫਿਰ ਇਹ ਸੱਦਾ ਵਿਆਹ ਦੇ ਕਾਰਡਾਂ 'ਚ ਬਦਲ ਗਿਆ। ਇਸ ਵੇਲੇ ਵਿਆਹ ਦੇ ਕਾਰਡ ਆਪੋ ਆਪਣੀ ਸਮਰੱਥਾ ਮੁਤਾਬਿਕ ਤਿਆਰ ਕਰਵਾਏ ਜਾਂਦੇ ਹਨ।

ਸਟੀਲ ਕਾਰੋਬਾਰੀ ਤੇ ਦੁਨੀਆਂ ਦੇ ਅਮੀਰ ਲੋਕਾਂ 'ਚ ਗਿਣੇ ਜਾਂਦੇ ਲਕਸ਼ਮੀ ਮਿੱਤਲ ਨੇ ਜਦੋਂ ਧੀ ਦਾ ਵਿਆਹ ਬ੍ਰਸਲਜ਼ (ਬੈਲਜੀਅਮ) ਦੇ ਮਹਿਲਾਂ ਵਿਚ ਕੀਤਾ ਤਾਂ ਕਾਰਡ ਦੇ ਨਾਲ ਚਾਂਦੀ ਦਾ ਮਹਿੰਗਾ ਤੋਹਫਾ ਵੀ ਦਿੱਤਾ। ਆਮ ਲੋਕ ਹੁਣ ਕਾਰਡ ਨਾਲ ਲੱਡੂ, ਵੱਡੇ ਲੋਕ ਵਧੀਆ ਮਠਿਆਈਆਂ ਤੇ ਹੋਰ ਵੱਡੇ ਲੋਕ ਮਹਿੰਗੇ ਡਰਾਈਫਰੂਟ ਵੀ ਦਿੰਦੇ ਹਨ। ਸੱਚ ਇਹ ਹੈ ਕਿ 'ਵਿਆਹ ਦਾ ਕਾਰਡ' ਅੱਜ ਦੁਨੀਆਂ ਭਰ ਵਿਚ ਇਕ ਮੁਕੰਮਲ ਕਾਰੋਬਾਰ ਸਮਝਿਆ ਜਾਂਦਾ ਹੈ। ਇਸ ਕਾਰਡ ਨੂੰ ਸ਼ਿੰਗਾਰਨ ਤੇ ਖੂਬਸੂਰਤ ਬਣਾਉਣ ਦੇ ਬੜੇ ਤਰੀਕੇ ਲੱਭ ਲਏ ਗਏ ਹਨ।

ਇਸ ਵਿਆਹ ਦੇ ਕਾਰਡ ਦੀ ਵਿਥਿਆ ਮੇਰੀ ਜ਼ਿੰਦਗੀ 'ਚੋਂ ਕਦੇ ਮਨਫੀ ਨਹੀਂ ਹੋਈ। ਗੜ੍ਹਸ਼ੰਕਰ ਤੋਂ ਹੁਸ਼ਿਆਰਪੁਰ ਨੂੰ ਜਾਂਦੀ ਸੜਕ 'ਤੇ ਮਾਹਿਲਪੁਰ ਤੋਂ ਅੱਗੇ ਸੜਕ ਵਿਚਾਲੇ ਪਈ ਇਕ ਨੌਜਵਾਨ ਦੀ ਲਾਸ਼, ਗੁੱਟ ਨਾਲ ਬੰਨ੍ਹੇ ਗਾਨੇ, ਹੱਥਾਂ ਨੂੰ ਲੱਗੀ ਮਹਿੰਦੀ ਤੇ ਨੇੜੇ ਡਿੱਗਿਆ ਪਿਆ ਵਿਆਹ ਦਾ ਕਾਰਡ-ਇਹ ਦੱਸਦਾ ਸੀ ਕਿ ਇਹ ਕਿਸੇ ਵਿਆਹ ਵਾਲੇ ਘਰ ਦਾ ਗੱਭਰੂ ਪੁੱਤ ਹੈ। ਬਹੁਤ ਸਾਰੇ ਲੋਕ ਗੁਜ਼ਰ ਰਹੇ ਸਨ। ਜਿਸ ਪਾਸੇ ਵੱਲ ਉਸ ਨੌਜਵਾਨ ਦਾ ਸਕੂਟਰ ਡਿੱਗਿਆ ਹੋਇਆ ਸੀ, ਉਧਰਲੇ ਪਾਸੇ ਹੀ ਮੈਂ ਵੀ ਆਪਣਾ ਸਕੂਟਰ ਖੜ੍ਹਾ ਕਰ ਭੀੜ ਦਾ ਹਿੱਸਾ ਬਣ ਗਿਆ। ਪੁਲਿਸ ਪਹੁੰਚੀ ਅਤੇ ਵਿਆਹ ਦੇ ਕਾਰਡ ਤੋਂ ਪਤਾ ਲੱਭ ਲਿਆ ਗਿਆ। ਆਮ ਲੋਕਾਂ ਲਈ ਇਹ ਗੱਲ ਇੱਥੇ ਹੀ ਖਤਮ ਹੋ ਗਈ ਸੀ। ਪਰ ਇਹ ਕਹਾਣੀ ਇਸ ਜਗ੍ਹਾ ਤੋਂ ਕੋਈ ਬਹੁਤੀ ਦੂਰ ਦੀ ਨਹੀਂ ਸੀ। ਗੱਭਰੂ ਦਾ ਅਗਲੇ ਦਿਨ ਵਿਆਹ ਹੋਣਾ ਸੀ, ਵਾਜੇ-ਗਾਜੇ ਨਾਲ ਜੰਞ ਚੜ੍ਹਨੀ ਸੀ ਜੋ ਇਕ ਮੁਰਦਾ ਸਰੀਰ ਬਣ ਚੁਕਾ ਸੀ।

ਸਮਾਂ ਕੋਈ ਸਵੇਰੇ ਅੱਠ ਕੁ ਵਜੇ ਦਾ ਹੋਵੇਗਾ। ਮੈਂ ਇਸ ਦਰਦ ਭਰੀ ਵਿਥਿਆ 'ਚ ਜਾਣ ਦੀ ਕੋਸ਼ਿਸ਼ ਕੀਤੀ ਤੇ ਜੋ ਮੈਂ ਜਾਣਿਆ, ਉਹ ਇਹ ਸੀ ਕਿ ਇਸ ਗੱਭਰੂ ਦਾ ਕਿਸੇ ਕੁੜੀ ਨਾਲ ਪਿਆਰ ਚੱਲ ਰਿਹਾ ਸੀ। ਪਾੜਾ ਗਰੀਬੀ ਤੇ ਅਮੀਰੀ ਦਾ ਸੀ। ਮੁੰਡਾ ਕਲਰਕ ਸੀ। ਕੁੜੀ ਪੀਐਚ.ਡੀ. ਸੀ ਤੇ ਨੌਕਰੀ ਕਰਦੀ ਸੀ। ਵਾਅਦੇ ਜ਼ਿੰਦਗੀ ਨਿਭਾਉਣ ਦੇ ਹੋਏ ਪਰ ਤੋੜ ਨਾ ਚੜ੍ਹੇ। ਅਮੀਰ ਮਾਪਿਆਂ ਨੇ ਧੀ ਦੀ ਇਕ ਨਾ ਸੁਣੀ। ਇਹ ਵੀ ਹੋਇਆ ਕਿ ਕੁੜੀ ਦੇ ਭਰਾਵਾਂ ਨੇ ਗੱਭਰੂ ਨੂੰ ਕਈ ਵਾਰ ਬਹੁਤ ਬੁਰੀ ਤਰ੍ਹਾਂ ਕੁੱਟਿਆ ਸੀ। ਆਖਰ ਇਕਲੌਤੇ ਪੁੱਤ ਦੇ ਗਰੀਬ ਮਾਂ-ਬਾਪ ਨੇ ਵਿਚ ਵਿਚਾਲੇ ਕੁਝ ਸਿਆਣੇ ਬੰਦਿਆਂ ਨੂੰ ਪਾ ਕੇ ਪੁੱਤਰ ਦਾ ਮੁੱਖ ਉਸ ਅਮੀਰ ਕੁੜੀ ਤੋਂ ਆਪਣੇ ਘਰ ਵੱਲ ਮੋੜ ਲਿਆ। ਰਿਸ਼ਤਾ ਨਵੇਂ ਥਾਂ ਹੋਇਆ ਤੇ ਵਿਆਹ ਦਾ ਦਿਨ ਮੁਕੱਰਰ ਹੋ ਗਿਆ। ਦੇਰ ਰਾਤ ਮਾਈਆਂ ਵਟਣਾ ਲੱਗਾ, ਘੋੜੀਆਂ ਗਾਈਆਂ ਗਈਆਂ ਤੇ ਦਸ ਕੁ ਵਜੇ ਇਹ ਵਿਆਹੁੰਦੜ ਮੁੰਡਾ ਸਕੂਟਰ ਚੁੱਕ ਕੇ ਘਰੋਂ ਨਿਕਲਿਆ ਤਾਂ ਮਾਂ ਨੇ ਕਿਹਾ, ਪੁੱਤ ਤੇਰਾ ਸਾਹਾ ਬੰਨ੍ਹਿਆ ਹੋਇਆ, ਤੂੰ ਘਰ ਤੋਂ ਬਾਹਰ ਨਹੀਂ ਜਾਣਾ। ਪਰ ਪੁੱਤ ਨੇ ਮਾਂ ਦੀ ਨਾ ਮੰਨੀ। ਇਹ ਕਹਿ ਕੇ ਚਲਾ ਗਿਆ ਕਿ ਮੈਂ ਪਿੰਡ ਹੀ ਕਿਸੇ ਦੇ ਘਰ ਜਾ ਰਿਹਾ ਹਾਂ। ਅਸਲ 'ਚ ਉਸੇ ਪ੍ਰੇਮਿਕਾ ਨੇ ਇਸ ਗਰੀਬੜੇ ਨੂੰ ਇਹ ਤਾਅਨਾ ਮਾਰ ਕੇ ਬੁਲਾਇਆ ਸੀ, "ਤੂੰ ਪਿਆਰ ਤਾਂ ਤੋੜ ਨਾ ਚੜ੍ਹਾ ਸਕਿਆ, ਸਹੁੰਆਂ ਨਾ ਨਿਭਾ ਸਕਿਆ, ਵਾਅਦਿਆਂ ਤੋਂ ਵੀ ਮੁੱਕਰ ਗਿਐਂ, ਤੂੰ ਕਿਸੇ ਹੋਰ ਦਾ ਬਣਨ ਜਾ ਰਿਹਾਂ। ਤੈਨੂੰ ਲੱਖ ਮੁਬਾਰਕ! ਪਰ ਚੰਦਰਿਆ ਮੈਂ ਆ ਤਾਂ ਸਕਦੀ ਨ੍ਹੀਂ ਸੀ, ਤੂੰ ਵਿਆਹ ਦਾ ਕਾਰਡ ਹੀ ਦੇ ਜਾਂਦਾ। ਜੇ ਮੇਰੇ ਲਈ ਤੇਰੇ ਮਨ 'ਚ ਹਾਲੇ ਵੀ ਕੋਈ ਥਾਂ ਹੈ, ਤਾਂ ਪਰਸੋਂ ਨੂੰ ਜੰਞ ਚੜ੍ਹਨੀ ਆ, ਮੈਨੂੰ ਆਪਣੇ ਵਿਆਹ ਦੇ ਕਾਰਡ ਦੀ ਸ਼ਕਲ ਤਾਂ ਦਿਖਾ ਜਾਈਂ।"

ਇਹ ਕੁਝ ਪੁਲਿਸ ਨੂੰ ਗੱਭਰੂ ਦੇ ਫੋਨ ਵਿਚ ਰਿਕਾਰਡ ਹੋਏ ਮੈਸੇਜ ਤੋਂ ਪਤਾ ਲੱਗਿਆ ਸੀ। ਤਫਤੀਸ਼ ਦੌਰਾਨ ਇਸ ਗਰੀਬ ਮਾਂ-ਬਾਪ ਨਾਲ ਸਭ ਤੋਂ ਵੱਡੇ ਹੋਏ ਧੱਕੇ ਦਾ ਖੁਲਾਸਾ ਹੋਇਆ। ਪ੍ਰੇਮਿਕਾ ਨੇ ਕਾਰਡ ਦੇਣ ਦੇ ਬਹਾਨੇ ਉਸ ਨੂੰ ਘਰ ਸੱਦਿਆ। ਰਸਤੇ 'ਚ ਆਪਣੇ ਭਰਾਵਾਂ ਤੋਂ ਕਤਲ ਕਰਵਾਇਆ ਤੇ ਟਰੈਕਟਰ-ਟਰਾਲੀ ਉਪਰੋਂ ਲੰਘਾ ਕੇ ਉਸ ਨੂੰ ਦੁਰਘਟਨਾ ਦਾ ਨਾਂ ਦੇ ਦਿੱਤਾ ਗਿਆ। ਪੰਜਾਬ ਦੇ ਇਕ ਬਿਰਧ ਆਸ਼ਰਮ ਵਿਚ ਸ਼ਗਨਾਂ ਦੇ ਗਾਨੇ ਬੰਨ੍ਹੀ ਅਣਿਆਈ ਮੌਤ ਮਰੇ ਪੁੱਤਰ ਦੀ ਯਾਦ 'ਚ ਵਿਲਕਦਾ ਬਾਪ ਚੀਕ ਚਿਹਾੜਾ ਪਾਉਂਦਾ, "ਓ ਕੋਈ ਮੇਰਾ ਦਰਸ਼ਨ ਲੱਭ ਕੇ ਲਿਆ ਦਿਓ, ਮੈਂ ਉਸ ਨੂੰ ਵਿਆਹ ਤਾਂ ਲਵਾਂ। ਉਹਦੀ ਮਾਂ ਤਾਂ ਚਲੀ ਗਈ ਹੈ, ਹੁਣ ਮੈਂ ਪਾਣੀ ਵੀ ਆਪ ਹੀ ਵਾਰ ਲਵਾਂਗਾ।" ਤੇ ਧਾਹੀਂ ਰੋਂਦਾ, ਦੁਹੱਥੜੀ ਪਿੱਟਦਾ ਇਹ ਬਦਕਿਸਮਤ ਬਾਪ ਮਹੀਨੇ 'ਚ ਕਈ ਕਈ ਵਾਰ ਬੇਹੋਸ਼ ਹੁੰਦਾ ਹੈ। ਉਸ ਨੌਜਵਾਨ ਦੀ ਲਾਸ਼ ਤੇ ਵਿਆਹ ਦਾ ਕਾਰਡ ਮੇਰੀਆਂ ਅੱਖਾਂ ਅੱਗਿਓਂ ਵਾਰ ਵਾਰ ਗੁਜ਼ਰਦੇ ਹੀ ਰਹਿੰਦੇ ਹਨ।

ਗੱਲ ਪੰਜਾਬ ਦੇ ਕਾਲੇ ਦੌਰ ਦੀ ਹੈ। ਇਕ ਵਿਆਹ ਲਈ ਛਪਿਆ ਜਲੰਧਰ ਦੀ ਪ੍ਰੈਸ 'ਚੋਂ ਇਕ ਬੜਾ ਮਹਿੰਗਾ ਕਾਰਡ। ਹਿਮਾਚਲ ਦੀਆਂ ਪਹਾੜੀਆਂ ਨਾਲ ਲੱਗਦੇ ਪੰਜਾਬ ਦੇ ਇਕ ਪਿੰਡ ਦਾ ਵਾਕਿਆ। ਕਾਰਡ ਨਾਲ ਬਾਲੂਸ਼ਾਹੀ ਦੇ ਡੱਬੇ। ਮਿਲਟਰੀ ਬੈਂਡ ਦੀਆਂ ਧੁਨਾਂ। ਬਰਾਤ ਵਿਆਹੁਣ ਲਈ ਤੁਰੀ, ਖਾਂਦੇ-ਪੀਂਦੇ ਘਰ 'ਚੋਂ ਗਈ ਬਰਾਤ, ਔਰਤਾਂ ਦੇ ਮਹਿੰਗੇ ਕੱਪੜੇ, ਹੱਥਾਂ 'ਤੇ ਮਹਿੰਦੀ, ਪੂਰਾ ਹਾਰ ਸ਼ਿੰਗਾਰ, ਗੱਡੀ 'ਚੋਂ ਉਤਰ ਕੇ ਲਾੜਾ ਘੋੜੀ 'ਤੇ ਚੜ੍ਹਿਆ। ਹਾਲੇ ਵਾਜੇ ਦੀ ਪਹਿਲੀ ਧੁਨ ਹੀ ਨਿਕਲੀ ਸੀ ਕਿ ਨਾਲ ਹੀ ਨਿਕਲ ਆਏ ਚਾਰ ਨੌਜਵਾਨ, ਮੂੰਹ ਢਕੇ ਹੋਏ, ਹੱਥਾਂ 'ਚ ਹਥਿਆਰ, "ਵਜਾਉਂਦੇ ਆਂ ਤੁਹਾਡਾ ਵਾਜਾ, ਠਹਿਰੋ ਜ਼ਰਾ, ਤੁਹਾਨੂੰ ਸਾਡਾ ਹੁਕਮ ਨਹੀਂ ਸੀ ਪਤਾ ਕਿ ਬਰਾਤ ਨਾਲ ਪੰਜ ਬੰਦੇ ਹੀ ਜਾਣਗੇ?"

ਲਾੜਾ ਘੋੜੀ ਤੋਂ ਲਾਹ ਲਿਆ। ਲਾੜੀ ਦਾ ਪਰਿਵਾਰ ਤੇ ਰਿਸ਼ਤੇਦਾਰ ਅੰਦਰ ਵੜ੍ਹ ਗਏ। ਮਿਲਣੀ ਵਾਲੀਆਂ ਗੱਠਾਂ ਵੀ ਨਾਲ ਹੀ ਚੁੱਕ ਕੇ ਲੈ ਗਏ ਤੇ ਕਰੀਬ ਸਵਾ ਕੁ ਸੌ ਬੰਦੇ ਦੀ ਬਰਾਤ ਨੂੰ ਜਿਸ ਕੰਮ ਲਈ ਲਾ ਦਿੱਤਾ ਗਿਆ, ਇਉਂ ਲੱਗਦਾ ਸੀ, ਜਿਵੇਂ ਕਿਸੇ ਨੇ ਹੱਥ ਤਾਂ ਫੁੱਲਾਂ ਨੂੰ ਪਾਇਆ ਹੋਵੇ ਪਰ ਅੱਗਿਓਂ ਖੜੱਪਾ ਨਾਗ ਨਿਕਲ ਆਇਆ ਹੋਵੇ। ਪੋਹ ਦੀ ਠੰਡ ਤੇ ਪਿੰਡ ਦੀ ਫਿਰਨੀ ਨਾਲ ਤਿੰਨ ਚਾਰ ਫੁੱਟ ਉਚਾ ਗੋਹੇ ਦਾ ਢੇਰ। ਸਾਰੇ ਲਾ ਲਏ ਪਾਥੀਆਂ ਪੱਥਣ, ਬਖਸ਼ਿਆ ਇਹ ਸੀ ਕਿ ਚਲੋ ਲਾੜੇ ਨੂੰ ਕੰਧ 'ਤੇ ਬੈਠਣ ਦਾ ਮੌਕਾ ਦੇ ਦਿੱਤਾ ਕਿ ਉਸ ਤੋਂ ਪਾਥੀਆਂ ਦੀ ਸੇਵਾ ਨਹੀਂ ਲਈ ਗਈ। ਨੌਂ ਵਜੇ ਪਿੰਡ ਢੁੱਕੀ ਬਾਰਾਤ ਦੁਪਹਿਰ ਦੇ ਖਾਣੇ ਵੇਲੇ ਤੱਕ ਪਾਥੀਆਂ ਹੀ ਪੱਥਦੀ ਰਹੀ। ਇੰਜ ਮਹਿੰਦੀ ਵਾਲੇ ਹੱਥਾਂ ਨੂੰ ਗੋਹੇ ਦਾ ਪਲੇਥਣ ਵੀ ਲੱਗਦਾ ਰਿਹਾ। ਸਿਰਫ ਦਸ ਜਣਿਆਂ ਨੂੰ ਹੀ ਵਿਆਹ ਦੇ ਸਮਾਗਮ ਵਿਚ ਸ਼ਾਮਿਲ ਹੋਣ ਦੀ ਛੋਟ ਦੇ ਕੇ ਬਾਕੀਆਂ ਨੂੰ ਪਿੰਡ ਦੇ ਬਸੀਮੇ ਤੱਕ ਦੌੜਾ ਕੇ ਬਾਹਰ ਕੱਢਿਆ ਗਿਆ। ਜਾਣ ਲੱਗੇ ਵਿਆਹੁੰਦੜ ਦੇ ਹੱਥ 'ਚ ਉਹਦਾ ਹੀ ਮਹਿੰਗਾ ਕਾਰਡ ਫੜਾ ਕੇ ਉਹ ਚਾਰੇ ਏ.ਕੇ. ਸੰਤਾਲੀ ਦਾ ਮੂੰਹ ਉਹਦੇ ਵੱਲ ਸਿੱਧਾ ਕਰਕੇ ਕਹਿਣ ਲੱਗੇ, ਯਾਦ ਰੱਖੇਂਗਾ ਕਿ ਕਾਰਡ ਤਾਂ ਸੋਨੇ ਰੰਗ ਦੇ ਛਪਾਏ ਸੀ ਪਰ ਆਪ ਲਹੂ ਲੁਹਾਣ ਹੋਣ ਤੋਂ ਬਚ ਗਿਆਂ।


ਇਨ੍ਹਾਂ ਵਾਕਿਆਤ ਤੋਂ ਕੁਝ ਹੀ ਦਿਨਾਂ ਬਾਅਦ ਜੰਞ ਚੜ੍ਹਨ ਦੀ ਮੇਰੀ ਵੀ ਵਾਰੀ ਸੀ। ਚਾਰੇ ਪਾਸੇ ਦਹਿਸ਼ਤ ਦਾ ਮਾਹੌਲ ਸੀ। ਬਰਾਤ 'ਚ ਵੱਡੀ ਗਿਣਤੀ 'ਚ ਗਾਉਣ ਵਾਲਿਆਂ ਤੇ ਗਾਉਣ ਵਾਲੀਆਂ ਨੇ ਸ਼ਾਮਿਲ ਹੋਣਾ ਸੀ। ਚਲੋ ਸੰਪਰਕ ਸੂਤਰ ਬਣਾ ਕੇ ਬਚਾ ਤਾਂ ਕਰ ਲਿਆ ਪਰ ਸ਼ਾਮ ਤੱਕ ਦਿਲ ਨੂੰ ਧੁੜਕੂ ਧੁੜਕੂ ਏਦਾਂ ਲੱਗਦੀ ਰਹੀ ਜਿਵੇਂ ਡਾਕਟਰ ਕਈ ਵਾਰ ਮਰਨ ਵਾਲੇ ਮਰੀਜ਼ ਦੇ ਪਰਿਵਾਰ ਨੂੰ ਕਹਿੰਦੇ ਨੇ, "ਸੇਵਾ ਕਰ ਲਓ, ਹੁਣ ਤਾਂ ਕੁਝ ਘੜੀਆਂ ਦਾ ਹੀ ਪ੍ਰਾਹੁਣਾ ਹੈ" ਤੇ ਰੋਗੀ ਸ਼ਾਮ ਨੂੰ ਉਠ ਕੇ ਭੰਗੜਾ ਪਾਉਣ ਲੱਗ ਪਵੇ, ਤਾਂ ਇਹ ਨਜ਼ਾਰਾ ਕੁਝ ਵੱਖਰੀ ਹੀ ਕਿਸਮ ਦਾ ਹੁੰਦਾ ਹੈ।

ਉਂਜ ਵੱਖਰੀ ਗੱਲ ਇਹ ਸੀ ਮੇਰੇ ਵਿਆਹ ਦਾ ਕਾਵਿਕ ਕਾਰਡ ਜਲੰਧਰ ਤੋਂ ਤਾਂ ਨਹੀਂ, ਲੁਧਿਆਣੇ ਤੋਂ ਛਪਿਆ ਸੀ। ਉਨ੍ਹਾਂ ਦਿਨਾਂ 'ਚ ਇਸ ਕਾਰਡ ਦੀ ਸ਼ਬਦਾਵਲੀ ਕਿਸੇ ਮਾੜੇ ਗੀਤ ਜਿੰਨੀ ਪ੍ਰਸਿੱਧੀ ਖੱਟ ਗਈ ਸੀ। ਪ੍ਰੈਸ ਵਾਲਿਆਂ ਦੇ ਦੱਸਣ ਮੁਤਾਬਿਕ ਸੈਂਕੜੇ ਪਰਿਵਾਰਾਂ ਨੇ ਮੁੰਡੇ-ਕੁੜੀ ਦਾ ਨਾਂ-ਥਾਂ ਬਦਲ ਕੇ ਇੰਨ-ਬਿੰਨ ਉਹੀ ਕਾਰਡ ਵੰਡਿਆ ਸੀ। ਬਰਾਤਾਂ ਰੋਕਣ ਦੇ ਦੌਰ 'ਚ ਇਸ ਕਾਰਡ ਦਾ ਪ੍ਰਸਾਰ ਜ਼ਰੂਰ ਹੋ ਗਿਆ ਸੀ। ਨਾ ਇਹ ਦਿਨ ਭੁੱਲਦੇ ਨੇ, ਨਾ ਉਹ ਵਾਕਿਆ ਭੁੱਲਦਾ ਹੈ। ਕਈ ਵਾਰ ਸੋਚਦਾ ਹਾਂ ਕਿ ਮਾੜੇ ਦੌਰ 'ਚੋਂ ਚੰਗੇ ਭਲੇ ਨਿਕਲ ਆਏ ਹਾਂ। ਪਰ ਵਿਆਹ ਦਾ ਲੱਡੂ ਮੇਰਾ ਵੀ ਬਾਕੀਆਂ ਵਾਂਗ ਹੀ ਭੁਰਦਾ ਹੈ। ਜਿਨ੍ਹਾਂ ਨੇ ਖਾ ਲਿਆ, ਉਨ੍ਹਾਂ ਦੀ ਜੀਭ ਸੁਆਦ ਨਾਲ ਰੱਜ ਗਈ ਹੈ, ਜਿਨ੍ਹਾਂ ਨੇ ਖਾਣਾ ਹੈ, ਉਹ ਜੀਭ ਨੂੰ ਵਾਰ ਵਾਰ ਅੰਦਰ-ਬਾਹਰ ਕਰੀ ਜਾ ਰਹੇ ਨੇ। ਚਲੋ ਰਾਜੇ-ਮਹਾਰਾਜੇ ਕੱਪੜਿਆਂ 'ਤੇ ਸੱਦਾ-ਪੱਤਰ ਭੇਜਦੇ ਰਹੇ ਨੇ, ਆਮ ਲੋਕ ਲਾਗੀਆਂ ਰਾਹੀਂ ਤੇ ਹੁਣ ਇਹ ਥਾਂ ਵਧੀਆ ਕਿਸਮ ਦੇ ਕਾਰਡਾਂ ਨੇ ਲੈ ਲਈ ਹੈ। ਪਰ ਗ੍ਰਹਿਸਥ ਦੀ ਗੱਡੀ ਦੇ ਪਹੀਏ ਸਫਰ ਸ਼ੁਰੂ ਹੁੰਦਿਆਂ ਹੀ ਲੀਹੋਂ ਲੱਥਣੇ ਸ਼ੁਰੂ ਹੋ ਜਾਂਦੇ ਨੇ।

ਇਨ੍ਹਾਂ ਦਿਨਾਂ 'ਚ ਹੀ ਇਕ ਗੀਤ ਆਇਆ ਸੀ ਕਿ 'ਤੇਰੇ ਵਿਆਹ ਦਾ ਕਾਰਡ ਪੜ੍ਹ ਕੇ ਤਾਂ ਐਵੇਂ ਹੀ ਦਿਲ ਭਰ ਆਇਆ ਸੀ' ਤੇ ਮੈਂ ਜਦੋਂ ਵੀ ਵਿਆਹ ਦਾ ਕਾਰਡ ਵੇਖਦਾ ਹਾਂ ਤਾਂ ਦਿਲ ਤਾਂ ਨਹੀਂ ਭਰਦਾ ਪਰ ਹੋਰ ਬੜਾ ਕੁਝ ਉਛਲਣ ਲੱਗ ਪੈਂਦਾ ਹੈ।



*ਪੰਜਾਬੀ ਟ੍ਰਿਬਿਊਨ ਦੇ ਮਰਹੂਮ ਆਰਟਿਸਟ ਪ੍ਰਕਾਸ਼ ਵਲੋਂ ਇਕ ਲਿਖਤ ਨਾਲ ਬਣਾਇਆ ਗਿਆ ਚਿੱਤਰ ਜਿਸ 'ਤੇ ਇਸੇ ਕਾਰਡ ਦੀਆਂ ਸਤਰਾਂ ਦੁਹਰਾਈਆਂ ਗਈਆਂ। ਚਿੱਤਰ 'ਚ ਦੋ ਹਥਿਆਰ ਦੱਸਦੇ ਨੇ ਕਿ ਗੱਲ ਸੁਖਾਵੇਂ ਦਿਨਾਂ ਦੀ ਨਹੀਂ ਹੈ।*



ਮੰਨਿਆਂ ਕਿ ਤੁਹਾਡੇ ਰੁਝੇਵੇਂ ਬਹੁਤ ਨੇ
ਪਰ ਇਹ ਵੀ ਦੱਸੋ ਕਿ ਇਥੇ ਵਿਹਲਾ ਕੌਣ ਹੈ।
ਫਿਰ ਆਪ ਵਰਗੀਆਂ ਸ਼ਖਸੀਅਤਾਂ ਤੋਂ ਬਿਨਾ
ਅਜਿਹੇ ਸ਼ੁਭ ਕਾਰਜ ਸੋਂਹਦੇ ਵੀ ਤਾਂ ਨਹੀਂ।
ਤਾਂ ਫਿਰ ਵਾਅਦਾ ਕਰੋ ਕਿ ਤੁਸੀਂ ਮੇਰੇ ਪੁੱਤਰ
**ਅਸ਼ੋਕ** ਦੇ ਵਿਆਹ ਤੇ ਜ਼ਰੂਰ ਹਾਜ਼ਿਰ ਹੋਵੋਗੇ।
ਨਾਲ ਸਾਡੇ ਘਰ ਦੇ ਜਿਸ ਦਾਣੇ ਤੇ ਤੁਹਾਡੇ ਨਾਂ ਦੀ ਮੋਹਰ ਹੈ
ਉਹ ਤੁਸੀਂ ਹੀ ਤਾਂ ਖਾਣਾ ਹੈ।
ਨਵੀਂ ਬਹੂ **ਕਸ਼ਮੀਰ ਕੌਰ** ਸਪੁੱਤਰੀ ਸ. ਸੋਹਣ ਸਿੰਘ
ਵਾਸੀ ਮਖਸੂਸਪੁਰ (ਹੁਸ਼ਿਆਰਪੁਰ) ਦੇ
ਦੇਹਲੀ ਪੈਰ ਪਾਉਣ ਤੇ ਖੁਸ਼ੀ ਤਾਂ ਹੋਵੇਗੀ ਹੀ, ਸਗੋਂ
ਤੁਹਾਡੀ ਹਾਜ਼ਰੀ ਵਿਚ ਸਾਡਾ ਕੱਦ ਮਾਣ ਨਾਲ ਉੱਚਾ ਹੋ ਜਾਵੇਗਾ।
ਸਮੇਂ ਨੇ ਇਜਾਜ਼ਤ ਦਿੱਤੀ ਤਾਂ ਤੁਹਾਡੇ ਮਨੋਰੰਜਨ ਦਾ
ਕੋਈ ਨਾ ਕੋਈ ਪ੍ਰਬੰਧ ਵੀ ਜ਼ਰੂਰ ਕਰਾਂਗੇ।
ਗੁਜ਼ਾਰਿਸ਼ ਵੀ ਹੈ ਤੇ ਬੇਨਤੀ ਵੀ ਕਿ ਮੇਰੇ ਪੁੱਤਰ ਜਿਸ ਨੂੰ ਤੁਸੀਂ ਐਸ. ਅਸ਼ੋਕ ਭੌਰਾ
ਦੇ ਨਾਂ ਨਾਲ ਜਾਣਦੇ ਹੋ, ਦੇ ਵਿਆਹ ਦੀ ਸ਼ੁਭ ਘੜੀ ਤੇ ਸਾਡੇ ਨਿਵਾਸ
ਅਸਥਾਨ ਪਿੰਡ ਤੇ ਡਾਕ ਭੌਰਾ (ਜਲੰਧਰ) ਵਿਖੇ ਹਾਜ਼ਿਰ ਹੋ ਕੇ
ਕੁਝ ਪਲ ਸਾਡੇ ਲੇਖੇ ਲਾਓ।

ਤੁਹਾਡੇ ਸਵਾਗਤ ਲਈ ਹਾਜ਼ਿਰ ਨੇ
ਸੂਬੇਦਾਰ ਨਸੀਬ
ਅਮਰੀਕ
ਕਮਲ
ਮਾਸਟਰ ਗੁਰਦੇਵ
ਤਰਸੇਮ ਕੌਰ

**ਪ੍ਰਕਾਸ਼ ਕੌਰ (ਮਾਤਾ)**

**ਪ੍ਰੋਗਰਾਮ**
24 ਮਾਰਚ 1989, ਦਿਨ ਸ਼ੁਕਰਵਾਰ
ਭੋਗ ਸ੍ਰੀ ਅਖੰਡ ਪਾਠ — ਸਵੇਰੇ 11 ਵਜੇ
ਗੁਰੂ ਕਾ ਲੰਗਰ — ਦੁਪਹਿਰ 12 ਵਜੇ
25 ਮਾਰਚ 1989, ਦਿਨ ਸ਼ਨੀਵਾਰ
ਰਵਾਨਗੀ ਬਰਾਤ — ਸਵੇਰੇ 7 ਵਜੇ

*ਮੇਰੇ ਵਿਆਹ ਦੇ ਕਾਰਡ ਦੀ ਅਸਲ ਇਬਾਰਤ*

## ਗੱਲ ਬਣੀ ਕਿ ਨਹੀਂ

*-ਐਸ. ਅਸ਼ੋਕ ਭੌਰਾ*

### ਲੁੱਚਪੁਣੇ ਦਾ ਬਿਸਤਰਾ

ਕੂੰਜਾਂ ਧਾਹਾਂ ਮਾਰਨ ਲੱਗੀਆਂ ਹੋ ਗਿਆ ਬਾਗ ਵੀਰਾਨ।
ਨਬਜ਼ ਖਲੋ ਗਈ ਅਬਲਾ ਦੀ ਬਸ ਨਹੀਂ ਨਿਕਲਦੀ ਜਾਨ।
ਨਾ ਕੋਈ ਦੀਨ ਇਮਾਨ ਰਹਿ ਗਿਆ ਨਾ ਕੋਈ ਸ਼ਰਮ ਹਯਾ।
ਇਕ ਦੂਜੇ ਨੂੰ ਪੁੱਛਣ ਲੋਕੀਂ ਹੋਇਆ ਕੀ ਏ ਆਹ?
ਮਰ ਮਰ ਜਾਣ ਸਿਆਣੇ ਬੰਦੇ ਵੇਖ ਨੇਤਾ ਦੇ ਰੰਗ,
ਚਿੱਟੀ ਦਾੜ੍ਹੀ ਧੌਲਾ ਝਾਟਾ ਕਿੱਲੀ ਟੰਗ'ਤੀ ਸੰਗ।
ਸੱਚ ਕਹਾਣੀ, ਝੂਠਾ ਬੰਦਾ, ਮੂੰਹ ਹੋ ਗਿਆ ਬੰਦ।
ਕੈਮਰਾ ਅੱਗ ਉਗਲਦਾ ਸੱਚੀਂ, ਵੇਖ ਨ੍ਹੀਂ ਹੁੰਦਾ ਗੰਦ।
ਲੰਗੋਟੀ ਖੁੱਲ੍ਹ ਗਈ ਪਾਪਾਂ ਦੀ ਪਈ ਸਿਰ ਸੁਆਹ,
ਚਾਰ ਚੁਫੇਰੇ ਉਠਿਆ ਧੂੰਆਂ, ਕਿੱਦਾਂ ਆਵੇ ਸਾਹ?
ਕਿੱਥੇ ਛੱਡਦਾ ਹਲਕਿਆ ਕੁੱਤਾ, ਮੂੰਹ ਵਿਚ ਆਇਆ ਹੱਡ।
ਹੱਦਾਂ ਟੱਪੀਆਂ ਸਾਰੀਆਂ ਹੁਣ ਅੱਗੇ ਆ ਗਈ ਖੱਡ।
ਰਾਜਨੀਤੀ ਦਾ ਗਰਕਿਆ ਬੇੜਾ ਕਦੋਂ ਆਏਗਾ ਰਾਸ?
ਚਿੱਕੜ ਵਿਚੋਂ ਨਿਕਲਣ ਦੀ ਹੁਣ ਕਿੱਥੇ ਬੱਝਦੀ ਆਸ?
ਬੇਸ਼ਰਮੀ ਤੇ ਲੁੱਚਪੁਣੇ ਦਾ ਬਿਸਤਰਾ ਲਿਆ ਵਿਛਾਅ,
ਤਾਂ ਫਿਰ ਸੁਣਦੀ ਬੇਵੱਸ ਦੀ ਹੁਣ ਨਿਕਲੀ 'ਭੌਰੇ' ਧਾਹ।

## ਭਖਦੇ ਮਸਲੇ

# ਘਰ ਵਾਪਸੀ

***ਹਾਲ ਹੀ ਵਿਚ ਸਿਰਸਾ ਦੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਬਾਰੇ ਖੁਲਾਸੇ ਹੋਣ ਪਿਛੋਂ ਖਾਸ ਕਰ ਸਿੱਖ ਧਰਮ ਵਿਚ ਡੇਰੇ ਦੇ ਪੈਰੋਕਾਰਾਂ ਨੂੰ ਘਰ ਵਾਪਸੀ ਅਰਥਾਤ ਆਪਣੇ ਧਰਮ ਅਰਥਾਤ ਅਕੀਦੇ ਵਿਚ ਵਾਪਸ ਆਉਣ ਦੀਆਂ ਅਪੀਲਾਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਅਪੀਲਾਂ ਦਾ ਅਰਥ ਕੀ ਹੈ? ਇਸੇ ਨੁਕਤੇ ਉਤੇ ਲੇਖਕ ਅਵਤਾਰ ਗੋਂਦਾਰਾ ਨੇ ਉਂਗਲ ਧਰੀ ਹੈ। -ਸੰਪਾਦਕ***

ਸਰੀਰਕ ਸ਼ੋਸ਼ਣ ਦੇ ਦੋਸ਼ਾਂ ਤਹਿਤ ਕਈ ਡੇਰੇਦਾਰਾਂ ਦੇ ਜੇਲ੍ਹ ਜਾਣ ਉਪਰੰਤ ਉਨ੍ਹਾਂ ਦੇ ਲੱਖਾਂ ਪੈਰੋਕਾਰਾਂ ਦੀ 'ਘਰ ਵਾਪਸੀ' ਦਾ ਮੁੱਦਾ ਭੱਖਿਆ ਹੋਇਆ ਹੈ। ਇਸ ਵਰਤਾਰੇ 'ਚੋਂ ਕਈ ਸੁਆਲ ਪੈਦਾ ਹੁੰਦੇ ਹਨ। ਘਰ ਕੀ ਹੈ? ਘਰ ਵਾਪਸੀ ਕੀ ਹੈ? ਪਹਿਲਾ ਘਰ ਕਿਹੜਾ ਸੀ? ਇਹ ਕਿਉਂ ਛੱਡਿਆ ਗਿਆ? ਸ਼ੋਸ਼ਣ ਕਦੋਂ ਸ਼ੁਰੂ ਹੁੰਦਾ ਹੈ?

ਨਿੱਕੇ ਮੋਟੇ ਇਲਾਕਾਈ ਮੱਤ ਮੱਤਾਂਤਰਾਂ ਤੋਂ ਇਲਾਵਾ ਭਾਰਤ ਵਿਚਲੇ ਮੁੱਖ ਧਰਮਾਂ ਨੇ ਪੈਰੋਕਾਰਾਂ ਦੀ ਵੱਡੀ ਗਿਣਤੀ ਨੂੰ ਆਪਣੇ ਕਲਾਵੇ ਵਿਚ ਲਿਆ ਹੋਇਆ ਹੈ। ਆਬਾਦੀ ਦਾ 80% ਹਿੱਸਾ ਹਿੰਦੂ, 15% ਮੁਸਲਿਮ, 1% ਬੋਧੀ, 2.3% ਇਸਾਈ, 1.7% ਸਿੱਖ ਅਤੇ ਪਾਰਸੀਆਂ, ਯਹੂਦੀਆਂ ਵਿਚ ਵੰਡਿਆ ਹੋਇਆ ਹੈ। ਇਨ੍ਹਾਂ 'ਚੋਂ ਬਹੁਤੇ ਧਰਮਾਂ ਦਾ ਆਧਾਰ ਇਨ੍ਹਾਂ ਦੇ ਮੋਢੀ ਗੁਰੂਆਂ ਜਾਂ ਪੈਗੰਬਰਾਂ ਵਲੋਂ ਲਿਖੇ ਧਾਰਮਿਕ ਗ੍ਰੰਥ ਹਨ, ਜਿਨ੍ਹਾਂ ਦੀ ਆਪੋ-ਆਪਣੀ ਰਹਿਤ ਮਰਿਆਦਾ ਹੈ।



ਅਵਤਾਰ ਗੋਂਦਾਰਾ
ਫੋਨ: 559-375-2589

ਬਰਾਬਰੀ ਦੇ ਦਾਵਿਆਂ ਦੇ ਬਾਵਜੂਦ ਇਨ੍ਹਾਂ ਵਿਚੋਂ ਕੋਈ ਵੀ ਮੱਤ ਆਪਣੇ ਪੈਰੋਕਾਰਾਂ 'ਚ ਰੋਟੀ ਬੇਟੀ ਦੀ ਸਾਂਝ ਨੂੰ ਸਮਾਜਿਕ ਰੂਪ ਦੇਣ ਵਿਚ ਕਾਮਯਾਬ ਨਹੀਂ ਹੋ ਸਕਿਆ, ਨਾ ਹੀ ਹੋਣਾ ਹੈ। ਸਿੱਖ ਧਰਮ ਦੀ ਬਰਾਬਰੀ ਵੀ 'ਲੰਗਰ ਹਾਲ' ਤੋਂ ਬਾਹਰ ਦ੍ਰਿਸ਼ਟੀਗੋਚਰ ਨਹੀਂ ਹੁੰਦੀ। ਇਸ ਪਿਛੋਕਤ ਵਿਚ ਡੇਰਿਆਂ ਦੇ ਉਭਾਰ ਨੂੰ ਸਮਝਿਆ ਜਾ ਸਕਦਾ ਹੈ।

ਸੌਦਾ ਸਾਧ ਦੀ ਸਜ਼ਾ ਦੇ ਹਵਾਲੇ ਨਾਲ ਡੇਰਿਆਂ ਦੀ ਹੋ ਰਹੀ ਵਿਆਪਕ ਆਲੋਚਨਾ ਦੇ ਵਿਰੋਧ ਵਿਚ ਪਿੱਛਲ-ਮੁਖੀ ਸਿਆਸਤ ਅਤੇ ਮੁੱਖ ਧਰਮਾਂ ਦੇ ਬੁਲਾਰੇ ਇੱਕ ਮਤ ਹਨ ਕਿ ਡੇਰਿਆਂ ਖਿਲਾਫ ਹੋ ਰਿਹਾ ਭੰਡੀ-ਪ੍ਰਚਾਰ ਬੰਦ ਕੀਤਾ ਜਾਵੇ। ਉਹ ਡੇਰਿਆਂ ਦੀ ਸੰਸਥਾ ਨੂੰ ਬਚਾਈ ਰੱਖਣ ਦੇ ਫਿਕਰ ਵਿਚ ਹਨ। ਉਨ੍ਹਾਂ ਨੂੰ ਪਤਾ ਹੈ ਕਿ ਧਰਮ ਪ੍ਰਚਾਰ ਇੱਕ ਜਾਂ ਦੂਜੇ ਸਿਆਸੀ ਰੁਝਾਨ ਦੇ ਲੋਕ ਸੰਪਰਕ ਦਾ ਕੰਮ ਕਰਦਾ ਹੈ। ਉਨ੍ਹਾਂ ਦੀ ਦਲੀਲ ਹੈ ਕਿ ਕਿਸੇ ਇੱਕਾ ਦੁੱਕਾ ਦੇਵ ਪੁਰਸ਼ ਦੇ ਮਾੜੇ ਕੰਮਾਂ ਕਾਰਨ ਸੰਪਰਦਾਵਾਂ-ਡੇਰਿਆਂ ਦੀ ਅਹਿਮੀਅਤ ਤੇ ਲੋੜ ਨੂੰ ਨਕਾਰਿਆ ਨਹੀਂ ਜਾ ਸਕਦਾ। ਇਲਾਕਾਈ ਵੋਟ ਸਿਆਸਤ ਵਿਚ ਨਿਰਣਾਇਕ ਰੋਲ ਹੋਣ ਕਰਕੇ ਸੱਤਾਧਾਰੀਆਂ ਦਾ ਡੇਰਿਆਂ ਵੱਲ ਦੂਹਰਾ ਰਵੱਈਆ ਹੈ, ਸਿਆਸੀ ਲਾਹਾ ਲੈਣ ਲਈ ਡੇਰਿਆਂ ਨੂੰ ਜਾਰੀ ਰੱਖਣਾ ਅਤੇ ਰੋੜਾ ਬਣਨ ਤੇ ਨਾਬਰ ਦੇਵ ਪੁਰਸ਼ ਨੂੰ ਪਾਸੇ ਕਰਕੇ, ਉਸ ਦੇ ਪੈਰੋਕਾਰਾਂ ਨੂੰ ਕਿਸੇ ਹੋਰ ਦੇ ਲੜ ਲੱਗਣ ਲਈ ਖੁੱਲ੍ਹਾ ਛੱਡ ਦੇਣਾ। ਸਿੱਟੇ ਵਜੋਂ ਭਾਰੂ ਸੱਤਾ ਦੀਆਂ ਅੱਖਾਂ ਵਿਚ ਰੜਕ ਰਹੇ ਡੇਰਿਆਂ ਦੇ 'ਕੁਰਾਹੇ ਪਏ' ਪੈਰੋਕਾਰਾਂ ਨੂੰ 'ਘਰ ਵਾਪਸੀ' ਦੀਆਂ ਅਪੀਲਾਂ ਕੀਤੀਆਂ ਜਾ ਰਹੀਆਂ ਹਨ। 'ਘਰ ਵਾਪਸੀ' ਦੀਆਂ ਹਾਲੀਆਂ ਅਪੀਲਾਂ ਨੂੰ ਹਿੰਦੂ ਵਿਸ਼ਵ ਪ੍ਰੀਸ਼ਦ ਅਤੇ ਬਜਰੰਗ ਦਲ ਦੁਆਰਾ ਵਿੱਢੀ 'ਘਰ ਵਾਪਸੀ' ਦੀ ਮੁਹਿੰਮ ਦੀ ਕੜੀ ਵਜੋਂ ਦੇਖਿਆ ਜਾ ਸਕਦਾ ਹੈ। ਉਨ੍ਹਾਂ ਨੇ ਮੁਸਲਮਾਨਾਂ ਤੇ ਈਸਾਈਆਂ 'ਚੋਂ ਹਰ ਸਾਲ ਇੱਕ ਲੱਖ ਹਿੰਦੂ ਕਨਵਰਟ ਕਰਨ ਦਾ ਟੀਚਾ ਮਿੱਥਿਆ ਹੈ। ਜ਼ਮੀਰ ਦੀ ਆਜ਼ਾਦੀ ਵਿਚ ਹੋ ਰਹੇ ਇਸ ਦਖਲ ਦੇ ਖਤਰਨਾਕ ਸਿੱਟਿਆਂ ਤੋਂ ਆਮ ਬੰਦਾ ਬੇਖਬਰ ਹੈ। ਇਹ ਦੇਖਣ ਵਿਚ ਵਸਦੇ-ਰਸਦੇ, ਪਰ ਮਾਨਸਿਕ ਤੌਰ 'ਤੇ ਬੇਘਰ ਹੋਏ ਬੰਦੇ ਦੀ ਅਲਾਮਤ ਹੈ।

ਘਰ ਵਾਪਸੀ ਬਾਰੇ ਗੱਲ ਕਰਨ ਤੋਂ ਪਹਿਲਾਂ, ਘਰ ਛੱਡਣ ਦੇ ਵਰਤਾਰੇ ਬਾਰੇ ਚਰਚਾ ਕਰਨੀ ਕੁਥਾਂ ਨਹੀਂ ਹੋਵੇਗੀ। ਪੰਜਾਬ 'ਚ ਕੋਈ 12000 ਪਿੰਡ ਹਨ ਅਤੇ ਹਰ ਪਿੰਡ ਦਾ ਆਪਣਾ ਗੁਰਦੁਆਰਾ ਹੈ। ਇੱਕ ਅੰਦਾਜ਼ੇ ਮੁਤਾਬਕ ਪੰਜਾਬ ਵਿਚ 9000 ਦੇ ਕਰੀਬ ਡੇਰੇ ਹਨ, ਜਿਨ੍ਹਾਂ ਵਿਚ ਸਥਾਪਿਤ ਧਰਮਾਂ ਵਾਲੀ ਕਾਠੀ ਮਰਿਆਦਾ ਨਹੀਂ ਹੁੰਦੀ ਅਤੇ ਵੱਖੋ ਵੱਖ ਧਾਰਮਿਕ ਪਿਛੋਕੜ ਵਾਲੇ ਲੋਕ ਇੱਥੇ ਆ ਕੇ ਸੌਖਾ ਮਹਿਸੂਸ ਕਰਦੇ ਹਨ। ਹਵਾਲੇ ਵਜੋਂ ਸਿੱਖ ਸੰਸਥਾਵਾਂ ਵਿਚ ਅੰਮ੍ਰਿਤਧਾਰੀ ਅਤੇ ਸਹਿਜਧਾਰੀ ਸਿੱਖਾਂ ਦੇ ਰੇੜਕੇ, ਇਸਲਾਮ ਵਿਚ ਸੁੰਨੀ ਅਤੇ ਸ਼ੀਆ ਗੁੱਟਾਂ ਦੇ ਟਕਰਾ ਅਤੇ ਹਿੰਦੂ ਮੰਦਿਰਾਂ ਵਿਚ ਦਲਿਤਾਂ ਅਤੇ ਔਰਤਾਂ ਦੇ ਦਾਖਲੇ ਬਾਰੇ ਮੁਕੱਦਮੇਬਾਜ਼ੀ ਨੂੰ ਦੇਖਿਆ ਜਾ ਸਕਦਾ ਹੈ।

ਰਵਾਇਤੀ ਧਰਮਾਂ ਦੇ ਕਲਾਵੇ ਵਿਚ ਬੇਵੱਕਤੀ ਝੱਲ ਰਹੇ ਆਧੁਨਿਕ ਜੁੱਗਬੋਧ ਵਾਲੇ ਵਰਗ ਜਾਂ ਇਨ੍ਹਾਂ ਦੀ ਸ਼ਰਾਅ ਵਿਚ ਘੁਟਨ ਮਹਿਸੂਸ ਕਰ ਰਹੇ ਰੜਕਵੇਂ ਹਿੱਸੇ ਨੇ ਡੇਰਿਆਂ ਦੀ ਪਨਾਹ ਲਈ ਹੈ, ਜਿਨ੍ਹਾਂ ਨੂੰ ਸਥਾਪਤ ਧਰਮਾਂ ਦੀ ਕਾਠੀ ਮਰਿਆਦਾ ਸੂਤ ਨਹੀਂ ਬਹਿੰਦੀ। ਡੇਰੇ ਨਜ਼ਰਅੰਦਾਜ਼ ਕੀਤੇ ਲੋਕਾਂ ਦੀ ਢਾਰਸ-ਠਾਹਰ ਬਣ ਗਏ ਹਨ।

ਇਸ ਲਈ ਪੈਰੋਕਾਰਾਂ ਦੀਆਂ ਬਦਲਦੀਆਂ ਲੋੜਾਂ ਅਤੇ ਸਥਾਪਤ ਧਰਮਾਂ ਦੀ ਜੜਤਾ ਵਿਚ ਟਕਰਾਓ ਬਣਿਆ ਹੋਇਆ ਹੈ। ਇਹ ਉਨ੍ਹਾਂ ਦੀਆਂ ਭਾਵੁਕ ਅਤੇ ਸਮਾਜਿਕ ਲੋੜਾਂ ਪੂਰੀਆਂ ਕਰਨ ਦੀ ਹਾਲਤ ਵਿਚ ਨਹੀਂ ਹਨ। ਇੱਕਾ-ਦੁੱਕਾ ਬਾਗੀ ਨੂੰ ਛੱਡ ਕੇ, ਜਗੀਰੂ ਰਿਸ਼ਤਿਆਂ ਵਿਚ ਬੱਝੇ ਬੰਦੇ ਮਰਿਆਦਾ ਪਾਲਕ ਬੰਦੇ ਸਨ, ਉਨ੍ਹਾਂ ਨੂੰ ਨਿਜੀ ਹੱਕਾਂ ਦੀ ਥਾਂ, ਭਾਈਚਾਰੇ ਦੀਆਂ ਰਵਾਇਤੀ ਵਰਜਣਾਂ, ਬੰਦਿਸ਼ਾਂ ਕੁਦਰਤੀ ਲਗਦੀਆਂ ਸਨ। ਉਹ ਭਾਵੇਂ 'ਰੱਬ' ਦੀ ਰਜ਼ਾ ਹੋਵੇ, ਰਾਜੇ ਦਾ ਹੁਕਮ ਜਾਂ ਪਿੰਡ ਦੇ ਚੌਧਰੀ ਦੀ ਚੌਧਰ-ਸਭ ਕੁਝ ਕੁਦਰਤੀ ਲਗਦਾ ਸੀ। ਪਰ ਪੂੰਜੀਵਾਦੀ ਸਬੰਧਾਂ ਦੇ ਦਾਖਲੇ ਨਾਲ ਮਰਿਆਦਾ ਪਾਲਣ ਔਖਰਦਾ ਹੈ। ਨਾ ਰਾਜੇ ਰਹਿੰਦੇ ਹਨ, ਨਾ ਕਿਸੇ ਦੀ ਰਜ਼ਾ। ਹੁਣ ਪੂੰਜੀ-ਮੰਡੀ ਦਾ ਰਾਜ ਹੈ। ਇਸ ਬਦਲੀ ਸਥਿਤੀ ਵਿਚ ਮਨੁੱਖ ਸਵੈ-ਕੇਂਦਰਿਤ ਹੀ ਨਹੀਂ ਹੋਇਆ, ਉਹ ਨਿਜੀ ਹੱਕਾਂ, ਜ਼ਮੀਰ ਦੀ ਆਜ਼ਾਦੀ ਦਾ ਵੀ ਜਾਚਕ ਬਣਿਆ ਹੈ ਅਤੇ ਬਾਹਰੋਂ ਠੋਸੇ ਗਏ ਬੰਧੇਜਾਂ ਨੂੰ ਬਰਦਾਸ਼ਤ ਕਰਨ ਦੇ ਰੌਂ ਵਿਚ ਨਹੀਂ। ਹੁਣ ਹਰ ਦੈਵੀ-ਸਿਆਸੀ ਸੱਤਾ ਨੂੰ ਚੁਣੌਤੀ ਦੇ ਸਕਦਾ ਹੈ।

ਕੈਥੋਲਿਕਾਂ ਵਿਚੋਂ ਪ੍ਰੋਟੈਸਟੈਂਟਾਂ ਦਾ ਨਿਖੜਨਾ, ਸੁੰਨੀਆਂ ਨਾਲੋਂ ਸ਼ੀਆ ਦਾ ਵੱਖ ਹੋਣਾ, ਅੰਮ੍ਰਿਤਧਾਰੀ ਅਤੇ ਸਹਿਜਧਾਰੀ ਸਿੱਖਾਂ ਦੀ ਮੁਕਦਮੇਬਾਜ਼ੀ-ਇਸ ਗੱਲ ਵੱਲ ਇਸ਼ਾਰਾ ਕਰਦਾ ਹੈ। ਰਵਾਇਤੀ ਅਤੇ ਪੁਸ਼ਤੈਨੀ ਧਰਮਾਂ ਦੀਆਂ ਵਗਲਣਾਂ ਤੋੜ ਕੇ ਨਿਕਲੀ ਜਨਤਾ ਹੀ ਡੇਰਿਆਂ ਦੀ ਪੈਰੋਕਾਰ ਹੈ। ਡੇਰੇ ਇਸ ਹਿੱਸੇ ਦੇ ਰੋਸ ਅਤੇ ਰੋਹ ਦਾ ਕਰੰਡ ਹੋਇਆ ਇਜ਼ਹਾਰ ਹਨ। ਨਾ ਇਹ ਪੂਰੀ ਤਰ੍ਹਾਂ ਪੁੰਗਰੇ, ਨਾ ਬੂਰ ਪਿਆ। ਉਨ੍ਹਾਂ ਨੇ ਇੱਕ ਵਲਗਣ ਛੱਡੀ ਤਾਂ ਦੂਜੀ ਦਾ ਜਾ ਬੂਹਾ ਖੜਕਾਇਆ। ਇਹ 'ਬਾਹਰੀ ਘਰ' ਛੱਡਣ ਦਾ ਵਾਜਬ ਕਾਰਨ ਤਾਂ ਬਣਦਾ ਹੈ, ਪਰ ਅਸਲੀ 'ਘਰ ਵਾਪਸੀ' ਬਿਲਕੁਲ ਨਹੀਂ।

'ਘਰ ਵਾਪਸੀ' ਦਾ ਮੁੱਦਾ ਜ਼ਮੀਰ ਦੀ ਆਜ਼ਾਦੀ ਨਾਲ ਵੀ ਜਾ ਜੁੜਦਾ ਹੈ। ਚੋਣ ਕਰਨ ਦੇ ਹੱਕ ਤੋਂ ਬਿਨਾ, ਜ਼ਮੀਰ ਦੀ ਕਾਹਦੀ ਆਜ਼ਾਦੀ। ਇਹ ਬਿਨਾ ਡਰ ਜਾਂ ਲਾਲਚ ਦੇ ਕਿਸੇ ਵੀ ਤੱਥ, ਵਿਚਾਰ, ਮਰਿਆਦਾ ਜਾਂ ਵਿਹਾਰ ਨੂੰ ਮੰਨਣ ਜਾਂ ਨਾ ਮੰਨਣ ਦੀ ਆਜ਼ਾਦੀ ਵਿਚ ਸਾਕਾਰ ਹੁੰਦੀ ਹੈ। ਇਸ ਚੋਣ ਦੇ ਹਾਣ ਦਾ ਬਣਨ ਲਈ, ਚਾਹੀਦਾ ਹੈ ਕਿ ਬੱਚੇ-ਗੱਭਰੂ ਨੂੰ ਹਰ ਧਰਮ ਅਤੇ ਦਾਰਸ਼ਨਿਕ ਰੁਝਾਨ ਦੀ ਜਾਣਕਾਰੀ ਮੁਹੱਈਆ ਕੀਤੀ ਜਾਵੇ, ਉਸ ਦੀ ਜਗਿਆਸਾ ਨੂੰ ਦਬਾਇਆ ਨਾ ਜਾਵੇ। ਉਨ੍ਹਾਂ ਵੱਲੋਂ ਉਠਾਏ ਸੁਆਲਾਂ ਦਾ ਬਾਦਲੀਲ ਜੁਆਬ ਦਿੱਤਾ ਜਾਵੇ। ਕਿਸੇ ਗੁਰੂ, ਦੇਵੀ ਪੁਰਸ਼ ਜਾਂ



ਡੇਰੇਦਾਰ ਦੇ ਲੜ ਲਾਉਣ ਲਈ ਹੱਥਕੰਡੇ ਨਾ ਵਰਤੇ ਜਾਣ। ਵੱਡਿਆਂ ਦੀ ਇਹ ਜਿੰਮੇਵਾਰੀ ਬਣਦੀ ਹੈ। ਇਹ ਗੱਲ ਧਾਰਕ 'ਤੇ ਛੱਡ ਦੇਣੀ ਚਾਹੀਦੀ ਹੈ ਕਿ ਉਸ ਨੇ ਕੀ ਚੁਣਨਾ ਹੈ ਜਾਂ ਕੀ ਨਹੀਂ। ਧਾਰਕ ਨੂੰ ਖੁਦ ਚੋਣ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਜੇ ਮੈਂ ਚੋਣ ਕਰਨ ਤੋਂ ਡਰਦਾ ਹਾਂ ਤਾਂ ਮੇਰੀ ਉਮਰ ਭਾਵੇਂ ਕਿੰਨੀ ਹੋ ਜਾਵੇ, ਮੈਂ ਬੱਚਾ ਹੀ ਰਹਾਂਗਾ। ਬਚਗਾਨਾ ਹੀ ਸਮਝਿਆ ਜਾਵਾਂਗਾ। ਮੇਰੀ ਜ਼ਮੀਰ ਸੁੱਤੀ ਜਾਂ ਦੱਬੀ ਹੀ ਰਹੇਗੀ-ਕਾਰਨ ਆਰਥਿਕ ਗਰੀਬੀ ਹੋਵੇ ਜਾਂ ਬੌਧਿਕ ਦੀਵਾਲੀਆਪਨ। ਚੋਣ ਦੀ ਆਜ਼ਾਦੀ ਨੇ ਹੀ ਸੁਕਰਾਤ, ਬੁੱਧ, ਕਰਾਈਸਟ, ਹਜ਼ਰਤ ਮੁਹੰਮਦ, ਬਾਬਾ ਨਾਨਕ ਅਤੇ ਮਾਰਕਸ ਵਰਗੇ ਮਹਾਨ ਪੁਰਖ ਪੈਦਾ ਕੀਤੇ, ਨਹੀਂ ਤਾਂ ਇਨ੍ਹਾਂ ਨੇ ਆਪੋ ਆਪਣੇ ਪੁਸ਼ਤੈਨੀ ਧਰਮਾਂ ਜਾਂ ਮਰਿਆਦਾ ਦੀ ਲੀਹ ਵਿਚ ਲੋਪ ਹੋ ਜਾਣਾ ਸੀ। ਸਾਡੇ 'ਚੋਂ ਬਹੁਤੇ ਲੀਹ-ਪੂਜਕ ਹਨ। ਇਸ ਲੀਹ-ਪੂਜਾ ਕਰਕੇ ਅਸੀਂ ਆਪੋ ਆਪਣੇ ਭਾਈਚਾਰਿਆਂ ਵਿਚੋਂ ਹੋਰ ਮਹਾਂਪੁਰਸ਼ ਅਤੇ ਮੌਲਿਕ ਦਾਰਸ਼ਨਿਕ ਪੈਦਾ ਕਰਨ ਦੀਆਂ ਸੰਭਾਵਨਾਵਾਂ ਨੂੰ ਸਦਾ ਲਈ ਖਤਮ ਕਰ ਲਿਆ ਹੈ। ਲੀਹ ਪਾੜਨੀ ਔਖੀ ਹੁੰਦੀ ਹੈ, ਪਰ ਅਸੰਭਵ ਨਹੀਂ। ਸਭ ਜੁੱਗਪੁਰਸ਼ਾਂ ਨੇ ਰਵਾਇਤ ਨੂੰ ਨਕਾਰਿਆ, ਮਾਪਿਆਂ ਦੀ ਨਾਰਾਜ਼ਗੀ ਮੁੱਲ ਲਈ ਤੇ ਚੋਣ ਦੀ ਆਜ਼ਾਦੀ ਨੂੰ ਬੁਲੰਦ ਕੀਤਾ। ਜੇ ਕਰਾਈਸਟ ਪਰਿਵਾਰਕ ਲੀਹ ਨੂੰ ਨਾ ਪਾੜਦਾ ਤਾਂ ਕੀ ਈਸਾਈਅਤ ਹੋਣੀ ਸੀ, ਜੇ ਬਾਬਾ ਨਾਨਕ ਵੀ ਲੀਹੇ ਪਿਆ ਰਹਿੰਦਾ ਤਾਂ ਕੀ ਸਿੱਖ ਧਰਮ ਨੇ ਜਨਮ ਲੈਣਾ ਸੀ? ਸਾਨੂੰ ਪਰਾਏ ਚਾਨਣ ਵਿਚ ਜਿਉਣ ਦਾ ਭੁੱਸ ਪੈ ਗਿਆ ਹੈ। ਜਿੰਨਾ ਚਿਰ ਅਸੀਂ ਚਾਨਣ ਜਾਂ ਚੋਣ ਕਰਨ ਲਈ ਆਪਣੀ ਬੁੱਧ ਵਿਵੇਕ ਦੀ ਥਾਂ, ਕਿਸੇ ਬਾਹਰੀ ਸੱਤਾ ਜਾਂ ਦੈਵੀ ਪੁਰਸ਼ 'ਤੇ ਟੇਕ ਰੱਖਾਂਗੇ, ਉਨਾ ਚਿਰ ਸਾਡਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਹੋਣਾ ਤੈਅ ਹੈ।

ਜ਼ਮੀਰ ਦੀ ਆਜ਼ਾਦੀ ਦੇ ਪ੍ਰਸੰਗ ਵਿਚ ਸ਼ੋਸ਼ਣ ਦੋ ਤਰ੍ਹਾਂ ਦਾ ਹੋ ਸਕਦਾ ਹੈ-ਮਾਨਸਿਕ ਵੀ ਅਤੇ ਸਰੀਰਕ ਵੀ। ਮਾਨਸਿਕ ਸ਼ੋਸ਼ਣ ਦੀ ਸ਼ੁਰੂਆਤ ਨਾਲ ਸਰੀਰਕ ਸ਼ੋਸ਼ਣ ਲਈ ਰਾਹ ਖੁੱਲ੍ਹ ਜਾਂਦਾ ਹੈ। ਦੇਵ ਪੁਰਸ਼ਾਂ ਦੁਆਰਾ ਸਾਧਵੀਆਂ ਦਾ ਸਰੀਰਕ ਸ਼ੋਸ਼ਣ, ਇਸ ਦਾ ਸਬੂਤ ਹਨ। ਇਸ ਸ਼ੋਸ਼ਣ ਖਿਲਾਫ ਖੜ੍ਹਨ ਅਤੇ ਲੜਨ ਤੋਂ ਪਹਿਲਾਂ ਪੀੜਤ ਬੀਬੀਆਂ ਦੇ ਹੀ ਰਿਸ਼ਤੇਦਾਰ ਜਾਂ ਮਾਪਿਆਂ ਨੇ ਇਸ ਜਾਂ ਉਸ ਡੇਰੇ ਦੇ ਲੜ ਲੱਗਣ ਲਈ ਪ੍ਰੇਰਿਆ ਵੀ ਸੀ। ਇਹੀ ਪ੍ਰੇਰਣਾ, ਮਾਨਸਿਕ ਸ਼ੋਸ਼ਣ ਦਾ ਇਹ ਘਰੋਗੀ ਰੂਪ ਹੈ। ਬੱਚੇ ਦਾ ਮਾਨਸਿਕ ਸ਼ੋਸ਼ਣ ਬਹੁਤੇ ਪਰਿਵਾਰਾਂ ਵਿਚ ਬਚਪਨ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਉਸ ਦੀ ਜ਼ਮੀਰ ਨੂੰ ਪਨਪਣ ਨਹੀਂ ਦਿੱਤਾ ਜਾਂਦਾ, ਚੋਣ ਕਰਨ ਦੀ ਆਜ਼ਾਦੀ ਖੋਹ ਲਈ ਜਾਂਦੀ ਹੈ, ਰਵਾਇਤ ਦਾ ਪੈਖੜ ਪਾ ਦਿੱਤਾ ਜਾਂਦਾ ਹੈ। ਇਹ ਸ਼ੋਸ਼ਣ ਕਿਸੇ ਨੂੰ ਚੁੱਭਦਾ ਨਹੀਂ। ਇਸ ਮਾਨਸਿਕ ਸ਼ੋਸ਼ਣ ਨੂੰ ਸਮਾਜ ਸਤਿਕਾਰ ਤੇ ਮਾਨਤਾ ਦਿੰਦਾ ਹੈ ਅਤੇ ਸਥਾਪਤੀ ਵੱਲੋਂ ਹੱਲਾਸ਼ੇਰੀ ਮਿਲਦੀ ਹੈ। ਇਸ ਤੋਂ ਭਵਿੱਖਮੁਖੀ ਸਬਕ ਲਏ ਜਾ ਸਕਦੇ ਹਨ।

ਅਸੀਂ ਡਾਕਟਰ ਦੀ ਚੋਣ ਕਰਨੀ ਹੋਵੇ, ਇੱਧਰੋਂ-ਉਧਰੋਂ ਪੁੱਛ-ਪੜਤਾਲ ਕਰਦੇ ਹਾਂ। ਫਿਰ ਉਸ ਦੇ ਹੱਥ ਆਪਣੀ ਨਬਜ਼ ਫੜਾਉਂਦੇ ਹਾਂ। ਵਕੀਲ ਕਰਨਾ ਹੋਵੇ ਤਾਂ ਸਲਾਹ ਮਸ਼ਵਰਾ ਹੁੰਦਾ ਹੈ। ਉਸ ਦਾ ਅੱਗਾ-ਪਿੱਛਾ ਫਰੋਲੀਦਾ ਹੈ। ਜਦੋਂ ਕਿਸੇ ਡੇਰੇਦਾਰ ਜਾਂ ਦੈਵੀ ਪੁਰਸ਼ ਮਗਰ ਲੱਗਣ ਦੀ ਗੱਲ ਹੁੰਦੀ ਹੈ, ਸਾਡੀ ਸੁੱਧ-ਬੁੱਧ ਮਾਰੀ ਜਾਂਦੀ ਹੈ। ਕੋਈ ਪੁੱਛ ਪੜਤਾਲ ਨਹੀਂ ਹੁੰਦੀ। ਅਸੀਂ ਆਪਣੀ ਜ਼ਮੀਰ, ਆਪਣੀ ਆਸਥਾ ਉਸ ਦੇ ਚਰਨਾਂ ਵਿਚ ਰੱਖ ਦਿੰਦੇ ਹਾਂ, ਇੱਥੋਂ ਤੱਕ ਕਿ ਆਪਣੀਆਂ ਧੀਆਂ-ਭੈਣਾਂ ਦੀ ਇੱਜਤ ਵੀ। ਦੁਨੀਆਂ ਵਿਚ ਕਦੇ ਕੋਈ ਇਸ ਤਰ੍ਹਾਂ ਦਾ ਗੁਰੂ ਨਹੀਂ ਹੋਇਆ ਜੋ ਚੇਲਿਆਂ ਲਈ ਆਪ ਜੀਵੇ। ਜਿਹੜਾ ਦੇਵ ਪੁਰਸ਼ ਮਗਰ ਲਾਉਂਦਾ ਹੈ, ਪੂਜਾ ਕਰਾਉਂਦਾ ਹੈ, ਉਸ ਦੇ ਮਨ ਵਿਚ ਖੋਟ ਹੈ। ਰਾਹ ਦਰਸਾਵਾ ਕੋਈ ਹੋਵੇ, ਤੁਰਨਾ ਤੁਸੀਂ ਆਪ ਹੈ। ਜੀਵਨ ਜਾਚ ਇੱਕ ਤੋਂ ਨਹੀਂ, ਕਈਆਂ ਤੋਂ ਸਿੱਖੀ ਜਾ ਸਕਦੀ ਹੈ, ਪਰ ਜਿਉਣਾ ਹਰ ਇੱਕ ਨੇ ਆਪਣੀ ਅਕਲ-ਸੂਝ ਦੇ ਸਿਰ 'ਤੇ ਹੈ। ਕੋਈ ਵੀ ਗੁਰੂ ਤੁਹਾਡੀ ਥਾਂ ਜਿਉਂ ਨਹੀਂ ਸਕਦਾ, ਤੁਰ ਨਹੀਂ ਸਕਦਾ। ਜਿਵੇਂ ਕੋਚ ਖਿਡਾਰੀ ਨੂੰ ਕੁਝ ਨੁਕਤੇ ਦੱਸਦਾ ਹੈ, ਉਸ ਦੀ ਥਾਂ ਖੇਡਦਾ ਨਹੀਂ। ਖੇਡਣਾ ਖਿਡਾਰੀ ਨੇ ਹੀ ਹੁੰਦਾ ਹੈ। ਜੋ ਖਿਡਾਰੀ ਹਰ ਚਾਲ ਚੱਲਣ ਲਈ ਬਾਹਰ ਖੜ੍ਹੇ ਕੋਚ ਵੱਲ ਝਾਕਦੇ ਰਹਿਣ, ਉਨ੍ਹਾਂ ਦਾ ਖੇਡ 'ਚੋਂ ਬਾਹਰ ਹੋਣਾ ਲਾਜ਼ਮੀ ਹੈ।

ਫਿਰ 'ਘਰ ਵਾਪਸੀ' ਕੀ ਹੋ ਸਕਦੀ ਹੈ? ਹੋ ਰਹੀਆਂ ਅਪੀਲਾਂ ਬਾਰੇ ਵਿਚਾਰ ਕਰਨ ਲਈ ਸਾਨੂੰ ਸਭ ਨੂੰ ਸਿਰ ਜੋੜ ਕੇ ਬੈਠਣ ਦੀ ਲੋੜ ਹੈ। 'ਘਰ ਵਾਪਸੀ' ਦੇ ਸੰਕਲਪ ਨੂੰ ਹਾਲੇ ਤੱਕ ਪਰਿਭਾਸ਼ਿਤ ਨਹੀਂ ਕੀਤਾ ਗਿਆ। ਵਿਕਤੀ ਦਾ ਇੱਕ ਘਰ ਉਹ ਹੈ, ਜਿੱਥੇ ਉਹ ਮੀਂਹ ਕਣੀ, ਗਰਮੀ ਸਰਦੀ ਤੋਂ ਬਚਣ ਲਈ ਬਾਲ-ਬੱਚਿਆਂ ਨਾਲ ਰਹਿੰਦਾ ਹੈ। ਆਪਣੇ ਇਸ ਘਰ ਵਿਚ ਵਾਪਸੀ ਦੀ ਅਪੀਲ ਦੀ ਕੋਈ ਤੁਕ ਨਹੀਂ ਬਣਦੀ। ਦੇਰ-ਸਵੇਰ ਜਾਂ ਦਿਨ ਢਲੇ ਉਹ ਖੁਦ ਹੀ ਵਾਪਸ ਆ ਜਾਂਦਾ ਹੈ। ਦੂਜਾ ਘਰ, ਮਨ ਨੂੰ ਮੰਨਿਆ ਜਾਂਦਾ ਹੈ। ਧਾਰਮਿਕ ਸ਼ਬਦਾਵਲੀ ਵਿਚ ਇਸ ਨੂੰ 'ਮੰਦਿਰ' ਵੀ ਕਹਿੰਦੇ ਹਨ। ਮਨ-ਚੇਤਨਾ ਦਿਮਾਗ ਦੀ ਸਰਗਰਮੀ ਹੈ। ਮਨ-ਚੇਤਨਾ ਉਹ ਘਰ (ਮੰਦਿਰ) ਹੈ, ਜਿੱਥੇ ਵਿਅਕਤੀ ਦੀ ਆਸਥਾ, ਚੇਤੰਨਤਾ, ਲੋਭ, ਮੋਹ, ਹੰਕਾਰ ਦੀਆਂ ਰੁਚੀਆਂ ਦਾ ਵਾਸਾ ਹੁੰਦਾ ਹੈ, ਜੋ ਲੋੜ ਅਨੁਸਾਰ ਰੰਗ ਰੂਪ ਬਦਲਦੀਆਂ ਰਹਿੰਦੀਆਂ ਹਨ।

ਕਿਸੇ ਇੱਕ ਦੇਵ ਪੁਰਸ਼/ਸੱਤਾ ਉਤੇ ਆਸਥਾ ਛੱਡ ਕੇ ਪਹਿਲੀ ਜਾਂ ਹੋਰ ਦੀ ਸ਼ਰਨ ਆਉਣਾ 'ਘਰ ਵਾਪਸੀ' ਨਹੀਂ। ਦੂਜੇ ਸ਼ਬਦਾਂ ਵਿਚ ਇਹ ਭੀੜੀ ਜੇਲ੍ਹ 'ਚੋਂ ਨਿਕਲ ਕੇ ਮੋਕਲੀ ਜੇਲ੍ਹ ਵਿਚ ਜਾਣਾ ਹੈ। ਸਾਰੇ ਭਾਈਚਾਰੇ ਧਰਮ ਦੀਆਂ ਵਲਗਣਾਂ ਵਿਚ ਘਿਰੇ ਹੋਏ ਹਨ। ਹਰ ਧਰਮ ਦੇ ਪ੍ਰਚਾਰਕ ਅਤੇ ਪੈਰੋਕਾਰ ਨੂੰ ਆਪਣੀ ਵਲਗਣ ਪਿਆਰੀ ਲੱਗਦੀ ਹੈ। ਉਹ ਹੋਰਨਾਂ ਨੂੰ ਇਸ ਵਲਗਣ ਵਿਚ ਲਿਆਉਣਾ ਚਾਹੁੰਦੇ ਹਨ। ਹੋ ਰਹੀਆਂ ਅਪੀਲਾਂ ਜ਼ਮੀਰ ਦੀ ਆਜ਼ਾਦੀ ਵਿਚ ਸਿੱਧਾ ਦਖਲ ਹਨ। ਇਹ 'ਘਰ ਵਾਪਸੀ' ਨਹੀਂ 'ਬਾਹਰ ਵਾਪਸੀ' ਹੈ। ਸਹੀ 'ਘਰ ਵਾਪਸੀ' ਹਰ ਬੱਚੇ, ਨੌਜਵਾਨ ਜਾਂ ਆਮ ਬੰਦੇ ਨੂੰ ਇਨ੍ਹਾਂ ਵਲਗਣਾਂ ਤੋਂ ਮੁਕਤ ਕਰਨਾ ਹੈ। ਉਹ ਸਭ ਧਰਮਾਂ ਦਾ ਅਧਿਐਨ ਕਰੇ। ਉਨ੍ਹਾਂ ਦਾ ਸਾਰ ਗ੍ਰਹਿਣ ਕਰੇ। ਮਧੂ ਮੱਖੀਆਂ ਵਾਂਗ ਉਨ੍ਹਾਂ ਦਾ ਪ੍ਰਾਗ ਲਵੇ। ਦੇਵ ਪੁਰਸ਼ਾਂ-ਡੇਰਦਾਰਾਂ ਦੇ ਦੀਵੇ ਦੀ ਬੇਗਾਨੀ ਰੋਸ਼ਨੀ ਵਿਚ ਅੱਖਾਂ ਮੀਟ ਕੇ ਨਾ ਬੈਠੇ, ਅਕਲ ਨੂੰ ਵਰਤੇ, ਬੁੱਧ-ਵਿਵੇਕ ਦਾ ਦੀਵਾ ਜਗਾਵੇ, ਆਪਣੀ ਲੋਅ ਵਿਚ ਅੱਖਾਂ ਖੋਲ੍ਹ ਕੇ ਜੀਵੇ। ਚੋਣ ਕਰਨ ਤੋਂ ਡਰੇ ਨਾ। ਇਹੀ ਸਹੀ ਤੇ ਸੱਚੀ 'ਘਰ ਵਾਪਸੀ' ਹੈ। ਵੱਡਿਆਂ ਦਾ ਫਰਜ਼ ਬਣਦਾ ਹੈ, ਉਹ ਛੋਟਿਆਂ ਦੀ ਇਸ ਪ੍ਰਥਾਏ ਅਗਵਾਈ ਕਰਨ।

ਮਸਲਿਆਂ ਦੇ ਹੱਲ ਲਈ ਅਸੀਂ ਕਿਸੇ ਦੀ ਸ਼ਰਨ ਨਾ ਪਈਏ, ਆਪਸੀ ਵਿਚਾਰ ਵਟਾਂਦਰੇ ਦਾ ਆਸਰਾ ਲਈਏ। ਵਿਦਿਆਰਥੀ 'ਸਟੱਡੀ ਸਰਕਲ', 'ਵਿਚਾਰ ਮੰਚ' ਜਾਂ 'ਸਿਹਤ ਮੰਚ' ਬਣਾਉਣ, ਛੋਟੇ ਕਿਸਾਨ ਗੈਰ ਸਰਕਾਰੀ 'ਸਹਿਕਾਰੀ ਸਭਾਵਾਂ' ਸਥਾਪਤ ਕਰਨ, ਜੋ ਉਨ੍ਹਾਂ ਦੇ ਕਾਸ਼ਤਕਾਰੀ ਦੇ ਮਸਲਿਆਂ ਨੂੰ ਨਜਿੱਠਣ। ਲੁਧਿਆਣੇ ਦੇ ਕਈ ਧਨੀ ਕਿਸਾਨਾਂ ਨੇ ਇਹ ਪਿਰਤ ਪਹਿਲਾਂ ਹੀ ਪਾ ਲਈ ਹੈ।

ਹੁਣ ਸਮਾਂ ਆ ਗਿਆ ਹੈ ਕਿ ਸਹਿਕਾਰਤਾ, 'ਲੰਗਰ ਹਾਲ' 'ਚੋਂ ਨਿਕਲ ਕੇ ਖੇਤਾਂ ਅਤੇ ਸਮਾਜ ਵਿਚ ਆਵੇ। ਦੇਵ ਪੁਰਸ਼ਾਂ-ਧਰਮਾਂ ਦੀ ਚਾਕਰੀ ਤੋਂ ਬੰਦਿਆਈ (Humanism) ਵੱਲ ਪਰਤਣਾ ਹੀ ਅਸਲੀ 'ਘਰ ਵਾਪਸੀ' ਹੈ।

---

## ਸਾਂਝ ਗੁਣਾਂ ਦੀ !

ਸਾਂਝ ਗੁਣਾਂ ਦੀ ਕਰਦਾ ਜਾਹ।
ਚੁੱਗ-ਚੁੱਗ ਝੋਲੀ ਭਰਦਾ ਜਾਹ।
ਅੰਗ ਤਰਕ ਦੀ ਬਾਲੀ ਰੱਖ,
ਗਿਆਨ ਬਿਨਾ ਨਾ ਠਰਦਾ ਜਾਹ।

ਬੰਦਿਆਂ ਦਾ ਨਾ ਧੜਾ ਬਣਾਈਂ
ਸ਼ਬਦ ਰਤਨ ਸਭ ਸਾਂਭੀ ਜਾਈਂ।
ਦੁਸ਼ਮਣ ਤੋਂ ਵੀ ਸਿੱਖਣਾ ਸਿੱਖ ਕੇ,
ਹਉਮੈ ਲਾਹ-ਲਾਹ ਧਰਦਾ ਜਾਹ।

ਛੱਡ ਵਿਸਾਹ ਤਕਦੀਰਾਂ ਦਾ।
ਆਸ਼ਕ ਬਣ ਤਦਬੀਰਾਂ ਦਾ।
ਇੱਕੋ ਵਾਰੀ ਮਰਨਾ ਸਿੱਖ ਲੈ,
ਵਾਰ-ਵਾਰ ਨਾ ਮਰਦਾ ਜਾਹ।

ਨਾ ਕਰਨਾ, ਨਾ ਸਹਿਣਾ ਹੈ।
ਜ਼ੁਲਮ ਵਿਰੋਧੀ ਰਹਿਣਾ ਹੈ।
ਰਾਜ-ਮਜ਼ਹਬ ਦੀਆਂ ਚਾਲਾਂ ਨੂੰ,
ਚੁੱਪ ਕਰਕੇ ਨਾ ਜਰਦਾ ਜਾਹ।

ਆਪਣੇ ਅਤੇ ਬੇਗਾਨੇ ਨਾਲ।
ਸੱਚ ਦੇ ਫੜੇ ਪੈਮਾਨੇ ਨਾਲ।
ਝੂਠੀ ਦੁਨੀਆਂਦਾਰੀ ਲਈ,
ਦਿਲ ਹੱਥੋਂ ਨਾ ਹਰਦਾ ਜਾਹ।

*-ਗੁਰਮੀਤ ਸਿੰਘ ਬਰਸਾਲ*
*ਕੈਲੀਫੋਰਨੀਆ।*

---

## ਵੱਸਦਾ ਪੰਜਾਬ ਰੱਖਿਓ

ਪਿਆਰ ਛੋਟਿਆਂ ਨੂੰ, ਵੱਡਿਆਂ ਤੋਂ ਸੰਗ ਚਾਹੀਦੀ
ਦਿਲ ਜੋੜਨ ਲਈ ਇਤਫਾਕ ਦੀ ਗੰਢ ਚਾਹੀਦੀ।
ਖੁੱਲ੍ਹੇ ਹੋਣ ਘਰਾਂ ਅਤੇ ਦਿਲਾਂ ਵਾਲੇ ਵਿਹੜੇ
ਖੂਨ ਦਿਆਂ ਰਿਸ਼ਤਿਆਂ 'ਚ ਨਹੀਂ ਕੰਧ ਚਾਹੀਦੀ।
ਜ਼ਿੰਦਗੀ ਨਾ ਹੋ ਜੇ ਕਿਤੇ ਟੁੱਟੀ ਟਾਹਣੀ ਵਾਂਗ
ਫੁੱਲ ਖਿੜਿਆ ਹੋਇਆ ਸਦਾ ਗੁਲਾਬ ਰੱਖਿਓ।
ਲੱਖ ਕਰ'ਲੋ ਤਰੱਕੀ ਭਾਵੇਂ ਦੁਨੀਆਂ 'ਚ ਜਾ ਕੇ
ਪਰ ਪਿੰਡਾਂ ਵਿਚ ਵੱਸਦਾ ਪੰਜਾਬ ਰੱਖਿਓ।

ਕੁੜਤੇ, ਚਾਦਰੇ ਤੇ ਸਿਰਾਂ 'ਤੇ ਪੱਗ ਰੱਖਿਓ
ਧੀਆਂ-ਭੈਣਾਂ ਸਾਂਝੀਆਂ ਦੀ ਲੱਜ ਰੱਖਿਓ।
ਨੀਅਤਾਂ ਵਾਲੇ ਬੋਝੇ ਕਦੇ ਨਹੀਂ ਭਰਨੇ
ਬਸ ਸਬਰ ਸੰਤੋਖ ਵਾਲਾ ਰੱਜ ਰੱਖਿਓ।
ਸੱਚੀ ਸੋਚ ਉਤੇ ਦੇਣਾ ਤੁਸੀਂ ਪਹਿਰਾ
ਦੱਬ ਝੂਠ ਦੀ ਆਵਾਜ਼ ਰੱਖਿਓ।
ਪਿੰਡਾਂ ਵਿਚ ਵੱਸਦਾ ਪੰਜਾਬ ਰੱਖਿਓ।

ਅੰਨ ਦਾਤਾ ਬਣ ਦੁਨੀਆਂ ਦਾ ਢਿੱਡ ਭਰਨਾ
ਕਿਸੇ ਦੀ ਦੇਖ ਕੇ ਤਰੱਕੀ ਨਹੀਓਂ ਸੜਨਾ।
ਮਸਲਾ ਜੇ ਬਣੇ ਕੋਈ ਰਾਈ ਦਾ ਪਹਾੜ
ਬੈਠ ਗ੍ਰੰਥ ਸਾਹਿਬ ਵਿਚੋਂ ਹੱਲ ਪੜ੍ਹਨਾ।
ਟੀਕੇ, ਸ਼ੀਸ਼ੀਆਂ ਤੇ ਨਸ਼ੇ ਨਾਲੋਂ ਤੋੜ
ਨਵੀਂ ਪੀੜ੍ਹੀ ਦੇ ਹੱਥਾਂ 'ਚ ਕਿਤਾਬ ਰੱਖਿਓ।
ਪਿੰਡਾਂ ਵਿਚ ਵਸਦਾ ਪੰਜਾਬ ਰੱਖਿਓ।

ਖੁਰਾਕ ਨਾ ਛੱਡਿਓ ਕਦੇ ਵੀ ਦੁੱਧ-ਦਹੀ ਦੀ
ਹੁੰਦੀ ਏ ਲੜਾਈ ਮਾੜੀ ਵੱਟ-ਪਹੀ ਦੀ।
ਬਣਨਾ ਸਹਾਰਾ ਗਰੀਬਾਂ ਮਜ਼ਲੂਮਾਂ ਦਾ
ਤਕੜੇ ਦੀ ਕਦੇ ਨਹੀਂ ਧੌਂਸ ਸਹੀ ਦੀ।
ਖੜ੍ਹੇ ਹੋਏ ਪਾਣੀ ਨੇ ਗੰਧਲ ਹੀ ਹੈ ਜਾਣਾ
ਮੋਹਾਂ ਵਾਲਾ ਵਗਦਾ ਚਨਾਬ ਰੱਖਿਓ।
ਪਿੰਡਾਂ ਵਿਚ ਵਸਦਾ ਪੰਜਾਬ ਰੱਖਿਓ।

*-ਬਲਜਿੰਦਰ ਆਲੀਕੇ*
*ਫੋਨ: 91-94645-62678*

## ਗੋਲਕਾਂ

ਗੋਲਕਾਂ ਚੁੱਕ ਦਈਏ ਧਰਮ ਸਥਾਨਾਂ ਤੋਂ
ਨਾ ਰਹਿਣਗੇ ਸੈਕਟਰੀ-ਪ੍ਰਧਾਨ ਉਥੇ।
ਆਪੇ ਮੁੱਕ ਜਾਣੇ ਸਾਰੇ ਕਲੇਸ਼ ਸੰਗਤੇ
ਰੱਬ ਆਪ ਹੋਵੇਗਾ ਬਿਰਾਜਮਾਨ ਉਥੇ।
ਹਉਮੈ ਹਉਮੈ ਕਰਦੇ ਜੋ ਭੂਤਰੇ ਰਹਿੰਦੇ
ਸੇਵਾਦਾਰ ਉਹ ਸਾਰੇ ਭੱਜ ਜਾਣ ਉਥੇ।
ਦਸਾਂ ਨਹੁੰਆਂ ਦੀ ਕਮਾਈ 'ਚੋਂ ਮਾਇਆ ਆਵੇ
ਵਿਹਲੜ ਖਾ ਖਾ ਗੋਗੜਾਂ ਵਧਾਣ ਉਥੇ।
ਕਿਰਪਾਨਾਂ-ਡਾਂਗਾਂ ਨਾ ਚੱਲਣ ਰੋਜ਼ ਸੰਗਤੇ
ਚੁੰਨੀਆਂ-ਪੱਗਾਂ ਨਾ ਨਿੱਤ ਲਾਹੁਣ ਉਥੇ।
ਪਵਿੱਤਰ ਰਹਿਣਗੇ ਸਾਰੇ ਅਸਥਾਨ 'ਸਾਹੀ'
ਛਿੱਤਰਾਂ ਸਣੇ ਨਾ ਪੁਲਿਸ ਵਾਲੇ ਜਾਣ ਉਥੇ।

*-ਚਰਨਜੀਤ ਸਿੰਘ ਸਾਹੀ*
*ਫੋਨ: 317-430-6545*

# ਮਾਂ! ਮੈਂ ਬਹੁਤ ਨਿਕਰਮਾ ਹਾਂ

## ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਹਥਲੇ ਲੇਖ ਵਿਚ ਉਨ੍ਹਾਂ ਪਰਦੇਸਾਂ ਦੀ ਜ਼ਿੰਦਗੀ ਹੰਢਾ ਰਹੇ ਇਕ ਬਾਪ ਦਾ ਦੁੱਖ ਬਿਆਨਿਆ ਹੈ ਕਿ ਕਿਵੇਂ ਉਸ ਦਾ ਪਰਦੇਸ ਵਿਚ ਪੱਕਾ ਹੋਣ ਲਈ ਕੀ ਕੁਝ ਜਰਨਾ ਪੈਂਦਾ ਹੈ। ਬੱਚੇ ਬਾਪ ਦੀ ਗੈਰ-ਹਾਜਰੀ ਵਿਚ ਪਲਦੇ ਹਨ ਅਤੇ ਜਦੋਂ ਉਸ ਦੀ ਧੀ ਨੂੰ ਡੋਲੀ ਤੋਰਿਆ ਜਾਂਦਾ ਹੈ ਤਾਂ ਉਸ ਦੇ ਮਨ ਵਿਚੋਂ ਕਿਹੜੇ ਹਉਕੇ ਨਿਕਲਦੇ ਹਨ, "ਮਾਂ! ਮੈਂ ਬਹੁਤ ਵੱਡਾ ਦੋਸ਼ੀ ਹਾਂ ਆਪਣੀ ਧੀ ਦਾ, ਜਿਸ ਦੇ ਸੁਪਨਿਆਂ ਨੂੰ ਪੂਰਾ ਤਾਂ ਕੀ ਕਰਨਾ, ਉਸ ਦੀ ਜ਼ਿੰਦਗੀ ਦੇ ਸਭ ਤੋਂ ਹੁਸੀਨ ਅਤੇ ਯਾਦਗਾਰੀ ਪਲਾਂ ਵਿਚ ਵੀ ਗੈਰ-ਹਾਜਰ ਰਿਹਾ। ਕੀ ਮੈਂ ਬਾਪ ਕਹਿਲਾਉਣ ਦਾ ਹੱਕਦਾਰ ਹਾਂ? ਕੀ ਮੈਂ ਬਾਪ ਵਾਲੇ ਫਰਜ਼ ਨਿਭਾਏ ਹਨ? ਕੀ ਮੇਰੀ ਧੀ ਆਪਣੇ ਬਾਪ ਦੀ ਅਣਹੋਂਦ ਵਿਚ ਇਕ ਨਿਤਾਣੀ ਅਤੇ ਨਿਮਾਣੀ ਵਾਂਗ ਤਾਂ ਨਹੀਂ ਵਿਚਰ ਰਹੀ ਹੋਵੇਗੀ? ਬਾਪ ਦੀ ਠੰਢੜੀ ਛਾਂ ਅਤੇ ਨਿੱਘ ਤੋਂ ਵਿਰਵੀਆਂ ਧੀਆਂ ਦਾ ਬਹੁਤ ਕੁਝ ਗਵਾਚ ਜਾਂਦਾ ਏ ਜਿਨ੍ਹਾਂ ਨੇ ਉਨ੍ਹਾਂ ਦੀਆਂ ਯਾਦਾਂ ਦਾ ਜੀਵੰਤ ਹਿੱਸਾ ਬਣਨਾ ਹੁੰਦਾ ਏ।" -ਸੰਪਾਦਕ***

ਮਾਂ! ਮੈਂ ਅੱਜ ਬਹੁਤ ਉਦਾਸ ਹਾਂ। ਤੇਰੇ ਗਲ ਲੱਗ ਕੇ ਰੋਣ ਨੂੰ ਜੀਅ ਕਰਦਾ ਏ। ਬਹੁਤ ਗਮਗੀਨ ਏ ਚਿੱਤ ਮੇਰਾ। ਆਖਰ ਮਨ ਕਰੇ ਤਾਂ ਕੀ ਕਰੇ। ਜੀਵਨ ਦੇ ਅਜਿਹੇ ਮੋੜ 'ਤੇ ਲਿਆ ਖਲਿਆਰੇਗੀ ਕਿਸਮਤ ਮੈਨੂੰ, ਮੈਂ ਇਹ ਤਾਂ ਕਦੇ ਸੋਚਿਆ ਵੀ ਨਹੀਂ ਸੀ। ਮੈਂ ਬਹੁਤ ਹੀ ਨਿਕਰਮਾ ਹਾਂ ਅਤੇ ਉਲਝ ਗਈਆਂ ਨੇ ਮੇਰੀਆਂ ਮਸਤਕ ਰੇਖਾਵਾਂ। ਇਹ ਕੇਹੋ ਜਿਹਾ ਵਕਤ ਆਇਆ ਏ ਕਿ ਬਾਪ ਆਪਣੀ ਬੇਟੀ ਦੇ ਵਿਆਹ ਵਿਚ ਵੀ ਸ਼ਾਮਲ ਹੋਣ ਤੋਂ ਰਹਿ ਗਿਆ। ਆਪਣੀ ਧੀ ਦੇ ਸ਼ਗਨ ਮਨਾਉਣ ਦੀ ਰੀਝ ਸੂਲੀ ਚੜ੍ਹ ਜਾਵੇ ਤਾਂ ਜਿਉਣ ਦਾ ਮਕਸਦ ਹੀ ਗੁਆਚ ਜਾਂਦਾ ਏ। ਧੀਆਂ ਤਾਂ ਆਪਣੇ ਬਾਪ ਦੇ ਅਸੀਸਾਂ ਭਰੇ ਹੱਥ ਨੂੰ ਉਡੀਕਦੀਆਂ ਨੇ ਕਿ ਕਦੋਂ ਉਨ੍ਹਾਂ ਦਾ ਬਾਪ ਚਾਵਾਂ ਅਤੇ ਰੀਝਾਂ ਨਾਲ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਲਈ ਸ਼ੁਭ ਦੁਆਵਾਂ ਦੇਵੇ ਅਤੇ ਉਸ ਖੁਦਾ ਕੋਲੋਂ ਮੰਨਤ ਮੰਗੇ ਕਿ ਧੀ ਆਪਣੇ ਘਰ ਯੁਗਾਂ ਤੱਕ ਵੱਸਦੀ ਰਹੇ।

ਮਾਂ! ਮੈਂ ਸੋਚਦਾ ਹਾਂ ਕਿ ਮੇਰੀ ਧੀ ਦੇ ਮਨ ਵਿਚ ਕੀ ਆਉਂਦੀ ਹੋਵੇਗੀ ਜਦ ਉਸ ਲਈ ਵਰ ਟੋਲਿਆ ਗਿਆ ਹੋਵੇਗਾ। ਉਸ ਦੇ ਮਨ ਦੀ ਰੀਝ ਅਤੇ ਉਸ ਦੀ ਸਲਾਹ ਦੇ ਬਿਗਾਨਿਆਂ ਲਈ ਕੋਈ ਅਰਥ ਹੀ ਨਹੀਂ ਰਹਿ ਜਾਂਦੇ। ਆਪਣੇ ਮਾਪਿਆਂ ਤੋਂ ਦਾਈਏ ਨਾਲ ਆਪਣੀ ਜ਼ਿੱਦ ਪੁਗਵਾਉਣ ਵਾਲੀਆਂ ਧੀਆਂ ਨੂੰ ਜਦ ਬਿਗਾਨਿਆਂ ਦੀ ਮੁਥਾਜੀ ਝੱਲਣੀ ਪੈ ਜਾਵੇ ਤਾਂ ਉਨ੍ਹਾਂ ਦੇ ਸਾਹਾਂ ਵਿਚੋਂ ਹਉਕਿਆਂ ਦਾ ਸੇਕ ਆਉਂਦਾ ਏ।

ਮਾਂ! ਮੈਂ ਕਦੇ ਸੋਚਦਾ ਹਾਂ ਕਿ ਇਹ ਕਿਹੋ ਜਿਹੀ ਮਜਬੂਰੀ ਏ ਕਿ ਮੈਂ ਆਪਣੇ ਹੱਥੀਂ ਆਪਣੀ ਧੀ ਨੂੰ ਸ਼ਗਨਾਂ ਦਾ ਚੂੜਾ ਵੀ ਨਾ ਪਹਿਨਾ ਸਕਿਆ। ਮਾਈਆਂ ਅਤੇ ਵਟਣਾ ਮਲਣ ਉਪਰੰਤ ਮੇਰੀ ਧੀ ਦੇ ਚਿਹਰੇ ਦਾ ਨੂਰ ਮੱਧਮ ਪੈ ਗਿਆ ਹੋਵੇਗਾ ਜਦ ਉਸ ਨੂੰ ਬਿਗਾਨਿਆਂ ਦੀ ਭੀੜ ਵਿਚ ਆਪਣਾ ਬਾਪ ਨਹੀਂ ਨਜ਼ਰ ਆਉਂਦਾ ਹੋਵੇਗਾ। ਉਹ ਆਪਣੀ ਮਾਂ ਅਤੇ ਆਪਣੀ ਭੈਣ ਤੋਂ ਚੋਰੀ ਕਮਰੇ ਦੀ ਕਿਸੇ ਨੁੱਕਰੇ ਰਾਤ ਨੂੰ ਛੁੱਪ ਛੁੱਪ ਕੇ ਰੋਂਦੀ ਤਾਂ ਜਰੂਰ ਹੋਵੇਗੀ ਪਰ ਉਸ ਦੀਆਂ ਹਿੱਚਕੀਆਂ ਦੀ ਆਵਾਜ਼ ਕਮਰੇ ਦੀਆਂ ਕੰਧਾਂ ਵਿਚ ਜ਼ੀਰ ਕੇ ਰਹਿ ਜਾਂਦੀ ਹੋਵੇਗੀ।


ਮਾਂ! ਮਨ ਸੋਚਦਾ ਹੈ ਕਿ ਉਹ ਜ਼ਿੰਦਗੀ ਦਾ ਕੇਹਾ ਪਲ ਸੀ ਕਿ ਮੈਂ ਘਰੋਂ ਅਜਿਹਾ ਬਾਹਰਲੇ ਦੇਸ਼ ਨੂੰ ਪੈਰ ਪੁੱਟਿਆ ਕਿ ਸਾਰੀ ਉਮਰ ਪੱਕਾ ਹੋਣ ਵਿਚ ਹੀ ਗਾਲ ਦਿੱਤੀ ਪਰ ਫਿਰ ਵੀ ਗੈਰ-ਕਾਨੂੰਨੀ ਹੀ ਰਿਹਾ। ਲੁੱਕ-ਛਿੱਪ ਕੇ ਰਾਤਾਂ ਨੂੰ ਕੰਮ ਕਰਦਾ ਰਿਹਾ ਅਤੇ ਬਿਗਾਨੇ ਦੇਸ਼ ਦੇ ਕਾਨੂੰਨਾਂ ਤੋਂ ਬਚਣ ਲਈ, ਇਕ ਦੇਸ਼ ਤੋਂ ਦੂਸਰੇ ਦੇਸ਼ ਫਿਰਦਾ ਰਿਹਾ। ਮੈਂ ਤਾਂ ਆਪਣੀ ਧੀ ਰਾਹੀਂ ਆਪਣੇ ਅਧੂਰੇ ਸੁਪਨਿਆਂ ਦੀ ਪੂਰਤੀ ਲਈ ਬਹੁਤ ਕੁਝ ਕਰਨਾ ਚਾਹੁੰਦਾ ਸਾਂ ਪਰ ਚੰਦਰੇ ਪਰਦੇਸਾਂ ਦੀ ਗੈਰ-ਕਾਨੂੰਨੀ ਜ਼ਿੰਦਗੀ ਨੇ ਸਭ ਕੁਝ ਹੀ ਬਰਬਾਦ ਕਰ ਦਿੱਤਾ।

ਮਾਂ! ਮੈਨੂੰ ਆਪਣੇ ਆਪ 'ਤੇ ਗਿਲਾਨੀ ਆਉਂਦੀ ਹੈ, ਜਦ ਮੇਰੀ ਧੀ ਦੇ ਸਾਰੇ ਸ਼ਗਨ, ਬਿਗਾਨਿਆਂ ਨੇ ਇਕ ਬੋਝ ਸਮਝ ਕੇ ਮਨਾਏ ਹੋਣਗੇ ਤਾਂ ਉਨ੍ਹਾਂ ਦੇ ਮਨਾਂ ਵਿਚ ਮੇਰੇ ਅਤੇ ਸਾਡੇ ਪਰਿਵਾਰ ਪ੍ਰਤੀ ਇਕ ਸਮਾਜਿਕ ਘ੍ਰਿਣਾ ਜਰੂਰ ਪੈਦਾ ਹੋਈ ਹੋਵੇਗੀ। ਸ਼ਰੀਕ ਆਪਸ ਵਿਚ ਜਰੂਰ ਗੱਲਾਂ ਕਰਦੇ ਹੋਣਗੇ ਕਿ ਇਹ ਕਿਹੋ ਜਿਹੇ ਬਾਪ ਹੈ ਜਿਸ ਨੂੰ ਆਪਣੀ ਧੀ ਦੇ ਵਿਆਹ ਦਾ ਚਾਅ ਨਹੀਂ ਅਤੇ ਜਿਹੜਾ ਇਸ ਸ਼ੁਭ ਮੌਕੇ 'ਤੇ ਆਪ ਹਾਜਰ ਹੋਣ ਤੋਂ ਵੀ ਕੰਨੀ ਖਿਸਕਾ ਗਿਆ। ਉਨ੍ਹਾਂ ਨੂੰ ਕੀ ਪਤਾ ਕਿ ਮੈਂ ਕਿਹੜੀ ਮਜਬੂਰੀ ਵੱਸ ਆਪਣੀ ਜ਼ਿੰਦਗੀ ਤੋਂ ਉਕਤਾਇਆ, ਸਿਰਫ ਸਾਹ ਪੂਰੇ ਕਰਨ ਅਤੇ ਊਠ ਦੇ ਬੁੱਲ ਦੇ ਡਿੱਗਣ ਵਾਂਗ ਪੱਕੇ ਹੋਣ ਦੀ ਆਸ ਵਿਚ ਦਿਨ ਕਟੀ ਕਰ ਰਿਹਾ ਹਾਂ।

ਮਾਂ! ਧੀਆਂ ਨੂੰ ਬਹੁਤ ਮਾਣ ਹੁੰਦਾ ਏ ਆਪਣੇ ਮਾਪਿਆਂ 'ਤੇ ਅਤੇ ਉਹ ਆਪਣੇ ਮਨ ਦੀ ਰੀਝ ਮੁਤਾਬਕ ਹਰ ਕਾਰਜ ਦੀ ਸੰਪੂਰਨਤਾ ਲਈ ਆਪਣੇ ਬਾਪ ਨੂੰ ਮੰਨਵਾ ਸਕਦੀ ਏ। ਪਰ ਸ਼ਰੀਕਾਂ ਨੂੰ ਕਿਸੇ ਦੀਆਂ ਭਾਵਨਾਵਾਂ ਦੀ ਕੀ ਕਦਰ ਹੋ ਸਕਦੀ ਹੈ। ਉਹ ਤਾਂ ਸਗੋਂ ਤਮਾਸ਼ਾ ਦੇਖਦੇ ਹੋਣਗੇ। ਮੇਰੀ ਮਜਬੂਰੀ ਉਨ੍ਹਾਂ ਲਈ ਸ਼ੁਗਲ ਬਣੀ ਹੋਵੇਗੀ। ਮੈਂ ਤਾਂ ਜਿਉਂਦੇ ਜੀਅ ਹੀ ਉਨ੍ਹਾਂ ਦੇ ਭਾਅ ਦਾ ਮਰਿਆਂ ਬਰਾਬਰ ਹੋਇਆ ਹੋਵਾਂਗਾ ਕਿਉਂਕਿ ਮੇਰੀ ਗੈਰ-ਮੌਜੂਦਗੀ ਹੀ ਉਨ੍ਹਾਂ ਦੀ ਚੜ੍ਹਤ ਦਾ ਕਾਰਨ ਬਣਦੀ ਹੈ।

ਮਾਂ! ਤੈਨੂੰ ਮੈਂ ਦੱਸਾਂ ਅੱਜ ਜਦ ਮੈਂ ਆਪਣੀ ਧੀ ਦੇ ਵਿਹਅ ਦੇ ਸਮਾਗਮਾਂ ਨੂੰ ਕਿਆਸ ਰਿਹਾ ਹਾਂ ਤਾਂ ਸੋਚਦਾਂ ਕਿ ਕੌਣ ਬਾਪ ਦੀ ਮਿਲਣੀ ਵਾਲੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਝਿਜਕਦੇ ਮਨ ਨਾਲ ਤਿਆਰ ਹੋਇਆ ਹੋਵੇਗਾ? ਕਿਸ ਨੇ ਧੀ ਦਾ ਪੱਲਾ ਉਸ ਦੇ ਹੋਣ ਵਾਲੇ ਪਤੀ ਨੂੰ ਫੜਾਉਂਦਿਆਂ ਉਮਰਾਂ ਤੋਂ ਵੱਡੀਆਂ ਅਸੀਸਾਂ ਦਿੱਤੀਆਂ ਹੋਣਗੀਆਂ? ਕਿਸ ਨੇ ਮੇਰੀ ਧੀ ਦੀ ਲੰਮੀ ਅਤੇ ਖੁਸ਼ਹਾਲ ਵਿਆਹੁਤਾ ਜ਼ਿੰਦਗੀ ਲਈ ਅਰਦਾਸ ਕੀਤੀ ਹੋਵੇਗੀ? ਕਿਸ ਨੇ ਇਹ ਦੁਆਵਾਂ ਦਿੱਤੀਆਂ ਹੋਣਗੀਆਂ ਕਿ ਧੀਏ ਤੇਰਾ ਸਦਾ ਵੱਸਦਾ ਰਹੇ ਰੰਗਲਾ ਸੰਸਾਰ ਅਤੇ ਤੈਨੂੰ ਮਿਲੇ ਆਪਣੇ ਨਵੇਂ ਪਰਿਵਾਰ ਤੋਂ ਰੱਜਵਾਂ ਪਿਆਰ? ਬਹੁਤ ਕੁਝ ਮਨ ਵਿਚ ਆਉਂਦਾ ਏ। ਹੁਣ ਤਾਂ ਆਪਣੀ ਜਾਈ ਦੇ ਵਿਆਹ ਵਿਚਲੀ ਗੈਰ-ਹਾਜਰੀ ਮੈਨੂੰ ਜਿਉਣ ਲਈ ਲਾਹਨਤਾਂ ਪਾ ਰਹੀ ਏ।

ਮਾਂ! ਤੈਨੂੰ ਕੀ ਦੱਸਾਂ ਜਦ ਮੇਰੀ ਲਾਡੋ ਧੀ ਰਾਣੀ ਦੀ ਡੋਲੀ ਤੁਰੀ ਹੋਵੇਗੀ ਤਾਂ ਕਿਹਦੇ ਗਲ ਲੱਗ ਕੇ ਧੀ ਨੇ ਧਾਹ ਮਾਰੀ ਹੋਵੇਗੀ ਕਿ ਬਾਬਲਾ ਇਕ ਦਿਹਾੜੀ ਹੋਰ ਰੱਖ ਲੈ? ਆਪਣੇ ਰੋਂਦੇ ਗੁੱਡੀਆਂ-ਪਟੋਲਿਆਂ ਨੂੰ ਵਰਾਉਣ ਲਈ ਕਿਸ ਨੂੰ ਕਿਹਾ ਹੋਵੇਗਾ? ਕਿਹੜੇ ਮਨ ਨਾਲ ਆਪਣੇ ਬਾਬਲ ਦੇ ਵਿਹੜੇ ਦੀ ਖੈਰ-ਸੁੱਖ ਮੰਗਦਿਆਂ, ਜਲਦੀ ਤੋਂ ਜਲਦੀ ਫੇਰਾ ਪਾਉਣ ਦੀ ਆਸ ਬੰਨਾਈ ਹੋਵੇਗੀ? ਬਾਪ ਜੇ ਆਪਣੇ ਹੱਥੀਂ, ਆਪਣੀ ਲਾਡਲੀ ਦੀ ਡੋਲੀ ਨੂੰ ਅਲਵਿਦਾ ਕਹਿੰਦਿਆਂ, ਕੁਲ ਸੰਸਾਰ ਦੇ ਸੁੱਖਾਂ ਦਾ ਪਰਾਗਾ ਉਸ ਦੀ ਝੋਲੀ ਨਹੀਂ ਪਾਵੇਗਾ ਤਾਂ ਕਿਸੇ ਦੂਸਰੇ ਤੋਂ ਕੀ ਆਸ ਰੱਖੀ ਜਾ ਸਕਦੀ ਏ। ਬਾਪ ਤੋਂ ਬਗੈਰ ਧੀਆਂ ਲਈ ਘਰ ਦੇ ਕੀ ਅਰਥ ਰਹਿ ਜਾਂਦੇ ਨੇ?



ਮਾਂ! ਮੈਂ ਬਹੁਤ ਵੱਡਾ ਦੋਸ਼ੀ ਹਾਂ ਆਪਣੀ ਧੀ ਦਾ, ਜਿਸ ਦੇ ਸੁਪਨਿਆਂ ਨੂੰ ਪੂਰਾ ਤਾਂ ਕੀ ਕਰਨਾ, ਉਸ ਦੀ ਜ਼ਿੰਦਗੀ ਦੇ ਸਭ ਤੋਂ ਹੁਸੀਨ ਅਤੇ ਯਾਦਗਾਰੀ ਪਲਾਂ ਵਿਚ ਵੀ ਗੈਰ-ਹਾਜਰ ਰਿਹਾ। ਕੀ ਮੈਂ ਬਾਪ ਕਹਿਲਾਉਣ ਦਾ ਹੱਕਦਾਰ ਹਾਂ? ਕੀ ਮੈਂ ਬਾਪ ਵਾਲੇ ਫਰਜ਼ ਨਿਭਾਏ ਹਨ? ਕੀ ਮੇਰੀ ਧੀ ਆਪਣੇ ਬਾਪ ਦੀ ਅਣਹੋਂਦ ਵਿਚ ਇਕ ਨਿਤਾਣੀ ਅਤੇ ਨਿਮਾਣੀ ਵਾਂਗ ਤਾਂ ਨਹੀਂ ਵਿਚਰ ਰਹੀ ਹੋਵੇਗੀ? ਬਾਪ ਦੀ ਠੰਢੜੀ ਛਾਂ ਅਤੇ ਨਿੱਘ ਤੋਂ ਵਿਰਵੀਆਂ ਧੀਆਂ ਦਾ ਬਹੁਤ ਕੁਝ ਗਵਾਚ ਜਾਂਦਾ ਏ ਜਿਨ੍ਹਾਂ ਨੇ ਉਨ੍ਹਾਂ ਦੀਆਂ ਯਾਦਾਂ ਦਾ ਜੀਵੰਤ ਹਿੱਸਾ ਬਣਨਾ ਹੁੰਦਾ ਏ।

ਮਾਂ! ਮੈਂ ਆਪਣੀ ਇਕੱਲ ਦੇ ਨਾਂਵੇਂ ਆਪਣੀ ਜ਼ਿੰਦਗੀ ਗਵਾ ਦਿੱਤੀ ਏ। ਮੈਂ ਤੇਰਾ ਅਤੇ ਆਪਣੀ ਪਤਨੀ ਦਾ ਤਾਂ ਸਾਰੀ ਉਮਰ ਗੁਨਾਹਗਾਰ ਰਿਹਾ ਹੀ ਸੀ ਹੁਣ ਤਾਂ ਮੇਰੀ ਧੀ ਵੀ ਬਾਪ-ਬਿਨ ਬਿਤਾਏ ਦਿਨਾਂ ਦਾ ਹੇਰਵਾ ਆਪਣੇ ਮਨ ਵਿਚ ਪਾਲੇਗੀ। ਬਾਬਲ ਦੇ ਵਿਹੜੇ ਦੇ ਕਿਹੜੇ ਪਲ ਉਸ ਦੀਆਂ ਸਿਮਰਤੀਆਂ ਦਾ ਸਦੀਵੀ ਅੰਗ ਬਣਨਗੇ? ਬਾਪ ਦੀਆਂ ਕਿਹੜੀਆਂ ਮਿੱਠੀਆਂ ਝਿੜਕਾਂ ਦਾ ਅਹਿਸਾਸ ਉਹ ਮਾਣੇਗੀ? ਕਿਸ ਤਰ੍ਹਾਂ ਉਸ ਨੂੰ ਅਨੁਭਵ ਹੋਵੇਗਾ ਕਿ ਬਾਪ ਦੀਆਂ ਨਸੀਹਤਾਂ ਅਤੇ ਉਸ ਦੀਆਂ ਮੱਤਾਂ ਦੇ ਜ਼ਿੰਦਗੀ ਵਿਚ ਕੀ ਅਰਥ ਹੁੰਦੇ ਹਨ? ਧੀ ਨੂੰ ਤਾਂ ਇਹ ਵੀ ਪਤਾ ਨਹੀਂ ਹੋਣਾ ਕਿ ਧੀਆਂ ਨੂੰ ਕੰਧਾੜੇ ਚੁੱਕ ਕੇ ਖਿਡਾਉਣ ਅਤੇ ਉਨ੍ਹਾਂ ਨੂੰ ਬੇਟਾ ਕਹਿ ਕੇ ਬੁਲਾਉਣ ਦੇ ਕਿੰਨੇ ਡੂੰਘੇ ਅਤੇ ਭਵਿੱਖ-ਮੁਖੀ ਮਾਇਨੇ ਹੁੰਦੇ ਹਨ?

ਮਾਂ! ਤੂੰ ਮੇਰੀ ਧੀ ਨੂੰ ਦਾਦੀ ਵਾਲਾ ਤਾਂ ਪਿਆਰ ਬਹੁਤ ਦਿੱਤਾ ਹੋਵੇਗਾ ਪਰ ਤਰਲਾ ਈ! ਜਦ ਉਹ ਸਹੁਰੇ ਘਰੋਂ ਆਏ ਤਾਂ ਬਾਪ ਦੇ ਅਹਿਸਾਸਾਂ ਵਾਲੀ ਨਿੱਘੀ ਜਿਹੀ ਗਲਵੱਕੜੀ ਪਾਈਂ ਅਤੇ ਸਿਰ 'ਤੇ ਅਸੀਸਾਂ ਤੇ ਲਾਡਾਂ ਭਰਿਆ ਹੱਥ ਜਰੂਰ ਰੱਖੀਂ। ਮੇਰੇ ਵਲੋਂ ਝੋਲੀ ਭਰ ਕੇ ਦੁਆਵਾਂ ਦਿੰਦਿਆਂ, ਉਸ ਦੀ ਸਦੀਵੀ ਖੈਰ-ਸੁੱਖ ਜਰੂਰ ਮੰਗੀਂ। ਮੈਂ ਤਾਂ ਆ ਨਹੀਂ ਸਕਿਆ। ਸਿਰਫ ਇਸ ਖਤ ਜਾਂ ਫੋਨ ਵਿਚਲੇ ਬੋਲਾਂ ਰਾਹੀਂ ਹੀ ਵਿਆਹ ਦੇ ਉਨ੍ਹਾਂ ਸੂਖਮ-ਅਨੁਭਵੀ ਪਲਾਂ ਨੂੰ ਚਿਤਵ ਸਕਦਾ ਹਾਂ ਜਿਨ੍ਹਾਂ ਤੋਂ ਮੈਂ ਵਿਰਵਾ ਰਹਿ ਗਿਆ ਹਾਂ। ਪਤਾ ਨਹੀਂ ਰੱਬ ਨੇ ਮੈਨੂੰ ਇੱਡੀ ਵੱਡੀ ਸਜ਼ਾ ਕਿਉਂ ਦਿੱਤੀ ਹੈ ਕਿ ਮੈਂ ਸਾਰੀ ਉਮਰ ਪਰਦੇਸਾਂ ਦੀ ਖਾਕ ਛਾਣਦਾ ਰਿਹਾ ਕਿ ਮੈਂ ਆਪਣੇ ਪਰਿਵਾਰ ਨੂੰ ਆਪਣੇ ਕੋਲ ਬੁਲਾ ਸਕਾਂ ਅਤੇ ਆਪਣੇ ਪਰਿਵਾਰ ਨਾਲ ਕੁਝ ਕੋਸੇ-ਕੋਸੇ ਪਲ ਬਿਤਾ ਸਕਾਂ। ਪਰ ਮੱਥੇ ਤੋਂ ਗੈਰ-ਕਾਨੂੰਨੀ ਪਰਵਾਸੀ ਦਾ ਲੇਬਲ ਨਾ ਲਹਿ ਸਕਿਆ। ਮੈਂ ਦਰ-ਦਰ ਦੀਆਂ ਠੋਕਰਾਂ ਖਾਂਦਾ ਪੁਲਿਸ ਅਤੇ ਇਥੋਂ ਦੀ ਸਰਕਾਰ ਤੋਂ ਬਚਦਾ, ਪੱਕੇ ਹੋਣ ਦੀ ਕੋਸ਼ਿਸ਼ ਕਰਦਿਆਂ ਸਾਰਾ ਜੀਵਨ ਹੀ ਲੰਘਾ ਦਿੱਤਾ। ਮੈਂ ਦਰਦ-ਗਾਥਾ ਬਣਿਆ ਹਉਕਿਆਂ ਦੇ ਲੰਮੇ ਲੰਮੇ ਤੰਦ ਪਾਉਂਦਾ ਰਿਹਾ।

ਮਾਂ! ਮੈਂ ਇਸ ਗਲੀਜ਼ ਜ਼ਿੰਦਗੀ ਤੋਂ ਨਿਜਾਤ ਪਾਉਣੀ ਚਾਹੁੰਦਾ ਹਾਂ। ਸ਼ਾਇਦ ਇਸੇ ਕਰਕੇ ਹੀ ਕਈ ਮੇਰੇ ਵਰਗੇ ਆਪਣੇ ਕਸ਼ਟਾਂ ਤੋਂ ਛੁਟਕਾਰਾ ਨਾ ਪਾ ਸਕਣ ਕਾਰਨ ਹੌਲੀ ਹੌਲੀ ਅੰਦਰੋਂ-ਅੰਦਰੀਂ ਮਰ ਕੇ ਜਿਉਂਦੀ ਲਾਸ਼ ਬਣ ਜਾਂਦੇ ਹਨ।

ਮਾਂ! ਤੂੰ ਤਾਂ ਮੈਨੂੰ ਮੁਆਫ ਕਰ ਦੇਈਂ ਜਿਸ ਨੇ ਪਹਿਲੀ ਵਾਰ ਪਰਦੇਸਾਂ ਨੂੰ ਤੁਰਨ ਵੇਲੇ ਕਿਹਾ ਸੀ ਕਿ ਨਾ ਜਾ ਪਰਦੇਸ, ਪਰਦੇਸਾਂ ਦੇ ਦੁੱਖ ਬੜੇ ਨੇ। ਪਰ ਮੈਂ ਹੀ ਨਾ ਮੰਨਿਆ ਜਿਸ ਦਾ ਖਮਿਆਜ਼ਾ ਮੈਂ ਸਾਰੀ ਉਮਰ ਹੀ ਭੁਗਤਿਆ ਏ। ਮਾਂ ਹੁਣ ਤੂੰ ਸੋਗੀ ਖਬਰ ਦੀ ਉਡੀਕ ਹੀ ਕਰ ਸਕਦੀ ਏਂ ਕਿਉਂਕਿ ਤਿਲ-ਤਿਲ ਕਰਕੇ ਮਰਨ ਵਾਲੇ ਲੋਕ ਭਲਾ ਕਿੰਨਾ ਕੁ ਚਿਰ ਜੀਅ ਸਕਦੇ ਹਨ?

ਮਾਂ! ਆਸ ਤਾਂ ਕੋਈ ਨਹੀਂ ਕਿ ਮੈਂ ਜਿਉਂਦੇ ਜੀਅ ਤੈਨੂੰ ਮਿਲ ਸਕਾਂ। ਹੁਣ ਤੂੰ ਹੀ ਮੇਰੀਆਂ ਧੀਆਂ ਦਾ ਬਾਪ ਬਣਦੀ ਰਹੀਂ ਜਿਵੇਂ ਤੂੰ ਮੈਨੂੰ ਬਾਪ ਵਾਲਾ ਨਿੱਘ ਦਿੱਤਾ ਸੀ।

ਮਾਂ! ਮੇਰੀ ਧੀ ਪੇਕੀਂ ਆਈ ਤਾਂ ਉਸ ਦੇ ਹੰਝੂਆਂ ਨੂੰ ਆਪਣੇ ਅੰਦਰ ਜੀਰ ਲਵੀਂ ਅਤੇ ਉਸ ਨੂੰ ਇਹ ਮਹਿਸੂਸ ਨਾ ਹੋਵੇ ਕਿ ਉਸ ਦੇ ਬਾਪ ਨੇ ਉਸ ਦੇ ਚਾਵਾਂ ਦੀ ਅਣਦੇਖੀ ਕੀਤੀ ਏ। ਉਸ ਦੇ ਸਿਰ 'ਤੇ ਸੂਹੇ ਚਾਵਾਂ ਦੀ ਫੁਲਕਾਰੀ, ਬਾਹਾਂ ਵਿਚ ਰੰਗਲਾ ਚੂੜਾ ਅਤੇ ਮੁਖੜੇ 'ਤੇ ਫੈਲੀ ਸੂਹੀ ਭਾਅ ਨੂੰ ਦੇਖਣਾ ਬਾਪ ਦਾ ਸਭ ਤੋਂ ਵੱਡਾ ਨਸੀਬ ਹੁੰਦਾ ਹੈ। ਪਰ ਮੈਂ ਕੇਹਾ ਬਦਨਸੀਬ ਬਾਪ ਹਾਂ ਕਿ ਕਿਸੇ ਬੇਸਮੈਂਟ ਦੀ ਨੁੱਕਰੇ ਪਿਆ, ਆਪਣੀ ਧੀ ਦੇ ਚਾਵਾਂ ਦੀ ਅੰਦਰੋਂ-ਅੰਦਰੀ ਕਾਮਨਾ ਹੀ ਕਰ ਸਕਦਾ ਹਾਂ। ਕਿਸੇ ਨੂੰ ਦੱਸਾਂ, ਤਾਂ ਕੀ ਦੱਸਾਂ? ਧੀ ਨੂੰ ਮੇਰੇ ਵਲੋਂ 'ਵਾਵਾਂ ਦੇ ਹੱਥ ਭੇਜੀਆਂ ਦੁਆਵਾਂ ਅਤੇ ਅਸੀਸਾਂ ਦੇਈਂ ਅਤੇ ਆਖੀਂ ਕਿ ਮੁਆਫ ਕਰ ਦੇਵੇ, ਬਾਪ ਦੇ ਫਰਜ਼ਾਂ ਤੋਂ ਭੱਜਣ ਵਾਲੇ ਕੁ-ਬਾਪ ਨੂੰ।

## ਕਾਵਿ-ਜਗਤ

### ਹੋਂਦ ਮੇਰੀ ਦਾ ਅਹਿਸਾਸ

ਜਦ ਪੱਥਰ ਦੇ ਸੀਨਿਆਂ 'ਚੋਂ
ਪਾਣੀ ਸਿੰਮਦੈ
ਜਦ ਸੂਰਜ ਦੀਆਂ ਬਲਦੀਆਂ
ਅੱਖੀਆਂ 'ਚੋਂ ਕੋਈ ਅੱਥਰੂ ਕਿਰਦੈ
ਜਦ ਸਾਗਰ ਦੀਆਂ ਛੱਲਾਂ ਵੀ
ਪਿਆਸ ਪਿਆਸ ਪੁਕਾਰਨ
ਚੰਦਰਮਾ ਦੀਆਂ ਰਿਸ਼ਮਾਂ 'ਚੋਂ
ਅੱਗ ਟਪਕਦੀ
ਜਦ ਅੱਗ ਦੀਆਂ ਲਾਟਾਂ ਬਣ
ਸਾਗਰ ਉਛਲਦੈ
ਤਾਂ ਮੈਨੂੰ ਮੇਰੀ ਹੋਂਦ ਦਾ
ਅਹਿਸਾਸ ਜਿਹਾ ਹੁੰਦੈ।

ਮੇਰੇ ਦਰਦ ਦੀ ਪੀੜਾ ਫਿਰ
ਮੇਰੀ ਦਵਾ ਬਣ ਜਾਂਦੀ
ਮੇਰੀ ਚੀਸ ਨਿਕਲ ਕੇ
ਦੁਆ ਬਣ ਜਾਂਦੀ ਹੈ
ਜਦ ਤਪਦੀ ਲੋਅ ਤੋਂ
ਸਿਖਰ ਦੁਪਹਿਰੇ
ਬਰਫ ਪਿਘਲਦੀ
ਸਾਵਣ ਦੀ ਫੁਹਾਰ 'ਚੋਂ
ਇਕ ਅੱਗ ਜਿਹੀ ਬਲਦੀ
ਪੋਹ ਮਾਘ ਦੀਆਂ ਰਾਤਾਂ 'ਚੋਂ
ਜਦ ਸੇਕ ਜਿਹਾ ਆਉਂਦੈ
ਉਸ ਸੇਕ ਦੇ ਸਾੜੇ ਨਾਲ
ਮੇਰੀ ਰੂਹ ਲੂਹ ਜਾਂਦੀ
ਤਕਦੀਰ ਮੇਰੀ ਜਦ
ਮੇਰੇ ਗਲ ਲੱਗ ਰੋਂਦੀ
ਤਦ ਮੈਨੂੰ ਮੇਰੀ ਹੋਂਦ ਦਾ
ਅਹਿਸਾਸ ਕਰਾ ਦਿੰਦੀ।

ਇਕ ਲੱਪ ਚਾਨਣ
ਪਰਬਤ ਬਣ ਦੁੱਖ ਜਦੋਂ
ਭਾਂਬੜ ਬਣ ਮੱਚਦੈ
ਧਰਤ ਤੇ ਅੰਬਰ ਜਦ
ਧੂੰਏ ਵਾਂਗ ਧੁਖਦੈ
ਜਦ ਚਾਨਣ ਦੀਆਂ ਰਿਸ਼ਮਾਂ ਦਾ
ਘੁੱਪ ਘੋਰ ਹਨੇਰਾ ਛਾ
ਦਿਹੁੰ ਨੂੰ ਕਾਲੀ ਰਾਤ ਬਣਾ ਦਿੰਦੈ
ਜੀਵਨ 'ਤੇ ਖੌਫ-ਹਨੇਰਾ ਛਾ ਜਾਂਦੈ
ਤਾਂ ਮੈਨੂੰ ਮੇਰੀ ਹੋਂਦ ਦਾ
ਅਹਿਸਾਸ ਹੋ ਜਾਂਦੈ।

ਪੱਥਰ ਦੇ ਬਸਤਰ ਪਾ
ਮੈਂ ਜਦ ਸਜ ਸੰਵਰ ਜਾਂਦੀ
ਠੋਹਕਰ ਦੇ ਸਾਜਾਂ ਤੋਂ
ਸੰਗੀਤ ਰਚਾ ਲੈਂਦੀ
ਵੈਣਾਂ ਨੂੰ ਗਾ ਗਾ ਕੇ
ਕਈ ਸੁਰ ਅਲਾ ਲੈਂਦੀ
ਦਰਦਾਂ ਨੂੰ ਹੰਢਾ ਲੈਂਦੀ
ਤੇ ਦੁੱਖ ਭੁਲਾ ਲੈਂਦੀ
ਮਹਿਫਿਲ ਰੰਗੀਨ ਬਣਾਉਣ ਲਈ
ਮੈਂ ਗੀਤ ਹਾਂ ਗਾ ਲੈਂਦੀ
ਤੇ ਮਨ ਪਰਚਾ ਲੈਂਦੀ
ਤਾਂ ਮੈਂ ਮੈਨੂੰ ਮੇਰੀ ਹੋਂਦ ਦਾ
ਅਹਿਸਾਸ ਜਤਾ ਦਿੰਦੀ।

ਵਹਿੰਦੀਆਂ ਧਾਰਾਂ ਦੇ
ਮੈਂ ਕੀਰਨੇ ਸੁਣ ਸੁਣ ਕੇ
ਕਈ ਰਾਗ ਅਲਾਪ ਲਏ
ਦਰਦਾਂ ਤੇ ਪੀੜਾਂ ਨੂੰ
ਬੁੱਲ੍ਹੀਆਂ 'ਤੇ ਲਾ ਲਾ ਕੇ
ਰਾਗਾਂ 'ਚ ਪਰੋ ਦਿੱਤਾ
ਗੀਤਾਂ ਦੀ ਮਹਿਫਿਲ ਵਿਚ
ਦੁੱਖ ਰੌਸ਼ਨ ਕਰ ਦਿੱਤਾ।

ਇਕ ਲੱਪ ਚਾਨਣ
ਤੇ ਫਰਜ਼ ਨਿਭਾ ਦਿੱਤਾ
ਮੈਂ ਕੁਝ ਤਾਂ ਕਰ ਦਿੱਤਾ
ਤਾਂ ਫਿਰ ਮੈਨੂੰ ਮੈਂ ਆਪਣੀ ਹੋਂਦ ਦਾ
ਅਹਿਸਾਸ ਜਗਾ ਦਿੱਤਾ।
ਧਰਤੀ ਦੀ ਮੋਮਬੱਤੀ ਨੂੰ
ਮੈਂ ਅੱਗ ਛੁਹਾ ਦਿੱਤੀ
ਅੰਬਰ ਨੇ ਗਰਜ ਗਰਜ
ਤੁਫਾਨ ਮਚਾ ਦਿੱਤਾ
ਬਿਜਲੀਆਂ ਗਿਰਾ ਗਿਰਾ
ਜਦ ਸਭ ਕੁਝ ਫਨਾਹ ਕੀਤਾ
ਪਰ ਮੈਂ ਧਰਤੀ ਦੀ ਮੋਮਬੱਤੀ
ਵਾਂਗ ਲਾਟ ਦੇ ਜਲਦੀ ਰਹੀ
ਹੱਸ ਹੱਸ ਕੇ ਬਲਦੀ ਰਹੀ
ਤੇ ਮੈਨੂੰ ਆਪਣੀ ਹੋਂਦ ਦਾ
ਅਹਿਸਾਸ ਕਰਾਉਂਦੀ ਰਹੀ।

ਇਕ ਦਿਨ ਜਦ
ਤੁਫਾਨ ਜਿਹਾ ਆਇਆ ਸੀ
ਝੱਖੜ ਤੇ ਹਨੇਰੀਆਂ ਨੇ
ਕਹਿਰ ਮਚਾਇਆ ਸੀ
ਧਰਤੀ ਦੀ ਹਿੱਕ ਵਿਚੋਂ
ਇਕ ਲਾਵਾ ਸਿੰਮਿਆ ਸੀ
ਮੇਰੀ ਮਾਂ ਦੀ ਕੁੱਖੋਂ ਉਸ ਦਿਨ
ਮੇਰਾ ਜਨਮ ਹੋਇਆ ਸੀ
ਗੁੜ੍ਹਤੀ ਵਿਚ ਮੈਨੂੰ ਕਿਸੇ
ਆ ਦੁੱਖ ਛੁਹਾਏ ਸਨ
ਸਮਾਜੀ ਪੀਰਾਂ ਨੇ
ਅਫਸੋਸ ਮਨਾਇਆ ਸੀ
ਤਾਂ ਮੈਨੂੰ ਮੇਰੀ ਹੋਂਦ ਦਾ
ਅਹਿਸਾਸ ਜਿਹਾ ਹੋਇਆ ਸੀ।

*-ਗੁਰਬੰਸ ਗਿੱਲ*
*ਵੀਆਨਾ, ਵਰਜੀਨੀਆ।*

---

### ਗਜ਼ਲ

ਸੰਗਤ ਲੁੱਟ ਕੇ ਮਹਿਲ ਬਣਾਇਆ।
ਫਿਰ ਵੀ ਹਿੱਸੇ ਕੁਝ ਨਾ ਆਇਆ।
ਸੁਸਰੀ ਵਾਂਗੂੰ ਸੁੱਤੇ ਸਭ ਲੋਕ
ਹਰ ਘਰ ਦਾ ਕੁੰਡਾ ਖੜਕਾਇਆ।
ਖੁਦ ਦਾ ਹੀ ਲਿਖ ਕੇ ਸਿਰਨਾਵਾਂ
ਆਪਣੇ ਘਰ ਨੂੰ ਹੀ ਖਤ ਪਾਇਆ।
ਮਹਿਫਿਲ ਸਾਰੀ ਖਿੜ ਖਿੜ ਹੱਸੀ
ਜਦੋਂ ਮੈਂ ਆਪਣਾ ਦੁੱਖ ਸੁਣਾਇਆ।

ਕਹਿੰਦੇ ਸੀ ਜੋ ਨਾਲ ਮਰਾਂਗੇ
'ਸੌਰੀ' ਦਾ ਪੈਗਾਮ ਨਾ ਆਇਆ।
ਜਾਈਂ ਨਾ ਕੁੜੀਏ ਸਾਧ ਦੇ ਡੇਰੇ
ਸੁਣਿਐ ਸੈਕਸੀ ਬਾਬਾ ਆਇਆ।
ਜੀਭ ਹੈ ਝੂਠੀ, ਹੱਥ 'ਚ ਗੀਤਾ
ਬਾਬਾ ਦੇਣ ਗਵਾਹੀ ਆਇਆ।
'ਗਿੱਲ' ਨੂੰ ਆਖੇ, ਖਾ ਹਲਾਲ
ਖੁਦ ਬਾਬੇ ਬੰਦਾ ਝਟਕਾਇਆ।

*-ਜੁਗਰਾਜ ਗਿੱਲ, ਯੌਰਕ*
*ਫੋਨ: 704-257-6693*

## ਪਾਠਕ ਮੰਚ

# ਬਾਮਸੇਫ, ਅਕਾਲੀ ਦਲ (ਅ) ਤੇ ਅੰਬੇਦਕਰ ਬਾਰੇ ਕੁਝ ਸਵਾਲ

*ਡਾ. ਭੀਮਾ ਰਾਓ ਅੰਬੇਦਕਰ ਨੂੰ ਅਕਸਰ ਦਲਿਤਾਂ ਦਾ ਮਸੀਹਾ ਕਰਕੇ ਜਾਣਿਆ ਜਾਂਦਾ ਹੈ। ਇਸ ਨੁਕਤੇ 'ਤੇ ਕਿੰਤੂ ਕਰਨ ਨਾਲ ਕਈ ਧਿਰਾਂ ਵਲੋਂ ਵਿਰੋਧ ਖੜ੍ਹਾ ਹੋ ਸਕਦਾ ਹੈ। ਇਸ ਪ੍ਰਤੀਕਰਮ ਵਿਚ ਲੇਖਕ ਕਮਲਜੀਤ ਸਿੰਘ ਨੇ ਕੁਝ ਨੁਕਤੇ ਖੜ੍ਹੇ ਕੀਤੇ ਹਨ। ਇਨ੍ਹਾਂ ਨੁਕਤਿਆਂ ਨੂੰ ਅਸੀਂ ਇਕ ਵਿਚਾਰ-ਚਰਚਾ ਦੇ ਤੌਰ 'ਤੇ ਛਾਪ ਰਹੇ ਹਾਂ, ਸਾਡਾ ਇਨ੍ਹਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ। ਇਸ ਮਾਮਲੇ 'ਤੇ ਆਏ ਹੋਰ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ*

**ਕਮਲਜੀਤ ਸਿੰਘ, ਫਰੀਮਾਂਟ**
kamcalcal@hotmail.com

'ਪੰਜਾਬ ਟਾਈਮਜ਼' ਦੇ 23 ਸਤੰਬਰ 2017 ਵਾਲੇ ਅੰਕ ਵਿਚ 'ਬਾਮਸੇਫ ਇੰਟਰਨੈਸ਼ਨਲ ਅਤੇ ਅਕਾਲੀ ਦਲ (ਅੰਮ੍ਰਿਤਸਰ) ਵਿਚ ਰਾਜਨੀਤਿਕ ਸਮਝੌਤਾ' ਖਬਰ ਪੜ੍ਹ ਕੇ ਮਨ ਵਿਚ ਕਈ ਸਵਾਲ ਪੈਦਾ ਹੋਏ ਹਨ। ਸਭ ਤੋਂ ਪਹਿਲਾਂ ਤਾਂ ਇਹ ਇਕ ਸੱਚਾਈ ਹੈ ਕਿ ਬਾਮਸੇਫ ਅਤੇ ਅਕਾਲੀ ਦਲ (ਅੰਮ੍ਰਿਤਸਰ) ਪੰਜਾਬ ਵਿਚ ਸਿਰਫ ਕਾਗਜ਼ੀ ਹਸਤੀਆਂ ਹੀ ਹਨ ਜਿਨ੍ਹਾਂ ਨੇ ਪਿਛਲੇ 20 ਸਾਲਾਂ ਵਿਚ 5 ਫੀਸਦੀ ਤੋਂ ਵੱਧ ਵੋਟਾਂ ਹਾਸਲ ਨਹੀਂ ਕੀਤੀਆਂ। ਇਨ੍ਹਾਂ ਦੋਵਾਂ ਦੇ ਰਸਤੇ ਅਤੇ ਮੰਜ਼ਿਲਾਂ ਵੀ ਵੱਖ-ਵੱਖ ਹਨ ਜਿਸ ਦੀ ਤਸਵੀਰ ਸੁਖਮਿੰਦਰ ਸਿੰਘ ਹੰਸਰਾ ਨੇ ਖਬਰ ਦੇ ਆਖਰੀ ਪਹਿਰੇ ਵਿਚ ਸਪਸ਼ਟ ਕਰ ਦਿੱਤੀ ਹੈ, "ਅਕਾਲੀ ਦਲ ਦਾ ਮਸਲਾ ਭਾਰਤੀ ਮੂਲ ਦੇ ਲੋਕਾਂ ਦੇ ਮਸਲੇ ਨਾਲੋਂ ਵੱਖਰਾ ਹੈ।" ਸਵਾਲ ਹੈ, ਸਮਝੌਤਾ ਹੋਣ ਤੋਂ ਪਹਿਲਾਂ ਹੀ ਤੋੜ ਦਿੱਤਾ ਗਿਆ ਹੈ ਕਿ ਨਹੀਂ?

ਹੁਣ ਗੱਲ ਕਰਦੇ ਹਾਂ, ਡਾ. ਅੰਬੇਦਕਰ ਵੱਲੋਂ ਸਿੱਖ ਧਰਮ ਅਪਨਾਉਣ ਦੀ। ਜੇ ਡਾ. ਅੰਬੇਦਕਰ ਨੇ ਆਪਣਾ ਧਰਮ ਬਦਲਣਾ ਸੀ ਤਾਂ ਉਹ ਕਿਸੇ ਵੀ ਨੇੜਲੇ ਗੁਰਦੁਆਰੇ ਵਿਚ ਆਪਣੇ 6 ਕਰੋੜ ਅਨੁਯਾਈਆਂ ਸਮੇਤ ਧਰਮ ਬਦਲ ਕੇ ਸਿੱਖ ਬਣ ਸਕਦੇ ਸਨ। ਅਕਾਲੀ ਦਲ ਤੋਂ ਉਨ੍ਹਾਂ ਇਜਾਜ਼ਤ ਕਿਉਂ ਲੈਣੀ ਸੀ? ਕੀ ਕੋਈ ਸਿਆਸੀ ਪਾਰਟੀ ਕਿਸੇ ਧਰਮ ਦੇ ਡੀਲਰ ਵਜੋਂ ਕੰਮ ਕਰਦੀ ਹੈ? ਇਸ ਤੋਂ ਸਾਫ ਜ਼ਾਹਰ ਹੈ ਕਿ ਡਾ. ਅੰਬੇਦਕਰ ਆਪਣੀ ਸਿਆਸਤ ਨੂੰ ਧਰਮ ਦਾ ਬੁਰਕਾ ਪਹਿਨਾਉਣਾ ਚਾਹੁੰਦੇ ਸਨ? ਇਹ ਚਾਲ ਸੀ ਜੋ ਭੋਲੇ-ਭਾਲੇ ਦਲਿਤਾਂ ਨੂੰ ਇਕ ਕਿਸਮ ਦੇ ਬ੍ਰਾਹਮਣਵਾਦ ਵਿਚੋਂ ਕੱਢ ਕੇ ਦੂਜੀ ਕਿਸਮ ਵਿਚ ਧੱਕਣ ਦੀ ਕੋਸ਼ਿਸ਼ ਸੀ। ਕੀ ਇਹ ਸੱਚਾਈ ਨਹੀਂ ਕਿ ਆਮ ਤੌਰ 'ਤੇ ਸਿੱਖਾਂ ਵਿਚ ਜਾਤ-ਪਾਤ ਦਾ ਉਨਾ ਹੀ ਬੋਲ-ਬਾਲਾ ਹੈ, ਜਿੰਨਾ ਹਿੰਦੂਆਂ ਵਿਚ? ਇਸ ਦਾ ਸਬੂਤ ਇਸ ਕਾਨਫਰੰਸ ਵਿਚ ਸ਼ਾਮਲ ਅਕਾਲੀ ਦਲ (ਅ) ਦੇ ਕਾਰਕੁਨਾਂ ਵੱਲੋਂ ਆਪਣੇ ਆਪ ਨੂੰ 'ਮਾਨ', 'ਖੜੌਦ', 'ਕੁਲਾਰ', 'ਹੰਸਰਾ' ਦੱਸ ਕੇ ਚੰਗੀ ਤਰ੍ਹਾਂ ਦੇ ਦਿੱਤਾ ਹੈ।

ਬਾਣੀ ਦਾ ਤੁਸੀਂ ਜਿੰਨਾ ਮਰਜ਼ੀ ਜ਼ਿਕਰ ਕਰ ਲਓ, ਪਰ ਜਾਤ-ਪਾਤ ਸਿੱਖ ਧਰਮ ਵਿਚੋਂ ਮਿਟੀ ਨਹੀਂ। ਉਪਰ ਦਿੱਤੇ ਗੋਤ ਸਾਰੇ ਹੀ ਜੱਟਾਂ ਦੇ ਹਨ। ਇਸ ਸਬੰਧੀ ਇਹ ਜ਼ਿਕਰ ਕਰਨਾ ਬਣਦਾ ਹੈ ਕਿ ਦਲਿਤਾਂ ਉਤੇ ਜਿੰਨੇ ਜ਼ੁਲਮ ਜੱਟਾਂ ਨੇ ਕੀਤੇ ਹਨ ਜਾਂ ਕਰ ਰਹੇ ਹਨ, ਉਨੇ ਬ੍ਰਾਹਮਣਾਂ ਨੇ ਨਹੀਂ ਕੀਤੇ। ਜੇ ਤੁਸੀਂ ਕਿਸੇ ਦਲਿਤ, ਚਮਾਰ ਜਾਂ ਬਾਲਮੀਕ ਨਾਲ ਨਿਜੀ ਤੌਰ 'ਤੇ ਗੱਲ ਕਰੋ ਤਾਂ ਉਹ ਜ਼ਾਲਮਾਂ ਦੀ ਕਤਾਰ ਵਿਚ ਜੱਟਾਂ ਨੂੰ ਜ਼ਿਆਦਾ ਕੋਸਦੇ ਹਨ, ਬਨਿਸਬਤ ਬ੍ਰਾਹਮਣਾਂ ਦੇ।

ਕੀ ਇਹ ਸਾਬਤ ਨਹੀਂ ਹੋ ਜਾਂਦਾ ਕਿ ਡਾ. ਅੰਬੇਦਕਰ ਵੱਲੋਂ ਸਿੱਖ ਬਣਨ ਦੀ ਕੋਸ਼ਿਸ਼ ਸਿਆਸੀ ਚਾਲ ਸੀ?

ਜੇ ਡਾ. ਅੰਬੇਦਕਰ ਜਾਤ-ਪਾਤ ਨੂੰ ਇੰਨੀ ਹੀ ਨਫਰਤ ਕਰਦੇ ਸਨ ਤਾਂ ਦਲਿਤਾਂ ਵਿਚ ਵੀ ਸੈਂਕੜੇ ਜਾਤਾਂ ਹਨ, ਪਰ ਡਾ. ਅੰਬੇਦਕਰ ਨੇ ਕਦੇ ਵੀ ਉਨ੍ਹਾਂ ਨੂੰ ਆਪਸੀ ਜਾਤ-ਪਾਤ ਖਤਮ ਕਰਨ ਲਈ ਨਹੀਂ ਪ੍ਰੇਰਿਆ। ਮਿਸਾਲ ਵਜੋਂ ਚਮਾਰ ਆਪਣੀ ਧੀ ਕਿਸੇ ਬਾਲਮੀਕ ਨਾਲ ਨਹੀਂ ਵਿਆਹੁੰਦਾ। ਰਾਮਦਾਸੀਏ ਆਪਣੇ ਆਪ ਨੂੰ ਚਮਾਰਾਂ ਤੋਂ ਉਪਰ ਸਮਝਦੇ ਹਨ। ਕੀ ਦਲਿਤਾਂ ਵਿਚ ਜਾਤ-ਪਾਤ ਬ੍ਰਾਹਮਣਵਾਦ ਤੋਂ ਪਹਿਲਾਂ ਹੀ ਮੌਜੂਦ ਨਹੀਂ ਸੀ? ਕਿਉਂਕਿ ਬ੍ਰਾਹਮਣਾਂ ਦਾ ਨਾ ਤਾਂ ਸਮਾਜਿਕ ਅਤੇ ਨਾ ਹੀ ਧਾਰਮਿਕ ਰਿਸ਼ਤਾ ਇਨ੍ਹਾਂ ਦਲਿਤਾਂ ਨਾਲ ਸੀ। ਜੇ ਬ੍ਰਾਹਮਣ ਇਨ੍ਹਾਂ ਵਿਚ ਵਿਚਰਦੇ ਨਹੀਂ ਸਨ ਤਾਂ ਦਲਿਤਾਂ ਨੂੰ ਕਿਵੇਂ ਜਾਤਾਂ-ਪਾਤਾਂ ਵਿਚ ਵੰਡ ਸਕਦੇ ਸਨ। ਇਥੇ ਕੀ ਡਾ. ਅੰਬੇਦਕਰ ਵੱਲੋਂ ਜਾਤ-ਪਾਤ ਦਾ ਢੰਡੋਰਾ ਸਿਰਫ ਬ੍ਰਾਹਮਣਾਂ ਖਿਲਾਫ ਹੀ ਨਹੀਂ ਸੀ? ਕਿਉਂਕਿ ਉਨ੍ਹਾਂ ਨੇ ਦਲਿਤਾਂ ਵਿਚਲੀ ਇਸ ਕਮਜ਼ੋਰੀ ਨੂੰ ਕਦੇ ਵੀ ਨਹੀਂ ਉਜਾਗਰ ਕੀਤਾ।

ਡਾ. ਅੰਬੇਦਕਰ ਬ੍ਰਾਹਮਣਾਂ ਖਿਲਾਫ ਤਾਂ ਬੋਲਦੇ ਸਨ, ਪਰ ਖੁਦ ਉਨ੍ਹਾਂ 60 ਸਾਲ ਦੀ ਉਮਰੇ ਬ੍ਰਾਹਮਣ ਲੜਕੀ ਸਵਿਤਾ ਉਰਫ ਸ਼ਾਰਦਾ ਨਾਲ ਸ਼ਾਦੀ ਕੀਤੀ। ਉਸ ਸਮੇਂ ਸਵਿਤਾ ਦੀ ਉਮਰ ਉਨ੍ਹਾਂ ਦੀ ਧੀ ਦੇ ਬਰਾਬਰ ਸੀ। ਕੀ ਇਹ ਜ਼ਾਹਰ ਨਹੀਂ ਸੀ ਕਿ ਡਾ. ਅੰਬੇਦਕਰ ਬ੍ਰਾਹਮਣਾਂ ਨੂੰ ਨਿੰਦਣਾ ਸਿਆਸੀ ਹਥਿਆਰ ਵਜੋਂ ਵਰਤਦੇ ਸਨ ਤਾਂ ਕਿ ਆਮ ਦਲਿਤਾਂ ਦੀ ਬੁੱਧੀ ਵਧਣ ਨਾ ਦਿੱਤੀ ਜਾਵੇ।

ਡਾ. ਅੰਬੇਦਕਰ ਨੂੰ ਬੜੌਦਾ ਦੇ ਹਿੰਦੂ ਰਾਜੇ ਸਿਆਜੀ ਰਾਓ ਨੇ ਪੜ੍ਹਨ ਵਾਸਤੇ ਅਮਰੀਕਾ ਭੇਜਿਆ। ਇਸ ਹਿੰਦੂ ਰਾਜੇ ਨੇ ਮਰਾਠਾ ਐਜੂਕੇਸ਼ਨ ਫੰਡ ਤਹਿਤ ਕਈ ਵਿਦਿਆਰਥੀ ਅਮਰੀਕਾ, ਇੰਗਲੈਂਡ ਭੇਜੇ ਸਨ। ਹਿੰਦੂ ਰਾਜਾ ਇਹ ਕਾਰਜ ਜਾਤ-ਪਾਤ ਤੋਂ ਉਪਰ ਉਠ ਕੇ ਕਰਦਾ ਸੀ, ਪਰ ਕੀ ਡਾ. ਅੰਬੇਦਕਰ ਨੇ ਕਦੀ ਇਸ ਮਹਾਨ ਹਸਤੀ ਦੀ ਪ੍ਰਸ਼ੰਸਾ ਕੀਤੀ ਜਾਂ ਮਿਸਾਲ ਦਿੱਤੀ? ਉਨ੍ਹਾਂ ਵੱਲੋਂ ਤਾਂ ਸਾਰਾ ਹਿੰਦੂ ਧਰਮ ਹੀ ਮਾੜਾ ਸੀ, ਸਮੇਤ ਉਹ ਰਾਜਾ ਜਿਸ ਨੇ ਡਾ. ਅੰਬੇਦਕਰ ਨੂੰ ਸਭ ਕੁਝ ਦਿੱਤਾ ਜੋ ਆਮ ਆਦਮੀ ਦੇ ਵੱਸ ਤੋਂ ਬਾਹਰ ਸੀ।

ਕੀ ਡਾ. ਅੰਬੇਦਕਰ ਨੂੰ ਰਾਜਾ ਸਿਆਜੀ ਰਾਓ ਨੂੰ ਦੇਵਤੇ ਵਾਂਗ ਨਹੀਂ ਸੀ ਮੰਨਣਾ ਚਾਹੀਦਾ।

ਜੇ ਉਨ੍ਹਾਂ ਨੇ ਉਸ ਰਾਜੇ ਦੀ ਜਾਤ-ਪਾਤ ਤੋਂ ਉਪਰ ਸ਼ਖਸੀਅਤ ਨੂੰ ਮਿਸਾਲ ਵਜੋਂ ਨਹੀਂ ਵਰਤਿਆ ਤਾਂ ਕੀ ਇਹ ਅਕ੍ਰਿਤਘਣਤਾ ਨਹੀਂ?

ਨਾਗਪੁਰ ਵਿਚ 1930 ਨੂੰ ਹੋਈ ਸਰਬ ਹਿੰਦ ਸ਼ੋਸ਼ਤ ਵਰਗ ਕਾਂਗਰਸ ਦੇ ਪਹਿਲੇ ਸੈਸ਼ਨ ਵਿਚ ਡਾ. ਅੰਬੇਦਕਰ ਨੇ ਅੰਗਰੇਜ਼ਾਂ ਦੀ ਡਟ ਕੇ ਹਮਾਇਤ ਕੀਤੀ ਅਤੇ ਆਜ਼ਾਦੀ ਦਾ ਵਿਰੋਧ ਕੀਤਾ। ਕੀ ਉਨ੍ਹਾਂ ਦਾ ਇਹ ਕਾਰਨਾਮਾ ਸ਼ਹੀਦ ਹੋ ਰਹੇ ਭਗਤ ਸਿੰਘ, ਸੁਖਦੇਵ, ਰਾਜਗੁਰੂ, ਕਰਤਾਰ ਸਿੰਘ ਸਰਾਭਾ, ਬਜ ਬਜ ਦੇ ਸ਼ਹੀਦ, ਸਿੱਖ ਮੋਰਚਿਆਂ ਦੇ ਸ਼ਹੀਦਾਂ ਦੀ ਬੇਹੁਰਮਤੀ ਨਹੀਂ ਸੀ? ਕੀ ਡਾ. ਅੰਬੇਦਕਰ ਨੇ ਇਨ੍ਹਾਂ ਸ਼ਹੀਦਾਂ ਬਾਰੇ ਕਦੇ ਵੀ ਚੰਗਾ ਬੋਲਿਆ?

ਦੂਜੀ ਸੰਸਾਰ ਜੰਗ ਵਿਚ ਡਾ. ਅੰਬੇਦਕਰ ਨੇ ਅੰਗਰੇਜ਼ਾਂ ਦੀ ਮਦਦ ਕੀਤੀ। ਜਦ ਉਚ ਜਾਤੀ ਦੇ ਲੋਕਾਂ ਨੇ ਤਲਾਬ ਵਿਚੋਂ ਦਲਿਤਾਂ ਨੂੰ ਰੋਕਿਆ ਤਾਂ ਡਾ. ਅੰਬੇਦਕਰ ਦਲਿਤਾਂ ਦੇ ਨੇਤਾ ਵਜੋਂ ਪਾਣੀ ਲੈਣ ਗਏ। ਉਚ ਜਾਤੀ ਦੇ ਲੋਕਾਂ ਨੇ ਪੁਲਿਸ ਦੀ ਮਦਦ ਨਾਲ ਉਨ੍ਹਾਂ ਨੂੰ ਉਥੋਂ ਭਜਾ ਦਿੱਤਾ, ਫਿਰ ਵੀ ਡਾ. ਅੰਬੇਦਕਰ ਅੰਗਰੇਜ਼ਾਂ ਖਿਲਾਫ ਨਹੀਂ ਬੋਲੇ।

ਡਾ. ਅੰਬੇਦਕਰ ਨੇ ਜਦ ਬੁੱਧ ਧਰਮ ਅਪਨਾਇਆ ਤਾਂ ਉਨ੍ਹਾਂ ਨੇ ਕਿਸ ਕੋਲੋਂ ਇਜਾਜ਼ਤ ਲਈ? ਕਿਸੇ ਕੋਲੋਂ ਵੀ ਨਹੀਂ! ਨਾ ਹੀ ਲੋੜ ਸੀ। ਕੀ ਸਿਰਫ ਸਿੱਖ ਅਕਾਲੀ ਲੀਡਰਸ਼ਿਪ ਨੂੰ ਲਤਾੜਨ ਵਾਸਤੇ ਹੀ ਇਹ ਇਲਜ਼ਾਮ ਨਹੀਂ ਘੜਿਆ ਕਿ ਅਕਾਲੀਆਂ ਨੇ ਉਨ੍ਹਾਂ ਨੂੰ ਸਿੱਖ ਨਹੀਂ ਬਣਨ ਦਿੱਤਾ?

ਰਾਖਵਾਂਕਰਨ ਤਾਂ ਕੋਲਹਾਪੁਰ ਦੇ ਰਾਜਾ ਸ਼ਾਹੂ ਨੇ 1902 ਵਿਚ ਅਤੇ ਅੰਗਰੇਜ਼ਾਂ ਨੇ 1909 ਵਿਚ ਹੀ ਲਾਗੂ ਕੀਤੀ ਹੋਈ ਸੀ। ਫਿਰ ਡਾ. ਅੰਬੇਦਕਰ ਨੇ ਇਹ ਕੋਈ ਨਵਾਂ ਕੰਮ ਨਹੀਂ ਕੀਤਾ, ਬਲਕਿ ਇਹ ਉਜਾਗਰ ਕਰਨਾ ਬਣਦਾ ਹੈ ਕਿ ਕਾਂਗਰਸ ਨੇ ਵੀ ਕਦੇ ਇਸ ਦਾ ਵਿਰੋਧ ਨਹੀਂ ਸੀ ਕੀਤਾ।

ਜੇ ਉਸ ਸਮੇਂ ਦੇ ਸ਼ਹੀਦਾਂ ਅਤੇ ਕਾਂਗਰਸੀਆਂ ਦੀ ਜੱਦੋ-ਜਹਿਦ ਨਾਲ ਮਿਲੀ ਆਜ਼ਾਦੀ ਨਾ ਮਿਲਦੀ ਤਾਂ ਕੀ ਡਾ. ਅੰਬੇਦਕਰ ਨੂੰ ਪੰਡਿਤ ਨਹਿਰੂ ਦੀ ਕੈਬਨਿਟ ਵਿਚ ਸਥਾਨ ਮਿਲ ਸਕਦਾ ਸੀ? ਨਾ ਆਜ਼ਾਦ ਭਾਰਤ ਦੀ ਕੈਬਨਿਟ ਬਣਦੀ ਤਾਂ ਡਾ. ਅੰਬੇਦਕਰ ਮੰਤਰੀ ਬਣ ਸਕਦੇ ਸੀ?

ਮੁਹੰਮਦ ਅਲੀ ਜਿਨਾਹ ਨੇ ਵੀ ਪਾਕਿਸਤਾਨ ਦਾ ਪਹਿਲਾ ਕਾਨੂੰਨ ਮੰਤਰੀ ਜੋਗਿੰਦਰ ਨਾਥ ਮੰਡਲ (ਦਲਿਤ) ਨੂੰ ਬਣਾਇਆ, ਪਰ ਉਹ ਦੁਖੀ ਹੋ ਕੇ ਮੁੜ ਕਲਕੱਤੇ ਆ ਗਏ ਸਨ, ਕਿਉਂਕਿ ਮੁਸਲਿਮ ਲੀਗ ਵਾਲੇ ਉਨ੍ਹਾਂ ਦੀ ਕੋਈ ਗੱਲ ਨਹੀਂ ਸੀ ਸੁਣਦੇ।

ਕੀ ਭਾਰਤ ਦਾ ਸੰਵਿਧਾਨ ਬਣਾਉਣ ਵਾਸਤੇ ਲਾਇਕ ਤੋਂ ਲਾਇਕ ਲੋਕ ਮੌਜੂਦ ਨਹੀਂ ਸਨ? ਪਰ ਪੰਡਿਤ ਨਹਿਰੂ ਨੇ ਡਾ. ਅੰਬੇਦਕਰ ਨੂੰ ਇਹ ਕਾਰਜ ਸੌਂਪ ਕੇ ਖੁੱਲ੍ਹ ਦਿੱਤੀ ਅਤੇ ਜਾਤ-ਪਾਤ ਨੂੰ ਤਿਲਾਂਜਲੀ ਦਾ ਸਬੂਤ ਦਿੱਤਾ?

ਅੱਜ ਰਾਖਵੇਂਕਰਨ ਦੇ ਫਾਇਦੇ ਉਠਾ ਚੁਕੇ ਲੋਕ ਕੀ ਆਪਣੀਆਂ ਜਾਤਾਂ ਵਿਚ ਪਿੱਛੇ ਰਹਿ ਗਏ ਲੋਕਾਂ ਖਾਤਰ ਰਾਖਵੇਂਕਰਨ ਤੋਂ ਬਾਹਰ ਆਉਣ ਲਈ ਤਿਆਰ ਹਨ? ਕਦੇ ਨਹੀਂ।

ਜੇ ਅੱਜ ਬਾਬੂ ਜਗਜੀਵਨ ਰਾਮ, ਰਾਮ ਵਿਲਾਸ ਪਾਸਵਾਨ, ਸ. ਗੁਰਬੰਤਾ ਦੇ ਪਰਿਵਾਰ ਜੋ ਪਿਛਲੇ 70 ਸਾਲਾਂ ਤੋਂ ਉਚੇ ਅਹੁਦਿਆਂ ਉਤੇ ਪਹੁੰਚ ਚੁਕੇ ਹਨ, ਉਨ੍ਹਾਂ ਦੇ ਬੱਚੇ ਆਮ ਲੋਕਾਂ ਨਾਲ ਮਿਲ ਕੇ ਰਹਿ ਸਕਦੇ ਹਨ? ਉਹ ਭਾਵੇਂ ਆਪਣੀਆਂ ਨੌਕਰੀਆਂ ਜਾਂ ਸਿਆਸੀ ਪੁਜ਼ੀਸ਼ਨਾਂ ਗੈਰ ਦਲਿਤਾਂ ਨੂੰ ਨਾ ਵੀ ਦੇਣ, ਪਰ ਕੀ ਉਹ ਦਲਿਤਾਂ ਵਿਚ ਹੀ ਮੌਜੂਦ ਦਲਿਤਾਂ ਲਈ ਛੱਡਣ ਵਾਸਤੇ ਤਿਆਰ ਹਨ? ਕਦੇ ਵੀ ਨਹੀਂ। ਇਹ ਘਿਨੌਣਾ ਚੱਕਰ ਡਾ. ਅੰਬੇਦਕਰ ਦੇ ਨਾਮ ਉਤੇ ਚੱਲ ਰਿਹਾ ਹੈ ਕਿ ਨਹੀਂ?

ਇਹੋ ਜਿਹੀਆਂ ਕਾਨਫਰੰਸਾਂ ਵਿਚ ਬੁਲਾਰਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਮਿਸਾਲ ਦੇ ਕੇ ਦੱਸਣ ਕਿ ਉਨ੍ਹਾਂ ਨੇ ਕਿੰਨੇ ਦਲਿਤ ਪਰਿਵਾਰਾਂ ਨਾਲ ਰੋਟੀ-ਬੇਟੀ ਦੀ ਸਾਂਝ ਪਾਈ ਹੈ, ਨਾ ਕਿ ਨਸੀਹਤਾਂ ਦੀ ਝੜੀ ਲਾ ਕੇ ਤੁਰ ਜਾਣ।

ਉਪਰੋਕਤ ਸਵਾਲ ਦਾਸ ਨੇ ਡਾ. ਅੰਬੇਦਕਰ ਦੇ ਦਰਜਨ ਤੋਂ ਵੱਧ ਪੈਰੋਕਾਰਾਂ ਨੂੰ ਵੀ ਕੀਤੇ, ਪਰ ਕੋਈ ਜਵਾਬ ਨਾ ਮਿਲਿਆ। ਉਲਟਾ ਕਾਂਗਰਸੀ ਜਾਂ ਆਰ.ਐਸ.ਐਸ. ਪੱਖੀ ਜਾਂ ਬ੍ਰਾਹਮਣ ਹੋਣ ਦੀਆਂ ਤੁਹਮਤਾਂ ਜ਼ਰੂਰ ਲਾ ਦਿੱਤੀਆਂ।

ਅੱਜ ਦੀ ਰਾਜਨੀਤੀ ਵਿਚ ਦਲਿਤ ਅਤੇ ਅੰਬੇਦਕਰ ਸ਼ਬਦ ਨੂੰ ਵੋਟ ਖਿੱਚੂ ਚੁੰਬਕ ਦੇ ਤੌਰ 'ਤੇ ਵਰਤਣਾ ਆਮ ਰੁਝਾਨ ਹੈ ਤਾਂ ਕਿ ਜਾਤ-ਪਾਤ ਤੇ ਸਿਆਸਤ ਜਾਂ ਧਰਮ ਤੇ ਸਿਆਸਤ ਦੀ ਕਾਕਟੇਲ ਨਾਲ ਡਾ. ਅੰਬੇਦਕਰ ਦੇ ਨਾਂ ਨੂੰ ਸਨੈਕ ਵਾਂਗ ਵਰਤਾਇਆ ਜਾਂਦਾ ਰਹੇ। ਜਾਤਾਂ ਦੇ ਆਧਾਰ ਉਤੇ ਰਾਖਵੇਂਕਰਨ ਨੇ ਦਲਿਤ ਸਮਾਜ ਦੇ ਲਾਇਕ ਬੱਚਿਆਂ 'ਚ ਹੀਣ ਭਾਵਨਾ, ਕਮਜ਼ੋਰ ਹੋਣ ਜਾਂ ਦਿਮਾਗੀ ਤੌਰ 'ਤੇ ਘੱਟ ਹੋਣ ਦਾ ਅਹਿਸਾਸ ਭਰ ਦਿੱਤਾ ਹੈ। ਉਹ ਬੱਚੇ ਖੁੱਲ੍ਹੇ ਮੁਕਾਬਲੇ ਵਿਚ ਆਉਣ ਦੀ ਜੁਰਅਤ ਨਹੀਂ ਕਰਦੇ; ਜਦਕਿ ਸੱਚਾਈ ਇਹ ਹੈ ਕਿ ਦਿਮਾਗੀ ਤੌਰ 'ਤੇ ਉਹ ਕਿਸੇ ਵੀ ਜਾਤ ਦੇ ਬੱਚਿਆਂ ਤੋਂ ਘੱਟ ਨਹੀਂ ਹਨ।

ਜਾਤ-ਪਾਤ ਵਿਚ ਰਾਖਵੇਂਕਰਨ ਨੇ ਦਲਿਤ ਦਿਮਾਗ ਨੂੰ ਇਕ ਪਿੰਜਰੇ ਵਿਚੋਂ ਕੱਢ ਕੇ ਦੂਜੇ ਪਿੰਜਰੇ ਵਿਚ ਬੰਦ ਕਰ ਦਿੱਤਾ ਹੈ। ਉਹ ਸਿਰਫ ਰਾਖਵੇਂਕਰਨ ਨੂੰ ਆਪਣਾ ਦੇਵਤਾ ਜਾਣ ਕੇ ਡਾ. ਅੰਬੇਦਕਰ ਦੀ ਪੂਜਾ ਕਰੀ ਜਾਂਦੇ ਹਨ, ਪਰ ਸੱਚਾਈ ਇਹ ਹੈ ਕਿ ਰਾਖਵੇਂਕਰਨ ਨੇ ਉਨ੍ਹਾਂ ਨੂੰ ਜ਼ਿਹਨੀ ਤੌਰ 'ਤੇ ਗੁਲਾਮ ਬਣਾ ਦਿੱਤਾ ਹੈ। ਜੇ ਉਨ੍ਹਾਂ ਨੂੰ ਮਾਲੀ ਮਦਦ ਦੇ ਕੇ ਬਾਕੀ ਬਰਾਦਰੀਆਂ ਦੇ ਬਰਾਬਰ ਖੜ੍ਹਾ ਕਰ ਦਿੱਤਾ ਜਾਂਦਾ ਤਾਂ ਅਸਲ 'ਚ ਜਾਤ ਪਾਤ ਖਤਮ ਹੋਣ ਦੇ ਮੌਕੇ ਸਨ। ਦਲਿਤਾਂ ਵਿਚ ਲਿਆਕਤ ਦੀ ਕਮੀ ਨਹੀਂ, ਪਰ ਉਨ੍ਹਾਂ ਵਿਚ ਖੁੱਲ੍ਹ ਕੇ ਨਾ ਖੇਡਣ ਦੀ ਭਾਵਨਾ ਹੀਣ ਬਣਾ ਦਿੱਤੀ ਗਈ ਹੈ।

ਭਾਰਤੀ ਸੰਵਿਧਾਨ ਵਿਚ ਆਏ ਸਾਲ ਤਰਮੀਮਾਂ ਕੀਤੀਆਂ ਜਾਂਦੀਆਂ ਹਨ, ਕੀ ਇਹ ਬਹੁਤ ਵਧੀਆ ਸੰਵਿਧਾਨ ਬਣਿਆ ਸੀ?

ਜੇ ਅੱਜ ਕੋਈ ਡਾ. ਅੰਬੇਦਕਰ ਉਪਰ ਬੜੌਦੇ ਦੇ ਰਾਜੇ ਦਾ ਚੜ੍ਹਾਇਆ ਕਰਜ਼ਾ ਉਤਾਰਨਾ ਚਾਹੁੰਦਾ ਹੈ ਤਾਂ ਉਹ ਡਾ. ਅੰਬੇਦਕਰ ਤੋਂ ਪਹਿਲਾਂ ਬੜੌਦਾ ਦੇ ਰਾਜੇ ਸਿਆਜੀ ਰਾਓ ਨੂੰ ਪੂਜਣ ਜਿਸ ਨੇ ਜਾਤ-ਪਾਤ ਤੋਂ ਉਪਰ ਉਠ ਕੇ ਡਾ. ਅੰਬੇਦਕਰ ਦੀ ਮਦਦ ਕੀਤੀ।

---

# ਕੁੜੀਆਂ ਤੇ ਮੁੰਡਿਆਂ ਦੀ ਪੜ੍ਹਾਈ ਦਾ ਮਸਲਾ

**ਸੁਖਨਿੰਦਰ ਕੌਰ**
ਫੋਨ: 707-419-6040

ਸਭ ਤੋਂ ਪਹਿਲਾਂ ਜਿਹੜੀਆਂ ਬੱਚੀਆਂ ਪੜ੍ਹਾਈ, ਖੇਡਾਂ ਜਾਂ ਹੋਰ ਖੇਤਰਾਂ ਵਿਚ ਮੁੰਡਿਆਂ ਤੋਂ ਅੱਗੇ ਨਿਕਲ ਜਾਂਦੀਆਂ ਹਨ, ਉਹ ਵਧਾਈ ਦੀਆਂ ਪਾਤਰ ਹਨ। ਉਨ੍ਹਾਂ ਨੂੰ ਹੋਰ ਉਚੀਆਂ ਪ੍ਰਾਪਤੀਆਂ ਲਈ ਮਾਹੌਲ ਮਿਲਣਾ ਹੀ ਚਾਹੀਦਾ ਹੈ। ਅੱਜ ਕੋਈ ਵੀ ਖੇਤਰ ਅਜਿਹਾ ਨਹੀਂ, ਜਿਥੇ ਔਰਤ ਨੇ ਪ੍ਰਵੇਸ਼ ਨਾ ਕੀਤਾ ਹੋਵੇ। ਉਂਜ, ਪੁਰਸ਼ ਤੋਂ ਵੱਧ ਨਿਪੁੰਨ ਹੋਣ ਦੇ ਬਾਵਜੂਦ ਉਹ ਮਰਦ ਤੋਂ ਪਿਛੇ ਰਹਿ ਜਾਂਦੀਆਂ ਹਨ। ਮੁਲਕ ਦੀਆਂ ਸੜਕਾਂ 'ਤੇ ਉਹ ਬੇ-ਫਿਕਰ ਘੁੰਮ-ਫਿਰ ਨਹੀਂ ਸਕਦੀਆਂ। ਉਨ੍ਹਾਂ ਦੀ ਲਿਆਕਤ ਮੁਤਾਬਕ ਉਨ੍ਹਾਂ ਨੂੰ ਬਣਦਾ ਮਾਣ-ਸਨਮਾਨ ਨਹੀਂ ਦਿੱਤਾ ਜਾਂਦਾ। ਅਖਬਾਰਾਂ ਵਿਚ ਇੱਜਤ ਲਈ ਕੀਤੇ ਜਾ ਰਹੇ ਕਤਲਾਂ ਦੀਆਂ ਖਬਰਾਂ ਰੋਜ਼ ਛਪਦੀਆਂ ਹਨ। ਸਕੂਲਾਂ-ਕਾਲਜਾਂ ਜਾਂ ਕੰਮ ਵਾਲੀਆਂ ਥਾਂਵਾਂ 'ਤੇ ਉਹ ਮਰਦ ਵਾਂਗ ਸੁਤੰਤਰ ਨਹੀਂ। ਪੱਛਮੀ ਦੁਨੀਆਂ ਦੀ ਰੀਸੇ ਉਸ ਨੂੰ ਆਜ਼ਾਦੀ ਦੇ ਨਾਂ 'ਤੇ ਮਹਿਜ਼ ਗਲੈਮਰ ਬਣਾ ਕੇ, ਸ਼ੋਅ ਪੀਸ ਵਾਂਗ ਇਸਤੇਮਾਲ ਕੀਤਾ ਜਾ ਰਿਹਾ ਹੈ।

ਅਸਲ ਵਿਚ, ਔਰਤ ਨਾਲ ਪੁਰਾਤਨ ਸਮੇਂ ਤੋਂ ਹੀ ਵਿਤਕਰਾ ਹੁੰਦਾ ਆਇਆ ਹੈ। ਮਰਦ ਪ੍ਰਧਾਨ ਸਮਾਜ ਵਿਚ ਅੱਜ ਵੀ ਧੀ ਅਤੇ ਮਾਂ ਨੂੰ ਤਰਸ ਭਰੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ। ਆਪਣੇ ਮੋਢਿਆਂ 'ਤੇ ਮਰਦ ਨਾਲੋਂ ਵੱਧ ਭਾਰ ਚੁੱਕਣ ਵਾਲੀ ਔਰਤ ਦਾ ਪਤੀ, ਪਰਮੇਸ਼ਵਰ ਦਾ ਦਰਜਾ ਚੁੱਕੀ ਫਿਰਦਾ ਹੈ। ਸਮਾਜਿਕ ਕਦਰਾਂ-ਕੀਮਤਾਂ ਗਿਰ ਚੁੱਕੀਆਂ ਹਨ। ਸਾਰੇ ਪਿੰਡ ਦੀ ਧੀ ਜਾਂ ਭੈਣ ਅਖਵਾਉਣ ਵਾਲੀ ਔਰਤ ਹੁਣ ਸਿਰਫ ਘਰ ਵਿਚ ਆਪਣੇ ਬਾਪ ਦੀ ਧੀ ਤੇ ਵੀਰ ਦੀ ਹੀ ਭੈਣ ਹੈ! ਇਕ ਦੂਜੇ ਲਈ ਅਪਣੱਤ ਅਤੇ ਨੇੜਤਾ ਕਿਤੇ ਦੇਖਣ ਨੂੰ ਨਹੀਂ ਮਿਲਦੀ। ਰਿਸ਼ਤਿਆਂ ਦੀ ਸਾਂਝ ਦਿਨ-ਬ-ਦਿਨ ਪਤਲੀ ਹੋ ਰਹੀ ਹੈ। ਸੋ, ਇਸ ਬਿਮਾਰ ਮਾਨਸਿਕਤਾ ਨੂੰ ਖਤਮ ਕਰਨਾ, ਸਮਾਜਿਕ ਕਦਰਾਂ-ਕੀਮਤਾਂ ਅਤੇ ਆਪਣੀ ਅਮੀਰ ਸਭਿਅਤਾ ਨੂੰ ਬਰਕਰਾਰ ਰੱਖਣਾ ਇਨ੍ਹਾਂ ਬੱਚੀਆਂ ਦੇ ਭਵਿਖ ਨੂੰ ਸੰਵਾਰਨ ਵਿਚ ਸਹਾਈ ਹੋਵੇਗਾ। ਸਰਕਾਰਾਂ ਦਾ ਵੀ ਫਰਜ਼ ਹੈ ਕਿ ਇਨ੍ਹਾਂ ਦੇ ਸਨਮਾਨ ਅਤੇ ਇਨ੍ਹਾਂ ਲਈ ਸਾਫ-ਸੁਥਰਾ ਵਾਤਾਵਰਣ ਮੁਹੱਈਆ ਕਰਨ।

ਪੰਜਾਹਵਿਆਂ ਤੋਂ ਸੱਠਵਿਆਂ ਤੱਕ, ਤੇ ਇਸ ਤੋਂ ਪਹਿਲਾਂ ਵੀ ਪਿੰਡਾਂ ਵਿਚ ਬਹੁਤੀ ਵਸੋਂ ਖੇਤੀ ਆਧਾਰਤ ਸੀ। ਮੁੰਡਿਆਂ ਨਾਲੋਂ ਕੁੜੀਆਂ ਘੱਟ ਪੜ੍ਹਦੀਆਂ ਸਨ। ਹਰ ਪਿੰਡ ਵਿਚ ਸਕੂਲ ਨਹੀਂ ਸੀ। ਜੇ ਕਿਸੇ ਪਿੰਡ ਦੇ 10-12 ਮੁੰਡੇ ਕਿਸੇ ਦੂਜੇ ਪਿੰਡ ਦੇ ਹਾਈ ਸਕੂਲ ਵਿਚ ਪੜ੍ਹਨ ਜਾਂਦੇ ਸਨ ਤਾਂ ਕੁੜੀਆਂ ਮਸੀਂ 3-4 ਹੀ ਪੜ੍ਹਨ ਜਾਂਦੀਆਂ। ਮਾਪੇ ਕੁੜੀਆਂ ਨੂੰ ਪੜ੍ਹਾਉਂਦੇ ਹੀ ਨਹੀਂ ਸਨ! ਜੇ ਕਿਤੇ ਪਿੰਡ ਵਿਚ ਪ੍ਰਾਇਮਰੀ ਸਕੂਲ ਹੁੰਦਾ ਤਾਂ ਕੁੜੀਆਂ ਨੂੰ ਪੰਜਵੀਂ ਕਰਵਾ ਕੇ ਹਟਾ ਲੈਂਦੇ ਸਨ।

ਫਲਸਰੂਪ, ਜੇ ਕੋਈ ਮੁੰਡਾ ਗ੍ਰੈਜੂਏਸ਼ਨ ਜਾਂ ਪੋਸਟ ਗ੍ਰੈਜੂਏਸ਼ਨ ਕਰ ਲੈਂਦਾ, ਤਾਂ ਉਸ ਨੂੰ ਉਸ ਦੀ ਪੜ੍ਹਾਈ ਅਨੁਸਾਰ ਨੌਕਰੀ ਮਿਲ ਜਾਂਦੀ। ਉਦੋਂ ਇੰਨੀ ਜ਼ਿਆਦਾ ਘਪਲੇਬਾਜ਼ੀ ਨਹੀਂ ਸੀ। ਮਾੜੀ-ਮੋਟੀ ਸਿਫਾਰਸ਼ ਜ਼ਰੂਰ ਚੱਲਦੀ ਸੀ। ਜ਼ਿਆਦਾ ਗਿਣਤੀ ਮੱਧ ਵਰਗੀ ਅਤੇ ਗਰੀਬ ਪਰਿਵਾਰਾਂ ਦੀ ਸੀ। ਇਸ ਤਰ੍ਹਾਂ ਇਨ੍ਹਾਂ ਪੜ੍ਹੇ-ਲਿਖੇ ਮੁੰਡਿਆਂ ਦੇ ਵਿਆਹ ਉਨ੍ਹਾਂ ਤੋਂ ਘੱਟ ਪੜ੍ਹੀਆਂ ਕੁੜੀਆਂ ਨਾਲ ਹੁੰਦੇ ਸਨ। ਵਿਰਲੇ ਮੁੰਡੇ ਘਰਦਿਆਂ ਦੀ ਮਰਜ਼ੀ ਮੰਨਦਿਆਂ ਅਨਪੜ੍ਹਾਂ (ਜਿਹੜੀਆਂ ਸੀਣ-ਪਰੋਣ, ਕੱਤਣ-ਤੁੰਬਣ, ਕਢਾਈ-ਸਿਲਾਈ, ਰੋਟੀ-ਟੁੱਕ, ਖੇਸ-ਦਰੀਆਂ-ਫੁਲਕਾਰੀਆਂ ਬਣਾਉਣ ਦੀ ਮੁਹਾਰਤ ਰੱਖਦੀਆਂ ਸਨ) ਨਾਲ ਵਿਆਹ ਦਿੱਤੇ ਜਾਂਦੇ ਸਨ। ਜੇ ਮੁੰਡਾ ਚੰਗਾ ਅਫਸਰ ਲੱਗਾ ਹੁੰਦਾ ਤਾਂ ਕੁੜੀ 10-12 ਜਾਂ ਬੀ.ਏ. ਪਾਸ ਹੁੰਦੀ। ਕਿਤੇ ਵਿਰਲਾ ਜੋੜਾ ਹੀ ਬਰਾਬਰ ਦੀ ਪੜ੍ਹਾਈ ਵਾਲਾ ਹੁੰਦਾ, ਫਿਰ ਵੀ ਤਲਾਕ ਕਦੀ ਸੁਣਨ ਨੂੰ ਨਾ ਮਿਲਦਾ। ਉਨ੍ਹਾਂ ਵਿਚਕਾਰ ਭਾਵੇਂ ਬਹੁਤੀ ਨਾ ਬਣਦੀ ਹੋਵੇ, ਫਿਰ ਵੀ ਗ੍ਰਹਿਸਥ ਦੀ ਗੱਡੀ ਸਾਂਝੇ ਪਰਿਵਾਰ ਹੋਣ ਕਰ ਕੇ ਚੱਲ ਹੀ ਜਾਂਦੀ। ਘਰਦਿਆਂ ਦਾ ਗੂੜ੍ਹਾ ਪਰਛਾਵਾਂ ਉਨ੍ਹਾਂ ਦੀ ਜੀਵਨ ਤੋਰ ਨਿਭਾਈ ਜਾਂਦਾ।

ਫਿਰ ਸੱਤਰਵਿਆਂ ਦਾ ਸਮਾਂ ਆਇਆ। ਲੋਕਾਂ ਵਿਚ ਜਾਗ੍ਰਿਤੀ ਆ ਗਈ। ਹਰਾ ਇਨਕਲਾਬ ਆਇਆ ਹੋਣ ਕਰ ਕੇ ਅਤੇ ਸਰਕਾਰ ਵੱਲੋਂ ਪੜ੍ਹਾਈ ਨੂੰ ਉਤਸ਼ਾਹਿਤ ਕਰਨ ਲਈ ਸਕੂਲ, ਕਾਲਜ ਵਧੇਰੇ ਖੋਲ੍ਹਣ ਕਰ ਕੇ ਕੁੜੀਆਂ ਨੂੰ ਪੜ੍ਹਾਉਣ ਦਾ ਰੁਝਾਨ ਵਧ ਗਿਆ। ਇਉਂ ਮੀਆਂ-ਬੀਵੀ ਦੀ ਯੋਗਤਾ ਕਿਸੇ ਹੱਦ ਤੱਕ ਬਰਾਬਰ ਦੀ ਹੋਣ ਲੱਗ ਪਈ। ਪੜ੍ਹਦਿਆਂ ਅਤੇ ਨੌਕਰੀ ਕਰਦਿਆਂ ਬਾਹਰ ਦੇ ਸਮਾਜ ਨਾਲ ਵਾਹ ਪੈਂਦਾ ਹੋਣ ਕਰ ਕੇ ਕੁੜੀਆਂ ਵੀ ਉਡਾਰੂ ਹੋ ਗਈਆਂ। ਉਨ੍ਹਾਂ ਨੂੰ ਤਰੱਕੀ ਦੇ ਮੌਕੇ ਮਰਦ ਦੇ ਬਰਾਬਰ ਮਿਲਣ ਲੱਗੇ। ਨੌਕਰੀ ਪੇਸ਼ਾ ਜੋੜਿਆਂ ਨੇ ਬਹੁਤ ਤਰੱਕੀ ਕੀਤੀ। ਵਧੀਆ ਘਰ ਬਣਾਏ, ਬੱਚੇ ਪੜ੍ਹਾਏ ਅਤੇ ਉਨ੍ਹਾਂ ਨੂੰ ਵਧੀਆ ਸੁੱਖ ਸਹੂਲਤਾਂ ਦੇ ਕੇ ਚੰਗੀ ਜੀਵਨ ਸ਼ੈਲੀ ਬਣਾਉਣ ਦੇ ਯੋਗ ਬਣਾਇਆ।

ਅੱਸੀਵਿਆਂ ਅਤੇ ਨੱਬੇਵਿਆਂ ਦਾ ਐਸਾ ਦੌਰ ਆਇਆ ਕਿ ਅਤਿਵਾਦ ਨੇ ਖਾਂਦੇ-ਪੀਂਦੇ ਘਰਾਂ ਦੇ ਮਿਹਨਤੀ ਅਤੇ ਪੜ੍ਹਦੇ ਅਲੂੰਏਂ ਮੁੰਡੇ ਨਿਗਲ ਲਏ। ਪੰਜਾਬ ਨੂੰ ਐਸੀ ਨਜ਼ਰ ਲੱਗੀ ਕਿ ਅੱਧੇ ਤੋਂ ਵੱਧ ਪੰਜਾਬੀ ਮੁੰਡੇ ਜਾਂ ਤਾਂ ਪੁਲਿਸ ਨੇ ਮਾਰ ਮੁਕਾਏ ਅਤੇ ਕੁਝ ਕੁਰਾਹੇ ਪੈ ਕੇ ਅਤਿਵਾਦ ਦੀ ਭੱਠੀ ਵਿਚ ਝੋਕੇ ਗਏ। ਉਨ੍ਹਾਂ ਨੇ ਕੀ ਪੜ੍ਹਨਾ-ਪੜ੍ਹਾਉਣਾ ਸੀ? ਧਾਰਮਿਕ ਸਥਾਨ ਅਤੇ ਵਿਦਿਅਕ ਅਦਾਰੇ ਭ੍ਰਿਸ਼ਟਾਚਾਰ ਦੇ ਅੱਡੇ ਬਣ ਗਏ। ਸਕੂਲਾਂ ਵਿਚ ਨਕਲ ਇੰਨੀ ਕੁ ਵਧ ਗਈ ਕਿ ਬੱਚਿਆਂ ਨੇ ਪੜ੍ਹਨਾ ਹੀ ਛੱਡ ਦਿੱਤਾ। ਅੱਠਵੀਂ-ਦਸਵੀਂ ਤੇ ਬਾਹਰਵੀਂ ਦੇ ਇਮਤਿਹਾਨ ਕੇਂਦਰਾਂ ਵਿਚ ਪੈਸਾ, ਨਸ਼ਾ ਅਤੇ ਰਾਜਨੀਤੀ ਕਾਰਨ ਇੰਨਾ ਗੰਦ ਪੈ ਗਿਆ ਕਿ ਅਗਲੀ ਪੜ੍ਹਾਈ ਲਈ ਮਾੜੇ ਤੋਂ ਮਾੜਾ ਟੈਸਟ ਪਾਸ ਕਰਨਾ ਵੀ ਅਸੰਭਵ ਹੋ ਗਿਆ। ਅਧਿਆਪਕਾਂ ਨੇ ਵੀ ਮਾੜੇ ਨਤੀਜੇ ਆਉਣ ਦੇ ਡਰੋਂ ਨਕਲ ਵਿਰੁਧ ਬਹੁਤਾ ਉਜ਼ਰ ਨਾ ਕੀਤਾ। ਹੌਲੀ-ਹੌਲੀ ਪਿੰਡਾਂ ਵਿਚ ਪੜ੍ਹਾਈ ਖਤਮ ਹੁੰਦੀ ਗਈ। ਜਿਹੜੀਆਂ ਕੁੜੀਆਂ ਪੜ੍ਹਾਈ ਵਿਚ ਅੱਗੇ ਆਉਂਦੀਆਂ ਸਨ, ਉਹ ਸ਼ਹਿਰਾਂ ਵਿਚ ਚੰਗੇ ਵਾਤਾਵਰਣ ਵਿਚ ਪੜ੍ਹਨ ਅਤੇ ਚੰਗੀਆਂ ਸੁੱਖ-ਸਹੂਲਤਾਂ ਮਿਲਣ ਕਰ ਕੇ ਅੱਗੇ ਵਧ ਗਈਆਂ। ਉਦੋਂ ਤੱਕ ਰਾਜਨੀਤੀ ਪੈਸੇ ਦੀ ਖੇਡ ਬਣ ਚੁੱਕੀ ਸੀ। ਪੁਰਾਣੇ ਲੀਡਰਾਂ ਦੇ ਬਾਲ-ਬੱਚਿਆਂ ਅਤੇ ਬੀਵੀਆਂ ਨੇ ਪੈਸਾ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ ਸੀ। ਗਰੀਬੀ ਵਿਚੋਂ ਉਠ ਕੇ ਜੇ ਕੋਈ ਹੁਸ਼ਿਆਰ ਬੱਚਾ ਪੜ੍ਹ ਜਾਂਦਾ ਤਾਂ ਉਸ ਨੂੰ ਨੌਕਰੀ ਨਾ ਮਿਲਦੀ। ਖੇਤੀਬਾੜੀ ਜਿਹੜਾ ਕਠਿਨ ਧੰਦਾ ਹੈ, ਕਾਲਜ ਪੜ੍ਹੇ ਪੁੱਤਾਂ ਨੂੰ ਰਾਸ ਨਾ ਆਈ। ਨੌਕਰੀ ਵੱਲੋਂ ਉਚਾਟ ਹੋ ਕੇ ਜਾਂ ਤਾਂ ਉਹ ਨਸ਼ੇ ਵੱਲ ਤੁਰ ਪਏ ਤੇ ਜਾਂ ਪਿਓ ਦੀ ਜਮੀਨ ਵੇਚ ਕੇ ਜਾਇਜ਼-ਨਾਜਾਇਜ਼ ਤਰੀਕੇ ਨਾਲ ਵਿਦੇਸ਼ ਤੁਰ ਪਏ। ਪਿਓ ਹੱਲ ਵਾਹੁੰਦਾ ਅਤੇ ਪੁੱਤ ਮੋਟਰ ਸਾਈਕਲ 'ਤੇ ਖੇਤ ਗੇੜਾ ਕੱਢ ਆਉਂਦਾ।

ਉਧਰ, ਸਿਆਸਤਦਾਨਾਂ ਦੀ ਜ਼ਮੀਰ ਇੰਨੀ ਡਿਗ ਗਈ ਕਿ ਨਸ਼ੇ ਦੇ ਵਪਾਰ ਵਿਚ ਲੱਗ ਕੇ ਲੋਕਾਂ ਨੂੰ ਨਸ਼ਾ ਵੰਡਣ ਲੱਗ ਪਏ। ਜੇ ਕਿਸਾਨ ਦਾ ਮੁੰਡਾ ਘਰ ਦੇ ਕਿਸੇ ਲਾਭ ਵਾਲੇ ਕੰਮ ਲਈ ਕਰਜ਼ਾ ਚੁਕਦਾ ਤਾਂ ਉਹ ਘਰ ਦੀਆਂ ਖੁੜ੍ਹਾਂ ਵਿਚ ਹੀ ਵੜ ਜਾਂਦਾ। ਅਖੀਰ ਵਿਆਜ ਸਮੇਤ ਇਹ ਕਰਜ਼ਾ ਇੰਨਾ ਹੋ ਜਾਂਦਾ ਕਿ ਉਤਾਰਨਾ ਵਸੋਂ ਬਾਹਰਾ ਹੋ ਜਾਂਦਾ ਜਿਸ ਨਾਲ ਖੁਦਕੁਸ਼ੀਆਂ ਦੀ ਨੌਬਤ ਆ ਜਾਂਦੀ।

ਇਨ੍ਹਾਂ ਕਾਰਨਾਂ ਕਰ ਕੇ ਮੁੰਡਿਆਂ ਨੇ ਪੜ੍ਹਨਾ ਤਾਂ ਕੀ ਸੀ, ਉਹ ਕਿਸੇ ਕੰਮ ਜੋਗੇ ਵੀ ਨਾ ਰਹੇ। ਸਾਡੇ ਸਭਿਆਚਾਰ ਵਿਚ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਨੂੰ ਬਾਹਰ ਨਿਕਲਣ ਦੀ ਘੱਟ ਹੀ ਇਜਾਜ਼ਤ ਹੁੰਦੀ ਹੈ। ਸਿੱਟੇ ਵਜੋਂ ਕੁੜੀਆਂ ਦਾ ਬਹੁਤਾ ਸਮਾਂ ਅਤੇ ਧਿਆਨ ਪੜ੍ਹਨ, ਖੇਡਾਂ ਵੱਲ ਜਾਂ ਹੋਰ ਸਾਰਥਕ ਕੰਮਾਂ ਵੱਲ ਹੋ ਗਿਆ। ਉਂਜ, ਅਜੇ ਵੀ ਹਾਲਾਤ ਇਹ ਹਨ ਕਿ ਮੱਧ ਵਰਗੀ ਪਰਿਵਾਰ ਦੀ ਪੜ੍ਹੀ-ਲਿਖੀ ਲੜਕੀ ਦਾ ਵਿਆਹ ਕਿਸੇ ਘੱਟ ਪੜ੍ਹੇ-ਲਿਖੇ ਮੁੰਡੇ ਨਾਲ ਸਿਰਫ ਜਮੀਨ ਜਾਇਦਾਦ ਕਰ ਕੇ ਹੀ ਕਰ ਦਿੱਤਾ ਜਾਂਦਾ ਹੈ। ਕਈ ਵਾਰੀ ਤਾਂ ਵਿਦੇਸ਼ੀ ਸ਼ਾਨੋ-ਸ਼ੌਕਤ ਕਾਰਨ ਅੱਠਵੀਂ-ਦਸਵੀਂ ਪਾਸ ਮੁੰਡੇ ਨਾਲ ਪੜ੍ਹੀ-ਲਿਖੀ ਕੁੜੀ ਨੂੰ ਨਰੜ ਦਿੱਤਾ ਜਾਂਦਾ ਹੈ। ਇਸ ਦਾ ਫਲ ਫਿਰ ਕੁੜੀ ਜਾਂ ਕੁੜੀ ਦੇ ਮਾਪੇ ਸਾਰੀ ਉਮਰ ਭੁਗਤਦੇ ਹਨ। ਕਈ ਘਰਾਂ ਵਿਚ ਕੁੜੀ ਤਾਂ ਨੌਕਰੀ ਕਰਦੀ ਹੈ, ਪਰ ਪਤੀ ਦੇਵ ਆਪਣੀ ਜੀਵਨ ਸ਼ੈਲੀ ਨੂੰ ਗਲਤ ਪਾਸੇ ਲੈ ਗਏ ਹੁੰਦੇ ਹਨ। ਇਹੋ ਜਿਹੇ ਅਣਜੋੜ ਵਿਆਹ ਅਖੀਰ ਵਿਚ ਤਲਾਕ ਦਾ ਕਾਰਨ ਬਣਦੇ ਹਨ।

ਅੱਜ ਸਿੱਖਿਆ ਪ੍ਰਾਈਵੇਟ ਦੁਕਾਨਾਂ 'ਤੇ ਵਿਕ ਰਹੀ ਹੈ। ਧਰਮ, ਰਾਜਨੀਤੀ ਅਤੇ ਸਿੱਖਿਆ, ਜਿਨ੍ਹਾਂ ਨੇ ਨਵੀਂ ਪੀੜ੍ਹੀ ਲਈ ਚੰਗਾ ਸਮਾਜ ਸਿਰਜਣਾ ਸੀ, ਦਾ ਨਵੀਂ ਪੀੜ੍ਹੀ ਨੂੰ ਕੋਈ ਆਸਰਾ ਨਹੀਂ। ਕੁੜੀਆਂ 'ਆਇਲੈਟਸ' ਕਰ ਕੇ ਖੁਦ ਨੂੰ ਸਵਰਗ ਦੀ ਕੁੰਜੀ ਸਮਝ ਬੈਠਦੀਆਂ ਹਨ ਅਤੇ ਨਸ਼ਈ, ਆਲਸੀ ਤੇ ਨਿਕੰਮੇ, ਪਰ ਪੈਸੇ ਵਾਲੇ ਮਾਪਿਆਂ ਦੇ ਪੁੱਤਰਾਂ ਨੂੰ ਵਿਦੇਸ਼ ਪਹੁੰਚਾ ਕੇ ਸਾਰੀ ਉਮਰ ਨਰਕ ਭੋਗਦੀਆਂ ਹਨ। ਸੋ, ਕੁੜੀਆਂ ਮੁੰਡਿਆਂ ਦੀ ਪੜ੍ਹਾਈ 'ਚ ਸੰਤੁਲਨ ਬਣਿਆ ਰਹਿਣਾ ਚਾਹੀਦਾ ਹੈ ਤਾਂ ਜੋ ਨਰੋਏ ਸਮਾਜ ਦੀ ਸਿਰਜਣਾ ਹੋ ਸਕੇ।

# ‘ਪਰਵਾਸ ਤੋਂ ਪੰਜਾਬੀਆਂ ਨੇ ਕੀ ਖੱਟਿਆ, ਕੀ ਗੁਆਇਆ?’

‘ਪੰਜਾਬ ਟਾਈਮਜ਼’ ਦੇ 30 ਸਤੰਬਰ ਦੇ ਅੰਕ ਵਿਚ ਛਪੇ ਲੇਖ ‘ਪਰਵਾਸ ਤੋਂ ਪੰਜਾਬੀਆਂ ਨੇ ਕੀ ਖੱਟਿਆ, ਕੀ ਗੁਆਇਆ?’ ਵਿਚ ਡਾ. ਗਿਆਨ ਸਿੰਘ ਨੇ ਨਫੇ- ਨੁਕਸਾਨ ਦੇ ਕਈ ਨੁਕਤੇ ਉਠਾਏ ਹਨ। ਉਨ੍ਹਾਂ ਕਿਹਾ ਹੈ ਕਿ ਧਾਰਮਿਕ ਸਥਾਨਾਂ ਦੀ ਦੁਰਵਰਤੋਂ, ਵਿਦਿਆਰਥੀਆਂ ਅਤੇ ਨਵੇਂ ਆਏ ਲੋਕਾਂ ਦੀ ਆਪਣੇ ਹੀ ਭਾਈਚਾਰੇ ਵੱਲੋਂ ਲੁੱਟ-ਖਸੁੱਟ ਅਤੇ ਨਸ਼ਿਆਂ ਦੀ ਤਸਕਰੀ ਆਦਿ ਮਾਮਲੇ ਅਨੈਤਿਕ ਤਾਂ ਹਨ ਹੀ, ਭਾਈਚਾਰੇ ਦੀ ਬਦਨਾਮੀ ਦਾ ਕਾਰਨ ਵੀ ਬਣਦੇ ਹਨ। ਗੁਰਦੁਆਰੇ ਸੰਗਤ ਦੀ ਤਿਲ-ਫੁੱਲ ਭੇਟਾ ਨਾਲ ਚਲਦੇ ਹਨ ਜਿਸ ਪ੍ਰਤੀ ਭਾਈਚਾਰੇ ਨੂੰ ਸਿਰ ਜੋੜ ਕੇ ਸੰਗਤੀ ਰੂਪ ਵਿਚ ਬੈਠ ਕੇ ਫੈਸਲੇ ਲੈਣੇ ਬਣਦੇ ਹਨ। ਜੇ ਕਿਸੇ ਸੁਧਾਰ ਦੀ ਗੁੰਜਾਇਸ਼ ਨਹੀਂ ਜਾਪਦੀ ਤਾਂ ਇਹ ਭੇਟਾ ਹਸਪਤਾਲਾਂ ਜਾਂ ਸਕੂਲਾਂ ਨੂੰ ਦੇਣੀ ਬਣਦੀ ਹੈ ਤਾਂ ਕਿ ਸਮਾਜ ਨੂੰ ਬਿਹਤਰ ਡਾਕਟਰੀ ਸਹਾਇਤਾ ਅਤੇ ਵਿੱਦਿਆ ਦਿੱਤੀ ਜਾ ਸਕੇ।

ਮੈਂ ਇੱਥੇ ਹਾਲ ਹੀ ਵਿਚ ਵਾਪਰੀ ਘਟਨਾ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦੀ ਹਾਂ। ਦੋ ਕੁ ਮਹੀਨੇ ਪਹਿਲਾਂ ਮੇਰੀ ਰਿਸ਼ਤੇਦਾਰੀ ਵਿਚ ਇੱਕ ਨੌਜੁਆਨ ਮੁੰਡੇ ਦੀ ਅਚਾਨਕ ਮੌਤ ਹੋ ਗਈ। ਸੋਚਣ ਵਾਲੀ ਗੱਲ ਹੈ ਕਿ ਜੁਆਨ ਬੱਚੇ ਦਾ ਅੰਤਿਮ ਸੰਸਕਾਰ ਕਰਨ ਉਪਰੰਤ ਜਦੋਂ ਸਕੇ-ਸਬੰਧੀ ਗੁਰੂ ਘਰ ਵਿਚ ਅੰਤਿਮ ਅਰਦਾਸ ਸਮੇਂ ਇਕੱਤਰ ਹੁੰਦੇ ਹਨ ਤਾਂ ਉਨ੍ਹਾਂ ਦਾ ਕੀ ਹਾਲ ਹੁੰਦਾ ਹੈ? ਪਹਿਲਾਂ ਤਾਂ ਲੋਕਾਂ ਨੂੰ ਜ਼ਿਆਦਾ ਦੇਰ ਬਿਠਾਈ ਰੱਖਣ ਲਈ ਇੱਕ ਵਾਰ ਪਾਠ ਖਤਮ ਹੋਣ ‘ਤੇ ਅਨੰਦ ਸਾਹਿਬ ਦਾ ਪਾਠ ਤੇ ਅੰਤਿਮ ਅਰਦਾਸ ਕੀਤੀ ਗਈ ਅਤੇ ਮੁੜ ਕੀਰਤਨ ਤੋਂ ਬਾਅਦ ਅਨੰਦ ਸਾਹਿਬ ਦਾ ਪਾਠ ਅਤੇ ਅੰਤਿਮ ਅਰਦਾਸ ਕੀਤੀ ਗਈ ਜਦਕਿ ਮਰਿਆਦਾ ਅਨੁਸਾਰ ਪਾਠ ਦੀ ਸਮਾਪਤੀ ਉਪਰੰਤ ਕੀਰਤਨ ਅਰੰਭ ਕਰ ਦਿੱਤਾ ਜਾਂਦਾ ਹੈ ਅਤੇ ਕੀਰਤਨੀਏ ਸਿੰਘ ਹੀ ਕੀਰਤਨ ਦੇ ਅਖੀਰ ‘ਤੇ ਅਨੰਦ ਬਾਣੀ ਦਾ ਕੀਰਤਨ ਕਰਦੇ ਹਨ। ਅੰਤਿਮ ਸਲੋਕ ਤੇ ਅਰਦਾਸ ਲਈ ਸੰਗਤ ਅਤੇ ਅਰਦਾਸੀਆ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਖੜ੍ਹੇ ਹੋ ਜਾਂਦੇ ਹਨ। ਉਪਰੋਕਤ ਮੌਕੇ ਇਹ ਹੀ ਨਹੀਂ, ਕਥਾ ਕਰਨ ਲਈ ਜੋ ਸਿੰਘ ਬੈਠਾ, ਉਸ ਨੇ ਆਪਣੇ ਤੋਂ ਅਗਲੇ ਡਿਊਟੀ ਵਾਲੇ ਸਿੰਘ ਦੀ ਉਡੀਕ ਵਿਚ ਕਥਾ ਏਨੀ ਲਮਕਾ ਦਿੱਤੀ ਕਿ ਬਹੁਤੀ ਸੰਗਤ ਉਠ ਕੇ ਜਾਣੀ ਸ਼ੁਰੂ ਹੋ ਗਈ। ਫਿਰ ਉਸ ਕਥਾ ਦਾ ਵੀ ਅੰਤਿਮ ਰਸਮਾਂ ਨਾਲ ਕੋਈ ਸਬੰਧ ਨਹੀਂ ਸੀ। ਉਹ ਮੁੜ ਮੁੜ ਗੱਲਾਂ ਦੁਹਰਾਈ ਜਾ ਰਿਹਾ ਸੀ। ਸਿਤਮਜ਼ਰੀਫੀ ਦੇਖੋ, ਇਨ੍ਹਾਂ ਦਾ ਰਵੱਈਆ ਕਿੰਨਾ ਸਵਾਰਥੀ ਹੈ? ਸੋਚ ਕੇ ਹੈਰਾਨੀ ਹੁੰਦੀ ਹੈ।

ਗੁਰੂ ਦਾ ਲੰਗਰ ਗੁਰੂ ਘਰ ਵਿਚ ਆਏ ਹਰ ਮਾਈ ਭਾਈ ਲਈ, ਭੁੱਖੇ ਨੂੰ ਪਰਸ਼ਾਦਾ ਛਕਾਉਣ ਲਈ ਹੁੰਦਾ ਹੈ। ਵੈਸੇ ਵੀ ਜੋ ਕੋਈ ਗੁਰੂ ਦੀ ਹਜ਼ੂਰੀ ਵਿਚ ਆਉਂਦਾ ਹੈ, ਉਹ ਆਪਣੀ ਸ਼ਰਧਾ ਮੁਤਾਬਿਕ ਤਿਲ-ਫੁੱਲ ਭੇਟ ਕਰਦਾ ਹੈ ਅਤੇ ਇਸ ਦੇ ਨਾਲ ਹੀ ਵਿਆਹ-ਸ਼ਾਦੀ ਜਾਂ ਖੁਸ਼ੀ ਸਮੇਂ ਤੁਹਾਨੂੰ ਪਤਾ ਹੁੰਦਾ ਹੈ ਕਿ ਲਗਭਗ ਕਿੰਨੇ ਕੁ ਮਹਿਮਾਨ ਸ਼ਾਮਲ ਹੋਣਗੇ? ਅਫਸੋਸ ਮੌਕੇ ਤੁਸੀਂ ਇਸ ਤੱਥ ਦਾ ਅੰਦਾਜ਼ਾ ਕਿਸ ਤਰ੍ਹਾਂ ਲਾ ਸਕਦੇ ਹੋ ਕਿ ਕਿੰਨੇ ਲੋਕ ਆਉਣਗੇ? ਇੱਥੇ ਹਰ ਫੰਕਸ਼ਨ ਲਈ ਗੁਰਦੁਆਰਿਆਂ ਵਿਚ ਰਕਮ ਮੁਕੱਰਰ ਕੀਤੀ ਹੋਈ ਹੁੰਦੀ ਹੈ। ਉਸ ਮੁਤਾਬਿਕ ਜਦੋਂ ਲੜਕੇ ਦੇ ਪਿਤਾ ਨੇ ਰਕਮ ਅਦਾ ਕੀਤੀ ਤਾਂ ਹਿਸਾਬ ਕਰਨ ਵਾਲਾ ਸਿੰਘ ਕਹਿੰਦਾ, “ਦੋ ਸੌ ਡਾਲਰ ਹੋਰ ਬਣਦਾ ਹੈ, ਤੁਸੀਂ ਕੱਲ ਦੇ ਕੇ ਜਾਉਗੇ?” ਲੜਕੇ ਦੇ ਪਿਤਾ ਨੇ ਦੋ ਸੌ ਡਾਲਰ ਉਸ ਦੇ ਹੱਥ ’ਤੇ ਧਰ ਕੇ ਥੋੜ੍ਹੇ ਗੁੱਸੇ ਨਾਲ ਕਿਹਾ, “ਕੱਲ ਕਿਉਂ, ਤੁਸੀਂ ਹੁਣੇ ਲਵੋ।” ਇਹ ਹਾਲ ਹੈ ਇੱਥੇ ਗੁਰੂ ਦੇ ਨਾਮ ’ਤੇ ਚਲਾ ਰਹੇ ਧਾਰਮਿਕ ਸਥਾਨਾਂ ਦੇ ਪ੍ਰਬੰਧਕਾਂ ਦਾ।

ਜਿੱਥੋਂ ਤੱਕ ਨੁਕਸਾਨ ਪ੍ਰਤੀ ਉਠਾਏ ਡਾ. ਗਿਆਨ ਸਿੰਘ ਦੇ ਨੁਕਤਿਆਂ ਦਾ ਸਵਾਲ ਹੈ, ਸਾਰੇ ਨੁਕਤਿਆਂ ਨਾਲ ਸਹਿਮਤ ਹੋਣਾ ਮੁਸ਼ਕਿਲ ਜਾਪਦਾ ਹੈ। ਪਹਿਲੀ ਗੱਲ, “ਹੁਣ ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਵਿੱਦਿਆ, ਸਿਹਤ ਸੰਭਾਲ ਅਤੇ ਹੋਰ ਸਾਂਝੇ ਕੰਮਾਂ ਸਬੰਧੀ ਉਹ ਤਰੱਕੀ ਨਹੀਂ ਹੋ ਸਕੀ ਜੋ ਇਨ੍ਹਾਂ ਦੀ ਭਾਗੀਦਾਰੀ ’ਤੇ ਬਣਦੇ ਜਾਇਜ਼ ਵਿਰੋਧ ਦੁਆਰਾ ਹੋਣੀ ਸੀ।”

ਮੇਰਾ ਵਿਚਾਰ ਹੈ ਕਿ ਪੇਂਡੂ ਸਮਾਜ ਦਾ ਵਿਕਾਸ, ਸਾਂਝੇ ਕੰਮਾਂ ਦੀ ਤਰੱਕੀ ਦਾ ਬਹੁਤ ਕੁਝ ਪ੍ਰਾਂਤਿਕ ਅਤੇ ਕੇਂਦਰੀ ਸਰਕਾਰਾਂ ਦੇ ਰਵੱਈਏ ‘ਤੇ ਵੀ ਆਧਾਰਤ ਹੈ, ਇਹ ਗੱਲ ਸਾਨੂੰ ਕਦੇ ਵੀ ਭੁੱਲਣੀ ਨਹੀਂ ਚਾਹੀਦੀ। ਜਦੋਂ ਮੁਲਕ ਦੀ ਆਜ਼ਾਦੀ ਤੋਂ ਬਾਅਦ ਕੇਂਦਰੀ ਅਤੇ ਰਾਜ ਸਰਕਾਰਾਂ ਵਿਚ ਭਾਗੀਦਾਰ ਜਾਂ ਮਾਅਨੇ ਰੱਖਦੇ ਮੰਤਰੀਆਂ-ਸੰਤਰੀਆਂ, ਅਫਸਰਾਂ ਵਿਚ ਇੱਕ ਆਦਰਸ਼ਵਾਦ ਸੀ, ਉਤਸ਼ਾਹ ਸੀ, ਜਨੂੰਨ ਸੀ, ਉਦੋਂ ਪੰਜਾਬ ਦੇ ਪਿੰਡਾਂ ਵਿਚ ਗਰਾਮ ਸੇਵਕ ਲਾ ਕੇ, ਨਵੇਂ ਸਕੂਲ ਖੋਲ੍ਹ ਕੇ, ਭਾਰਤ ਸੇਵਕ ਸਮਾਜ ਦੇ ਕੈਂਪ ਲਾ ਕੇ ਪਿੰਡਾਂ ਦੇ ਵਿਕਾਸ ਵੱਲ ਧਿਆਨ ਦਿੱਤਾ ਗਿਆ। ਹੁਣ ਸਰਕਾਰਾਂ ਦਾ ਪਿੰਡਾਂ ਵੱਲ ਜਾਂ ਲੋਕਾਂ ਪ੍ਰਤੀ ਕੋਈ ਹਾਂ-ਮੁਖੀ ਰਵੱਈਆ ਨਹੀਂ ਹੈ। ਰਾਜਨੀਤੀ ਵਿਚ ਲੋਕ ਪੈਸਾ ਇਕੱਠਾ ਕਰਨ ਲਈ ਆਉਂਦੇ ਹਨ। ਨੌਕਰੀਆਂ ਲੈਣ ਲਈ ਲੋਕਾਂ ਨੂੰ ਰਿਸ਼ਵਤ ਦੇਣੀ ਪੈਂਦੀ ਹੈ ਅਤੇ ਫਿਰ ਉਸ ਪੈਸੇ ਦੀ ਕਈ ਗੁਣਾਂ ਵੱਧ ਪੂਰਤੀ ਅਫਸਰ ਰਿਸ਼ਵਤ ਰਾਹੀਂ ਪੈਸਾ ਇਕੱਠਾ ਕਰਕੇ ਕਰਦੇ ਹਨ। ਪੇਂਡੂ ਸਕੂਲਾਂ, ਲਿੰਕ ਸੜਕਾਂ, ਲੋਕਾਂ ਦੀ ਸਿਹਤ, ਕਿਸਾਨੀ ਅਤੇ ਖੇਤ ਮਜ਼ਦੂਰਾਂ ਦੀ ਮੰਦੀ ਹਾਲਤ ਵੱਲ ਕਿਸੇ ਸਰਕਾਰ ਦਾ ਕੋਈ ਧਿਆਨ ਨਹੀਂ ਹੈ। ਹਾਂ, ਵੋਟਾਂ ਲੈਣ ਲਈ ਵਾਅਦੇ ਹਰ ਪਾਰਟੀ ਬਥੇਰੇ ਕਰਦੀ ਹੈ।

ਪਰਵਾਸੀ ਤਾਂ ਭਲਾਂ ਪੰਜਾਬ ਛੱਡ ਆਏ ਹਨ ਪਰ ਜਿਹੜੇ ਪਿੱਛੇ ਰਹਿ ਗਏ ਹਨ, ਉਹ ਵੀ ਹੁਣ ਆਪਣੀ ਸਮਰੱਥਾ ਮੁਤਾਬਿਕ ਬੱਚਿਆਂ ਨੂੰ ਪੜ੍ਹਾਉਣ ਦੇ ਬਹਾਨੇ ਆਪਣੀਆਂ ਜਮੀਨਾਂ ਠੇਕੇ ‘ਤੇ ਦੇ ਕੇ ਅਤੇ ਆਪਣੇ ਚੰਗੇ ਭਲੇ ਬਣੇ ਬਣਾਏ ਘਰ ਛੱਡ ਕੇ ਰਿਹਾਇਸ਼ ਲਈ ਸ਼ਹਿਰਾਂ ਵਿਚ ਮਕਾਨ ਕਿਰਾਏ ‘ਤੇ ਲੈ ਰਹੇ ਹਨ ਜਾਂ ਖਰੀਦ ਰਹੇ ਹਨ। ਸਰਕਾਰਾਂ ਖਿਲਾਫ ਹਰ ਰੋਜ਼ ਬਥੇਰੇ ਧਰਨੇ, ਜਲਸੇ-ਜਲੂਸ ਨਿਕਲਦੇ ਹਨ, ਸਭ ਨੂੰ ਪੁਲਿਸ ਦੀਆਂ ਲਾਠੀਆਂ ਨਾਲ ਚੁੱਪ ਕਰਾ ਦਿੱਤਾ ਜਾਂਦਾ ਹੈ, ਕਿਸੇ ‘ਤੇ ਕੋਈ ਅਸਰ ਨਹੀਂ ਹੁੰਦਾ, ਪਰਵਾਸ ਕਰ ਗਿਆਂ ਦਾ ਵੀ ਨਹੀਂ ਸੀ ਹੋਣਾ।

ਦੂਸਰਾ ਨੁਕਤਾ ਉਨ੍ਹਾਂ ਨੇ ਹੁਨਰਮੰਦ ਪਾੜ੍ਹਿਆਂ ਦੇ ਬਾਹਰ ਆਉਣ ਨਾਲ ਸਰਕਾਰ ਜਾਂ ਸਮਾਜ ਨੂੰ ਹੋ ਰਹੇ ਨੁਕਸਾਨ ਬਾਰੇ ਉਠਾਇਆ ਹੈ, “ਪਰ ਧਿਆਨ ਮੰਗਦਾ ਪੱਖ ਇਹ ਹੈ, ਇਨ੍ਹਾਂ ਦੇ ਹੁਨਰ ਤੇ ਲਿਆਕਤ ਦੇ ਵਿਕਾਸ ਵਿਚ ਸਮਾਜ ਤੇ ਸਰਕਾਰ ਨੇ ਜੋ ਯੋਗਦਾਨ ਪਾਇਆ ਕਿੱਥੇ ਗਿਆ? ਇਨ੍ਹਾਂ ਲਈ ਸਮਾਜ ਤੇ ਸਰਕਾਰ ਵੱਲੋਂ ਮੁਹੱਈਆ ਕਰਵਾਈ ਗਈ ਸਸਤੀ ਸਿੱਖਿਆ, ਸਿਖਲਾਈ ਆਦਿ ਦਾ ਹਿਸਾਬ ਕੌਣ ਕਰੇਗਾ?” ਅਤੇ “ਪੰਜਾਬ ਵਿਚੋਂ ਕੌਮਾਂਤਰੀ ਪਰਵਾਸ ਸਬੰਧੀ ਜਿਹੜੇ ਹੁਨਰਮੰਦ ਜਾਂ ਪੇਸ਼ਾਵਰ ਲੋਕਾਂ ਅਤੇ ਵਿਦਿਆਰਥੀਆਂ ਦਾ ਪੰਜਾਬ ਤੋਂ ਬਾਹਰਲੇ ਦੇਸ਼ਾਂ ਵਿਚ ਪਰਵਾਸ ਹੋ ਰਿਹਾ ਹੈ, ਉਹ ਦੇਸ਼ ਤੋਂ ਬਾਹਰ ਜਾਣ ਤੋਂ ਪਹਿਲਾਂ ਪੜ੍ਹਾਈ ਜਾਂ ਸਿਖਲਾਈ ਉਪਰ ਸਮਾਜ ਤੇ ਸਰਕਾਰ ਵੱਲੋਂ ਕੀਤਾ ਗਿਆ ਖਰਚ ਵਾਪਸ ਕਰਨ। ਜੇ ਉਹ ਉਚ ਵਿਦਿਆ ਲੈਣ ਲਈ ਜਾਂਦੇ ਹਨ ਤਾਂ ਉਨ੍ਹਾਂ ਤੋਂ ਹਲਫਨਾਮਾ ਲਿਆ ਜਾਵੇ ਕਿ ਦੇਸ਼ ਨਾ ਮੁੜਨ ਦੀ ਹਾਲਤ ਵਿਚ ਉਨ੍ਹਾਂ ਦੇ ਮਾਪੇ ਉਹ ਖਰਚ ਵਾਪਸ ਕਰਨਗੇ।”

ਡਾ. ਗਿਆਨ ਸਿੰਘ ਸ਼ਾਇਦ ਇਹ ਭੁੱਲ ਗਏ ਹਨ ਕਿ ਪੰਜਾਬ ਵਿਚ ਹੁਣ ਵਿੱਦਿਆ ਸਸਤੀ ਨਹੀਂ ਹੈ ਅਤੇ ਨਾ ਹੀ ਵਿੱਦਿਆ ਪ੍ਰਾਪਤ ਕਰਕੇ ਸਾਡੇ ਸਮਿਆਂ ਦੀ ਤਰ੍ਹਾਂ ਬਿਨਾ ਸਿਫਾਰਸ਼ ਅਤੇ ਰਿਸ਼ਵਤ ਦੇ ਕੋਈ ਨੌਕਰੀ ਮਿਲਦੀ ਹੈ। ਸਕੂਲਾਂ-ਕਾਲਜਾਂ ‘ਚ ਅਧਿਆਪਕ ਤੇ ਪ੍ਰਿੰਸੀਪਲ ਨਹੀਂ ਹਨ ਪਰ ਸਰਕਾਰ ਕੋਈ ਭਰਤੀ ਨਹੀਂ ਕਰ ਰਹੀ, ਉਥੋਂ ਵਿੱਦਿਆ ਕਿਹੋ ਜਿਹੀ ਮਿਲੇਗੀ? ਹਸਪਤਾਲ ਡਾਕਟਰਾਂ ਤੋਂ ਖਾਲੀ ਹਨ। ਸਰਕਾਰੀ ਮਹਿਕਮਿਆਂ ਦੇ ਮੁਲਾਜ਼ਮਾਂ ਨੂੰ ਕਈ ਕਈ ਮਹੀਨੇ ਤਨਖਾਹ ਨਹੀਂ ਮਿਲਦੀ। ਡਾਕਟਰੀ ਪੜ੍ਹਾਈ ਹੁਣ ਉਥੇ ਮੁਫਤ ਜਾਂ ਸਸਤੀ ਨਹੀਂ ਹੈ, ਇਹ ਬਹੁਤੀ ਕਰਕੇ ਪ੍ਰਾਈਵੇਟ ਹੱਥਾਂ ਵਿਚ ਚਲੀ ਗਈ ਹੈ ਅਤੇ ਵਪਾਰ ਬਣ ਗਈ ਹੈ। ਆਮ ਬੰਦੇ ਦੀ ਤਾਂ ਇਹ ਪਹੁੰਚ ਤੋਂ ਹੀ ਬਾਹਰ ਹੋ ਗਈ ਹੈ। ਯੂਨੀਵਰਸਿਟੀਆਂ ਦੀ ਫੀਸ ਹੁਣ ਹਜ਼ਾਰਾਂ ਨਹੀਂ, ਲੱਖਾਂ ਵਿਚ ਦੇਣੀ ਪੈਂਦੀ ਹੈ। ਜੋ ਉਥੇ ਪਿੱਛੇ ਰਹਿ ਗਏ ਹਨ, ਕੀ ਉਨ੍ਹਾਂ ਨੂੰ ਨੌਕਰੀਆਂ ਮਿਲ ਰਹੀਆਂ ਹਨ? ਹਰ ਰੋਜ਼ ਹੁਨਰ-ਯਾਫਤਾ, ਵਿੱਦਿਆ-ਯਾਫਤਾ ਬੇਰੁਜ਼ਗਾਰ ਨੌਜੁਆਨ ਮੁਜਾਹਰੇ ਕਰਦੇ ਹਨ, ਟੈਂਕੀਆਂ ‘ਤੇ ਚੜ੍ਹਦੇ ਹਨ ਪਰ ਕਿਸੇ ਸਰਕਾਰ ਦੇ ਕੰਨ ‘ਤੇ ਜੂੰ ਨਹੀਂ ਸਰਕਦੀ।

ਡਾ. ਗਿਆਨ ਸਿੰਘ ਨੂੰ ਇਹ ਲਿਖਣਾ ਚਾਹੀਦਾ ਸੀ ਕਿ ਅਜਿਹੇ ਹੁਨਰਮੰਦਾਂ ਜਾਂ ਵਿੱਦਿਆ-ਯਾਫਤਾ ਬਾਹਰ ਆਉਣ ਵਾਲਿਆਂ ਨੂੰ ਸਰਕਾਰ ਇਹ ਕਹੇ ਕਿ ਆਹ ਪਈ ਹੈ ਪੂਰੀ ਤਨਖਾਹ ਸਮੇਤ ਨੌਕਰੀ, ਤੁਸੀਂ ਏਨੇ ਕੁ ਸਾਲ ਨੌਕਰੀ ਰਾਹੀਂ ‘ਸਰਕਾਰ’ ਅਤੇ ‘ਸਮਾਜ’ ਦੀ ਸੇਵਾ ਕਰਕੇ ਜਾ ਸਕੋਂਗੇ। ਜਿਹੜੇ ਮਾਪੇ ਵਿਦਿਆਰਥੀਆਂ ਨੂੰ ਬਾਹਰ ਭੇਜਦੇ ਹਨ, ਉਹ ਪਤਾ ਨਹੀਂ ਕਿੱਥੋਂ ਕਿੱਥੋਂ ਕਰਜ਼ੇ ਚੁੱਕਦੇ ਹਨ ਜਾਂ ਜਮੀਨਾਂ ਵੇਚਦੇ ਹਨ ਤਾਂ ਕਿ ਉਨ੍ਹਾਂ ਦੀ ‘ਰੋਟੀ’ ਸੁਰੱਖਿਅਤ ਹੋ ਸਕੇ। ਜੇ ਆਪਣੇ ਮੁਲਕ ਵਿਚ ਸੁੱਖ-ਸਹੂਲਤਾਂ, ਸੁਰੱਖਿਅਤ ਵਾਤਾਵਰਣ, ਨੌਕਰੀਆਂ ਹੋਣਗੀਆਂ ਤਾਂ ਕੋਈ ਔਖਾ ਹੋ ਕੇ ਬਾਹਰ ਵੱਲ ਕਿਉਂ ਦੌੜੇਗਾ? ਮੇਰਾ ਵੱਡਾ ਬੇਟਾ ਜਦੋਂ ਪੜ੍ਹਨ ਦੇ ਸਿਲਸਿਲੇ ਵਿਚ ਬਾਹਰ ਆਉਣ ਲੱਗਾ ਤਾਂ ਮੈਂ ਉਸ ’ਤੇ ਜ਼ੋਰ ਪਾਇਆ ਕਿ ਉਹ ਉਥੇ ਪੰਜਾਬ ਵਿਚ ਰਹਿ ਕੇ ਹੀ ਪੜ੍ਹੇ ਤਾਂ ਉਸ ਦਾ ਮੈਨੂੰ ਇੱਕੋ ਪ੍ਰਸ਼ਨ ਸੀ ਕਿ ਮਾਂ ਕੀ ਤੁਸੀਂ ਮੈਨੂੰ ਕਿਸੇ ਟੌਹੜੇ ਜਾਂ ਬਾਦਲ ਦੀ ਸਿਫਾਰਸ਼ ਬਿਨਾ ਨੌਕਰੀ ਲੈ ਕੇ ਦੇ ਸਕਦੇ ਹੋ? ਇਸ ਦਾ ਮੇਰੇ ਕੋਲ ਕੋਈ ਉਤਰ ਨਹੀਂ ਸੀ ਕਿਉਂਕਿ ਇੱਕ ਇਸਤਰੀ ਹੋਣ ਕਰਕੇ ਮੇਰੀ ਤਾਂ ਯੂਨੀਵਰਸਿਟੀ ਵਿਚ ਪ੍ਰੋਫੈਸਰ ਹੋਣ ਦੇ ਬਾਵਜੂਦ ਏਨੀ ਪਹੁੰਚ ਵੀ ਨਹੀਂ ਸੀ ਕਿ ਮੈਂ ਕਿਸੇ ਦੀ ਸਿਫਾਰਸ਼ ਲੁਆ ਸਕਦੀ। ਮੈਂ ਤਾਂ ਇਸੇ ਘਾਟ ਕਰਕੇ ਆਪਣੀਆਂ ਬਣਦੀਆਂ ਤਰੱਕੀਆਂ ਵੀ ਆਪਣੇ ਪੁਰਸ਼ ਸਹਿਕਰਮੀਆਂ ਨਾਲੋਂ ਬਹੁਤ ਪੱਛੜ ਕੇ ਲੈ ਸਕੀ ਸਾਂ।

ਤੀਜੀ ਅਹਿਮ ਗੱਲ, “ਇਨ੍ਹਾਂ ਪਰਵਾਸੀਆਂ ਵਿਚੋਂ ਕੁਝ ਆਪਣੇ ਪਿੱਛੇ ਰਹਿ ਗਏ ਭੈਣਾਂ-ਭਾਈਆਂ ਦੀ ਜਾਇਦਾਦ ਉਪਰ ਕਾਨੂੰਨੀ ਅਤੇ ਸਮਾਜਿਕ ਤਰੀਕਿਆਂ ਨਾਲ ਕਾਬਜ਼ ਹੋ ਜਾਂਦੇ ਹਨ।” ਇਹ ਗੱਲ ਤਾਂ ਡਾ. ਗਿਆਨ ਸਿੰਘ ਨੇ ਬਿਲਕੁਲ ਉਲਟ ਕੱਢ ਮਾਰੀ। ਪਰਵਾਸੀਆਂ ਦੀਆਂ ਪਿੱਛੇ ਪੰਜਾਬ ਵਿਚ ਮਾਂ-ਬਾਪ, ਭਰਾਵਾਂ ਨੂੰ ਪੈਸੇ ਭੇਜ ਕੇ ਖਰੀਦੀਆਂ ਜਮੀਨਾਂ ਅਤੇ ਕੋਠੀਆਂ ’ਤੇ ਉਥੋਂ ਵਾਲੇ ਭੈਣ-ਭਰਾ ਹਿੱਸਾ ਦੇਣ ਤੋਂ ਠੁੱਠ ਦਿਖਾ ਰਹੇ ਹਨ। ਅਜਿਹੇ ਇੱਕ ਨਹੀਂ, ਬਹੁਤ ਮਾਮਲੇ ਸਾਹਮਣੇ ਆਏ ਹਨ। ਕਈਆਂ ਨੂੰ ਤਾਂ ਇੱਥੋਂ ਗਿਆਂ ਨੂੰ ਫਸਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਹੈ।

ਮੇਜਰ ਕੁਲਾਰ ਬੋਪਾਰਾਏ ਨੇ ਅਜਿਹੇ ਕੇਸਾਂ ਦਾ ਖੁਲਾਸਾ ਕਈ ਵਾਰ ‘ਪੰਜਾਬ ਟਾਈਮਜ਼’ ਵਿਚ ਛਪੇ ਆਪਣੇ ਲੇਖਾਂ ਵਿਚ ਕੀਤਾ ਹੈ। ਕੁਝ ਕੇਸਾਂ ਦਾ ਤਾਂ ਮੈਨੂੰ ਵੀ ਪਤਾ ਹੈ। ਅਮਰੀਕਾ ਤੋਂ ਇੱਕ ਭਾਈ ਸਾਹਿਬ ਚਾਰ ਸਾਲ ਤੋਂ ਆਪਣੇ ਪਰਿਵਾਰ ਨੂੰ ਅਮਰੀਕਾ ਛੱਡ ਕੇ ਲੁਧਿਆਣੇ ਬੈਠੇ ਆਪਣੇ ਭਰਾ ਨਾਲ ਕੇਸ ਲੜ ਰਹੇ ਹਨ ਜਿਸ ਨੇ ਲੁਧਿਆਣੇ ਉਸ ਵੱਲੋਂ ਅਤੇ ਉਸ ਦੇ ਦੂਸਰੇ ਅਮਰੀਕਾ ਰਹਿ ਰਹੇ ਭਰਾ ਵੱਲੋਂ ਬਣਾਈ ਕੋਠੀ ਵਿਚ ਉਨ੍ਹਾਂ ਨੂੰ ਵੜਨ ਨਹੀਂ ਦਿੱਤਾ।

ਹਾਂ, ਬੋਲੀ ਪ੍ਰਤੀ ਜ਼ਰੂਰ ਚਿੰਤਾ ਵਾਲੀ ਗੱਲ ਹੈ। ਪਰ ਇਸ ਲਈ ਜਿੰਮੇਵਾਰ ‘ਪਰਵਾਸ’ ਨਹੀਂ, ਸਾਡਾ ਪੰਜਾਬੀਆਂ ਦਾ ਆਪਣੀ ਮਾਂ-ਬੋਲੀ ਪ੍ਰਤੀ ਰਵੱਈਆ ਹੈ। ਜੇ ਅਸੀਂ ਚਾਹੀਏ ਤਾਂ ਇੱਥੇ ਬੈਠੇ ਵੀ ਆਪਣੇ ਬੱਚਿਆਂ ਨੂੰ ਆਪਣੀ ਬੋਲੀ ਵਿਚ ਪਰਪੱਕ ਕਰ ਸਕਦੇ ਹਾਂ ਜਿਵੇਂ ਬਾਕੀ ਭਾਈਚਾਰਿਆਂ ਦੇ ਲੋਕ ਕਰਦੇ ਹਨ, ਜੋ ਆਪਸ ਵਿਚ ਜਾਂ ਆਪਣੇ ਬੱਚਿਆਂ ਨਾਲ ਆਪਣੀ ਬੋਲੀ ਵਿਚ ਹੀ ਗੱਲ ਕਰਦੇ ਹਨ ਅਤੇ ਬੋਲੀ ਦੀ ਸਿੱਖਿਆ ਵੀ ਜ਼ਰੂਰ ਦਿੰਦੇ ਹਨ। ਇੰਟਰਨੈਟ ਰਾਹੀਂ ਕੋਈ ਵੀ ਭਾਸ਼ਾ ਸਿੱਖ ਸਕਣੀ ਕੋਈ ਔਖਾ ਕੰਮ ਨਹੀਂ ਹੈ। ਕੈਨੇਡੀਅਨ ਸਰਕਾਰ ਨੇ ਤਾਂ ਸਰਕਾਰੀ ਪੱਧਰ ’ਤੇ ਸਨਿਚਰਵਾਰ ਸਪੈਸ਼ਲ ਕਲਾਸਾਂ ਰਾਹੀਂ ਅਜਿਹਾ ਪ੍ਰਬੰਧ ਕੀਤਾ ਹੋਇਆ ਹੈ। ਅਸੀਂ ਪੰਜਾਬੀ ਤਾਂ ਪੰਜਾਬ ਬੈਠੇ ਇਸ ਗੱਲ ਵੱਲ ਧਿਆਨ ਨਹੀਂ ਦਿੰਦੇ ਕਿ ਸਾਡੇ ਤਥਾਕਥਿਤ ਪਬਲਿਕ ਇੰਗਲਿਸ਼ ਮਾਧਿਅਮ ਸਕੂਲਾਂ ਵਿਚ ਕਿਉਂ ਬੱਚਿਆਂ ਨੂੰ ਪੰਜਾਬੀ ਬੋਲਣ ਤੋਂ ਵਰਜਿਆ ਜਾਂਦਾ ਹੈ? ਕਿਉਂ ਉਹ ਅੰਗਰੇਜ਼ੀ ਜਾਂ ਹਿੰਦੀ ’ਚ ਹੀ ਗੱਲ ਕਰਦੇ ਹਨ? ਪਾਕਿਸਤਾਨ ਦੇ ਸਾਰੇ ਸੂਬਿਆਂ ਦੇ ਲੋਕ ਆਪਣੀ ਬੋਲੀ ਬੋਲਦੇ ਹਨ ਪਰ ਪੰਜਾਬੀ ਹੀ ਹਨ ਜੋ ਪੰਜਾਬੀ ਨੂੰ ਛੱਡ ਕੇ ਉਰਦੂ ਬੋਲਣਾ ਜਾਂ ਪੜ੍ਹਨਾ ਪਸੰਦ ਕਰਦੇ ਹਨ।

ਪੰਜਾਬੀ ਯੂਨੀਵਰਸਿਟੀ ਵਿਚ ਮੇਰੀ ਇੱਕ ਕੁਲੀਗ ਦੀ ਬੇਟੀ ਜਦੋਂ ਕਦੀ ਵਿਭਾਗ ਵਿਚ ਆਇਆ ਕਰੇ ਤਾਂ ਉਹ ਹਿੰਦੀ ਵਿਚ ਗੱਲ ਕਰਿਆ ਕਰੇ। ਮੈਂ ਉਸ ਨੂੰ ਪੁੱਛਿਆ ਕਿ ਤੁਹਾਡੀ ਬੇਟੀ ਹਿੰਦੀ ਕਿਉਂ ਬੋਲਦੀ ਹੈ? ਉਸ ਦਾ ਉਤਰ ਸੀ, “ਅਸੀਂ ਮਿਲਟਰੀ ਵਾਲੇ (ਉਸ ਦਾ ਪਤੀ ਮਿਲਟਰੀ ਵਿਚ ਅਫਸਰ ਸੀ) ਸਭ ਹਿੰਦੀ ਹੀ ਬੋਲਦੇ ਹਾਂ।”

***-ਡਾ. ਗੁਰਨਾਮ ਕੌਰ, ਕੈਨੇਡਾ***

---

## ਸਿੱਖੀ ਦਾ ਬੂਟਾ

ਉਹ ਕਿਹੜਾ ਬੂਟਾ ਏ?
ਹਰ ਥਾਂ ਜੋ ਪਲਦਾ ਏ-
ਆਰੇ ਦੇ ਦੰਦਿਆਂ ਤੇ,
ਰੰਬੀ ਦੀਆਂ ਧਾਰਾਂ ਤੇ,
ਖੈਬਰ ਦੇ ਦੱਰਿਆਂ ਵਿਚ,
ਸਰਸਾ ਦੀਆਂ ਲਹਿਰਾਂ ਤੇ,
ਸਤਲੁਜ ਦੇ ਕੰਢੇ ਤੇ,
ਲੱਖੀ ਦੇ ਜੰਗਲ ਵਿਚ,
ਰੋੜਾਂ ਵਿਚ, ਰਕੜਾਂ ਵਿਚ,
ਬੰਜਰਾਂ ਵਿਚ ਝੱਖੜਾਂ ਵਿਚ,
ਗੜਿਆਂ ਵਿਚ, ਮੀਹਾਂ ਵਿਚ,
ਸਰਹੰਦ ਦੀਆਂ ਨੀਹਾਂ ਵਿਚ,
ਜਿੱਥੇ ਵੀ ਲਾ ਦਈਏ,
ਓਥੇ ਹੀ ਪਲਦਾ ਏ,
ਜਿਤਨਾ ਇਹ ਛਾਂਗ ਦਈਏ,
ਉਤਨਾ ਇਹ ਫਲਦਾ ਏ।

ਉਹ ਕਿਹੜਾ ਬੂਟਾ ਏ?
ਭੁੱਖਿਆਂ ਤਰਿਹਾਇਆਂ ਨੂੰ,
ਜੋ ਫਲ ਖਵਾਂਦਾ ਏ,
ਥੱਕਿਆਂ ਤੇ ਟੁੱਟਿਆਂ ਨੂੰ,
ਛਾਂ ਵਿਚ ਸਵਾਂਦਾ ਏ।
ਜਿਹੜਾ ਵੀ ਸ਼ਰਨ ਲਵੇ,
ਉਸ ਤਾਈਂ ਬਚਾਂਦਾ ਏ।
ਜੇ ਝੱਖੜ ਆ ਜਾਵੇ,
ਜੇ ‘ਨ੍ਹੇਰੀ ਆ ਜਾਵੇ,
ਅਬਦਾਲੀ ਆ ਜਾਵੇ,
ਕੋਈ ਨਾਦਰ ਆ ਜਾਵੇ,
ਮਾਸੂਮ ਗੁਟਾਰਾਂ ਨੂੰ,
ਬੇਦੋਸ਼ੀਆਂ ਚਿੜੀਆਂ ਨੂੰ,
ਬੇਲੋਸੀਆਂ ਘੁਗੀਆਂ ਨੂੰ,
ਕੂੰਜਾਂ ਦੀਆਂ ਡਾਰਾਂ ਨੂੰ,
ਇਹ ਤੁਰਤ ਛੁਪਾ ਲੈਂਦਾ,
ਇਹ ਆਹਲਣੇ ਪਾ ਲੈਂਦਾ
ਤੇ ਰਾਖਾ ਬਣ ਬਹਿੰਦਾ।

ਪੈਰ ਇਸ ਦੇ ਧਰਤੀ ‘ਤੇ,
ਪਰ ਆਪ ਉਚੇਰਾ ਏ।
ਜੇਲ੍ਹਾਂ ਦੀਆਂ ਕੋਠੜੀਆਂ,
ਜ਼ੰਜੀਰਾਂ ਹੱਥਕੜੀਆਂ,
ਇਹ ਰੱਸੇ ਫਾਂਸੀ ਦੇ,
ਤੇ ਤੜੀਆਂ ਰਾਜ ਦੀਆਂ,
ਜਾਗੀਰਾਂ ਦੇ ਚਕਮੇ,
ਸਰਦਾਰੀ ਦੇ ਤਮਗ਼ੇ,
ਦੁਨੀਆਂ ਦੀਆਂ ਤੰਗ-ਦਿਲੀਆਂ,
ਤੇੜਾਂ ਤੇ ਪਾੜਾਂ,
ਗੁਮਰਾਹੀਆਂ ਰੰਗ-ਰਲੀਆਂ,
ਤੇ ਕੁੜੀਆਂ ਝੰਗ ਦੀਆਂ,
ਇਹਦੇ ਗੋਡਿਓਂ ਥੱਲੇ ਨੇ,
ਇਹਦੇ ਗਿੱਟਿਓਂ ਥੱਲੇ ਨੇ,
ਇਹਦੇ ਪੈਰੋਂ ਥੱਲੇ ਨੇ,
ਜਿਥੇ ਦਿਲ ਇਸ ਦਾ ਏ,
ਜਿਥੇ ਸਿਰ ਇਸ ਦਾ ਏ,
ਓਹ ਥਾਂ ਉਚੇਰੀ ਏ,
ਉਹ ਖੁਲ੍ਹੀ ਹਵਾ ਵਿਚ ਏ,
ਉਹ ਪਾਕ ਫਿਜ਼ਾ ਵਿਚ ਏ,
ਉਹ ਖਾਸ ਖ਼ੁਦਾ ਵਿਚ ਏ,
ਜਿਥੇ ਨਾ ਵੈਰ ਕੋਈ।
ਜਿਥੇ ਨਾ ਗ਼ੈਰ ਕੋਈ।

ਕੀ ਹੋਇਆ ਜੇ?
ਅਜ ਸ਼ਾਖਾਂ ਏਸ ਦੀਆਂ,
ਅਜ ਲਗਰਾਂ ਏਸ ਦੀਆਂ,
ਆਪੋ ਵਿਚ ਪਾਟ ਗਈਆਂ,
ਆਪੋ ਵਿਚ ਤਿੜਕ ਗਈਆਂ,
ਕੋਈ ਪੂਰਬ ਚਲੀ ਗਈ,
ਕੋਈ ਪੱਛਮ ਚਲੀ ਗਈ,
ਕੋਈ ਪਿੰਡੀ ਮੱਲ ਬੈਠੀ,
ਕੋਈ ਭੈਣੀ ਜਾ ਬੈਠੀ,
ਪਰ ਮੁੱਢ ਤਾਂ ਇਕੋ ਏ,
ਪਰ ਖ਼ੂਨ ਤਾਂ ਸਾਂਝਾ ਏ।

***-ਪ੍ਰੋ. ਮੋਹਨ ਸਿੰਘ***

---

## ਸ਼ਬਦਾਂ ਤਾਈਂ ਸੰਭਾਲ ਲੈ

ਸ਼ਬਦਾਂ ਤਾਈਂ ਸੰਭਾਲ ਲੈ ਜਿੰਦੇ
ਸ਼ਬਦਾਂ ਨੂੰ ਕਦੀ ਮਰਨ ਨਾ ਦੇਵੀਂ
ਜ਼ਖਮਾਂ ਨੂੰ ਸਦਾ ਰਿਸਦੇ ਰੱਖੀਂ
ਜ਼ਖਮਾਂ ਨੂੰ ਕਦੀ ਭਰਨ ਨਾ ਦੇਵੀਂ।
ਮਨ ਨੂੰ ਹੌਲਾ ਕਰਕੇ ਰੱਖੀਂ
ਬੋਝ ਉਠਾ ਕੇ ਤਰਨ ਨਾ ਦੇਵੀਂ
ਆਪਣੇ ਆਪ ‘ਚ ਬਣ ਜਰਵਾਣੀ
ਆਪੇ ਨੂੰ ਕਦੀ ਡਰਨ ਨਾ ਦੇਵੀਂ।

ਕੰਮ ਤੇਰਾ ਹੈ ਜਿਤਦੇ ਰਹਿਣਾ
ਮਨ ਨੂੰ ਕਦੀ ਵੀ ਹਰਨ ਨਾ ਦੇਵੀਂ
ਜ਼ਿੰਦਗੀ ਦੀ ਅਨਮੋਲ ਹੈ ਖੇਤੀ
ਪਸ਼ੂਆਂ ਨੂੰ ਕਦੀ ਚਰਨ ਨਾ ਦੇਵੀਂ।
ਜਿਸ ਨਾਲ ਮੂੰਹ ਲੁਕਾਉਣਾ ਪੈ ਜਾਏ
ਐਸਾ ਕੰਮ ਕੋਈ ਕਰਨ ਨਾ ਦੇਵੀਂ
ਰੱਬ ਤੈਨੂੰ ‘ਸੁਰਜੀਤ’ ਹੈ ਕੀਤਾ
ਝੂਠ ਜਮੀਰ ਨੂੰ ਜਰਨ ਨਾ ਦੇਵੀਂ।

***-ਬੀਬੀ ਸੁਰਜੀਤ ਕੌਰ***

---

# ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ

**ਸੂਹੀ ਮਹਲਾ ੪ ਘਰੁ ੭**
**ੴ ਸਤਿਗੁਰ ਪ੍ਰਸਾਦਿ॥**

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ
ਤੂ ਸਾਹਿਬ ਗੁਣੀ ਨਿਧਾਨਾ॥
ਤੁਮਰੀ ਮਹਿਮਾ ਬਰਨਿ ਨ ਸਾਕਉ
ਤੂੰ ਠਾਕੁਰ ਊਚ ਭਗਵਾਨਾ॥
ਮੈ ਹਰਿ ਹਰਿ ਨਾਮੁ ਧਰ ਸੋਈ॥
ਜਿਉ ਭਾਵੈ ਤਿਉ ਰਾਖੁ ਮੇਰੇ ਸਾਹਿਬ
ਮੈ ਤੁਝ ਬਿਨੁ ਅਵੁਰ ਨ ਕੋਈ॥ ਰਹਾਉ॥
ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ
ਮੈ ਤੁਧੁ ਆਗੈ ਅਰਦਾਸਿ॥
ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ
ਮੇਰਾ ਦੁਖੁ ਸੁਖੁ ਤੁਝ ਹੀ ਪਾਸੇ॥
ਵਿਚੇ ਧਰਤੀ ਵਿਚੇ ਪਾਣੀ
ਵਿਚਿ ਕਾਸਟ ਅਗਨਿ ਧਰੀਜੈ॥
ਬਕਰੀ ਸਿੰਘੁ ਇਕਤੈ ਥਾਇ ਰਾਖੇ
ਮਨ ਹਰਿ ਜਪਿ ਭ੍ਰਮੁ ਭਉ ਦੂਰ ਕੀਜੈ॥
ਹਰਿ ਕੀ ਵਡਿਆਈ ਦੇਖਹੁ ਸੰਤਹੁ
ਹਰਿ ਨਿਮਾਣਿਆ ਮਾਣੁ ਦੇਵਾਏ॥
ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ
ਤਿਉ ਨਾਨਕ ਸਾਧ ਜਨਾ
ਜਗਤੁ ਆਨਿ ਸਭੁ ਪੈਰੀ ਪਾਏ॥

ਗੁਰੂ ਰਾਮਦਾਸ ਮਹਾਰਾਜ ਉਸ ਮਿਹਰਬਾਨ ਪ੍ਰਭੂ ਦੀ ਸਿਫਤਿ ਸਾਲਾਹ ਕਰਦਿਆਂ ਆਖਦੇ ਹਨ, ਹੇ ਮੇਰੇ ਪ੍ਰਭੂ! ਮੈਂ ਤੇਰੇ ਕਿਹੜੇ ਕਿਹੜੇ ਗੁਣਾਂ ਦਾ ਵਰਣਨ ਕਰਾਂ! ਤੇਰੀ ਮਹਿਮਾ ਭਾਵ ਵਡਿਆਈ ਨੂੰ ਬਿਆਨ ਹੀ ਨਹੀਂ ਕਰ ਸਕਦਾ; ਹੇ ਮੇਰੇ ਮਾਲਕ ਜੀਓ, ਤੂੰ ਤਾਂ ਸਾਰੇ ਹੀ ਗੁਣਾਂ ਦਾ ਖਜ਼ਾਨਾ ਹੈਂ, ਇਸ ਜਗਤ ਰਚਨਾ ਦਾ ਸਭ ਤੋਂ ਉਚਾ ਭਗਵਾਨ ਹੈਂ, ਤੂੰ ਸਾਡਾ ਸਭ ਦਾ ਮਾਲਕ ਹੈਂ।

ਮੈ ਹਰਿ ਹਰਿ ਨਾਮੁ ਧਰ ਸੋਈ॥
ਜਿਉ ਭਾਵੈ ਤਿਉ ਰਾਖੁ ਮੇਰੇ ਸਾਹਿਬ
ਮੈ ਤੁਝ ਬਿਨੁ ਅਵੁਰ ਨ ਕੋਈ॥ ਰਹਾਉ॥

ਗੁਰਦੇਵ ਜੀ ਰਹਾਉ ਦੀ ਪੰਕਤੀ ਵਿਚ ਆਖਦੇ ਹਨ, ਹੇ ਹਰੀ, ਹੇ ਮੇਰੇ ਮਾਲਕ ਪ੍ਰਭ ਜੀਓ! ਮੇਰੇ ਵਾਸਤੇ ਤੇਰਾ ਇੱਕ ਨਾਮ ਹੀ ਧਰ ਭਾਵ ਆਸਰਾ ਹੈ; ਹੇ ਮੇਰੇ ਮਾਲਕ ਜੀਓ ਜਿਵੇਂ ਤੈਨੂੰ ਭਾਉਂਦਾ ਹੈ

## ਗੁਰਬਾਣੀ ਗਿਆਨ

ਭਾਵ ਚੰਗਾ ਲਗਦਾ ਹੈ, ਤੂੰ ਉਵੇਂ ਹੀ ਮੇਰੀ ਰੱਖਿਆ ਕਰ। ਹੇ ਮੇਰੇ ਪ੍ਰਭ ਜੀਓ, ਤੇਰੇ ਤੋਂ ਬਗੈਰ ਮੇਰਾ ਹੋਰ ਕੋਈ ਵੀ ਸਹਾਰਾ ਨਹੀਂ ਹੈ।

ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ
ਮੈ ਤੁਧੁ ਆਗੈ ਅਰਦਾਸਿ॥
ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ
ਮੇਰਾ ਦੁਖੁ ਸੁਖੁ ਤੁਝ ਹੀ ਪਾਸੇ॥

ਸਤਿਗੁਰੂ ਜੀ ਆਖਦੇ ਹਨ, ਹੇ ਮੇਰੇ ਮਿਹਰਬਾਨ ਪ੍ਰਭ ਜੀਓ! ਤੂੰ ਹੀ ਮੇਰੇ ਲਈ ਤਾਣੁ ਭਾਵ ਬਲ ਹੈਂ, ਤੂੰ ਹੀ ਮੇਰੇ ਵਾਸਤੇ ਦੀਬਾਣੁ ਭਾਵ ਆਸਰਾ ਹੈਂ ਅਤੇ ਮੈਂ ਤੇਰੇ ਅੱਗੇ ਹੀ ਅਰਦਾਸ ਬੇਨਤੀ ਕਰ ਸਕਦਾ ਹਾਂ; ਹੇ ਸੁਆਮੀ ਜੀਓ, ਮੇਰੇ ਕੋਲ ਹੋਰ ਕੋਈ ਐਸੀ ਥਾਂ ਨਹੀਂ ਜਿਸ ਕੋਲ ਮੈਂ ਬੇਨਤੀ ਕਰ ਸਕਾਂ। ਮੈਂ ਤਾਂ ਆਪਣਾ ਹਰ ਇਕ ਦੁਖ-ਸੁਖ ਪਿਤਾ ਜੀਓ! ਤੇਰੇ ਅੱਗੇ ਹੀ ਰੱਖ ਸਕਦਾ ਹਾਂ।

ਵਿਚੇ ਧਰਤੀ ਵਿਚੇ ਪਾਣੀ
ਵਿਚਿ ਕਾਸਟ ਅਗਨਿ ਧਰੀਜੈ॥
ਬਕਰੀ ਸਿੰਘੁ ਇਕਤੈ ਥਾਇ ਰਾਖੇ
ਮਨ ਹਰਿ ਜਪਿ ਭ੍ਰਮੁ ਭਉ ਦੂਰ ਕੀਜੈ॥

ਗੁਰਦੇਵ ਆਖਦੇ ਹਨ, ਹੇ ਮੇਰੇ ਮਨ ਵੇਖ ਅਤੇ ਸੋਚ! ਉਸ ਮਾਲਕ ਪਰਮਾਤਮਾ ਦੇ ਕੌਤਕ ਕੈਸੇ ਕੈਸੇ ਹਨ-ਪਾਣੀ ਦੇ ਵਿਚ ਹੀ ਧਰਤੀ ਹੈ ਅਤੇ ਧਰਤੀ ਦੇ ਵਿਚ ਹੀ ਪਾਣੀ ਹੈ; ਕਾਸਟ ਭਾਵ ਲੱਕੜ ਅਤੇ ਫਿਰ ਲੱਕੜ ਦੇ ਵਿਚ ਅੱਗ ਰੱਖੀ ਹੋਈ ਹੈ, ਮਾਨੋ ਪਰਮਾਤਮਾ ਨੇ ਸ਼ੇਰ ਅਤੇ ਬੱਕਰੀ ਇੱਕੋ ਥਾਂ ਰੱਖੇ ਹੋਏ ਹਨ; ਤੂੰ ਡਰਦਾ ਕਿਉਂ ਹੈਂ? ਉਸ ਵੱਡੀ ਸ਼ਕਤੀ ਵਾਲੇ ਹਰੀ ਪ੍ਰਭੂ ਦਾ ਨਾਮ ਜਪ ਕੇ ਆਪਣੇ ਸਾਰੇ ਭਰਮ-ਭਉ ਦੂਰ ਕਰ ਲਿਆ ਕਰ।

ਹਰਿ ਕੀ ਵਡਿਆਈ ਦੇਖਹੁ ਸੰਤਹੁ
ਹਰਿ ਨਿਮਾਣਿਆ ਮਾਣੁ ਦੇਵਾਏ॥
ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ
ਤਿਉ ਨਾਨਕ ਸਾਧ ਜਨਾ
ਜਗਤੁ ਆਨਿ ਸਭੁ ਪੈਰੀ ਪਾਏ॥

ਹੇ ਸੰਤ ਜਨੋ! ਵੇਖੋ ਪਰਮਾਤਮਾ ਦੀ ਵੱਡੀ ਤਾਕਤ, ਪਰਮਾਤਮਾ ਉਨ੍ਹਾਂ ਨਿਮਾਣਿਆਂ ਨੂੰ ਮਾਣ ਦਿਵਾਉਂਦਾ ਹੈ, ਜਿਨ੍ਹਾਂ ਦੀ ਕੋਈ ਵੀ ਇੱਜਤ ਨਹੀਂ ਸੀ ਕਰਦਾ, ਜਿਨ੍ਹਾਂ ਨੂੰ ਕੋਈ ਨਹੀਂ ਸੀ ਪੁੱਛਦਾ; ਜਿਵੇਂ ਧਰਤੀ ਪਹਿਲਾਂ ਤਾਂ ਮਨੁੱਖ ਦੇ ਪੈਰਾਂ ਹੇਠ ਹੁੰਦੀ ਹੈ ਪਰ ਮੌਤ ਆਉਣ ‘ਤੇ ਮਨੁੱਖ ਦੇ ਉਪਰ ਆ ਜਾਂਦੀ ਹੈ, ਹੇ ਨਾਨਕ! ਇਵੇਂ ਹੀ ਪਰਮਾਤਮਾ ਸਾਰੇ ਜਗਤ ਨੂੰ ਲਿਆ ਕੇ ਸਾਧ ਜਨਾਂ ਦੇ ਪੈਰੀਂ ਪਾ ਦਿੰਦਾ ਹੈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਟੁੱਟਦੇ ਭਰਮ, ਉਸਰਦੇ ਵਿਸ਼ਵਾਸ

***ਚੰਗੇਰੇ ਭਵਿੱਖ ਲਈ ਪਰਦੇਸੀਂ ਜਾ ਵੱਸਣਾ ਪੰਜਾਬ ਦੀ ਨਵੀਂ ਪੀੜ੍ਹੀ ਦਾ ਸੁਪਨਾ ਵੀ ਹੈ ਅਤੇ ਚੰਗੇ ਭਾਗਾਂ ਦੇ ਦਰ ਖੁਲ੍ਹਣਾ ਵੀ। ਪਰਦੇਸਾਂ ਵਿਚ ਖਾਸ ਕਰਕੇ ਅਮਰੀਕਾ, ਕੈਨੇਡਾ ਜਿਹੇ ਵਿਕਸਿਤ ਮੁਲਕਾਂ ਵਿਚ ਸਾਡੀ ਨਵੀਂ ਪੀੜ੍ਹੀ ਨੇ ਮੱਲਾਂ ਵੀ ਬਥੇਰੀਆਂ ਮਾਰੀਆਂ ਹਨ, ਪਰ ਸਾਡੀ ਪਿਛਲੇਰੀ ਪੀੜ੍ਹੀ ਲਈ ਕਈ ਵਾਰ ਪਰਦੇਸ ਇਕ ਅਜੀਬ ਕੁੜਿੱਕੀ ਬਣ ਜਾਂਦੇ ਹਨ-ਨਾ ਉਹ ਏਧਰਲੇ ਰਹਿ ਜਾਂਦੇ ਹਨ ਤੇ ਨਾ ਉਧਰਲੇ। ਇਹੋ ਜੀਵਨ ਹੈ ਜਿਸ ਨੂੰ ਪ੍ਰਿੰ. ਬਲਕਾਰ ਸਿੰਘ ਬਾਜਵਾ ਨੇ 'ਕੋਠੀ ਲੱਗਣਾ' ਕਿਹਾ ਹੈ। ਕੋਠੀ ਲੱਗੇ ਬਜ਼ੁਰਗਾਂ ਦੀ ਵਾਰਤਾ ਪਾਠਕ ਪ੍ਰਿੰ. ਬਾਜਵਾ ਦੀਆਂ ਲਿਖਤਾਂ ਵਿਚ ਪੜ੍ਹਦੇ ਆ ਰਹੇ ਹਨ। ਇਸ ਲੇਖ ਵਿਚ ਪ੍ਰਿੰ. ਬਾਜਵਾ ਨੇ ਉਧਰ ਪੰਜਾਬ ਵਿਚ ਚੰਗੇ ਹਸਦੇ-ਵਸਦੇ ਹੈਡਮਾਸਟਰ ਅਜੈਬ ਸਿੰਘ ਦੀ ਗਾਥਾ ਸੁਣਾਈ ਹੈ ਜਿਸ ਦੇ ਕੈਨੇਡਾ ਪਹੁੰਚ ਕੇ ਸਾਰੇ ਮਾਣ-ਤਾਣ ਟੁੱਟ ਜਾਂਦੇ ਹਨ ਤੇ ਉਹ ਕੋਠੀ ਲੱਗਾ ਮਹਿਸੂਸ ਕਰਦਾ ਹੈ। -ਸੰਪਾਦਕ***

ਮਨੁੱਖ ਜ਼ਿੰਦਗੀ ਦੇ ਹਰ ਪੜਾਅ 'ਤੇ ਕੁਝ ਭਰਮ ਪਾਲਦੈ। ਭਰਮ ਇੱਕ ਕਿਸਮ ਦੇ ਸੁਪਨੇ ਹੁੰਦੇ ਹਨ ਜੋ ਬੰਦੇ ਦੀਆਂ ਤਾਂਘਾਂ ਤੇ ਉਮੰਗਾਂ ਦੇ ਹੀ ਰੂਪ ਹੁੰਦੇ ਹਨ। ਇਨ੍ਹਾਂ ਸੁਪਨ ਉਡਾਰੀਆਂ ਵਿਚ ਥੁੜ੍ਹਾਂ, ਦੱਬੀਆਂ ਕੁਚਲੀਆਂ ਖਾਹਿਸ਼ਾਂ ਦੀ ਪੂਰਤੀ ਭਾਰੂ ਹੁੰਦੀ ਹੈ। ਸਮੇਂ, ਸਥਾਨ ਤੇ ਸਥਿਤੀ ਦੀਆਂ ਕਠੋਰ ਸੱਚਾਈਆਂ ਦਾ ਆਧਾਰ ਕਿਆਸਿਆ ਹੀ ਨਹੀਂ ਹੁੰਦਾ। ਬਹੁਤੀ ਵਾਰੀ ਇਹ ਕਲਪਨਾ ਅਸਲੀਅਤ ਤੋਂ ਬਹੁਤ ਦੂਰ ਹੁੰਦੀ ਹੈ। ਹਾਲੀ ਬੰਦਾ ਇਨ੍ਹਾਂ ਦੇ ਸਨਮੁੱਖ ਜੁ ਨਹੀਂ ਹੋਇਆ ਹੁੰਦਾ, ਭਰਮਾਂ ਦੇ ਮਹਿਲ ਪਹਿਲਾਂ ਹੀ ਉਸਾਰ ਲਏ ਹੁੰਦੇ ਹਨ। ਬੰਦਾ ਦੂਜਿਆਂ ਦੀਆਂ ਹੋਣੀਆਂ ਤੇ ਤਜਰਬਿਆਂ ਨੂੰ ਪ੍ਰਵਾਨ ਨਹੀਂ ਕਰਦਾ। ਉਸ ਨੂੰ ਆਪਣੀ ਸਮਰੱਥਾ 'ਤੇ ਬੜਾ ਭਰੋਸਾ ਤੇ ਮਾਣ ਹੁੰਦੈ। ਆਪਣੇ ਬੱਚਿਆਂ 'ਤੇ ਓੜਕਾਂ ਦਾ ਯਕੀਨ ਹੁੰਦੈ, ਮੇਰੇ ਬੱਚੇ ਲੋਕਾਂ ਦੀ ਔਲਾਦ ਵਰਗੇ ਨਹੀਂ। ਇਹ ਵੱਖਰੇ ਤੇ ਖਾਸ ਉਲ-ਖਾਸ ਹਨ। ਇਹ ਹਮੇਸ਼ਾ ਹੀ ਮੇਰੀ ਕਹਿਣੀ



**ਪ੍ਰਿੰ. ਬਲਕਾਰ ਸਿੰਘ ਬਾਜਵਾ**
balkarbajwa1935@gmail.com
ਫੋਨ: 647-402-2170

'ਤੇ ਹੁਣ ਵਾਂਗ ਹੀ ਫੁੱਲ ਚੜ੍ਹਾਉਣਗੇ। ਪਰ ਇਸ ਤਰ੍ਹਾਂ ਹੁੰਦਾ ਨਹੀਂ।

ਸਮਾਜਿਕ-ਆਰਥਿਕ ਤਾਣੇ-ਬਾਣੇ ਦੇ ਬੇਲਿਹਾਜ਼ ਤੇ ਬੇਨਿਆਜ਼ ਰਗੜਿਆਂ ਵਿਚ ਹੌਲੀ ਹੌਲੀ ਇਹ ਭਰਮ ਟੁੱਟਣੇ ਸ਼ੁਰੂ ਹੋ ਜਾਂਦੇ ਹਨ ਤੇ ਜ਼ਿੰਦਗੀ ਦਾ ਸੱਚ ਵਿਸ਼ਵਾਸਾਂ ਦਾ ਰੂਪ ਲੈਣ ਲੱਗ ਪੈਂਦਾ ਹੈ। ਇਹ ਵਿਸ਼ਵਾਸ ਜ਼ਿੰਦਗੀ ਦੀਆਂ ਤਲਖ ਹਕੀਕਤਾਂ 'ਚੋਂ ਆਪੇ ਹੀ ਪੈਦਾ ਹੋਈ ਤੁਰੇ ਜਾਂਦੇ ਹਨ। ਸਭ ਨਾਲ ਇਹੋ ਵਾਪਰਦਾ ਹੈ। ਫਿਰ ਬੰਦੇ ਨੂੰ ਇਨ੍ਹਾਂ ਨੂੰ ਸਵੀਕਾਰ ਕਰਨਾ ਹੀ ਪੈਂਦਾ ਹੈ ਅਤੇ ਉਹ ਦਾਨਾ-ਬੀਨਾ ਬਣ ਹਰ ਖੂੰਡ ਚਰਚਾ ਵਿਚ ਦੂਜਿਆਂ ਨੂੰ ਮੱਤਾਂ ਦੇਣ ਲੱਗ ਪੈਂਦਾ ਹੈ। ਇਹ ਭਾਣੇ ਸਭ ਨਾਲ ਵਾਪਰੇ ਹਨ, ਇੰਡੀਆ ਦੇ ਮੁਕਾਬਲੇ ਇਥੇ ਕੈਨੇਡਾ ਵਿਚ ਬਹੁਤੀ ਹੀ ਸ਼ਿੱਦਤ ਨਾਲ ਵਾਪਰਦੇ ਨੇ।

ਚੰਨਣ ਸਿੰਘ ਨੇ ਦੂਰ ਦੀ ਸੋਚ ਕੇ ਇਕਲੌਤੇ ਪੁੱਤ ਨੂੰ ਮਾਂ ਵਰਗੀ ਜੱਦੀ ਪੁਸ਼ਤੀ ਭੋਂ ਗਹਿਣੇ ਕਰ ਕੈਨੇਡਾ ਸੈਟ ਕਰਾ ਦਿੱਤਾ। ਆਸ ਸੀ, ਮੁੰਡਾ ਕੈਨੇਡੀਅਨ ਕਮਾਈ ਨਾਲ ਇਨ੍ਹਾਂ ਕਿੱਲਿਆਂ ਨੂੰ ਛੁਡਾਏਗਾ ਤੇ ਅੱਗੇ ਵਾਧਾ ਕਰੇਗਾ। ਫਿਰ ਸਾਡੀ ਪਿੰਡ ਵਿਚ ਚੜ੍ਹਤ ਹੋਊ। ਪਰ ਮੁੰਡੇ ਦੇ ਲਾਰੇ ਊਠ ਦੇ ਬੁੱਲ੍ਹ ਵਾਂਗ ਲਮਕਦੇ ਹੀ ਗਏ। ਕੁੜੀਆਂ ਪਹਿਲਾਂ ਹੀ ਵਿਆਹੀਆਂ ਵਰੀਆਂ ਸਨ। ਮੁੰਡੇ ਨੇ ਸੋਚਿਆ ਬਾਪੂ ਤੇ ਬੇਬੇ ਉਥੇ ਕਿਹੜੇ ਮੱਕੀ ਗੁੱਡਦੇ ਆ, ਇਥੇ ਹੀ ਬੁਲਾ ਲੈਂਦੇ ਆਂ। ਹੋਰ ਕੁਝ ਨਹੀਂ, ਹੌਲੀ ਹੌਲੀ ਦਸ ਸਾਲ ਤੱਕ ਪੈਨਸ਼ਨ ਲੈਣ ਵਾਲੇ ਹੋ ਜਾਣਗੇ, ਦੂਜਿਆਂ ਵਾਂਗ। ਬੱਸ ਫਿਰ ਵਾਰੇ-ਨਿਆਰੇ ਹੋ ਜਾਣਗੇ। ਉਥੇ ਬੈਠਾ ਐਵੇਂ ਲੋਕਾਂ ਦੀਆਂ ਗੱਲਾਂ ਸੁਣ ਕਿੱਲਿਆਂ ਦੇ ਸੁਪਨੇ ਲਈ ਜਾਂਦੈ, ਸਾਨੂੰ ਫੋਨਾਂ 'ਤੇ ਹਨੋਰੇ ਮਾਰਦਾ ਰਹਿੰਦੈ। ਇਥੇ ਹੋਰ ਕੁਝ ਨਹੀਂ, ਬੱਚੇ ਤੇ ਘਰ ਸੰਭਾਲਿਆ ਕਰਨਗੇ।

ਸੋ, ਉਹ ਦੋਵੇਂ ਜੀਅ ਵੀ ਆ ਬਿਰਾਜੇ। ਪਹਿਲੇ ਕੁਝ ਦਿਨ ਬੜੇ ਚਾਅਵਾਂ-ਮਲਾਰਾਂ ਨਾਲ ਲੰਘੇ, ਹੌਲੀ ਹੌਲੀ ਕਠੋਰ ਸੱਚਾਈਆਂ ਆਪਣੇ ਦਰਸ਼ਨ ਦੇਣ ਲੱਗੀਆਂ। ਵੇਖਾ-ਵੇਖੀ ਉਹ ਫਾਰਮਾਂ 'ਤੇ ਯੂ.ਪੀ. ਦੇ ਭੱਈਆਂ ਵਾਂਗ ਕੰਮ ਕਰਨ ਲੱਗ ਪਿਆ ਅਤੇ ਘਰਵਾਲੀ ਆਂਢਣਾਂ-ਗੁਆਂਢਣਾਂ ਦੀ ਰੀਸੇ ਕਿਸੇ ਫੈਕਟਰੀ ਦੇ ਸੜੇ ਤੇਲ ਦੇ ਮੁਸ਼ਕ ਤੇ ਧੂੜਾਂ ਫੱਕਣ ਲੱਗ ਪਈ। ਉਧਰ ਨੂੰਹ ਪੁੱਤ ਡਬਲ ਜਾਬਾਂ ਤੇ ਓਵਰ ਟੈਮਾਂ ਦੇ ਝੰਜਟਾਂ ਵਿਚ ਫਸੇ ਗੁਆਚੇ ਵੇਖਦੇ ਤਾਂ ਸੋਚਦੇ ਕਿ ਇਹ ਕੀ ਦੇਸ਼ ਹੈ, ਜਿੱਥੇ ਰੋਟੀ, ਕੱਪੜੇ ਤੇ ਮਕਾਨ ਲਈ ਹੀ ਇੰਨਾ ਹਾਲੋਂ-ਬੇਹਾਲ ਹੋਣਾ ਪੈਂਦੈ। ਸਿਆੜਾਂ ਦੇ ਵਾਧੇ, ਟਰੈਕਟਰਾਂ ਤੇ ਟਿਊਬਵੈਲਾਂ ਦੇ ਸੁਪਨੇ ਰੇਤ ਦੇ ਮਹਿਲਾਂ ਵਾਂਗ ਢਹਿ ਢੇਰੀ ਹੋ ਗਏ। ਭਰਮ ਟੁੱਟ ਗਏ। ਵਿਸ਼ਵਾਸ ਉਸਰ ਖਲੋਤੇ ਕਿ ਇਥੇ ਤਾਂ ਕਮਾਈ ਖੂਹ ਦੀ ਮਿੱਟੀ ਵਾਂਗ ਖੂਹ 'ਤੇ ਲੱਗ ਜਾਂਦੀ ਹੈ। ਬੰਦਾ ਆਪਣੇ ਪਿੰਡ, ਆਪਣੇ ਭਾਈਚਾਰੇ ਦੀਆਂ ਰੌਣਕਾਂ, ਪੰਜਾਬ ਦੀਆਂ ਪੁਰੇ ਦੀਆਂ ਪੌਣਾਂ ਤੇ ਸਿਆਲ ਦੀਆਂ ਕੋਸੀਆਂ ਧੁੱਪਾਂ ਗੁਆ ਕੈਨੇਡਾ ਜੋਗਾ ਰਹਿ ਜਾਂਦੈ। ਅੱਗੋਂ ਪੋਤੇ-ਪੋਤੀਆਂ ਦੇ ਚਿਹਨ-ਚੱਕਰ ਵੇਖਦਾ ਸਭ ਕੁਝ ਗੁਆਚ ਗਿਆ ਮਹਿਸੂਸ ਕਰਦੈ।

ਹੈਡਮਾਸਟਰ ਅਜੈਬ ਸਿੰਘ ਰਿਟਾਇਰ ਹੋ ਇਥੇ ਆਇਆ ਸੀ। ਉਹਦੀ ਇਲਾਕੇ ਵਿਚ ਬੜੀ ਇੱਜਤ ਸੀ। ਸਾਰਾ ਇਲਾਕਾ ਉਸ ਦੇ ਅਧਿਆਪਨੀ ਹੁਨਰ, ਪ੍ਰਤੀਬੱਧਤਾ, ਇਮਾਨਦਾਰੀ, ਸਿਆਣਪ, ਨਿਰਪੱਖ ਤੇ ਦਲੇਰ ਸੋਚ ਦਾ ਕਦਰਦਾਨ ਸੀ। ਉਸ ਦੀ ਆਖੀ ਗੱਲ 'ਤੇ ਸਾਰੇ ਫੁੱਲ ਚੜ੍ਹਾਉਂਦੇ। ਘਰ ਵੀ ਉਸ ਦੀ ਪੂਰੀ ਚੱਲਦੀ। ਉਸ ਦੇ ਆਦਰਸ਼ਾਂ ਦੀ ਛਾਂ ਹੇਠ ਪਲੇ ਉਸ ਦੇ ਦੋਵੇਂ ਪੁੱਤਰ ਸਿਰੇ ਦੇ ਆਗਿਆਕਾਰੀ ਸਨ। ਕੈਨੇਡਾ ਵਿਚ ਸਾਂਝੇ ਪਰਿਵਾਰ ਵਾਂਗ ਇਕੱਠੇ ਹੀ ਰਹਿੰਦੇ ਵਧੀਆ ਸੈਟ ਹੋ ਚੁਕੇ ਸਨ। ਅੱਗੋਂ ਉਨ੍ਹਾਂ ਦੇ ਬੱਚੇ ਇੱਕ ਦੂਜੀ ਮਾਂ ਨੂੰ ਛੋਟੀ ਜਾਂ ਵੱਡੀ ਮੰਮੀ ਕਹਿ ਬੁਲਾਉਂਦੇ। ਦੋਵੇਂ ਮੁੰਡੇ ਤੇ ਇੱਕ ਨੂੰਹ ਕੰਮ ਕਰਦੇ, ਦੂਜੀ ਨੂੰਹ ਘਰੇ ਬੱਚਿਆਂ ਨੂੰ ਸਾਂਭਦੀ। ਉਹ ਬੱਚਿਆਂ ਨੂੰ ਇਉਂ ਸੰਭਾਲਦੀ ਜਿਵੇਂ ਉਸ ਦੇ ਦੋ ਨਹੀਂ, ਚਾਰ ਧੀਆਂ ਪੁੱਤ ਹੋਣ।

ਕੈਨੇਡਾ ਏਅਰਪੋਰਟ 'ਤੇ ਨੂੰਹਾਂ-ਪੁੱਤਾਂ ਤੇ ਪੋਤੇ-ਪੋਤੀਆਂ ਸੁਆਗਤ ਲਈ ਪਹੁੰਚੇ ਹੋਏ ਸਨ।

***ਅਜੈਬ ਸਿੰਘ ਦਾ ਇੱਕ ਹੋਰ ਬਹੁਤ ਵੱਡਾ ਭਰਮ ਸੀ ਕਿ ਉਹ ਘਰ ਦੇ ਸਾਰੇ ਬਜਟ ਦਾ ਆਡੀਟਰ ਜਨਰਲ ਹੋਵੇਗਾ। ਪਿਛਲੀ ਆਪਣੀ ਪੈਨਸ਼ਨ ਤੇ ਜਮੀਨ ਦੀ ਸਾਰੀ ਆਮਦਨ ਇੱਕ ਥਾਂ ਪੂਲ ਹੋਵੇਗੀ ਤੇ ਫਿਰ ਘਰ ਦੀਆਂ ਤਰਜੀਹਾਂ ਵਿਚ ਵੰਡ ਕੇ ਖਰਚੀ ਜਾਇਆ ਕਰੇਗੀ। ਖਾਣ-ਪੀਣ ਤੇ ਪਹਿਨਣ-ਪਚਰਣ ਵਿਚ ਸੰਕੋਚਵੀਂ ਸਿਆਣਪ ਵਰਤੀ ਜਾਇਆ ਕਰੇਗੀ। ਉਸ ਦੀ ਇਸ ਅਸੂਲ ਦੀ ਦੁਹਾਈ ਨੂੰ ਕਿਸੇ ਪਾਸਿਓਂ ਕੋਈ ਹੁੰਗਾਰਾ ਨਾ ਮਿਲਿਆ। ਉਸ ਨੇ ਆਪਣਾ ਲੱਡੂ ਛੋਟਾ ਕਰ ਲਿਆ। ਕਹਿੰਦੇ ਨੇ, ਕੋਈ ਬੰਦਾ ਦੂਰ ਦੂਜੇ ਇਲਾਕੇ ਵਿਚ ਵਾਂਢੇ ਗਿਆ। ਪਿੰਡ ਆ ਕੇ ਉਥੋਂ ਦੀਆਂ ਗੱਲਾਂ ਸੁਣਾਉਣ ਲੱਗਾ। ਹੈਂ ਭਈ, ਫਲਾਣੇ ਪਿੰਡ ਲੱਡੂ ਸਨ, ਐਡੇ ਐਡੇ (ਵਾਹਵਾ ਹੱਥ ਖੋਲ੍ਹ ਦਸੇ)। ਸੁਣਨ ਵਾਲਾ ਇਸ ਗਪੌੜ 'ਤੇ ਹੱਸਦਾ ਕਹਿੰਦਾ, 'ਤੇਰੀ ਗੱਲ ਭਾਈ ਅੱਗੋਂ ਫਿਰ ਸੁਣਾਂਗੇ ਪਹਿਲਾਂ ਲੱਡੂ ਛੋਟਾ ਕਰ।'***

ਇਮੀਗਰੇਸ਼ਨ ਰਸਮਾਂ ਪਿਛੋਂ ਜਦੋਂ ਬਾਹਰ ਨਿਕਲੇ ਤਾਂ ਸਾਰਿਆਂ ਛੋਟਿਆਂ ਵੱਡਿਆਂ ਨੇ ਉਨ੍ਹਾਂ ਦੇ ਚਰਨਾਂ 'ਤੇ ਮੱਥੇ ਟੇਕੇ ਅਤੇ ਬਹੁਤ ਹੀ ਮਮਤਾ ਭਰੀਆਂ ਗਲਵੱਕੜੀਆਂ ਪਾਈਆਂ। ਗੇਟ 'ਤੇ ਬਾਕੀ ਕੌਮਾਂ ਦੇ ਲੋਕ ਆਪਣੇ ਪਿਆਰਿਆਂ ਦੀ ਉਡੀਕ ਵਿਚ ਖੜ੍ਹੇ ਭਾਰਤੀ ਕਲਚਰ ਦਾ ਇਹ ਨਜ਼ਾਰਾ ਵੇਖ ਰਹੇ ਸਨ। ਉਨ੍ਹਾਂ ਦੇ ਚਿਹਰਿਆਂ ਤੇ ਕੁਝ ਅਸਚਰਜਤਾ ਭਰੀ ਪ੍ਰਸੰਨਤਾ ਵਾਲੇ ਹਾਵ-ਭਾਵ ਝਲਕ ਰਹੇ ਸਨ। ਪੱਛਮੀ ਲੋਕਾਂ ਨੂੰ ਇਹ ਸੀਨ ਅਚੰਭੇ ਭਰਿਆ ਲੱਗ ਰਿਹਾ ਸੀ।

ਪਹਿਲੇ ਦਿਨਾਂ ਦੀਆਂ ਦਾਅਵਤਾਂ ਤੇ ਮੋੜਵੀਆਂ ਪਾਰਟੀਆ ਤੋਂ ਵਿਹਲੇ ਹੋਏ ਤਾਂ ਜ਼ਿੰਦਗੀ ਆਪਣੀ ਸਾਧਾਰਨ ਚਾਲ, ਰੌਂਅ ਵਿਚ ਤੁਰ ਪਈ। ਅਜੈਬ ਸਿੰਘ ਨੇ ਵੇਖਿਆ ਕਿ ਬੱਚਿਆਂ ਨੂੰ ਪੰਜਾਬੀ ਖਾਣਿਆਂ ਵਿਚ ਬਹੁਤੀ ਰੁਚੀ ਨਹੀਂ ਸੀ। ਜੰਕ ਫੂਡ ਨੂੰ ਹੁੱਭ ਕੇ ਬੜੇ ਚਟਖਾਰੇ ਨਾਲ ਖਾਂਦੇ। ਸਬਜ਼ੀਆਂ ਤੇ ਰੋਟੀਆਂ ਟੇਬਲ 'ਤੇ ਵੇਖ ਕੇ ਕਹਿਣ ਲੱਗ ਪੈਂਦੇ, ਭੁੱਖ ਨਹੀਂ। ਮਾਂਵਾਂ ਦੀਆਂ ਆਂਦਰਾਂ ਬੱਚੇ ਨੂੰ ਭੁੱਖਾ ਵੇਖ ਵਿਲਕ ਉਠਦੀਆਂ। ਉਨ੍ਹਾਂ ਨੇ ਸਾਹਮਣੇ ਤਾਂ ਕੁਝ ਨਾ ਬੋਲਣਾ ਪਰ ਅੱਗਾ ਪਿੱਛਾ ਕਰ ਉਨ੍ਹਾਂ ਨੂੰ ਇੰਗਲਿਸ਼ ਖਾਣਾ ਦੇ ਕੇ ਹੀ ਚੈਨ ਨਾਲ ਸੌਂਦੀਆਂ।

ਅਜੈਬ ਸਿੰਘ ਦੇ ਦਲੀਲਾਂ ਭਰੇ ਵਿਖਿਆਨ ਨੂੰਹ-ਪੁੱਤ ਨੀਵੀਆਂ ਪਾ ਇਉਂ ਸੁਣਦੇ ਜਿਵੇਂ ਕਿਸੇ ਬਾਬੇ ਦੀ ਗੈਬੀ ਸ਼ਕਤੀ ਤੋਂ ਡਰਦੀ ਸੰਗਤ ਸਿਰ ਸੁੱਟ ਸੁਣੀ ਜਾਂਦੀ ਹੈ। ਕਿਸੇ ਨੇ ਕੋਈ ਉਜਰ ਵੀ ਨਾ ਕਰਨਾ। ਪਰ ਕਿਚਨ ਮੀਨੂੰ ਵਿਚ ਕੋਈ ਤਬਦੀਲੀ ਵੀ ਨਾ ਆਉਣੀ। ਪੰਚਾਇਤੀ ਢੰਗ ਵਾਲੀ ਬੀਬੀਆਂ ਦੀ ਇਕ ਕਮੇਟੀ ਵੀ ਬਣਾਈ, ਪਰ ਕੋਈ ਸਫਲਤਾ ਨਾ ਮਿਲੀ।

ਹੈਡਮਾਸਟਰ ਸਾਹਿਬ ਨੂੰ ਆਪਣੀ ਪੜ੍ਹਾਉਣ ਕਲਾ 'ਤੇ ਪੂਰਾ ਮਾਣ ਸੀ। ਉਸ ਦੀ ਤੇ ਉਸ ਦੇ ਪੁੱਤਰਾਂ ਦੀ ਦਿਲੀ ਇੱਛਾ ਸੀ ਕਿ ਇਸ ਕਲਾ ਦਾ ਲਾਹਾ ਹੁਣ ਛੋਟੇ ਬੱਚਿਆਂ ਦੀ ਪੜ੍ਹਾਈ ਵਿਚ ਲਿਆ ਜਾਵੇ। ਉਸ ਦੇ ਪੁੱਤਰ ਆਪਣੇ ਬੱਚਿਆਂ ਨੂੰ ਦਾਦੂ ਕੋਲ ਪੜ੍ਹਨ ਲਈ ਭੇਜਦੇ। ਇੱਕ ਵਾਰੀ ਇੱਕ ਬੱਚੇ ਦੀ ਕਿਸੇ ਵਿਹਾਰਕ ਕੋਤਾਹੀ ਕਾਰਨ ਉਸ ਨੇ ਇੱਕ ਪੋਲੀ ਜਿਹੀ ਚਟਾਕੀ ਉਸ ਦੀ ਗੱਲ 'ਤੇ ਲਾ ਦਿੱਤੀ। ਪੋਤਾ ਤਾਂ ਡਡਿਆ ਉਠਿਆ। ਹੇਠੋਂ ਉਹਦੀ ਮੰਮੀ ਦੀ ਗੁਸੈਲੀ ਜਿਹੀ ਉਚੀ ਚਿੱਚਲਾਹਟ ਉਸ ਦੇ ਕੰਨੀਂ ਪਈ। ਪੁੱਤ ਵੀ ਆ ਕੇ ਪੁੱਛਣ ਲੱਗਾ। ਅਜੈਬ ਸਿੰਘ ਨੇ ਬਾਬੇ-ਪੋਤੇ ਦਾ ਫੌਜਦਾਰੀ ਕੇਸ ਨੂੰਹ-ਪੁੱਤ ਦੀ ਕੋਰਟ ਵਿਚ ਪੇਸ਼ ਹੁੰਦਾ ਭਾਂਪ ਲਿਆ। ਡੂੰਘਾਈ ਨਾਲ ਸੋਚ ਗਿਆ। ਉਸ ਨੇ ਇੱਕ ਦਮ ਪੋਤੇ ਨੂੰ ਗਲ ਨਾਲ ਲਾਇਆ ਤੇ ਪਿਆਰ ਕਰਦਿਆਂ ਵਰਾ ਲਿਆ, 'ਬੇਟਾ ਅੱਗੋਂ ਤੋਂ ਇਸ ਤਰ੍ਹਾਂ ਕਦੀ ਨਹੀਂ ਹੋਏਗਾ।' ਪੁੱਤ ਨੂੰ ਕਹਿ ਦਿੱਤਾ ਕੋਈ ਗੱਲ ਨਹੀਂ, ਐਵੇਂ ਸਾਡਾ ਦਾਦੇ-ਪੋਤੇ ਦਾ ਮਾਮਲਾ ਸੀ, ਅਸੀਂ ਸਮੇਟ ਲਿਐ।

ਅਜੈਬ ਸਿੰਘ ਨੂੰ ਇੱਕ ਵੱਡਾ ਝਟਕਾ ਤਾਂ ਲੱਗਾ, ਪਰ ਅੱਗੋਂ ਵਾਸਤੇ ਡੂੰਘਾਈ ਨਾਲ ਸੋਚ ਅਸੂਲ ਬਣਾ ਲਿਆ ਕਿ ਜੇ ਪੋਤੇ ਆ ਕੇ ਮਦਦ ਮੰਗਣ ਤਾਂ ਪੂਰੀ ਖੁੱਲ੍ਹਦਿਲੀ ਨਾਲ ਦਿਉ, ਨਹੀਂ ਤਾਂ ਪਿਆਰ ਕਰੋ ਤੇ ਚੰਗੇ ਵਿਹਾਰ ਦੇ ਮਾਡਲ ਬਣੇ ਰਹੋ। ਸਮੁੱਚੇ ਮਾਹੌਲ 'ਚੋਂ ਇਹ ਗੱਲ ਵਿਸ਼ਵਾਸ ਬਣ ਕੇ ਉਭਰੀ ਕਿ ਇਥੋਂ ਦੀਆਂ ਮਾਂਵਾਂ ਨੂੰ ਭਾਰਤੀ ਟੀਚਰ ਡੰਡੇ ਵਾਹਕ ਕੁਰਖਤ ਡਰਿਲ ਮਾਸਟਰ ਹੀ ਲੱਗਦੇ ਹਨ। ਇਥੇ ਦੀਆਂ ਮਾਂਵਾਂ ਤੇ ਬੱਚੇ ਇਸ ਪੜ੍ਹਾਉਣ ਢੰਗ ਨੂੰ ਚੰਗਾ ਨਹੀਂ ਸਮਝਦੇ। ਉਸ ਦੇ ਆਪਣੇ ਚੰਡੇ ਤੇ ਪੜ੍ਹਾਏ ਪੁੱਤ ਆਪਣੀਆਂ ਉਸਰੀਆਂ ਨੀਂਹਾਂ ਦੇ ਪ੍ਰਸ਼ੰਸਕ ਸਨ ਪਰ ਲਾਚਾਰੀ ਵੱਸ ਬੋਲ ਉਹ ਵੀ ਨਹੀਂ ਸਨ ਸਕਦੇ।

ਅਜੈਬ ਸਿੰਘ ਚਾਹੁੰਦਾ ਸੀ ਕਿ ਘਰ ਵਿਚ ਪੰਜਾਬੀ ਦਾ ਬੋਲ-ਬਾਲਾ ਹੋਵੇ। ਸਾਰੇ ਗੱਲਬਾਤ ਪੰਜਾਬੀ ਵਿਚ ਕਰਨ। ਨੂੰਹਾਂ ਤੇ ਅੱਗੋਂ ਬੱਚੇ ਵੀ ਪੰਜਾਬੀ ਸਿੱਖਣ। ਉਹ ਆਉਂਦਾ ਹੋਇਆ ਪੰਜਾਬੀ ਦੇ ਵਧੀਆ ਕਾਇਦੇ ਲੈ ਕੇ ਆਇਆ ਸੀ। ਪਰ ਪੋਤਿਆਂ ਤਾਂ ਕੀ, ਕਿਸੇ ਨੂੰਹ ਰਾਣੀ ਨੇ ਵੀ ਕੋਈ ਉਤਸ਼ਾਹ ਨਾ ਵਿਖਾਇਆ। ਨੂੰਹਾਂ ਦੀ ਭਾਵੇਂ ਗੁਰਦੁਆਰਾ ਸਾਹਿਬ ਪ੍ਰਤੀ ਪੂਰੀ ਸ਼ਰਧਾ ਸੀ ਪਰ ਪੰਜਾਬੀ ਬੋਲੀ ਨਾਲ ਉਨ੍ਹਾਂ ਨੂੰ ਕੋਈ ਮੋਹ ਨਹੀਂ ਸੀ। ਵੈਸੇ ਪਾਰਟੀਆਂ ਵਿਚ ਪੰਜਾਬੀ ਗੀਤਾਂ 'ਤੇ ਗਿੱਧੇ-ਭੰਗੜੇ ਦੀਆਂ ਚੰਗੀਆਂ ਧਮਾਲਾਂ ਪਾਉਂਦੀਆਂ। ਗੀਤਾਂ ਦੇ ਬੋਲ ਉਹਦੀ ਜਾਚੇ ਉਨ੍ਹਾਂ ਨੂੰ ਘੱਟ ਹੀ ਸਮਝ ਆਉਂਦੇ। ਹੈਡਮਾਸਟਰ ਹੰਢਿਆ-ਵਰਤਿਆ ਬੰਦਾ ਸੀ। ਸਮਝ ਗਿਆ ਕਿ ਬੋਲੀ ਘਰ ਵਿਚ ਬੱਚੇ ਉਹੀ ਸਿੱਖਦੇ ਹਨ ਜੋ ਮਾਂ ਚਾਹੁੰਦੀ ਤੇ ਬੋਲਦੀ ਹੈ।

ਅਜੈਬ ਸਿੰਘ ਦਾ ਇੱਕ ਹੋਰ ਬਹੁਤ ਵੱਡਾ ਭਰਮ ਸੀ ਕਿ ਉਹ ਘਰ ਦੇ ਸਾਰੇ ਬਜਟ ਦਾ ਆਡੀਟਰ ਜਨਰਲ ਹੋਵੇਗਾ। ਪਿਛਲੀ ਆਪਣੀ ਪੈਨਸ਼ਨ ਤੇ ਜਮੀਨ ਦੀ ਸਾਰੀ ਆਮਦਨ ਇੱਕ ਥਾਂ ਪੂਲ ਹੋਵੇਗੀ ਤੇ ਫਿਰ ਘਰ ਦੀਆਂ ਤਰਜੀਹਾਂ ਵਿਚ ਵੰਡ ਕੇ ਖਰਚੀ ਜਾਇਆ ਕਰੇਗੀ। ਖਾਣ-ਪੀਣ ਤੇ ਪਹਿਨਣ-ਪਚਰਣ ਵਿਚ ਸੰਕੋਚਵੀਂ ਸਿਆਣਪ ਵਰਤੀ ਜਾਇਆ ਕਰੇਗੀ। ਉਸ ਦੀ ਇਸ ਅਸੂਲ ਦੀ ਦੁਹਾਈ ਨੂੰ ਕਿਸੇ ਪਾਸਿਓਂ ਕੋਈ ਹੁੰਗਾਰਾ ਨਾ ਮਿਲਿਆ। ਉਸ ਨੇ ਆਪਣਾ ਲੱਡੂ ਛੋਟਾ ਕਰ ਲਿਆ। ਕਹਿੰਦੇ ਨੇ, ਕੋਈ ਬੰਦਾ ਦੂਰ ਦੂਜੇ ਇਲਾਕੇ ਵਿਚ ਵਾਂਢੇ ਗਿਆ। ਪਿੰਡ ਆ ਕੇ ਉਥੋਂ ਦੀਆਂ ਗੱਲਾਂ ਸੁਣਾਉਣ ਲੱਗਾ। ਹੈਂ ਭਈ, ਫਲਾਣੇ ਪਿੰਡ ਲੱਡੂ ਸਨ, ਐਡੇ ਐਡੇ (ਵਾਹਵਾ ਹੱਥ ਖੋਲ੍ਹ ਦਸੇ)। ਸੁਣਨ ਵਾਲਾ ਇਸ ਗਪੌੜ 'ਤੇ ਹੱਸਦਾ ਕਹਿੰਦਾ, 'ਤੇਰੀ ਗੱਲ ਭਾਈ ਅੱਗੋਂ ਫਿਰ ਸੁਣਾਂਗੇ ਪਹਿਲਾਂ ਲੱਡੂ ਛੋਟਾ ਕਰ।'

ਅਜੈਬ ਸਿੰਘ ਨੂੰ ਵੀ ਆਪਣੇ ਪਾਲੇ ਭਰਮ ਛੋਟੇ ਕਰਨੇ ਪਏ ਤੇ ਉਹ ਹੌਲੀ ਹੌਲੀ ਪੰਖ ਪੰਖੇਰੂ ਹੁੰਦੇ ਜਾਪੇ। ਵਿਸ਼ਵਾਸ ਬੱਝਣ ਲੱਗ ਪਿਆ, 'ਭਾਈ! ਕਿਉਂ ਐਵੇਂ ਝੂਰੀ ਜਾਨੈਂ। ਤੂੰ ਆਪਣੇ ਬੱਚਿਆਂ ਨੂੰ ਵਧੀਆ ਬਣਾਇਐ। ਤੇਰਾ ਇੱਜਤ-ਮਾਣ ਪੂਰਾ ਹੈ। ਤੂੰ ਲਾਲੇ ਵਾਂਗ ਐਵੇਂ ਅਗਲੀਆਂ ਪੁਸ਼ਤਾਂ ਦਾ ਫਿਕਰ ਕਰਕੇ ਕਿਉਂ ਬੇਲੋੜੀਆਂ ਕੁੜਿਤਣਾਂ ਪੈਦਾ ਕਰਦੈਂ। ਜਿਨ੍ਹਾਂ ਜੰਮੀਆਂ ਉਹ ਆਪੇ ਵਿਹਾਜਣਗੇ। ਉਹ ਜਿਸ ਤਰ੍ਹਾਂ ਦੇ ਉਨ੍ਹਾਂ ਨੂੰ ਬਣਾਉਣਗੇ, ਉਸੇ ਤਰ੍ਹਾਂ ਦੇ ਫਲ ਭੋਗਣਗੇ। ਜਿੱਦਾਂ ਜਿਉਣਾ ਚਾਹੁੰਦੇ ਹਨ, ਜਿਉਣ ਦੇ ਉਨ੍ਹਾਂ ਨੂੰ! ਜ਼ਿੰਦਗੀ ਦੀ ਸ਼ਾਮ ਵੇਲੇ ਕਿਉਂ ਟਟਿਐਲੀ ਵਾਂਗ ਅਸਮਾਨ ਵੱਲ ਟੰਗਾਂ ਚੁੱਕੀ ਫਿਰਦੈਂ। ਅਸਮਾਨ ਕਦੀ ਨਹੀਂ ਡਿੱਗਦਾ। ਮਸਤ ਹੋ ਤੇ ਜ਼ਿੰਦਗੀ ਦਾ ਅਨੰਦ ਲੈ।'

ਇਸ ਵਿਸ਼ਵਾਸ ਦੇ ਉਸਰਨ ਵੇਲੇ ਉਸ ਨੂੰ ਬਰੈਂਪਟਨ ਨਾਨਕਸਰ ਗੁਰਦੁਆਰੇ ਬੈਠਿਆਂ ਸੇਵਾ ਸਿੰਘ ਗਰੇਵਾਲ ਦੇ ਉਹ ਬੋਲ ਕੰਨੀਂ ਗੂੰਜੇ, "ਇਥੇ ਬਾਈ ਜੀ! ਸੌਖਾ ਉਹ ਹੈ ਜਿਹੜਾ ਨੂੰਹਾਂ-ਪੁੱਤਾਂ ਦੇ ਕੰਮਾਂ ਕਾਰਾਂ ਵਿਚ ਦਖਲ ਨਾ ਦੇਵੇ। ਦਖਲਅੰਦਾਜ਼ੀ ਨੂੰ ਇਹ ਆਪਣੀ ਆਜ਼ਾਦੀ 'ਤੇ ਹਮਲਾ ਸਮਝਦੇ ਹਨ।"

ਉਦੋਂ ਉਹ ਹਾਲੀ ਵਿਜ਼ਟਰ ਆਇਆ ਹੋਇਆ ਸੀ। ਇਹ ਸੁਣ ਅਜੈਬ ਸਿੰਘ ਘਰ ਨੂੰ ਆਉਂਦਾ ਮਨਬਚਨੀ ਕਰ ਰਿਹਾ ਸੀ, "ਹੋਖਾਂ, ਏਦਾਂ ਵੀ ਹੋ ਸਕਦੈ ਕਿਤੇ; ਮੇਰੀ ਔਲਾਦ ਮੇਰੇ ਤੋਂ ਨਾਬਰ ਨਹੀਂ ਹੋ ਸਕਦੀ। ਅਸੀਂ ਇਕਮੁੱਠ ਹੋ ਪੰਚਾਇਤੀ ਢੰਗ ਤਰੀਕੇ ਨਾਲ ਘਰ-ਬਾਹਰ ਚਲਾਵਾਂਗੇ। ਏਕੇ ਵਿਚ ਹਮੇਸ਼ਾਂ ਹੀ ਬਰਕਤ ਹੁੰਦੀ ਹੈ।" ਉਦੋਂ ਉਹਨੂੰ ਚਿੱਤ ਚੇਤਾ ਹੀ ਨਹੀਂ ਸੀ ਕਿ ਕੈਨੇਡਾ ਪਹੁੰਚ ਕੇ ਉਸ ਦੀ ਸੋਚ ਨੂੰ ਇਸ ਤਰ੍ਹਾਂ ਦੀਆਂ ਚੁਣੌਤੀਆਂ ਮਿਲਣਗੀਆਂ ਅਤੇ ਉਹ ਅਣਗੌਲਿਆ ਜਾਵੇਗਾ। ਉਸ ਦੇ ਭਰਮ ਹੁਣ ਰੇਤ ਦੇ ਘਰ ਵਾਂਗ ਟੁੱਟ ਰਹੇ ਸਨ। ਕੁਝ ਚਿਰ ਪਿੱਛੋਂ ਉਸ ਦੇ ਮੁੰਡੇ ਵੀ ਅੱਡ ਹੋ ਗਏ। ਏਕਤਾ ਵਾਲਾ ਆਖਰੀ ਭਰਮ ਵੀ ਟੁੱਟ ਗਿਆ। ਪਰ ਜਿਸ ਤਰੀਕੇ ਤੇ ਸਲੀਕੇ ਨਾਲ ਉਨ੍ਹਾਂ ਨੇ ਵੰਡਾਰਾ ਕੀਤਾ ਉਸ ਤੋਂ ਉਸ ਨੂੰ ਪੂਰੀ ਸੰਤੁਸ਼ਟੀ ਤੇ ਖੁਸ਼ੀ ਮਿਲੀ। ਉਸ ਨੂੰ ਇਸ ਵਿਚ ਉਨ੍ਹਾਂ ਦੇ ਮੇਲ ਮਿਲਾਪ ਦੀ ਜਿੱਤ ਤੇ ਆਪਣੀ ਥੋੜ੍ਹੀ ਵਡਿਆਈ ਮਹਿਸੂਸ ਹੋਈ।

ਸਿਕਿਉਰਿਟੀ ਜਾਬ ਕਰਦਿਆਂ ਇੱਕ ਸਾਥੀ ਦੀ ਜੱਗੋਂ ਤੇਰਵੀਂ ਗਾਥਾ ਸੁਣੀ। ਮਾਸਟਰ ਕਿਰਪਾਲ ਸਿੰਘ ਮੋਗੇ ਤੋਂ ਰਿਟਾਇਰਮੈਂਟ ਲੈ ਟੋਰਾਂਟੋ ਰਹਿੰਦੇ ਮੁੰਡੇ ਕੋਲ ਬੜੇ ਚਾਅ ਨਾਲ ਤਿੰਨ ਸਾਲ ਹੋਏ ਆਇਆ ਸੀ। ਪਿੱਛੇ ਪਿੰਡ ਸ਼ੌਕ ਨਾਲ ਬਣਾਈ ਕੋਠੀ, ਦੋਹਾਂ ਜੀਆਂ ਦੀ ਦੱਸ ਹਜ਼ਾਰ ਦੇ ਕਰੀਬ ਪੈਨਸ਼ਨ, ਜਮੀਨ ਦੀ ਆਮਦਨ ਅਤੇ ਘਰ ਦੀਆਂ ਹੋਰ ਸਭ ਸੁਖ-ਸਹੂਲਤਾਂ ਕਾਰ, ਸਕੂਟਰ, ਫਰਿਜ, ਟੀ.ਵੀ., ਕੂਲਰ ਆਦਿ ਮਤਲਬ ਫੁੱਲਾਂ 'ਤੇ ਕਾਟੋ ਖੇਡਦੀ ਸੀ। ਵੱਡੀ ਕੁੜੀ ਚੰਗੀ ਪੜ੍ਹੀ ਲਿੱਖੀ ਪੰਜਾਬ ਵਿਚ ਵਿਆਹੀ ਵਰ੍ਹੀ, ਦੋ ਮੁੰਡੇ, ਇੱਕ ਕੈਨੇਡਾ ਤੇ ਇੱਕ ਅਮਰੀਕਾ। ਦੋਵੇਂ ਹੀ ਖੇਤੀ ਯੂਨੀਵਰਸਟੀ ਦੇ ਐਮ.ਐਸ.ਸੀ. ਸਨ। ਦੋਵੇਂ ਹੀ ਏਧਰ ਵਧੀਆ ਜਾਬਾਂ 'ਤੇ ਸੈਟ। ਸਭ ਕੁਝ ਸੀਗਾ ਪਰ ਇੱਕੋ ਇਕ ਘਾਟ ਸੀ। ਨੂੰਹ ਰਾਣੀ ਵਿਚ ਪਰਿਵਾਰਕ ਜੀਵਨ ਜਿਉਣ ਦੀ ਸੋਝੀ ਨਹੀਂ ਸੀ। ਇਸ ਮੇਰੇ ਦੋਸਤ ਸਾਥੀ ਨੂੰ ਇਥੇ ਦੇ ਘਰੇਲੂ ਹਾਲਾਤ ਨੇ ਬਹੁਤ ਹੀ ਤੰਗ ਤੇ ਪ੍ਰੇਸ਼ਾਨ ਕੀਤਾ। ਇਥੋਂ ਦੀ ਲੜਕੀ ਦੀ ਹਲਕੀ ਸੋਚ ਤੇ ਉਸ ਦੇ ਮਾਪਿਆਂ ਦੀ ਮੁੰਡਾ ਮੰਗਵਾਉਣ ਦੀ ਹੈਂਕੜ। ਇਕੱਠੇ ਰਹਿੰਦਿਆਂ ਬਹੁਤ ਹੀ ਮਾਨਸਿਕ ਤਸੀਹੇ ਸਹਿਣੇ ਪਏ। ਇਸ ਗੱਲ ਦਾ ਏਨਾ ਹੰਕਾਰ ਸੀ ਕਿ ਉਹ ਚਾਹੁੰਦੇ ਸੀ ਕਿ ਇਹ ਬੁੜ੍ਹੀ-ਬੁੜ੍ਹਾ ਵੀ ਜਵਾਈ ਵਾਂਗ ਸਾਡੇ ਅਤੇ

## ਦੁੱਖ ਪਰਦੇਸਾਂ ਦੇ

ਸਾਡੀ ਲੜਕੀ ਦੇ ਗੁਲਾਮ ਬਣ ਕੇ ਰਹਿਣ। ਸਵੈਮਾਣ ਵਾਲੇ ਖਾਂਦੇ ਪੀਂਦੇ ਮਾਪਿਆਂ ਨੂੰ ਇਹ ਮਰਨ ਬਰੋਬਰ ਲੱਗਦਾ। ਉਨ੍ਹਾਂ ਨੇ ਦਾਦਾ-ਦਾਦੀ ਨੂੰ ਪੁੱਤ ਪੋਤਿਆਂ ਨੂੰ ਪਿਆਰ ਕਰਨ ਤੇ ਜ਼ਿੰਦਗੀ ਦੇ ਆਖਰੀ ਸਾਲਾਂ ਵਿਚ ਇਨ੍ਹਾਂ ਨੂੰ ਛਾਂਵਾਂ ਕਰਦਿਆਂ ਬਿਤਾਉਣ ਦਾ ਸੁਪਨਾ ਸਫਲ ਨਾ ਹੋਣ ਦਿੱਤਾ।

ਮਾਸਟਰ ਨੇ ਆਪਣੇ ਹੱਥੀਂ ਲਾਏ ਬੂਟਿਆਂ ਕੋਲ ਰਹਿਣ ਖਾਤਰ ਬਥੇਰੀਆਂ ਕੋਸ਼ਿਸ਼ਾਂ ਕੀਤੀਆਂ। ਫਾਰਮਾਂ 'ਚ ਔਖੇ ਕੰਮ ਕੀਤੇ। ਸਿਕਿਉਰਿਟੀ ਦਾ ਕੰਮ ਕਰਦਿਆਂ ਰਾਤਾਂ ਦੇ ਉਨੀਂਦੇ ਵੀ ਝਾਗੇ। ਬੱਸ ਇੱਕ ਹੀ ਸਿੱਕ ਸੀ ਕਿ ਪੁੱਤਰਾਂ ਵਾਂਗ ਪੋਤਿਆਂ 'ਤੇ ਵੀ ਹੱਥੀਂ ਛਾਂਵਾਂ ਕਰਦੇ ਰਹੀਏ। ਪਰ ਮੁੰਡੇ ਦੀ ਮਜਬੂਰੀ ਜਾਂ ਉਸ ਦੀ ਘਰੇਲੂ ਜੀਵਨ ਦੀ ਬਰਬਾਦੀ ਨਾ ਵੇਖਣ ਦੀ ਭਾਵਨਾ ਨੇ ਉਨ੍ਹਾਂ ਨੂੰ ਵਾਪਸ ਜਾਣ 'ਤੇ ਮਜਬੂਰ ਕਰ ਹੀ ਦਿੱਤਾ। ਜਾਣ ਵੇਲੇ ਤੱਕ ਮਾਸਟਰ ਏਨੀ ਕੁ ਕਮਾਈ ਕਰਨ ਲੱਗ ਪਿਆ ਸੀ ਕਿ ਉਹ ਔਖਾ ਸੌਖਾ ਇਥੇ ਰਹਿਣ ਦਾ ਤੋਰਾ-ਤੋਰ ਸਕਦਾ ਸੀ। ਖਰਚੇ ਵੀ ਉਨ੍ਹਾਂ ਕੋਲੋਂ ਲੈ ਸਕਦੇ ਸੀ। ਪਰ ਇਹ ਹੀ ਸੋਚਿਆ ਕਿ ਪੁੱਤ ਦਾ ਸ਼ਰੀਕ ਬਣ ਕੇ ਰਹਿੰਦਿਆਂ ਦੋਹਾਂ ਦੀ ਆਤਮਾ ਭੁੱਜੂ। ਮਾਂ ਦਾ ਦਿਲ ਤੜਫਿਆ, ਪੁੱਤ ਔਖਾ ਹੋਵੇਗਾ ਤੇ ਉਸ ਦੀ ਸਭ ਪਾਸੇ ਬਦਨਾਮੀ ਹੋਵੇਗੀ। ਜਾਣ ਤੋਂ ਪਹਿਲਾਂ ਮੇਰੇ ਨਾਲ ਕਾਫੀ ਚਿਰ ਬੈਠਾ ਆਪਣੇ ਦਿਲ ਦੀ ਵੇਦਨਾ ਸਾਂਝੀ ਕਰਦਾ ਰਿਹਾ। ਕਹਿੰਦਾ, 'ਕੀ ਸੁਪਨੇ ਲੈ ਕੇ ਆਏ ਸੀ; ਕਿਹੜੇ ਮਨ ਨਾਲ ਜਾ ਰਹੇ ਹਾਂ; ਵਾਪਸ ਪਿੰਡ ਪਹੁੰਚ ਕੇ ਸੱਚ ਵੀ ਨਹੀਂ ਬੋਲ ਸੱਕਦੇ; ਇਹ ਹੀ ਆਖਾਂਗੇ ਪਿੰਡ ਦੀਆਂ ਰੌਣਕਾਂ, ਪੰਜਾਬ ਦੀ ਆਪਣੀ ਮਿੱਟੀ ਨਾਲ ਮੋਹ ਹੀ ਸਾਨੂੰ ਚੁੱਕ ਲਿਆਇਆ ਜੇ ਲੋਕੋ! ਬਾਕੀ ਤਾਂ ਭਾਈ ਉਥੇ ਬਹੁਤ ਸੁੱਖ ਸਹੂਲਤਾਂ ਹਨ। ਆਪਣੀ ਔਲਾਦ ਦੀ, ਆਪਣੇ ਰਿਸ਼ਤੇਦਾਰਾਂ ਦੀ ਬਦਖੋਈ ਕਰਨਾ ਆਪਣਾ ਹੀ ਢਿੱਡ ਨੰਗਾ ਕਰਨਾ ਹੋਵੇਗਾ।'

ਏਅਰਪੋਰਟ 'ਤੇ ਜਾਣ ਲੱਗਿਆਂ ਜੱਫੀ 'ਚੋਂ ਨਿਕਲਣ ਲੱਗਾ ਭਰੀਆਂ ਅੱਖਾਂ ਨਾਲ ਕਹਿੰਦਾ ਕਿ ਜਿਸ ਦਿਨ ਇਸ ਹਵਾਈ ਅੱਡੇ 'ਤੇ ਉਤਰੇ ਸੀ, ਮਨ ਵਿਚ ਕੁਝ ਵੱਡੇ ਸੁਪਨਿਆਂ ਵਰਗੇ ਭਰਮ ਸਨ, ਅੱਜ ਉਸੇ ਹੀ ਥਾਂ 'ਤੇ ਭਰਮਾਂ ਦੇ ਤਿੜਕੇ ਸ਼ੀਸ਼ ਮਹਿਲ ਦੀਆਂ ਖਿੰਡੀਆਂ ਕੰਕਰਾਂ ਹੰਝੂਆਂ ਵਿਚ ਦੀ ਚਮਕਦੀਆਂ ਸੂਲਾਂ ਲੱਗ ਰਹੀਆਂ ਹਨ, ਦਿਲ ਨੂੰ ਵਿੰਨ੍ਹ ਰਹੀਆਂ ਹਨ। ਰਹਿਣਾ ਉਥੇ ਹੀ ਸਵਰਗ ਹੈ ਜਿੱਥੇ ਦਿਲ ਮਿਲ ਜਾਣ। ਉਹ ਭਾਗਾਂ ਵਾਲੇ ਨੇ ਜਿਹੜੇ ਆਪਣੇ ਪਰਿਵਾਰਾਂ ਵਿਚ ਰੰਗੀਂ ਵੱਸ ਰਹੇ ਨੇ। ਇਹ ਕਹਿੰਦਾ ਹੋਇਆ ਇਕੋ ਝਟਕੇ ਨਾਲ ਜੱਫੀ 'ਚੋਂ ਨਿਕਲ ਬੈਗ ਫੜ ਸਿਕਿਉਰਿਟੀ ਗੇਟ ਪਾਰ ਕਰ ਗਿਆ। ਮਾਂ ਦੀ ਅੱਥਰੂਆਂ ਨਾਲ ਭਿੱਜੀ ਚੁੰਨੀ ਪੁੱਤ ਦਾ ਮੂੰਹ ਧੋਂਦੀ ਲੱਗ ਰਹੀ ਸੀ।

ਸੋ ਵੀਰਨੋ! ਜਿਹੜੀ ਛੋਟੀ ਜਾਂ ਵੱਡੀ ਪੁਸ਼ਤ ਇਹ ਸੋਚ ਕੇ ਇਥੇ ਆਈ ਸੀ ਜਾਂ ਆ ਰਹੀ ਹੈ ਕਿ ਉਹ ਆਪਣੀ ਪਿਛਲੀ ਪਹਿਚਾਣ ਬਣਾਈ ਰੱਖੇਗੀ?

***ਇਸ ਵਿਸ਼ਵਾਸ ਦੇ ਉਸਰਨ ਵੇਲੇ ਉਸ ਨੂੰ ਬਰੈਂਪਟਨ ਨਾਨਕਸਰ ਗੁਰਦੁਆਰੇ ਬੈਠਿਆਂ ਸੇਵਾ ਸਿੰਘ ਗਰੇਵਾਲ ਦੇ ਉਹ ਬੋਲ ਕੰਨੀਂ ਗੂੰਜੇ, "ਇਥੇ ਬਾਈ ਜੀ! ਸੌਖਾ ਉਹ ਹੈ ਜਿਹੜਾ ਨੂੰਹਾਂ-ਪੁੱਤਾਂ ਦੇ ਕੰਮਾਂ ਕਾਰਾਂ ਵਿਚ ਦਖਲ ਨਾ ਦੇਵੇ। ਦਖਲਅੰਦਾਜ਼ੀ ਨੂੰ ਇਹ ਆਪਣੀ ਆਜ਼ਾਦੀ 'ਤੇ ਹਮਲਾ ਸਮਝਦੇ ਹਨ।"***

ਮਹਿਜ਼ ਇਕ ਭਰਮ ਤੇ ਭੁਲੇਖਾ ਹੈ। ਇਹ ਗੱਲ ਭੁੱਲ ਜਾਣੀ ਚਾਹੀਦੀ ਹੈ। ਅਜਿਹੇ ਸੁਪਨੇ ਡਾਲਰਾਂ ਦੀ ਕਮਾਈ ਤੇ ਨਿਜੀ ਆਜ਼ਾਦੀ ਦੀਆਂ ਧੂੜਾਂ ਵਿਚ ਨਜ਼ਰ ਨਹੀਂ ਜੇ ਆਉਣੇ! ਨਵੀਂ ਪੁਸ਼ਤ ਹੁਣ ਡਾਲਰ ਮਾਅਰਕਾ ਬਣ ਗਈ ਹੈ। ਉਹ ਹੁਣ ਇਥੋਂ ਦੇ ਵਾਸੀ ਬਣ ਜਾਣੇ ਹਨ। ਵੇਸ-ਭੇਸ ਵੀ ਇਥੋਂ ਵਾਲਾ ਹੋਣਾ ਹੈ। ਪੰਜਾਬੀਆਂ ਵਾਲੀਆਂ ਪਹਿਚਾਣਾਂ ਹੁਣ ਰੁਲ-ਖੁਲ ਜਾਣੀਆਂ ਹਨ। ਇਹ ਹੀ ਦੁਆ ਵਰਗੀ ਅਪੀਲ ਹੈ ਕਿ ਬੇਸ਼ੱਕ ਕੈਨੇਡੀਅਨ ਬਣ ਜਾਵੋ ਪਰ ਇਥੋਂ ਦੀ ਚੰਗੀ ਤਹਿਜ਼ੀਬ ਦੇ ਧਾਰਨੀ ਬਣੋ। ਐਵੇਂ ਸਿਰ ਦੇ ਵਾਲਾਂ, ਦਾੜੀਆਂ, ਪਹਿਰਾਵਿਆਂ ਦੀ ਅੰਨ੍ਹੀ ਬਾਂਦਰ ਨਕਲ ਨਾ ਕਰੋ। ਇਥੋਂ ਦੀ ਰਹਿਤਲ ਦੇ ਚੰਗੇ ਗੁਣ ਅਪਨਾਓ ਤੇ ਆਪਣੇ ਅੱਗੇ ਉਚੇਰੀ ਸਿੱਖਿਆ ਦੇ ਟੀਚੇ ਰੱਖੋ! ਸਿਆਣਪ ਭਰਪੂਰ ਦ੍ਰਿਸ਼ਟੀ ਪੈਦਾ ਕਰੋ। ਇਸ ਵਿਚ ਹੀ ਹੁਣ ਤੁਹਾਡੀ ਵਡਿੱਤਣ ਅਤੇ ਸਫਲਤਾ ਹੈ।

# ਹਨੇਰਾ ਚੀਰਦੀ ਇਬਾਰਤ: ਜੰਗ, ਜਸ਼ਨ ਤੇ ਜੁਗਨੂੰ

**ਪੁਸਤਕ ਪੜਚੋਲ**

ਸੁਖਵਿੰਦਰ ਕੰਬੋਜ ਦੀ ਸੋਚ ਦਾ ਤਰਾਜ਼ੂ ਜੀਵਨ ਦੇ 'ਹਾਂਦਰੂ' ਪਾਸੇ ਵੱਲ ਹੀ ਝੁਕਦਾ ਰਿਹਾ ਹੈ। ਇਸ ਕਥਨ ਨੂੰ ਉਸ ਦੀ ਨਵ-ਪ੍ਰਕਾਸ਼ਿਤ ਕਾਵਿ-ਪੁਸਤਕ ਦਾ ਸਿਰਲੇਖ 'ਜੰਗ, ਜਸ਼ਨ ਤੇ ਜੁਗਨੂੰ' ਵੀ ਸਿੱਧ ਕਰਦਾ ਹੈ। ਨਿਰੀ ਧੌਂਸ ਜਮਾਉਣ ਲਈ ਛੇੜੇ 'ਜੰਗ' ਦੀ ਨਾਕਾਰਾਤਮਕ ਸ਼ੈਲੀ, ਤਬਾਹਕੁਨ ਸੁਭਾਅ ਅਤੇ ਘਸਮੈਲੀ ਛਵੀ 'ਤੇ 'ਜਸ਼ਨ' ਦਾ ਜ਼ਿੰਦਗੀ-ਭਰਪੂਰ ਰੰਗ ਅਤੇ 'ਜੁਗਨੂੰ' ਦਾ ਸਾਕਾਰਾਤਮਕ ਚਾਨਣ ਭਾਰੂ ਹੋ ਜਾਂਦਾ। ਇਹੀ ਜੰਗ ਜਦੋਂ ਆਪਣੇ ਹੱਕ ਖੋਹਣ ਲਈ ਲੜੀ



ਸੁਰਿੰਦਰ ਸੋਹਲ

ਜਾਂਦੀ ਹੈ ਤਾਂ ਇਸ ਦੇ ਕੰਬੋਜ-ਕਾਵਿ ਵਿਚ ਅਰਥ ਬਦਲ ਜਾਂਦੇ ਹਨ।

ਸੁਖਵਿੰਦਰ ਕੰਬੋਜ ਇਕ ਖਾਸ ਵਿਚਾਰਧਾਰਕ ਚੇਤਨਾ ਨੂੰ ਪ੍ਰਣਾਇਆ ਕਵੀ ਹੈ। ਆਪਣੀ ਰਾਜਨੀਤਕ ਸਮਝ ਦੀ ਐਨਕ ਥਾਣੀਂ ਸਮਾਜ ਦਾ ਵਿਸ਼ਲੇਸ਼ਣ ਕਰਦਾ ਕਵੀ ਆਪਣੇ ਅਨੁਭਵ ਨੂੰ ਜਦੋਂ ਕਵਿਤਾ ਵਿਚ ਰੂਪਾਂਤ੍ਰਿਤ ਕਰਦਾ ਹੈ ਤਾਂ ਉਸ 'ਚੋਂ ਵੱਖਰਾ ਹੀ ਸੁਹਜ-ਸ਼ਾਸਤਰ ਉਦੈ ਹੁੰਦਾ ਹੈ। ਵਿਚਾਰਧਾਰਕ ਪਹੁੰਚ ਅਤੇ ਕਾਵਿ-ਸੁਹਜ ਦਾ ਤਵਾਜ਼ਨ ਉਸ ਦੀ ਕਵਿਤਾ ਦਾ ਮੀਰੀ ਗੁਣ ਹੈ।

ਦੁਨੀਆਂ 'ਤੇ ਸਿਰਫ ਆਪਣੀ ਸਰਦਾਰੀ ਕਾਇਮ ਕਰਨ ਲਈ ਮਹਾਂਸ਼ਕਤੀ ਵਲੋਂ ਛੇੜੀ ਜੰਗ ਨੇ ਧਰਤੀ ਦੇ ਕਣ-ਕਣ ਨੂੰ ਪ੍ਰਭਾਵਿਤ ਕੀਤਾ ਤਾਂ ਕਵਿਤਾ ਵਰਗੀ ਸੂਖਮ ਵਸਤ ਇਸ ਪ੍ਰਭਾਵ ਤੋਂ ਕਿਵੇਂ ਬਚ ਸਕਦੀ ਸੀ। ਇਸੇ ਲਈ ਸੁਖਵਿੰਦਰ ਕੰਬੋਜ ਮਹਿਸੂਸ ਕਰਦਾ ਹੈ, 'ਅਲੰਕਾਰਾਂ ਵਿਚ ਐਟਮੀ ਧੂੜ ਭਰ ਗਈ ਹੈ।'

ਮੰਡੀ ਨੇ ਸੂਖਮ ਚੀਜ਼ਾਂ ਖੋਹ ਕੇ ਫਾਲਤੂ ਤੇ ਨਕਾਰਾ ਵਸਤਾਂ ਨਾਲ ਬੰਦੇ ਦਾ ਘਰ ਅਤੇ ਆਲਾ-ਦੁਆਲਾ ਭਰ ਦਿੱਤਾ ਹੈ। ਇਸ ਬੇਲੋੜੇ ਖਿਲਾਰੇ ਵਿਚ ਜਦੋਂ ਬੰਦੇ ਨੂੰ ਸੂਖਮ ਚੀਜ਼ਾਂ ਦੀ ਯਾਦ ਆਉਂਦੀ ਹੈ ਤਾਂ ਉਸ ਦੀ ਸੋਚ ਵਿਚ ਖਲਿਸ਼ ਪੈਦਾ ਹੁੰਦੀ ਹੈ, ਪਰ ਇਸ ਖਲਿਸ਼ ਨਾਲ ਪੈਦਾ ਹੋਈ ਪੀੜ ਨਜ਼ਰੀਂ ਨਹੀਂ ਪੈਂਦੀ, ਸਿਰਫ ਮਹਿਸੂਸ ਕੀਤੀ ਜਾ ਸਕਦੀ ਹੈ:

ਮੇਰੇ ਕੋਲ ਖੂਬਸੂਰਤ ਪੈਨ ਹੈ
ਕਾਗਜ਼ ਸਲੀਕੇਦਾਰ
ਫੁੱਲ-ਬੂਟਿਆਂ ਨਾਲ ਭਰੇ ਹੋਏ
ਪਰ ਕਵਿਤਾ ਕਿੱਥੇ ਹੈ?...
ਘਰਾਂ 'ਚ ਵਸਤਾਂ ਵਧੀਆਂ ਨੇ
ਲੋੜਾਂ ਤੋਂ ਬਗੈਰ ਵੀ
ਬੜਾ ਕੂੜ-ਕਬਾੜ ਭਰਿਆ ਪਿਆ ਹੈ
ਇਸ ਘਰ ਵਿਚ
ਜੇ ਨਹੀਂ ਮਿਲਦੀ
ਤਾਂ ਇਕ ਚੰਗੀ ਕਵਿਤਾ ਨਹੀਂ ਮਿਲਦੀ
(ਪੰਨਾ 75)

ਉਪਰੋਕਤ ਸਤਰਾਂ ਵਿਚ ਆਏ ਸ਼ਬਦ 'ਘਰ' ਨੂੰ ਜੇ 'ਦਿਲ' ਦੇ ਅਰਥਾਂ ਵਿਚ ਡੀਕੋਡ ਕਰ ਲਿਆ ਜਾਵੇ ਤਾਂ ਬੰਦੇ ਦੀ ਪੀੜ ਹੋਰ ਵੀ ਪ੍ਰਬਲ ਹੋ ਕੇ ਪ੍ਰਗਟ ਹੁੰਦੀ ਹੈ।

ਜੰਗਾਂ ਦਾ ਧੂੰਆਂ ਏਨਾ ਗਹਿਰਾ ਹੈ ਕਿ ਹਰ ਅੱਖ ਅੰਨ੍ਹੀ ਹੋ ਗਈ ਜਾਪਦੀ ਹੈ। ਹਨੇਰੇ ਵਿਚ ਭਟਕਦਾ ਕਵੀ ਆਪਣੀ ਅੰਦਰਲੀ 'ਲੋਅ' ਨਾਲ ਰਸਤਾ ਤਲਾਸ਼ ਰਿਹਾ ਹੈ:

ਮੈਨੂੰ ਪਤਾ ਨਹੀਂ ਲੱਗਦਾ
ਭਾਸ਼ਾ ਦੇ ਸਮੁੰਦਰ ਵਿਚ
ਹੁਣ ਕਿਹੜੇ ਮੁਹਾਵਰਿਆਂ ਦੀਆਂ
ਕਿਸ਼ਤੀਆਂ ਤਾਰਾਂ?
ਭਾਸ਼ਾ ਦੀਆਂ ਸੜਕਾਂ 'ਤੇ
ਮੈਂ ਸਰਪਟ ਦੌੜਦਾ ਹਾਂ
ਤੇ ਸ਼ਬਦਾਂ ਦੀ ਚਾਬੁਕ
ਵਾਰ ਵਾਰ ਮੇਰੇ ਹੀ ਮੱਥੇ 'ਚ ਵੱਜਦੀ ਹੈ
ਤੇ ਕਹਿੰਦੀ ਹੈ,
ਹੇ ਮੂਰਖ ਕਵੀ!
ਮਨ ਦੀਆਂ ਕੰਦਰਾਂ ਫਰੋਲ
ਲੋਕਾਂ ਦੇ ਸੁਪਨਿਆਂ-ਸੱਧਰਾਂ ਦੀ ਬਾਤ ਪਾ
ਫਿਰ ਦੇਖ ਕਵਿਤਾ ਦੀ ਫਸਲ
ਕਿੰਜ ਲਹਿਰਾਉਂਦੀ ਹੈ...। (ਪੰਨਾ 76)

ਇੰਜ ਕਵੀ ਸਾਹਿਤ ਦਾ 'ਲੋਕ-ਪੱਖੀ' ਪ੍ਰਯੋਜਨ ਵੀ ਅਚੇਤ ਹੀ ਬਿਆਨ ਕਰ ਜਾਂਦਾ ਹੈ।


ਇਸ ਪੁਸਤਕ ਵਿਚ ਦਰਜ ਕਵਿਤਾਵਾਂ ਵਿਚ ਫਿਕਰ ਇਸ ਗੱਲ ਦਾ ਹੈ ਕਿ ਸੁਹਜ, ਸੂਖਮਤਾ, ਕੋਮਲਤਾ ਵਿਰੋਧੀ ਵਰਤਾਰਾ ਏਨਾ ਮਾਰੂ ਹੈ ਕਿ ਇਸ ਨੂੰ ਧੱਕੇ ਨਾਲ ਜੀਵਨ-ਸ਼ੈਲੀ ਵਜੋਂ ਸਵੀਕਾਰ ਕਰਨਾ ਪੈ ਰਿਹਾ ਹੈ। ਇਹ ਜੀਵਨ-ਸ਼ੈਲੀ ਮਨੁੱਖ ਲਈ ਸਰਾਪ ਤੋਂ ਵੱਧ ਹੋਰ ਕੁਝ ਨਹੀਂ ਹੈ:


ਪਾਣੀ ਤਾਂ ਹੁਣ
ਅੱਖਾਂ 'ਚ ਵੀ ਨਹੀਂ ਬਚਿਆ
ਧਰਤ ਹੇਠ ਤਾਂ ਕੀ ਹੋਣਾ ਹੈ...।
ਖੁਦਕੁਸ਼ੀ ਹੁਣ ਘਟਨਾ ਨਹੀਂ
ਜੀਵਨ-ਸ਼ੈਲੀ ਬਣ ਗਈ ਹੈ
ਹੁਣ ਮਿਰਜ਼ਾ ਜੰਡ ਥੱਲੇ ਨਹੀਂ
ਬੈਂਕ ਦੀਆਂ ਮਿਸਲਾਂ 'ਚ ਵੱਢ ਹੁੰਦਾ ਹੈ।
(ਪੰਨਾ 60)

ਕਵੀ ਇਸ ਤਾਰਕੋਲ ਵਰਗੇ ਹਨੇਰੇ ਵਿਚ ਵੀ ਆਪਣੀ 'ਹਾਂ-ਮੁਖੀ' ਭੂਮਿਕਾ ਦੀ ਤੀਲੀ ਬਾਲਣੀ ਨਹੀਂ ਭੁੱਲਦਾ। ਸਗੋਂ ਉਸ ਦੇ ਸੰਕੇਤ, ਇਸ਼ਾਰੇ ਅਤੇ ਬੋਲ ਉਨ੍ਹਾਂ ਲੋਕਾਂ ਨੂੰ ਉਠਣ ਲਈ ਹੁੱਝਾਂ ਮਾਰਦੇ ਨੇ, ਜਿਨ੍ਹਾਂ ਅੰਦਰ ਅਜੇ 'ਤੇਲ ਭਿੱਜੀ ਬੱਤੀ' ਬਾਕੀ ਹੈ, ਸਿਰਫ ਚੇਤਨਾ ਦੀ ਚਿਣਗ ਛੁਹਾਉਣ ਦੀ ਹੀ ਲੋੜ ਹੈ:

ਲਗਾਤਾਰ ਹਰ ਫੈਲ ਰਹੇ ਹਨੇਰੇ ਤੋਂ
ਮੈਂ ਨਜ਼ਮਾਂ ਦੇ ਦੀਵੇ ਜਗਾਉਂਦਾ ਹਾਂ
ਮੁਹਾਵਰਿਆਂ ਦੀ ਉਖਲੀ ਵਿਚ
ਮੈਂ ਭੰਨ੍ਹ ਦਿੰਦਾ ਹਾਂ ਹਥਿਆਰਾਂ ਦਾ ਸਿਰ
ਜੰਗਲ ਦੇ ਗੁਰੀਲੇ ਲਈ
ਮੈਂ ਸ਼ਬਦਾਂ ਦੀ ਲਾਲਟੈਨ ਬਾਲਦਾ ਹਾਂ
ਪਰ ਹਾਇ!
ਇਹ ਸੰਸਿਆਂ 'ਚ ਘਿਰੀ ਮੇਰੀ ਜਾਨ
ਪਲ ਪਲ ਮੈਥੋਂ ਹੀ ਸ਼ਰਮਿੰਦਾ ਹੋ ਰਹੀ ਹੈ
ਜੋ ਘਰ ਦੀ ਕਿਸ਼ਤ ਟੁੱਟਣ ਤੋਂ
ਸਦਾ ਤ੍ਰਹਿੰਦੀ ਹੈ
ਜੋ ਚੁੱਕਣਾ ਚਾਹੁੰਦੀ ਤਾਂ ਹੈ ਸ਼ਮਸ਼ੀਰ
ਪਰ ਬਿਲਾਂ ਮੂਹਰੇ ਹਾਰ ਜਾਂਦੀ ਹੈ
ਉਨ ਮਨਾ ਘੱਟੋ-ਘਟ ਹੋਰ ਕੁਝ ਨਹੀਂ
ਤਾਂ ਭੇਜ ਉਨ੍ਹਾਂ ਨੂੰ ਬਹਾਰਾਂ ਦੇ ਫੁੱਲ
ਤੇ ਗੁਰੀਲੇ ਦੀ ਗੋਲੀ ਵਰਗੀਆਂ ਕਵਿਤਾਵਾਂ
ਜੋ ਸਦੀ ਨੂੰ ਬਾਂਝ ਹੋਣ ਤੋਂ
ਬਚਾਉਣ ਲਈ ਲੜ ਰਹੇ ਨੇ। (ਪੰਨਾ 67)

ਸੁਖਵਿੰਦਰ ਕੰਬੋਜ ਦੀ ਕਵਿਤਾ ਅੱਜ ਦੇ ਵੇਲਿਆਂ ਦੀ ਕਵਿਤਾ ਹੈ। ਉਸ ਦੀ ਕਵਿਤਾ ਵਿਚ ਜ਼ਖਮੀ ਹੋਇਆ ਗਲੋਬ ਹੰਝੂ ਕੇਰਦਾ ਨਜ਼ਰ ਆਉਂਦਾ ਹੈ। ਅਜੋਕਾ ਵਰਤਾਰਾ ਕਵੀ ਦੇ ਅਚੇਤ-ਸੁਚੇਤ ਮਨ 'ਤੇ ਏਨਾ ਗਹਿਰਾ ਖੁੱਭ ਚੁਕਾ ਹੈ ਕਿ ਉਹ ਮੂੰਹੋਂ 'ਬੋਲ' ਵੀ ਕੱਢਣਾ ਚਾਹੁੰਦਾ ਹੈ ਤਾਂ 'ਆਹ' ਹੀ ਨਿਕਲਦੀ ਹੈ। ਹੱਸਦੇ ਫੁੱਲਾਂ ਵਰਗੇ ਬਿੰਬ ਵਰਤਣਾ ਚਾਹੁੰਦਾ ਹੈ ਤਾਂ 'ਬਕਸਿਆਂ 'ਚ ਬੰਦ ਫੌਜੀ' ਪ੍ਰਤੀਕ ਬਣ ਕੇ ਪ੍ਰਗਟ ਹੋ ਜਾਂਦੇ ਹਨ:






ਮੈਂ ਲਿਖਣਾ ਚਾਹੁੰਦਾ ਹਾਂ ਪਿਆਰ
ਪਰ ਜ਼ਿੰਦਗੀ ਲਿਖ ਰਹੀ ਹੈ
ਬਗਦਾਦ, ਅਫਗਾਨਿਸਤਾਨ, ਫਰਾਂਸ...।
ਇਰਾਨ ਤੇ ਦੱਖਣੀ ਕੋਰੀਆ ਦੇ ਆਕਾਸ਼
ਪਤਾ ਨਹੀਂ ਕਿਉਂ?
ਮੇਰੀਆਂ ਸਤਰਾਂ 'ਚ ਫੈਲ ਗਏ ਨੇ
ਬਕਸਿਆਂ 'ਚ ਬੰਦ ਫੌਜੀ
ਮੇਰੀ ਕਵਿਤਾ ਦੀ ਲੈਅ 'ਚ
ਡੂੰਘੇ ਖੁੱਭ ਗਏ ਹਨ...।

ਇਜ਼ਰਾਈਲੀ ਟੈਂਕਾਂ ਦਿਆਂ
ਗੋਲਿਆਂ ਦਾ ਜਵਾਬ
ਨਿਹੱਥੇ ਬੱਚੇ ਪੱਥਰਾਂ ਨਾਲ ਕਰਦੇ ਹਨ...।
ਕਵਿਤਾ ਦੇ ਛੰਦਾਂ ਵਿਚ
ਭੁੱਖ ਨਾਲ ਵਿਲਕ ਰਹੇ ਨੇ
ਅਫਰੀਕੀ ਸੂਡਾਨ ਦੇ ਬੱਚੇ
ਅਲੰਕਾਰਾਂ ਵਿਚ
ਐਟਮੀ ਧੂੜ ਭਰ ਗਈ ਹੈ। (ਪੰਨਾ 77)

ਜੰਗ, ਜੰਗ ਦੇ ਮਾਰੂ ਅਸਰ ਤਾਂ ਕਵੀ ਦਾ ਫਿਕਰ ਹੈ ਹੀ, ਪਰ ਜਿਹੜੀ ਖਤਰਨਾਕ ਜੰਗ ਚਿੰਤਕਾਂ ਵਲੋਂ ਸਥਾਪਤੀ ਦੇ ਹੱਕ ਵਿਚ ਲੜੀ ਜਾ ਰਹੀ ਹੈ, ਉਸ ਦਾ ਕਵੀ ਡਟਵਾਂ ਵਿਰੋਧ ਕਰਦਾ ਹੈ। ਮਨੁੱਖ ਨੂੰ ਆਪਣੀ ਵਿਰਾਸਤ, ਆਪਣੀਆਂ ਜੜ੍ਹਾਂ, ਆਪਣੇ ਅਤੀਤ, ਆਪਣੇ ਨਾਲ ਹੋਏ ਜ਼ੁਲਮਾਂ ਨੂੰ ਭੁੱਲ ਜਾਣ ਦਾ ਸੁਨੇਹਾ ਦਿੰਦਾ ਅਜੋਕਾ ਚਿੰਤਨ ਮਨੁੱਖ ਦੇ ਵਰਤਮਾਨ ਅਤੇ ਭਵਿੱਖ ਲਈ ਅਤਿ-ਘਾਤਕ ਸਿੱਧ ਹੋਵੇਗਾ। ਕਵੀ ਦੀਆਂ ਨਜ਼ਰਾਂ ਵਿਚ ਇਹ 'ਚਿੰਤਨ' ਨਹੀਂ, ਮਾਨਵ-ਵਿਰੋਧੀ ਤਾਕਤਾਂ ਦਾ ਈਜਾਦ ਕੀਤਾ ਨਵਾਂ ਹਥਿਆਰ ਹੀ ਹੈ। ਇਸ ਤਰ੍ਹਾਂ ਮਨੁੱਖ ਨੂੰ ਸ਼ਬਦੀ ਅਤੇ ਚਿੰਤਨੀ ਜਾਲ ਵਿਚ ਉਲਝਾ ਕੇ ਉਸ ਦੀ ਸੋਚ ਨੂੰ ਅਸਲੀ ਮਾਨਵੀ ਮੁੱਦਿਆਂ ਤੋਂ ਲਾਂਭੇ ਕਰਨ ਦੀਆਂ ਕੋਝੀਆਂ ਚਾਲਾਂ ਤੋਂ ਵੀ ਕਵੀ ਸੁਚੇਤ ਹੈ:

ਇਕਦਮ ਚੌਂਕ ਜਾਂਦਾ ਹੈ ਹਨੇਰਾ
ਨਵੇਂ ਨਾਅਰੇ ਘੜ੍ਹਦਾ ਹੈ
ਤੇ 'ਇਤਿਹਾਸ ਦੀ ਮੌਤ' ਦਾ
ਐਲਾਨ ਕਰਦਾ ਹੈ
ਫੁਕੋ ਹੋਰ ਚਾਂਭਲਦਾ ਹੈ
ਉਤਰ-ਆਧੁਨਿਕ ਤੇ ਸੰਰਚਨਾਵਾਦ
ਕਰਿੰਘੜੀ ਪਾਉਂਦੇ ਹਨ...।
ਨਵੇਂ ਨਵੇਂ ਸੰਦ ਤੇ ਹਥਿਆਰ
ਈਜਾਦ ਹੁੰਦੇ ਹਨ। (ਪੰਨਾ 81)

ਇਸ ਮਾਨਵ-ਵਿਰੋਧੀ ਚਿੰਤਨ ਦੇ ਬਰਾਬਰ ਕਵੀ ਲੋਕ-ਪੱਖੀ ਚਿੰਤਨ ਦਾ ਥੰਮ ਉਸਾਰਨ ਲਈ ਆਪਣੇ ਵਰਗਿਆਂ ਨੂੰ ਆਵਾਜ਼ ਵੀ ਮਾਰਦਾ ਹੈ:

ਓ ਕਵੀਆ!
ਝੋਲੇ 'ਚ ਲੈ ਕੇ ਅੱਧ-ਲਿਖੀਆਂ ਕਵਿਤਾਵਾਂ
ਮੱਥੇ 'ਚ ਵੱਜੇ ਜੰਗਲ ਦੇ ਬਿਗਲ ਲੈ ਕੇ
ਰਾਤਾਂ ਨੂੰ ਕਿੰਜ ਸੌਂ ਸਕਦਾ ਏਂ ਮੇਰੇ ਯਾਰ
ਦਾਂਤੇਵਾੜ ਦੀਆਂ
ਅਣ-ਸਸਕਾਰੀਆਂ ਲਾਸ਼ਾਂ 'ਤੇ ਤੁਰ ਕੇ
ਫਲਸਤੀਨੀ ਬੱਚਿਆਂ ਦੀਆਂ ਆਹਾਂ
ਕਿਉਂ ਨਹੀਂ ਬਣਦੀਆਂ
ਤੇਰੀਆਂ ਨਜ਼ਮਾਂ ਦੀਆਂ ਤਸ਼ਬੀਹਾਂ। (ਪੰਨਾ 83)

ਇਸ ਕਾਵਿ-ਸੰਗ੍ਰਿਹ ਵਿਚ ਆਇਆ 'ਜੰਗ' ਦਾ ਜ਼ਿਕਰ ਜੰਗ ਦੇ ਕਈ ਪਹਿਲੂਆਂ 'ਤੇ ਚਾਨਣਾ ਪਾਉਂਦਾ ਹੈ। ਜੀਵਨ ਦੇ ਹਰ ਖੇਤਰ ਵਿਚ ਜੰਗ ਲੜੀ ਜਾ ਰਹੀ ਹੈ। ਕੋਈ ਮਨੁੱਖ ਦੇ ਹੱਕ ਲੁੱਟਣ ਲਈ ਜੰਗ ਕਰ ਰਿਹਾ ਹੈ, ਕੋਈ ਆਪਣੇ ਹੱਕ ਖੋਹਣ ਵਾਸਤੇ। ਕਿਤੇ ਜੰਗ ਮਿਜ਼ਾਈਲਾਂ ਨਾਲ ਲੜੀ ਜਾ ਰਹੀ ਹੈ, ਕਿਤੇ ਕਲਮਾਂ ਨਾਲ। ਕਿਤੇ ਚਿੰਤਨ ਨਾਲ, ਕਿਤੇ ਨਾਅਰਿਆਂ ਨਾਲ। ਪਰ ਕਵੀ ਦੀ ਸੋਚ ਦਾ ਝੁਕਾਅ 'ਲੋਕ-ਪੱਖੀ' ਹੈ। ਉਸ ਨੂੰ ਯਕੀਨ ਹੈ, ਹਨੇਰਾ ਕਿੰਨਾ ਵੀ ਸੰਘਣਾ ਕਿਉਂ ਨਾ ਹੋਵੇ, ਜੁਗਨੂੰ ਆਪਣੇ ਚਾਨਣ ਨਾਲ ਸੂਹੀ ਇਬਾਰਤ ਲਿਖ ਹੀ ਜਾਂਦਾ ਹੈ। ਇਹ ਸੂਹੀ ਇਬਾਰਤ ਹੀ ਜਸ਼ਨ ਮਨਾਉਣ ਦਾ ਸਬੱਬ ਬਣ ਜਾਂਦੀ ਹੈ।

ਹਨੇਰੇ ਦਾ ਪੱਖ ਪੂਰਨ ਵਾਲੇ ਜੁਗਨੂੰ ਦੀ ਰੀਣ ਭਰ ਰੌਸ਼ਨੀ ਵੀ ਬਰਦਾਸ਼ਤ ਨਾ ਕਰਕੇ ਬੌਖਲਾ ਉਠਦੇ ਹਨ। ਇਹ ਉਨ੍ਹਾਂ ਦੇ ਅੰਦਰਲੇ ਖੋਖਲੇਪਨ, ਅਸੁਰੱਖਿਅਤ ਹੋਂਦ, ਧੌਂਸ ਗਵਾਚਣ ਦੇ ਡਰ ਨੂੰ ਹੀ ਪ੍ਰਗਟ ਕਰਦਾ ਹੈ। ਇਸ ਖੋਖਲੇਪਨ 'ਤੇ ਸਾਰਥਕ ਸੋਚ ਵਾਲੇ ਇਕ ਨਾ ਇਕ ਦਿਨ ਜਿੱਤ ਪ੍ਰਾਪਤ ਕਰ ਲੈਣਗੇ, ਇਹੀ ਕਵੀ ਦਾ ਵਿਸ਼ਵਾਸ ਹੈ:

ਨਵੇਂ ਫੁੱਲ ਧਰਤੀ 'ਤੇ ਹਮੇਸ਼ਾ ਖਿੜਦੇ ਨੇ
ਧਰਤੀ ਕਦੇ ਵੀ ਬਾਂਝ ਨਹੀਂ ਰਹਿੰਦੀ
ਜ਼ਿੰਦਗੀ 'ਚ ਜਦੋਂ ਮਿਲਦੇ ਨੇ
ਸਭ ਹੋਏ ਖੁਆਰ
ਤਾਂ ਧਰਤੀ ਲੋਰੀਆਂ ਗਾਉਂਦੀ ਏ
ਇਕ ਤੂੰ ਹੈਂ ਕਿ
ਅਜੇ ਵੀ ਇਤਿਹਾਸ ਦੀ ਮੌਤ ਦੇ
ਸੁਪਨੇ ਵੇਖ ਰਿਹਾ ਏਂ
ਟੁੱਟ ਰਿਹਾ ਹੈ ਤੇਰਾ ਤਲਿਸਮ
ਤੂੰ ਹੁਣ ਭਾਵੇਂ ਕਿੰਨੀਆਂ ਜੰਗਾਂ ਛੇੜ
ਸਮੇਂ ਦੀ ਕੁੱਖ ਵਿਚੋਂ
ਜਾਗ ਰਿਹਾ ਹੈ ਅਸਲੀ ਇਨਸਾਨ
ਕਿ ਜਾਗੇ ਬਿਨਾ ਕੋਈ ਚਾਰਾ ਹੀ ਨਹੀਂ ਹੈ।

'ਜੰਗ, ਜਸ਼ਨ ਤੇ ਜੁਗਨੂੰ' ਪੁਸਤਕ ਅੱਜ ਦੇ ਜੰਗੀ (ਅੰਦਰੂਨੀ ਅਤੇ ਬਾਹਰੀ) ਦੌਰ ਵਿਚ ਫੈਲੇ ਦਹਿਸ਼ਤ, ਖੌਫ, ਤਬਾਹੀ ਦੇ ਹਨੇਰੇ 'ਚ ਟਿਮਟਾਉਂਦੇ ਆਸ ਦੇ ਜੁਗਨੂੰ ਵਾਂਗ ਆਪਣੇ ਹਿੱਸੇ ਦੀ ਸੂਹੀ ਇਬਾਰਤ ਲਿਖਣ ਵਿਚ ਕਾਮਯਾਬ ਹੋਈ ਹੈ।

## ਸੁਖਵਿੰਦਰ ਕੰਬੋਜ ਦੀਆਂ ਕੁਝ ਕਵਿਤਾਵਾਂ

### ਬੱਚੇ ਤੇ ਹਥਿਆਰ

ਬੱਚੇ ਖੇਡ ਰਹੇ ਨੇ ਪਾਣੀ ਦੀਆਂ ਗੰਨਾਂ ਨਾਲ
ਇਕ ਦੂਜੇ ਦੇ ਸੰਗ-ਸਾਥ
ਬਿਲਕੁਲ ਦੋ ਦੇਸ਼ਾਂ ਦੀ ਲੜਾਈ ਵਾਂਗ
ਇਕ ਹੱਲਾ ਬੋਲਦਾ ਹੈ
ਦੂਜਾ ਜਵਾਬੀ ਫਾਇਰ ਕਰਦਾ ਹੈ
ਤੀਜਾ ਮਨਾਉਣ ਲਈ ਆ ਰਿਹੈ
ਯੂ. ਐਨ. ਓ. ਦੇ ਵਾਂਗ
ਕੋਈ ਪੱਛਮ ਵੱਲੋਂ ਕੋਈ ਪੂਰਬ ਵੱਲੋਂ
ਇਕ ਪਾਣੀ ਦੀ ਗੰਨ ਲਾਲ ਰੰਗ ਦੀ ਹੈ
ਤੇ ਦੂਜੀ ਬੈਂਗਣੀ
ਸੱਚੀ-ਮੁੱਚੀ ਦੁਸ਼ਮਣਾਂ ਦੇ ਵਾਂਗ
ਇਕ ਜਣਾ ਮਰ ਜਾਂਦਾ ਹੈ ਝੂਠੀ-ਮੂਠੀ...
ਨਹੀਂ ਜਾਣਦੇ ਪਾਣੀ ਦੀ ਜਗ੍ਹਾ
ਉਨ੍ਹਾਂ ਦੀਆਂ ਗੰਨਾਂ ਵਿਚ
ਕਿਸੇ ਨੇ ਅਛੋਪਲੇ ਜਿਹੇ ਬਾਰੂਦ ਭਰ ਜਾਣਾ ਹੈ
ਤੇ ਦੁਨੀਆਂ ਦੇ ਕਿਸੇ ਵੀ ਖਿੱਤੇ 'ਚੋਂ
ਝੰਡਿਆਂ 'ਚ ਲਿਪਟੀ ਉਨ੍ਹਾਂ ਦੀ ਲਾਸ਼ ਆਉਣੀ ਹੈ
ਜਿਨ੍ਹਾਂ ਦੇ ਅੰਗਾਂ-ਸਾਕਾਂ ਕੋਲ
ਰੋਣ ਦੀ ਵਿਹਲ ਵੀ ਨਹੀਂ ਹੋਣੀ
ਤੇ ਕੁਝ ਬੱਚਿਆਂ ਕੋਲ ਅੰਗਾਂ ਦੇ ਸਿਵਾ
ਬਿਸਾਖੀਆਂ ਨੇ ਹੋਣਾ ਹੈ
ਤੇ ਕੁਝ ਸਬੂਤਿਆਂ ਦੀਆਂ ਛਾਤੀਆਂ 'ਤੇ
ਤਮਗਿਆਂ ਨੇ ਸਜਣਾ ਹੈ
ਤੇ ਉਹ!
ਜੋ ਜੰਗ ਵਿਚ ਕਦੇ ਨਹੀਂ ਗਿਆ
ਜਿਸ ਸਿਰਫ ਵੋਟਾਂ ਦੇ ਫੋਕੇ ਫਾਇਰ ਕੀਤੇ
ਉਸ ਨੇ ਉਨ੍ਹਾਂ ਦੀ ਬਹਾਦਰੀ ਦਾ ਗੀਤ
ਵਿਲਕ ਰਹੀ ਪੌਣ ਵਿਚ ਗਾਉਣਾ ਹੈ
ਕੀ ਬੱਚਿਆਂ ਦਾ ਧਰਤ ਉਪਰ
ਇਹ ਹੀ ਆਉਣਾ ਹੈ!

---

### ਸਮਾਂ ਤੇ ਸਥਾਨ

ਮੇਰੇ ਸ਼ਹਿਰ 'ਤੇ ਰਾਤ
ਉਤਰਦੀ ਨਹੀਂ, ਪੈਂਦੀ ਹੈ ਬਿੱਜ ਵਾਂਗ
ਹਨੇਰਾ ਚਮਗਿੱਦੜ ਵਾਂਗ ਚਿੰਬੜਿਆ ਰਹਿੰਦੈ
ਰਾਤੀਂ ਵੀ, ਸਵੇਰੇ ਵੀ
ਸਦੀਆਂ ਤੋਂ ਚੁੱਪ-ਚਾਪ ਇਹ ਚਾਨਣ
ਕਿਹੜੀ ਤਲਾਸ਼ ਵਿਚ ਹੈ?
ਕਿਸ ਸੱਚ ਦੀ ਭਾਲ ਵਿਚ ਹੈ?
ਸੜਕਾਂ ਤੁਰਦੀਆਂ ਨਹੀਂ
ਭੱਜਦੀਆਂ ਹਨ ਸਰਪਟ
ਬੇਕਾਬੂ ਹੋਈ ਹਥਿਆਰਾਂ ਦੀ ਦੌੜ ਵਾਂਗ
ਗਾਉਂਦੇ ਹੋਏ ਗਾਲ੍ਹਾਂ ਕੱਢਦੇ ਰੈਪਰ ਦੀ ਆਵਾਜ਼
ਸਾਜ਼ਾਂ ਦੇ ਸ਼ੋਰ ਵਿਚ ਗੁੰਮ ਹੈ...
ਇਕ ਸ਼ੋਰ ਹੈ ਜੋ
ਕੰਨਾਂ ਨੂੰ ਚੀਰਦਾ ਹੈ ਲਗਾਤਾਰ
ਗੀਤ ਦੇ ਭਾਵ
ਭਾਵੇਂ ਪਿਆਰ ਦੀ ਵੀ ਗੱਲ ਕਰਦੇ ਨੇ
ਪਰ ਇਹ ਸੰਗੀਤ ਨਹੀਂ
ਕੰਨਾਂ 'ਤੇ ਹਮਲਾ ਹੈ ਕੇਵਲ...
ਕੋਈ ਜੰਗ ਨੂੰ ਜਾ ਰਿਹੈ
ਕੋਈ ਜੰਗ ਤੋਂ ਵਾਪਸ ਆ ਰਿਹੈ
ਕੋਈ ਛੋਟੇ-ਛੋਟੇ ਬੱਚਿਆਂ ਨੂੰ
ਸਕੂਲੇ ਕਤਲ ਕਰਦਾ ਹੈ
ਕੋਈ ਗੈਂਗ ਇਨੀਸ਼ੀਏਸ਼ਨ ਲਈ
ਕਤਲ ਕਰਦਾ ਹੈ
ਕਿਸ ਤਰ੍ਹਾਂ ਦੀ ਚੀਕ ਬੁਲਬੁਲੀ ਹੈ ਇਹ
ਮੈਂ ਜਿਨ੍ਹਾਂ ਹਨੇਰੇ ਵਕਤਾਂ 'ਚ ਰਹਿੰਦਾ ਹਾਂ
ਉਥੇ ਸ਼ਰਮ ਮਰ ਗਈ ਹੈ
ਤੇ ਧਰਮ!
ਕਦੋਂ ਦਾ ਖੁਦਕੁਸ਼ੀ ਕਰ ਗਿਆ ਹੈ
ਸਿਰਫ ਲਾਲਸਾ ਦੀ ਪਹਾੜੀ
ਉਚੀ ਹੋਰ ਉਚੀ ਹੋ ਰਹੀ ਹੈ
ਕਦੇ ਕਦੇ ਸੋਚਦਾ ਹਾਂ
ਮੈਨੂੰ ਹੀ ਕਿਉਂ
ਤੰਗ ਕਰਦੇ ਨੇ ਇਹ ਸਵਾਲ
ਵਕਤ ਦੇ ਸੀਨੇ 'ਚ ਸ਼ਾਇਦ
ਬਚਿਆ ਨਹੀਂ ਕੋਈ ਮਲਾਲ
ਸਿਰਫ ਮੇਰੀਆਂ ਕਿਤਾਬਾਂ
ਅਜੇ ਵੀ ਖੋਲ੍ਹਦੀਆਂ ਨੇ
ਮੇਰੇ ਲਈ ਸੱਜਰੇ ਜੀਣ-ਯੋਗ ਸੰਸਾਰ
ਮੈਂ ਇਸ ਸਭ ਕਾਸੇ ਦਾ
ਹਿੱਸਾ ਹੋਣ ਤੋਂ ਇਨਕਾਰ ਕਰਦਾ ਹਾਂ
ਇਸੇ ਲਈ ਮੈਂ ਸੱਚ ਦੀ ਭਾਲ ਲਈ
ਨਵੀਆਂ ਕਿਤਾਬਾਂ ਖਰੀਦਣ ਤੁਰ ਪਿਆ ਹਾਂ...।

---

### ਕਵਿਤਾ ਦੀ ਲਾਜ

ਮੈਂ ਦੇਖ ਲਈਆਂ ਨੇ
ਨਜ਼ਮਾਂ ਦੇ ਪੁਲਾਂ ਤੋਂ
ਥਰਥਰਾਉਂਦੀਆਂ ਡਿਗਦੀਆਂ ਕੱਚੀਆਂ ਤਸ਼ਬੀਹਾਂ
ਜਿਨ੍ਹਾਂ ਨੇ ਹੋਠ ਸਿਰਫ ਲਾਲ ਹੀ ਰੰਗੇ ਸਨ
ਉਹ ਸਮਿਆਂ ਦੇ ਪਹਿਲੇ ਮੀਂਹ 'ਚ ਹੀ
ਰੰਗੇ ਗਿੱਦੜ ਵਾਂਗ ਧੋਤੇ ਗਏ
ਉਚੀਆਂ ਪੰਚਮ ਸੁਰਾਂ ਦੇ ਸ਼ੋਰ ਵਿਚ
ਉਨ੍ਹਾਂ ਦੇ ਮਸਤਕ ਭੌਂਦੇ ਰਹੇ
ਤੇ ਬਾਲਾਂ ਦੀਆਂ ਮੁਸਕਾਨਾਂ ਤੋਂ
ਅੱਖ ਚੁਰਾ ਕੇ ਉਹ
ਕੇਵਲ ਕਬਰਾਂ ਵੱਲ ਹੀ ਵਧੇ
ਜਿਨ੍ਹਾਂ ਤੋਂ ਪੌਣ ਵੀ ਡਰਦੀ ਸੀ
ਤੇ ਬੱਦਲ ਉਨ੍ਹਾਂ ਤੋਂ ਪੁੱਛ ਕੇ ਵਰ੍ਹਦਾ ਸੀ
ਉਹ ਰੁੱਤਾਂ ਬਦਲਣ ਨਾਲ
'ਨਵੇਂ ਸੰਸਾਰ ਨਿਜ਼ਾਮ' ਲੱਭਦੇ ਰਹੇ
ਇਹ ਤਾਂ ਸਦੀਆਂ ਤੋਂ ਲਿਤਾੜੇ ਲੋਕ ਸਨ
ਜੋ ਮਾਰਕਸ ਜਾਂ ਉਤਰ-ਆਧੁਨਿਕਤਾ ਦੀ
ਪਰਵਾਹ ਕੀਤੇ ਬਿਨਾਂ
ਅੱਗੇ ਵਧਦੇ ਗਏ
ਹਾਲਾਂਕਿ ਰਸਤੇ 'ਚ ਮੱਕਾਰੀ ਵੀ ਸੀ
ਤੋਪਾਂ ਦਾ ਧੂੰਆਂ ਤੇ ਐਟਮ ਦਾ ਡਰ ਵੀ ਸੀ
ਉਨ੍ਹਾਂ ਦੇ ਦੁੱਖਾਂ ਨੇ
ਇਕ ਹੋਣ ਲਈ ਮਜਬੂਰ ਕੀਤਾ
ਤੇ ਇੰਜ
ਕਵਿਤਾ ਦੀ ਲਾਜ ਬਚੀ ਰਹੀ...।

---

### ਸ਼ਬਦ

ਤੁਸੀਂ ਮੇਰੇ ਹੱਥ ਖੋਹਣਾ ਚਾਹੁੰਦੇ ਹੋ
ਕਿਉਂਕਿ ਇਨ੍ਹਾਂ ਕੋਲ ਸ਼ਬਦ ਵੀ ਹਨ
ਤੇ ਬੰਦੂਕ ਵੀ ਹੈ
ਹਵਾ ਵਿਚ ਖਿੱਲਰੇ ਪਏ ਨੇ
ਮੇਰੇ ਸੁਰਖ ਇਤਿਹਾਸ ਦੇ ਵਰਕੇ
ਸਰਸਾ ਨਦੀ ਹੋਵੇ ਜਾਂ ਮੰਗੂਵਾਲ
ਉਨ੍ਹਾਂ ਹਮੇਸ਼ਾ ਖੋਹੀ ਹੈ
ਹੀਰਿਆਂ ਹਰਨਾਂ ਦੀ ਚਾਲ
ਹਵਾਨਾ ਹੋਵੇ ਜਾਂ ਅਰਜਨਟੀਨਾ
ਉਹ ਹਮੇਸ਼ਾ ਹੀ ਚਾਹੁੰਦੇ ਨੇ
ਸਾਡੇ ਹੱਥ ਖੋਹੇ ਜਾਣ
ਤੇ ਬਖਸ਼ ਦੇਣ ਸਾਨੂੰ
ਅਤਿ-ਆਧੁਨਿਕ ਬੈਸਾਖੀਆਂ
ਜੋ ਸਿਰਫ ਸਲਾਮ ਕਰਨਾ ਹੀ ਜਾਣਨ
ਉਹ ਚਾਹੁੰਦੇ ਨੇ ਸਾਡੇ ਹੱਥ ਜੇ ਉਠਣ
ਤਾਂ ਸਿਰਫ ਲੈਅ 'ਚ ਜੁੜੇ ਰਹਿਣ
ਇਸੇ ਲਈ ਉਹ ਨਵੇਂ-ਨਵੇਂ ਸਿੱਧਾਂਤਾਂ ਨਾਲ
ਉਲਝਾਉਂਦੇ ਨੇ ਸਾਨੂੰ
ਮੈਂ ਦੱਸਦਾ ਹਾਂ ਚੀਕ ਕੇ ਇਸ ਵਾਰ
ਕਿਉਂਕਿ ਸ਼ਾਂਤੀ ਤੇ ਸਹਿਜ ਨਾਲ
ਤਾਂ ਤੁਸੀਂ ਸੁਣਦੇ ਹੀ ਨਹੀਂ
ਗੋਲੀ ਵੀ ਦਾਗ ਸਕਦਾ ਹਾਂ
ਤੇ ਵਿੰਨ੍ਹ ਸਕਦਾ ਹਾਂ ਉਹ ਸਾਰੇ ਮਨਸੂਬੇ
ਜੋ ਤੁਸੀਂ ਮੇਰੇ ਕਤਲ ਲਈ ਚਿਤਵੇ ਹਨ...।



ਸ਼ੌਰਟ ਕੱਟ ਵਾਇਆ ਲੌਂਗ ਰੂਟ

12

ਅਮਰੀਕ ਸਿੰਘ ਬਲ
ਫੋਨ: 34602835897

# ਉਲਝੇ ਸੰਨਾਟੇ ਦੀ ਦਾਸਤਾਂ

*ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ ਬਾਰ੍ਹਵੀਂ ਕਿਸ਼ਤ ਹਾਜ਼ਰ ਹੈ। -ਸੰਪਾਦਕ*

ਉਜਾੜ ਫੈਕਟਰੀ ਦੇ ਹਨੇਰੇ, ਗੰਦੇ ਹੁੰਮਸ, ਬਦਬੂ ਭਰੇ ਕਮਰਿਆਂ ਵਿਚ ਲੱਗੇ ਜਾਲਿਆਂ ਵਿਚ ਫਸੇ-ਮਰੇ ਕੀਟ-ਪਤੰਗਿਆਂ ਵਾਂਗ ਅਸੀਂ ਵੀ ਸੋਚਾਂ ਦੇ ਗੁੰਝਲਦਾਰ ਜਾਲਿਆਂ 'ਚ ਉਲਝ ਕੇ ਰਹਿ ਗਏ ਸਾਂ। ਫਰਕ ਸਿਰਫ ਇੰਨਾ ਸੀ ਕਿ ਅਸੀਂ ਜਿਉਂਦੇ ਸਾਂ। ਕਾਇਦੇ-ਕਾਨੂੰਨ ਤਹਿਤ ਅਸੀਂ ਵੀ ਅਪਰਾਧੀ, ਨਾਜਾਇਜ਼ ਘੁਸਪੈਠੀਏ ਸਾਂ। ਜੇਲ੍ਹਾਂ ਵੀ ਕੱਟ ਰਹੇ ਸਾਂ। ਫਰਕ ਇਹ ਸੀ, ਅਸੀਂ ਕਿਸੇ ਦਾ ਨਿਜੀ ਨੁਕਸਾਨ ਨਹੀਂ ਸਾਂ ਕਰ ਰਹੇ। ਆਪਣੀ ਜ਼ਿੰਦਗੀ ਦਾਅ 'ਤੇ ਲਾਈ ਸੀ, ਉਹ ਵੀ ਮੰਦਰੀਂ-ਮਸੀਤੀਂ ਮੱਥੇ ਰਗੜ ਕੇ ਤੇ ਨੋਟਾਂ ਦੇ ਥੱਬੇ ਏਜੰਟਾਂ ਨੂੰ ਦੇ ਕੇ!

ਦਿਨ-ਰਾਤ 13 ਦਿਮਾਗਾਂ ਵਿਚ ਪਤਾ ਨਹੀਂ ਕੀ-ਕੀ ਸੋਚਾਂ ਤਰਥੱਲੀ ਮਚਾਈ ਰੱਖਦੀਆਂ! ਖਾਬਾਂ ਦਾ ਸਫਰ ਬੜਾ ਸਖਤ ਗੁਜ਼ਰ ਰਿਹਾ ਸੀ। ਖੌਰੇ ਹੋਰ ਕਿੰਨਾ ਵਕਤ ਲੱਗਣਾ ਸੀ!

ਮੁੱਦਤੋਂ ਬਿਨਾ ਪਲਕ ਝਪਕੇ ਚਲਨਾ ਪੜਤਾ ਹੈ
ਖਾਬੋਂ ਕਾ ਸਫਰ ਐਸਾ ਹੀ ਹੂਆ ਕਰਤਾ ਹੈ।

ਪੈਂਤੀ-ਚਾਲੀ ਦਿਨਾਂ ਵਿਚ ਸਿਰਫ 3-4 ਦਿਨ ਹੀ ਨਹਾਤੇ ਸਾਂ। ਵਾਲ-ਦਾੜ੍ਹੀਆਂ ਰੁੱਖੇ-ਸੁੱਕੇ ਬੁਰੀ ਤਰ੍ਹਾਂ ਖਿਲਰੇ-ਬਿਖਰੇ ਰਹਿੰਦੇ। ਕੱਪੜੇ ਉਹੀ ਕਾਲੇ-ਪੀਲੇ, ਬਦਬੋ ਮਾਰਦੇ। ਮੇਰੀ ਸਫੇਦ ਟੀ-ਸ਼ਰਟ ਕਈ ਰੰਗ ਬਦਲ ਗਈ ਸੀ: ਮਿੱਟੀ ਰੰਗਾ, ਪੀਲਾ, ਘਸਮੈਲਾ...। ਸਾਰੇ ਅਨਚਾਹੇ ਰੰਗ ਘੁਲ-ਮਿਲ ਕੇ ਟੀ-ਸ਼ਰਟ 'ਤੇ ਇੰਜ ਚਿਪਕ ਗਏ ਸਨ, ਜਿਵੇਂ ਮੇਰੇ ਨਸੀਬਾਂ ਦੀ ਚਾਦਰ, ਦੁਖ-ਦਰਦ, ਭੁੱਖ-ਪਿਆਸ, ਤਕਲੀਫਾਂ, ਖੌਫ ਅਤੇ ਅੱਖਾਂ 'ਚੋਂ ਕਿਰੇ ਅੱਥਰੂਆਂ ਨਾਲ ਲਿਬੜੀ ਪਈ ਸੀ।

ਅਗਲੇ ਦਿਨ 3 ਕੁ ਵਜੇ ਮੋਟੇ ਟੁੰਡੇ ਦਾ ਸਾਲਾ ਡੱਬੇ ਵਿਚ ਦਾਲ, ਪਾਣੀ ਦੀ ਬੋਤਲ ਅਤੇ 13 ਖੋਬਸ ਲਿਆਇਆ। ਅਸੀਂ ਖਾਣੇ 'ਤੇ ਇੰਜ ਝਪਟੇ ਜਿਵੇਂ ਮੁਰਦੇ ਨੂੰ ਜ਼ਿੰਦਗੀ ਮਿਲ ਗਈ ਹੋਵੇ। 'ਕੱਲੇ 'ਕੱਲੇ ਨੂੰ 100 ਕੁ ਗਰਾਮ ਦਾਲ, ਇੱਕ ਇੱਕ ਖੋਬਸ ਅਤੇ ਦੋ-ਤਿੰਨ ਘੁੱਟਾਂ ਪਾਣੀ। ਬੱਸ, ਆਸਰਾ ਜਿਹਾ ਹੋ ਜਾਂਦਾ ਸੀ। ਅੱਧਾ ਅੱਧਾ ਬਰੈਡ ਰਾਤ ਜਾਂ ਸਵੇਰ ਲਈ ਬਚਾ ਲਿਆ ਜਾਂਦਾ- ਅਗਲੇ ਰੋਜ਼ ਪਤਾ ਨਹੀਂ ਖਾਣਾ ਮਿਲਣਾ ਸੀ ਜਾਂ ਨਹੀਂ! ਰਾਤ ਤਕ ਬਚਿਆ-ਖੁਚਿਆ ਪਾਣੀ ਵੀ ਮੁੱਕ ਗਿਆ। 24 ਘੰਟੇ ਬਾਅਦ ਫਿਰ ਓਨੀ ਹੀ ਮਿਕਦਾਰ 'ਚ ਖਾਣਾ-ਪਾਣੀ ਆਇਆ, ਤਾਂ ਅਸੀਂ ਇਤਰਾਜ਼ ਕੀਤਾ। ਫਿਰ ਫੋਨ 'ਤੇ ਖਾਨ ਨੂੰ ਵੀ ਬਦਤਰ ਇੰਤਜ਼ਾਮ ਬਾਰੇ ਦੱਸਿਆ। ਉਸ ਨੇ ਅਹਿਮਦ ਨੂੰ ਫਰਮਾਇਸ਼ੀ ਜਿਹੀਆਂ ਕੁਝ ਗਿਣੀਆਂ-ਚੁਣੀਆਂ ਗਾਲ੍ਹਾਂ ਕੱਢੀਆਂ ਤੇ ਦਿਲਾਸਾ ਦਿੱਤਾ ਕਿ ਕੁਝ ਦਿਨਾਂ 'ਚ ਹੀ ਅੱਗੇ ਭੇਜਿਆ ਜਾਵੇਗਾ। ਚਾਰਜਿੰਗ ਲਈ ਡੌਂਕਰ ਨੂੰ ਦਿਤਾ ਫੋਨ ਕਦੇ ਵਾਪਸ ਨਾ ਮਿਲਿਆ।

ਉਥੇ ਆਸ-ਪਾਸ ਖਾਣ-ਪੀਣ ਦੀਆਂ ਵਸਤਾਂ ਦੇ ਖਾਲੀ ਡੱਬੇ, ਪੈਕਟ, ਬੋਤਲਾਂ ਵਗੈਰਾ ਨਜ਼ਰੀ ਪੈਂਦੇ ਸਨ। ਪਹਿਲਾਂ ਵੀ ਕਈ ਗਰੁਪਾਂ ਵਾਲੇ ਮੁੰਡੇ ਇਥੇ ਵਕਤ ਗੁਜ਼ਾਰ ਕੇ ਗਏ ਹੋਣਗੇ। ਪਿੱਛੇ ਜੇਲ੍ਹਾਂ ਵਿਚ ਵੀ ਤੇ ਇਥੇ ਵੀ ਕੰਧਾਂ 'ਤੇ ਪੰਜਾਬੀ ਨਾਂ, ਦਰਦ ਭਰੀਆਂ ਸਤਰਾਂ, 'ਫਿਕਰ ਨਾ ਕਰੋ, ਘਬਰਾਓ ਨਾ...' ਜਿਹੇ ਉਕਰੇ ਅਲਫਾਜ਼ ਪੜ੍ਹਦੇ ਤਾਂ ਕੁਝ ਢਾਰਸ ਬੱਝਦਾ ਕਿ ਇਨ੍ਹਾਂ ਤਕਲੀਫਦੇਹ, ਦੁਖਦਾਈ ਹਾਲਾਤ ਵਿਚੋਂ ਅਸੀਂ ਇਕੱਲੇ ਨਹੀਂ ਸੀ ਗੁਜ਼ਰ ਰਹੇ। ਕਈ ਲੋਕ ਆਪੋ-ਆਪਣੇ ਹਿੱਸੇ ਦੇ ਦਰਦ ਫੱਕਦੇ ਪਹਿਲਾਂ ਵੀ ਇਥੋਂ ਲੰਘੇ ਸਨ।

ਉਸ ਰਾਤ ਪਿਆਸ ਨੇ ਬਿਲਕੁਲ ਹੱਥ ਖੜ੍ਹੇ ਕਰਵਾ ਦਿੱਤੇ ਤਾਂ ਮੈਂ ਤੇ ਬੰਟੀ ਅਰਬੀ ਬੋਤਲਾਂ ਚੁੱਕੀ ਪਿਛਲੇ ਪਾਸੇ ਉਜਾੜ ਵੱਲ ਨਿਕਲ ਗਏ। ਕਾਫੀ ਪਰ੍ਹੇ ਮੱਧਮ ਰੌਸ਼ਨੀ ਵਿਚ ਸ਼ਾਂਤ ਖੜ੍ਹੇ ਇੰਜਣ, ਮਸ਼ੀਨਾਂ, ਕਰੇਨਾਂ ਨਜ਼ਰ ਆਏ। ਸ਼ਾਇਦ ਕੋਈ ਫੈਕਟਰੀ ਉਸਰ ਰਹੀ ਸੀ। ਅੱਧ-ਭਰੇ ਡਰੰਮ ਵਿਚੋਂ ਅਸੀਂ ਤਿੰਨ ਬੋਤਲਾਂ ਪਾਣੀ ਭਰ ਕੇ ਪਾਣੀ ਪੀਤਾ, ਕੌੜਾ ਤੇ ਕਸੈਲਾ ਸਵਾਦ ਆਇਆ, ਪਰ ਇਹ ਸਬਰ ਦੇ ਘੁੱਟਾਂ ਨਾਲੋਂ ਕੁਝ ਬਿਹਤਰ ਸੀ। ਹਨੇਰੇ ਵਿਚ ਚੁਪ-ਚਾਪ ਵਾਪਸ ਮੁੜ ਆਏ। ਸਭ ਨੇ ਮੂੰਹ ਜਿਹਾ ਬਣਾ ਕੇ ਪਾਣੀ ਪੀਤਾ। ਸਵੇਰ ਦੀ ਲੋਅ 'ਚ ਪਾਣੀ ਦੇਖਿਆ ਤਾਂ ਦਿਲ ਦਹਿਲ ਗਏ। ਲੱਗਦਾ ਸੀ ਜਿਵੇਂ ਗੰਦੀ ਨਾਲੀ 'ਚੋਂ ਭਰਿਆ ਸੀ। ਕਾਈ ਅਤੇ ਮਰੇ ਕੀੜੇ-ਸੁੰਡੀਆਂ ਤਰ ਰਹੇ ਸਨ।

ਪੰਜਵੇਂ ਦਿਨ ਡੌਂਕਰ ਨਹੀਂ ਆਏ। ਕਮਜ਼ੋਰ ਜਿਸਮਾਂ 'ਤੇ ਲਟਕੇ ਉਦਾਸ, ਮਾਯੂਸ ਚਿਹਰੇ ਹੋਰ ਵੀ ਮੁਰਝਾਏ-ਨਿਰਾਸ਼ੇ ਲੱਗਣ ਲੱਗੇ। ਭੁੱਖ-ਪਿਆਸ ਨਾਲ ਆਂਦਰਾਂ ਉਸਲਵੱਟੇ ਖਾਣ ਲੱਗੀਆਂ।

ਮੈਂ ਉਠਿਆ, ਇੱਕ ਪਾਸੇ ਪੱਤੇਦਾਰ ਝਾੜੀਆਂ 'ਤੇ ਲੱਗੇ ਛੋਟੇ-ਛੋਟੇ ਫੁੱਲ ਤੋੜ ਕੇ ਖਾਣ ਲੱਗ ਪਿਆ। ਫੁੱਲ-ਪੱਤੇ ਕੁਝ ਕਸੈਲੇ ਜਿਹੇ ਸਨ, ਪਰ ਭੁੱਖ ਅੱਗੇ ਕੀ ਜ਼ੋਰ ਸੀ! ਰੱਜਿਆ ਤਾਂ ਨਹੀਂ ਸੀ ਜਾ ਸਕਦਾ, ਸੋ ਆਸਰਾ ਜਿਹਾ ਕਰ ਕੇ ਵਾਪਿਸ ਆ ਬੈਠਾ। ਬਾਕੀ ਜਣੇ ਵੀ ਭੁੱਖ ਨਾਲ ਤੜਫਦੇ, ਬੇਚੈਨ ਇਧਰ-ਉਧਰ ਵਿਚਰ ਰਹੇ ਸਨ। ਝੀਤਾਂ ਵਿਚੋਂ ਦੇਖਿਆ, ਤਾਂ ਦੋ ਜਣੇ ਉਹੀ ਫੁੱਲ-ਪੱਤੇ ਖਾ ਰਹੇ ਸਨ। ਕੁਲਦੀਪ ਟੈਂਪੂ ਨੂੰ ਕੂੜੇ ਦੇ ਢੇਰ ਵਿਚੋਂ ਬਰੈਡ ਦਾ ਟੁਕੜਾ ਅਤੇ ਦੋ ਕੁ ਘੁੱਟਾਂ ਕੋਕ ਦੀ ਬੋਤਲ ਲੱਭ ਪਈ ਸੀ। ਕਾਲਜੇ ਦਾ ਰੁੱਗ ਭਰਿਆ ਗਿਆ, ਨੇਤਰ ਸਿੱਲ੍ਹੇ ਹੋ ਗਏ-ਦੁਨੀਆਂ ਨੂੰ ਅੰਨ ਚੌਲ ਦੇਣ ਵਾਲੇ ਪੰਜਾਬੀ ਅੱਜ ਖੁਦ ਦਾਣੇ ਦਾਣੇ ਲਈ ਲੇਲ੍ਹੜੀਆਂ ਕੱਢ ਰਹੇ ਸਨ!

ਉਸ ਰਾਤ ਪ੍ਰਤਾਪ ਤੇ ਬੰਟੀ-2 ਬਗਲ ਵਾਲੇ ਪਾਸੇ ਬਣੇ ਪਾੜ ਥਾਣੀਂ ਦੂਜੀ ਉਜਾੜ ਵਲਗਣ ਵਿਚੋਂ ਲੰਘ ਕੇ ਸਾਹਮਣੇ ਸੜਕ 'ਤੇ ਪਹੁੰਚੇ। 150 ਕੁ ਮੀਟਰ ਪਰ੍ਹੇ ਪਟਰੋਲ ਪੰਪ 'ਤੇ ਸਟੋਰ ਤੋਂ ਬਰੈਡ-ਮੱਖਣ ਖਰੀਦ ਲਿਆਏ। ਪਾਣੀ ਵੀ ਟੂਟੀ ਤੋਂ ਭਰ ਲਿਆਂਦਾ। ਫਿਰ ਮੈਂ ਤੇ ਬੰਟੀ ਅਰਬੀ ਮੋਹਕਮ ਦੇ ਦਿੱਤੇ ਡਾਲਰਾਂ ਨਾਲ ਉਥੋਂ ਕੁਝ ਸਮਾਨ ਖਰੀਦ ਲਿਆਏ। ਇਉਂ ਡਰ ਤੇ ਧੁੜਕੂ ਜੋ ਦਿਲ ਵਿਚ ਸੀ, ਨਿਕਲ ਗਿਆ।

ਮੈਂ ਮੋਹਕਮ ਨਾਲ ਵਾਅਦਾ ਕੀਤਾ, ਖ਼ਰਚਾ ਅੱਧਾ ਅੱਧਾ ਹੋਵੇਗਾ, ਮੈਂ ਅੱਗੇ ਪੈਸੇ ਮੰਗਵਾ ਕੇ ਮੋੜ ਦਿਆਂਗਾ। ਇੱਕ ਦਿਨ ਪਹਿਲਾਂ ਮੋਹਕਮ ਤੋਂ 10 ਡਾਲਰ ਲੈ ਕੇ, ਖਾਣਾ ਲਿਆਉਣ ਲਈ ਅਲੀ ਨੂੰ ਦਿੱਤੇ ਸਨ, ਪਰ ਨਾ ਅਲੀ ਮੁੜਿਆ, ਨਾ ਖਾਣਾ, ਨਾ ਡਾਲਰ। ਫਿਲਹਾਲ ਖਾਣੇ ਦਾ ਮਸਲਾ ਸੁਲਝ ਗਿਆ ਸੀ। ਮੋਹਕਮ ਸਣੇ ਹੁਣ ਪ੍ਰਤਾਪ ਤੇ ਛਿੰਦੇ ਕੋਲ ਵੀ ਪੈਸੇ ਉਜਾਗਰ ਹੋ ਗਏ ਸਨ। ਰਲ ਮਿਲ ਕੇ ਗੁਜ਼ਾਰਾ ਚੱਲ ਰਿਹਾ ਸੀ। ਸਾਰਾ ਦਿਨ ਗੱਲਾਂ-ਬਾਤਾਂ, ਬਾਰਾਂ-ਟਾਹਣੀ ਖੇਡਦਿਆਂ ਜਾਂ ਫੈਕਟਰੀ ਵਿਚ ਚਹਿਲ-ਕਦਮੀ ਕਰਦਿਆਂ ਲੰਘਦਾ।

ਜੂੰਆਂ ਤੇ ਪਿੱਸੂ ਕੰਬਲਾਂ ਵਿਚੋਂ ਨਿਕਲ ਕੇ ਪਹਿਨੇ ਕੱਪੜਿਆਂ 'ਚ ਵੜ ਗਏ। ਜੂਆਂ ਦੀ ਇੱਕ ਸਿਫਤ ਜਾਂ ਮਿਹਰਬਾਨੀ ਸੀ ਕਿ ਵਾਲਾਂ ਵਿਚ ਨਹੀਂ ਸੀ ਪੈਂਦੀਆਂ। ਕੱਪੜਿਆਂ ਦੀਆਂ ਗੁਪਤ ਥਾਂਵਾਂ 'ਚ ਲੁਕ ਕੇ ਆਂਡੇ ਦਿੰਦੀਆਂ ਅਤੇ ਆਪਣੀ ਵੰਸ਼ਾਵਲੀ ਦੂਰ ਦੂਰ ਤਕ ਫੈਲਾ ਦਿੰਦੀਆਂ। ਰਾਤ ਨੂੰ ਜਦ ਲੰਮੇ ਪੈਂਦੇ ਤਾਂ ਜੂਆਂ ਵੀ ਆਪਣੀ ਸਲਤਨਤ, ਭਾਵ ਸਾਡੇ ਸਰੀਰਾਂ ਦੀ ਗਸ਼ਤ ਕਰਨ ਤੁਰ ਪੈਂਦੀਆਂ। ਸਫੇਦ ਰੰਗੀਆਂ ਜੂੰਆਂ ਜਦੋਂ ਤੁਰਦੀਆਂ ਤਾਂ ਨਫਰਤ ਉਬਾਲਾ ਮਾਰਦੀ, ਜਿਵੇਂ ਦੁਨੀਆਂ ਦੀ ਸਭ ਤੋਂ ਗਲੀਜ਼ ਸ਼ੈਅ ਪਿੰਡੇ 'ਤੇ ਰੀਂਗ ਰਹੀ ਹੋਵੇ!

ਦੋ-ਦੋ ਚਾਰ-ਚਾਰ ਕਰ ਕੇ ਅੱਗੇ ਜਾਣ ਦਾ ਸੁਣ ਕੇ ਅਸੀਂ ਲਾਟਰੀ ਸਿਸਟਮ ਨਾਲ ਫੈਸਲਾ ਕੀਤਾ ਕਿ ਕੌਣ ਪਹਿਲਾਂ ਜਾਵੇਗਾ ਤੇ ਕੌਣ ਬਾਅਦ ਵਿਚ। ਗਿਲੇ-ਸ਼ਿਕਵੇ ਦਾ ਸਵਾਲ ਨਹੀਂ ਸੀ। ਸੋਚਾਂ ਦੇ ਜਾਲਿਆਂ ਵਿਚ ਉਲਝੇ ਸੰਨਾਟਿਆਂ ਤੋਂ ਘਬਰਾ ਕੇ ਹਲਕਾ-ਫੁਲਕਾ ਹਾਸਾ-ਮਜ਼ਾਕ ਕਰਦੇ। ਬੀਤੇ ਸਮੇਂ ਦੀਆਂ ਗੱਲਾਂ, ਥੋੜ੍ਹੀ ਨੋਕ-ਝੋਕ, ਇਤਫਾਕ, ਹਮਦਰਦੀ ਨਾਲ 9-10 ਦਿਨ ਗੁਜ਼ਰ ਗਏ ਸਨ।

*ਉਨ੍ਹਾਂ ਦੀਆਂ ਅੱਖਾਂ 'ਚ ਖ਼ੁਦ ਲਈ ਤਰਸ ਵਾਲੇ ਭਾਵ ਦੇਖ ਕੇ ਮੇਰੀਆਂ ਕੰਬਦੀਆਂ ਉਂਗਲਾਂ ਚਿਹਰਾ ਟੋਹਣ ਲੱਗੀਆਂ। ਗੱਲ੍ਹਾਂ ਦੀਆਂ ਹੱਡੀਆਂ ਉਭਰ ਆਈਆਂ ਸਨ, ਥੋੜ੍ਹਾ ਉਚਾ ਦੰਦਾਂ ਦਾ ਬੀੜ ਜਾਪਿਆ, ਬੁੱਲ੍ਹਾਂ ਤੋਂ ਬਹੁਤ ਬਾਹਰ ਝਾਕਣ ਲੱਗ ਪਿਆ ਸੀ। ਚਮੜੀ ਖੁਸ਼ਕ ਤੇ ਪੇਤਲੀ ਪੈ ਗਈ ਸੀ। ਉਦਾਸ ਨਿਰਾਸ਼ ਨੇਤਰ। ਆਪਣੀ ਦੁਰਦਸ਼ਾ ਦੇ ਅਹਿਸਾਸ ਨਾਲ ਅੱਖਾਂ ਸਿੰਮ ਆਈਆਂ।... ਫਿਰ ਹੋਰ ਦੁੱਖ-ਸੁੱਖ ਸਾਂਝੇ ਹੋਏ। ਗੱਲਾਂ-ਬਾਤਾਂ ਦਾ ਸਿਲਸਲਾ ਜ਼ੋਰ ਫੜਦਾ ਗਿਆ। ਹੁਣ ਸਾਡੇ ਅੰਦਰ ਨਵਾਂ ਫ਼ਿਕਰ ਸਿਰ ਚੁੱਕਣ ਲੱਗਿਆ ਕਿ ਇਨ੍ਹਾਂ ਮੁੰਡਿਆਂ ਵਿਚੋਂ ਸਾਥੋਂ ਪਹਿਲਾਂ ਨਾ ਅੱਗੇ ਚਲੇ ਜਾਣ!...*

11ਵੇਂ ਦਿਨ ਅਚਾਨਕ ਬਾਹਰ ਭਗਦੜ ਜਿਹੀ ਸੁਣੀ। ਘਬਰਿਆਂ ਨੇ ਦੇਖਿਆ ਤਾਂ ਅਲਜੀਰੀਆ ਗਏ 25 ਮੁੰਡਿਆਂ ਵਿਚੋਂ 12-13 ਆ ਗਏ ਸਨ। ਮੋਟਾ ਅਹਿਮਦ ਉਨ੍ਹਾਂ ਨੂੰ ਬਾਰਡਰ ਤੋਂ ਲੈ ਕੇ ਆਇਆ ਸੀ। ਉਨ੍ਹਾਂ ਸਾਫ-ਸੁਥਰੇ ਕੱਪੜੇ ਪਹਿਨੇ ਹੋਏ ਸਨ। ਸਿਰ ਮੁੰਨੇ ਹੋਏ, ਚਿਹਰੇ ਭਰੇ ਹੋਏ। ਅਸੀਂ ਪਹਿਲਾਂ ਹੈਰਾਨ, ਫਿਰ ਖੁਸ਼, ਤੇ ਫਿਰ ਕੁਝ ਪ੍ਰੇਸ਼ਾਨ ਹੋਏ। ਹੁਣ ਇੰਨੇ ਜਣਿਆਂ ਵਿਚ ਪਤਾ ਨਹੀਂ ਕਦੋਂ ਅੱਗੇ ਜਾਣ ਦਾ ਨੰਬਰ ਲੱਗਣਾ ਸੀ!

ਹਾਲ-ਚਾਲ ਪਿਛੋਂ ਉਨ੍ਹਾਂ ਦੱਸਿਆ, "ਅਸੀਂ ਅਲਜੀਰੀਆ ਦੀ ਫੌਜ ਹੱਥ ਆ ਗਏ। ਉਥੇ 6-6 ਕਰ ਕੇ ਕਿਸੇ ਕਸਬੇ ਦੀਆਂ ਅਲੱਗ ਅਲੱਗ ਜੇਲ੍ਹਾਂ 'ਚ ਭੇਜ ਦਿੱਤਾ। ਖਾਣ-ਪੀਣ ਲਈ ਇੰਨਾ ਕੁਝ ਦਿੱਤਾ ਜਾਂਦਾ ਕਿ ਮੂੰਹ ਮੁੜ ਜਾਂਦੇ, ਫੌਜੀ ਧੱਕੇ ਨਾਲ ਖੁਆਉਂਦੇ। ਨਹਾਉਣਾ-ਧੋਣਾ ਖੁੱਲ੍ਹਾ। ਮੀਟ-ਆਂਡੇ, ਮੱਛੀ, ਬਰੈਡ, ਦਾਲਾਂ, ਮੱਖਣ, ਦੁੱਧ-ਚਾਹ, ਪਤਾ ਨਹੀਂ ਹੋਰ ਕੀ-ਕੀ ਮਿਲਦਾ ਰਿਹਾ ਸੀ।" ਅਚੰਭੇ ਤੇ ਸਦਮੇ ਨਾਲ ਸਭ ਦੇ ਮੂੰਹ ਤੇ ਅੱਖਾਂ ਅੱਡੇ ਗਏ। ਸੁਣ ਕੇ ਹੀ ਬੁਰੀ ਹਾਲਤ ਹੋ ਗਈ ਸੀ। ਜੇ ਇੱਕਦਮ ਸਭ ਕੁਝ ਸਾਡੇ ਸਾਹਮਣੇ ਆ ਜਾਂਦਾ ਤਾਂ ਕੋਈ ਵੱਡੀ ਗੱਲ ਨਹੀਂ ਸੀ, ਇੱਕ-ਅੱਧੇ ਦੀ ਦਿਲ ਦੀ ਧੜਕਣ ਰੁਕ ਜਾਂਦੀ ਜਾਂ ਇੱਕ-ਅੱਧਾ ਖੁਸ਼ੀ ਦੇ ਮਾਰੇ ਬੇਹੋਸ਼ ਹੋ ਜਾਂਦਾ! ਕਿਥੇ ਅਸੀਂ ਸੋਚਦੇ ਸੀ, ਅਲਜੀਰੀਆ ਨਹੀਂ ਗਏ, ਸ਼ੁਕਰ ਸੀ, ਬਚ ਗਏ; ਪਰ ਹੁਣ ਪਛਤਾ ਰਹੇ ਸਾਂ।

ਉਨ੍ਹਾਂ ਹੋਰ ਦੱਸਿਆ, "ਅਦਾਲਤ ਨੇ ਸਾਨੂੰ ਡੀਪੋਰਟ ਕਰਨ ਦਾ ਹੁਕਮ ਸੁਣਾਇਆ। ਐਨ ਵਕਤ 'ਤੇ ਮੁਨੀਰ ਨੇ ਸਾਨੂੰ ਫੌਜੀਆਂ ਹੱਥੋਂ ਲਿਜਾ ਕੇ (ਬੇਸ਼ਕ ਖਰੀਦ ਕੇ) ਆਪਣੇ ਘਰ ਵਿਚ ਸ਼ਰਣ ਦਿੱਤੀ। ਇੱਕ ਅੰਦਾਜ਼ਾ ਇਹ ਵੀ ਸੀ ਕਿ ਮੁਨੀਰ ਵੀ ਫੌਜੀ ਅਫਸਰ ਹੀ ਸੀ। ਹੁਣ ਸਭ ਦੀ ਕੀਮਤ ਉਸ ਨੇ ਖਾਨ ਤੋਂ ਵਸੂਲ ਕਰ ਲਈ ਹੋਵੇਗੀ। ਸਾਫ ਲਫਜ਼ਾਂ ਵਿਚ ਉਹ ਵੀ ਡੌਂਕਰ ਸੀ, ਰਸੂਖ ਵਾਲਾ, ਸਰਕਾਰੀ ਵਰਦੀ ਵਾਲਾ। ਮੁਨੀਰ ਨੇ ਵੀ ਸਾਡੀ ਉਹ ਸੇਵਾ ਕੀਤੀ, ਬਸ ਪੁੱਛੋ ਨਾ।... ਫਿਰ ਅਹਿਮਦ ਦੋ ਫੇਰਿਆਂ ਵਿਚ ਉਥੋਂ ਸਭ ਨੂੰ ਲੈ ਆਇਆ। ਬਾਕੀ ਮੁੰਡੇ ਉਸ ਨੇ ਘਰ ਵਿਚ ਰੱਖੇ ਹਨ।"

ਸਾਡੇ ਡਰਾਉਣੇ ਹਾਲਾਤ ਦੇਖ ਕੇ ਉਨ੍ਹਾਂ ਕਿਹਾ, "ਅਸੀਂ ਤਾਂ ਪਹਿਲਾਂ ਪਛਾਣਿਆ ਈ ਨਹੀਂ ਤੁਹਾਨੂੰ। ਕਮਜ਼ੋਰ, ਡਰਾਉਣੇ ਚਿਹਰੇ ਤੇ ਹਾਲ ਵੇਖ ਕੇ ਇੱਕ ਵਾਰ ਤਾਂ ਡਰ ਈ ਗਏ ਸਾਂ ਅਸੀਂ।"

ਉਨ੍ਹਾਂ ਦੀਆਂ ਅੱਖਾਂ 'ਚ ਖੁਦ ਲਈ ਤਰਸ ਵਾਲੇ ਭਾਵ ਦੇਖ ਕੇ ਮੇਰੀਆਂ ਕੰਬਦੀਆਂ ਉਂਗਲਾਂ ਚਿਹਰਾ ਟੋਹਣ ਲੱਗੀਆਂ। ਗੱਲ੍ਹਾਂ ਦੀਆਂ ਹੱਡੀਆਂ ਉਭਰ ਆਈਆਂ ਸਨ। ਚਮੜੀ ਖੁਸ਼ਕ ਤੇ ਪੇਤਲੀ ਪੈ ਗਈ ਸੀ। ਆਪਣੀ ਦੁਰਦਸ਼ਾ ਦੇ ਅਹਿਸਾਸ ਨਾਲ ਅੱਖਾਂ ਸਿੰਮ ਆਈਆਂ।

ਫਿਰ ਹੋਰ ਦੁੱਖ-ਸੁੱਖ ਸਾਂਝੇ ਹੋਏ। ਗੱਲਾਂ-ਬਾਤਾਂ ਦਾ ਸਿਲਸਲਾ ਜ਼ੋਰ ਫੜਦਾ ਗਿਆ। ਹੁਣ ਸਾਡੇ ਅੰਦਰ ਨਵਾਂ ਫਿਕਰ ਸਿਰ ਚੁੱਕਣ ਲੱਗਿਆ ਕਿ ਇਨ੍ਹਾਂ ਮੁੰਡਿਆਂ ਵਿਚੋਂ ਸਾਥੋਂ ਪਹਿਲਾਂ ਨਾ ਅੱਗੇ ਚਲੇ ਜਾਣ! ਸਾਡੇ ਪੁਰਾਣੇ ਸਾਥੀ ਹੀ ਸਾਡੇ ਵਿਰੋਧੀ ਬਣ ਚੱਲੇ ਸਨ। ਅਸੀਂ ਝੱਲੇ ਦੁੱਖਾਂ ਦੇ ਵਾਸਤੇ ਪਾ ਕੇ ਸਮਝਾਇਆ, "ਅਸੀਂ ਵਾਰੀਆਂ ਪਾ ਕੇ ਤੈਅ ਕੀਤਾ ਹੈ ਕਿ ਸਾਡੇ ਵਿਚੋਂ ਕਿਹੜਾ ਕਦੋਂ ਜਾਵੇਗਾ। ਸਾਡੇ ਹਾਲਾਤ 'ਤੇ ਤਰਸ ਕਰੋ, ਪਹਿਲਾਂ ਸਾਨੂੰ ਜਾ ਲੈਣ ਦਿਓ।" ਇਹ ਸੁਣਨ ਦੀ ਦੇਰ ਸੀ ਕਿ ਉਨ੍ਹਾਂ ਦੇ ਨਿਮਰ ਚਿਹਰੇ ਸਖ਼ਤ ਹੋ ਗਏ। ਉਨ੍ਹਾਂ ਸੁਰ ਰਲਾਏ, "ਡੌਂਕਰ ਜਿਨ੍ਹਾਂ ਨੂੰ ਕਹਿਣਗੇ, ਉਹੀ ਜਾਣਗੇ, ਕਿਸੇ ਲਈ ਅਸੀਂ ਕਿਉਂ ਪਿੱਛੇ ਰਹੀਏ।"

ਗਿਲੇ-ਸ਼ਿਕਵਿਆਂ ਅਤੇ ਰੋਹ ਦੀ ਅਦਿਖ ਕੰਧ ਖਮੋਸ਼ੀ ਦੇ ਰੂਪ 'ਚ ਨਵੇਂ-ਪੁਰਾਣੇ ਮੁੰਡਿਆਂ ਦਰਮਿਆਨ ਉਸਰ ਗਈ। ਦੋ ਗੁਟਾਂ ਵਿਚ ਹੁੰਦੀ ਘੁਸਰ-ਮੁਸਰ, ਚਾਲਾਂ-ਸਕੀਮਾਂ 'ਚ ਬਦਲ ਗਈ। ਇਹ ਵਿਉਂਤਬੰਦੀਆਂ ਉਦੋਂ ਸਾਹਮਣੇ ਆਈਆਂ ਜਦ ਅਗਲੇ ਰੋਜ਼ ਡੌਂਕਰਾਂ ਦੇ ਰੋਟੀ ਲਿਆਉਣ ਦਾ ਸਮਾਂ ਹੋ ਰਿਹਾ ਸੀ। ਡੌਂਕਰਾਂ ਦੀ ਨਿਸ਼ਚਿਤ ਸੀਟੀ ਦੀ ਆਵਾਜ਼ ਗੂੰਜੀ ਤਾਂ ਨਵੇਂ ਦੋ ਮੁੰਡੇ ਇਹ ਕਹਿ ਕੇ ਉਠੇ, "ਰੋਟੀ ਫੜ ਕੇ ਲਿਆਉਂਦੇ ਆਂ", ਪਰ ਇੱਕ ਮਿੰਟ ਬਾਅਦ ਇਕੱਲਾ ਅਲੀ ਰੋਟੀ ਲੈ ਕੇ ਆਉਂਦਾ ਦਿਸਿਆ। ਦੂਰੋਂ ਭੱਜੇ ਆਉਂਦੇ ਛਿਆਸੀ ਨੇ ਦੱਸਿਆ, "ਅਹਿਮਦ ਨਾਲ ਘਰੋਂ ਦੋ ਮੁੰਡੇ ਆਏ ਸੀ, ਤੇ ਦੋ ਜਣੇ ਚਲਾਕੀ ਨਾਲ ਇਥੋਂ ਨਿਕਲ ਗਏ। ਸਾਰੇ ਕਾਰ 'ਚ ਬੈਠ ਕੇ ਚਲੇ ਗਏ।" ਅਸੀਂ 13 ਜਣੇ ਰੋਣਹਾਕੇ ਹੋਏ ਇੱਕ ਦੂਜੇ ਦਾ ਮੂੰਹ ਦੇਖਦੇ ਰਹੇ। ਜੋ ਨਹੀਂ ਸੀ ਚਾਹੁੰਦੇ, ਉਹੀ ਹੋਣਾ ਸ਼ੁਰੂ ਹੋ ਗਿਆ ਸੀ। ਖਾਨ ਅਨੁਸਾਰ, ਉਨ੍ਹਾਂ ਚਾਰਾਂ ਨੂੰ 'ਸੈਟਿੰਗ' ਅਧੀਨ ਬੱਸ ਵਿਚ ਬਿਠਾ ਦੇਣਾ ਸੀ, ਜੋ ਮੋਰੱਕੋ ਦੀ ਰਾਜਧਾਨੀ ਰਬਾਤ ਜਾਣੀ ਸੀ। ਰਬਾਤ ਵਿਚ ਉਮਰ ਖਾਨ ਦਾ ਬੰਦਾ ਮੋਹਸਿਨ ਨੀਗਰੋ ਮੁੰਡਿਆਂ ਨੂੰ ਆਪਣੇ ਤਿੰਨ ਮੰਜ਼ਲਾ ਮਕਾਨ 'ਚ ਚੋਰੀ-ਛਿਪੇ ਸੰਭਾਲਦਾ ਸੀ। ਫਿਰ ਉਥੋਂ ਅੱਗੇ ਬੱਸਾਂ ਜ਼ਰੀਏ ਹੀ ਨਿਸ਼ਚਿਤ ਮੁੰਡੇ ਸਿਬਤਾ (ਸਪੇਨ) ਦੇ ਨੇੜਲੇ ਇਲਾਕਿਆਂ ਵਿਚ ਹੋਰ ਡੌਂਕਰਾਂ ਦੇ ਟਿਕਾਣਿਆ 'ਤੇ ਪਹੁੰਚਾਏ ਜਾਂਦੇ ਸਨ।



ਨਵੀਂ ਚਿੰਤਾ ਜਾਗੀ ਕਿ ਸਾਡਾ ਜਾਂ ਮੇਰਾ ਨੰਬਰ ਕਦੋਂ ਲੱਗੇਗਾ? ਬੱਸ ਜ਼ਰੀਏ ਤਾਂ ਸਾਫ-ਸੁਥਰੇ ਕੱਪੜੇ ਤੇ ਠੀਕ-ਠਾਕ ਹੁਲੀਏ ਵਾਲੇ ਹੀ ਜਾਣੇ ਸਨ। ਸਾਡੇ ਵਿਰੋਧੀ ਆਪਣੇ ਨਾਲ ਚੰਗੀ ਖਬਰ ਇਹ ਲਿਆਏ ਸਨ: ਪਿਛਲੇ ਪਾਸੇ ਥੋੜ੍ਹੀ ਦੂਰ ਸਾਫ ਪਾਣੀ ਦਾ ਨਾਲਾ ਵਗਦਾ ਹੈ। ਅਸੀਂ ਸ਼ੂਟ ਵੱਟ ਲਈ। ਨਾਲੇ 'ਚੋਂ ਜੀ ਭਰ ਕੇ ਪਾਣੀ ਪੀਤਾ, ਖੂਬ ਮਲ੍ਹ-ਮਲ੍ਹ ਨਹਾਤੇ, ਕੱਪੜੇ ਧੋਤੇ। ਪਹਿਲਾਂ ਇਸ ਦਾ ਪਤਾ ਹੁੰਦਾ ਤਾਂ ਇੰਨੀ ਪਿਆਸ ਤੇ ਗੰਦਗੀ ਕਿਉਂ ਹੰਢਾਉਂਦੇ। ਬੇਵਜ੍ਹਾ ਡਰ ਨੇ ਸਾਨੂੰ ਬਾਹਰ ਨਹੀਂ ਸੀ ਨਿਕਲਣ ਦਿੱਤਾ।

ਦੂਜੀ ਰਾਤ ਫਿਰ ਚਾਰ ਜਣੇ ਜਾਣੇ ਸੀ। ਸ਼ਾਮ ਢਲੇ ਅਲੀ ਖਾਣਾ ਦੇਣ ਆਇਆ। ਸਾਰੇ ਮੁੰਡੇ ਭੱਜ ਕੇ ਅਗਾਂਹ ਹੋਣ ਲੱਗੇ ਕਿ ਮੈਂ ਜਾਣਾ, ਮੈਂ ਜਾਣਾ। ਫਿਰ ਬਿਹਤਰ ਹੁਲੀਏ ਵਾਲੇ ਨਵੇਂ ਚਾਰ ਮੁੰਡੇ ਛਾਂਟ ਲਏ ਗਏ ਤਾਂ ਅਸੀਂ 13 ਜਣਿਆਂ ਨੇ ਰੌਲਾ ਪਾ ਦਿੱਤਾ। ਮਾਮਲਾ ਸਮਝ ਕੇ ਅਲੀ ਨੇ ਪਹਿਲੇ ਮੁੰਡਿਆਂ 'ਚੋਂ 4 ਨਗ ਲਿਜਾਣੇ ਮੰਨ ਲਏ। ਮੋਮਬੱਤੀ ਦੀ ਲੋਅ 'ਚ ਚਿਹਰਿਆਂ ਦੀ ਚੋਣ ਸ਼ੁਰੂ ਹੋ ਗਈ। ਮੇਰੇ ਹੱਥੋਂ ਉਸ ਨੂੰ 10 ਡਾਲਰ ਮਿਲੇ ਸਨ, ਸੋ ਪਹਿਲਾ ਨੰਬਰ ਮੇਰਾ ਲੱਗਾ। ਬੰਟੀ ਅਰਬੀ ਦੀ ਅਰਬੀ ਦੇ ਪ੍ਰਭਾਵ ਨੇ ਉਸ ਦਾ ਜਾਣਾ ਨਿਸ਼ਚਿਤ ਕਰ ਦਿੱਤਾ। ਛਿਆਸੀ-ਸਤਾਸੀ ਨੇ ਉਹਦੇ ਕੰਨਾਂ ਵਿਚ ਫੁਸਫੁਸਾਹਟ ਕੀਤੀ ਤਾਂ ਅਲੀ ਸਸ਼ੋਪੰਜ ਵਿਚੋਂ ਨਿਕਲ ਗਿਆ ਤੇ ਉਨ੍ਹਾਂ ਦੋਹਾਂ 'ਤੇ ਹੱਥ ਰੱਖ ਦਿੱਤਾ।

ਰਾਤ ਦੀ ਬੱਸ ਵਿਚ ਸਾਡਾ ਜਾਣਾ ਤੈਅ ਕਰ ਕੇ ਅਲੀ ਤੁਰ ਗਿਆ। ਮੈਨੂੰ ਕੁਝ ਹੌਸਲਾ ਹੋਇਆ, ਜਿਵੇਂ ਦਿਲ ਤੋਂ ਕੋਈ ਵੱਡਾ ਬੋਝ ਲਹਿ ਗਿਆ ਸੀ। ਮੈਂ ਮੋਹਕਮ ਦੇ ਕੰਨ ਵਿਚ ਫੂਕ ਮਾਰੀ, "10-20 ਡਾਲਰ ਦੇ ਕੇ ਨੰਬਰ ਲਵਾ ਲਈਂ, ਇਸ ਆਪੋਧਾਪ ਵਿਚ ਚੁੱਪ ਕਰ ਕੇ ਪਿੱਛੇ ਨਾ ਬੈਠਾ ਰਹੀਂ।" ਗੱਲ ਜਾਇਜ਼ ਨਹੀਂ ਸੀ, ਪਰ ਸਹੀ-ਗ਼ਲਤ ਦਾ ਫੈਸਲਾ ਕਿਸ ਦੇ ਹੱਥ ਸੀ? ਜਿਸ ਦਾ ਦਾਅ ਲੱਗਦਾ ਸੀ, ਉਹ ਲਾਉਂਦਾ ਸੀ।

ਰਾਤ ਦੇ ਨੌਂ ਕੁ ਵਜੇ ਡੌਂਕਰਾਂ ਦੇ ਇੰਤਜ਼ਾਰ ਵਿਚ ਬੈਠੇ ਸਾਂ, ਜਦੋਂ ਅਚਾਨਕ ਚਮਕੀਲੇ ਹੋਰਾਂ ਰੌਲਾ ਪਾ ਦਿੱਤਾ, "ਅਮਰੀਕ ਭੱਜ ਕੇ ਹੋ, ਅਲੀ ਨਾਲ ਹੋਰ ਬੰਦੇ ਨਿਕਲ ਚੱਲੇ ਆ...।" ਮੇਰੇ ਹੱਥ ਵਿਚ ਮੱਛੀ ਦੀ ਡੱਬੀ ਤੇ ਬਰੈਡ ਸੀ, ਦੂਜੇ ਹੱਥ ਵਿਚ ਜੁੱਤੀ ਫੜ ਕੇ ਫੁਰਤੀ ਨਾਲ ਉਠਿਆ ਤੇ ਹਨੇਰੇ ਵਿਚ ਪਿਛਵਾੜੇ ਵੱਲ ਦੌੜ ਲਾ ਦਿੱਤੀ। ਮੈਂ ਉਚੀ-ਉਚੀ ਅਲੀ ਨੂੰ ਆਵਾਜ਼ਾਂ ਮਾਰਦਾ ਪਿਛਲੀ ਕੰਧ ਕੋਲ ਪਹੁੰਚਾ ਤਾਂ ਦੇਖਿਆ, ਛਿਆਸੀ-ਸਤਾਸੀ ਦੇ ਨਾਲ ਬੰਟੀ-2 ਤੇ ਨੀਲਾ ਬਾਹਰ ਨਿਕਲ ਰਹੇ ਸਨ। ਮੇਰੇ ਪਿੱਛੇ-ਪਿੱਛੇ ਬੰਟੀ ਅਰਬੀ ਵੀ ਡਿੰਗਦਾ-ਢਹਿੰਦਾ ਪਹੁੰਚ ਗਿਆ ਸੀ।

ਪਹਿਲਾਂ ਨਾਲੇ ਤੋਂ ਪਾਣੀ ਲਿਆਉਣ ਹੋਰ ਜਣੇ ਜਾਂਦੇ ਸੀ, ਪਰ ਅੱਜ ਇਹ ਚਾਰੇ ਜਣੇ ਕੈਨੀਆਂ-ਬੋਤਲਾਂ ਲੈ ਕੇ ਤੁਰ ਗਏ ਸਨ। ਮੇਰੇ ਤਾਂ ਚਿੱਤ-ਚੇਤੇ ਵੀ ਨਹੀਂ ਸੀ, ਇੰਨੀ ਵੱਡੀ ਸਾਜ਼ਿਸ਼ ਹੋ ਰਹੀ ਸੀ। ਖੁਰਾਫਤੀ ਦਿਮਾਗ ਵਾਲਿਆਂ ਨੇ ਬਾਹਰੋ-ਬਾਹਰ ਹੀ ਅਲੀ ਨਾਲ ਤੁਰ ਜਾਣਾ ਸੀ।

ਮੈਂ ਤੇ ਬੰਟੀ ਨੇ ਪਹਿਲਾਂ ਅਲੀ ਨੂੰ ਸਮਝਾਇਆ, ਕੀ ਹੋ ਰਿਹਾ ਸੀ ਤੇ ਕੀ ਨਹੀਂ ਹੋ ਰਿਹਾ! ਫਿਰ ਉਨ੍ਹਾਂ ਚਾਰਾਂ ਨੂੰ ਲਾਹਨਤਾਂ ਪਾਈਆਂ। ਉਹ ਝੂਠੇ-ਸ਼ਰਮਿੰਦੇ ਹੋਏ ਚੁੱਪ ਰਹੇ। ਖ਼ੈਰ! ਫਿਰ ਪਹਿਲੇ ਚੁਣੇ ਚਾਰੇ ਬੰਦੇ ਅਲੀ ਨੇ ਬਾਹਰ ਖੜ੍ਹੀ ਕਾਰ ਵਿਚ ਲਿਜਾ ਬਿਠਾਏ। ਕਾਰ ਸ਼ਹਿਰ ਵੱਲ ਦੌੜ ਪਈ। ਅਹਿਮਦ ਟੁੰਡਾ ਕਾਰ ਚਲਾਉਂਦਾ ਅੱਗ-ਬਬੂਲਾ ਨਜ਼ਰ ਆ ਰਿਹਾ ਸੀ ਕਿ ਕੱਪੜੇ ਗੰਦੇ ਨੇ, ਹੁਲੀਏ ਬਦਤਰ ਹਨ। ਅਲੀ ਨੇ ਇਤਰ-ਫੁਲੇਲ ਵਾਲੀ ਸ਼ੀਸ਼ੀ ਚਾਰਾਂ 'ਤੇ ਖ਼ਤਮ ਕਰ ਛੱਡੀ ਸੀ।

ਨਿਸ਼ਚਿਤ ਜਗ੍ਹਾ 'ਤੇ ਇੰਤਜ਼ਾਰ ਤੋਂ ਬਾਅਦ ਇੱਕ ਬੱਸ ਰੁਕੀ। ਮੋਟੇ ਅਤੇ ਕਡੰਕਟਰ ਦੀ ਗਿੱਟ-ਮਿੱਟ ਹੋਈ। ਛਿਆਸੀ ਨੂੰ ਛੱਡ ਕੇ, ਸਾਨੂੰ ਤਿੰਨਾਂ ਨੂੰ ਪਿਛਲੀਆਂ ਸੀਟਾਂ 'ਤੇ ਚੁੱਪ ਰਹਿਣ ਦੀ ਹਦਾਇਤ ਦੇ ਕੇ ਬਿਠਾ ਦਿੱਤਾ ਗਿਆ। ਸ਼ਾਇਦ ਅਹਿਮਦ ਕੋਲ ਦੇਣ ਲਈ ਘੱਟ ਪੈਸੇ ਸਨ। ਅਸੀਂ ਬਿਨਾ ਟਿਕਟ ਬੈਠਣਾ ਸੀ, ਪਰ ਪੈਸੇ ਦੁਗਣੇ-ਤਿਗਣੇ ਦਿੱਤੇ ਗਏ ਹੋਣਗੇ। ਬੱਸ ਅਜੇ 10-12 ਕਿਲੋਮੀਟਰ ਵੀ ਨਹੀਂ ਸੀ ਗਈ, ਮੋਟੇ ਟੁੰਡੇ ਦੀ ਕਾਰ ਹਵਾ ਨਾਲ ਗੱਲਾਂ ਕਰਦੀ ਆ ਪਹੁੰਚੀ। ਛਿਆਸੀ ਨੂੰ ਬੱਸ ਵਿਚ ਚਾੜ੍ਹ ਕੇ ਉਹ ਪਰਤ ਗਏ। ਉਨ੍ਹਾਂ ਫੁਰਤੀ ਨਾਲ ਹੋਰ ਪੈਸਿਆਂ ਦਾ ਇੰਤਜ਼ਾਮ ਕਰ ਲਿਆ ਸੀ। ਅਸੀਂ ਚੁੱਪ-ਚਾਪ ਖਿੜਕੀ ਦੇ ਪਰਦੇ ਤਾਣ ਕੇ ਬੈਠੇ ਰਹੇ।

ਅਚਾਨਕ ਦਿਮਾਗ ਵਿਚ ਸੋਚ ਆਈ, ਮੋਹਕਮ ਨੂੰ ਪਿੱਛੇ ਛੱਡ ਕੇ ਮੈਂ ਪਹਿਲਾਂ ਆਪਣਾ ਸੋਚਿਆ ਸੀ! ਫਿਰ ਖ਼ੁਦ ਨੂੰ ਸੰਗੀਨ ਗੁਨਾਹਗਾਰ ਮਹਿਸੂਸ ਕਰਨ ਤੋਂ ਪਹਿਲਾਂ ਹੀ ਮੈਂ ਸਫਾਈ ਲੱਭ ਲਈ ਕਿ ਉਸ ਕੋਲ ਰਿਸ਼ਵਤ ਲਈ ਹੋਰ ਪੈਸੇ ਸਨ। ਫਿਰ ਮੈਂ ਨਾ ਜਾਂਦਾ ਤਾਂ ਕੀ ਪੱਕਾ ਸੀ ਕਿ ਡੌਂਕਰ ਮੋਹਕਮ ਨੂੰ ਹੀ ਲੈ ਕੇ ਜਾਂਦੇ! ਸਭ ਕੁਝ ਅਚਾਨਕ ਤੇ ਸੰਜੋਗਵਸ ਹੋਇਆ ਸੀ। ਮੋਹਕਮ ਬਾਰੇ ਸੋਚਣ ਤੋਂ ਬਾਅਦ ਹੁਣ ਮੈਨੂੰ ਖ਼ੁਦ ਨਾਲ ਸ਼ਿਕਵਾ ਜਿਹਾ ਹੋਣ ਲੱਗਾ ਸੀ। ਕੁਝ ਅਸਹਿਜਤਾ ਅਤੇ ਬੁਰਾ ਮਹਿਸੂਸ ਕਰ ਰਿਹਾ ਸਾਂ। ਫਿਰ ਸੋਚ ਅਗਾਂਹ ਵੱਲ ਦੌੜੀ। ਬੱਸ ਰਬਾਤ ਬੱਸ ਅੱਡੇ ਪਹੁੰਚੇਗੀ ਤਾਂ ਡੌਂਕਰ ਮੋਹਸਿਨ ਹਬਸ਼ੀ ਤੈਅਸ਼ੁਦਾ ਜਗ੍ਹਾ (ਪੈਟਰੋਲ ਪੰਪ) ਤੋਂ ਆਪਣੇ ਘਰ ਲੈ ਜਾਵੇਗਾ। ਫਿਰ ਜਿੰਨੀ ਜਲਦ ਮੁਮਕਿਨ ਹੋਵੇਗਾ, ਅੱਗੇ ਡੌਂਕਰਾਂ ਕੋਲ ਭੇਜ ਦੇਵੇਗਾ ਜੋ ਕੁਝ ਕੁ ਦਿਨਾਂ ਵਿਚ ਸਪੇਨ ਐਂਟਰ ਕਰਵਾ ਦੇਣਗੇ।

ਮੰਜ਼ਿਲ ਦੀਆਂ ਦੂਰੀਆਂ ਘਟਣੀਆਂ ਸ਼ੁਰੂ ਹੋ ਗਈਆਂ ਸਨ। ਸਭ ਕੁਝ ਆਸਾਨ ਲੱਗਣ ਲੱਗਾ। ਖ਼ੁਦ ਨੂੰ ਉਤਸ਼ਾਹਤ ਤੇ ਹਲਕਾ-ਹਲਕਾ ਮਹਿਸੂਸ ਕੀਤਾ। ਆਪਣੀ ਗੰਦੀ ਟੀ-ਸ਼ਰਟ ਕਾਲੀ ਜੈਕੇਟ ਥੱਲੇ ਲੁਕੋਈ, ਰੁੱਖੇ ਵਾਲਾਂ ਵਿਚ ਉਂਗਲਾਂ ਦੀ ਕੰਘੀ ਫੇਰੀ, ਦਾੜ੍ਹੀ ਦਬਾ-ਦਬਾ ਕੇ ਸੈੱਟ ਕੀਤੀ ਅਤੇ ਆਲੇ-ਦੁਆਲੇ ਅਜਨਬੀਆਂ 'ਤੇ ਨਜ਼ਰ ਮਾਰੀ। ਕਿਸੇ ਦਾ ਵੀ ਧਿਆਨ ਸਾਡੇ ਵੱਲ ਨਹੀਂ ਸੀ, ਸਭ ਠੀਕ ਸੀ! ਮੈਂ ਤਸੱਲੀ ਜਿਹੀ ਨਾਲ ਸਿਰ ਨੂੰ ਜੁੰਬਿਸ਼ ਦਿੱਤੀ, ਅੱਖਾਂ ਮੀਟ ਕੇ ਰਾਹਤ ਦਾ ਮੀਲ ਲੰਮਾ ਸਾਹ ਲੈ ਕੇ ਛੱਡਿਆ ਤੇ ਬੇ-ਫਿਕਰੀ ਨਾਲ ਸੀਟ 'ਤੇ ਢੋਹ ਲਾ ਕੇ ਪਸਰ ਗਿਆ।

*(ਚਲਦਾ)*

# ਸਮੇਂ ਸਮੇਂ ਦੀਆਂ ਗੱਲਾਂ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਰਹੀ ਵਾਸਤੇ ਘੱਤ
ਸਮੇਂ ਨੇ ਇੱਕ ਨਾ ਮੰਨੀ।
ਫੜ ਫੜ ਰਹੀ ਧਰੀਕ
ਸਮੇਂ ਖਿਸਕਾਈ ਕੰਨੀ।
ਕਿਵੇਂ ਨ ਸੱਕੀ ਰੋਕ
ਅਟਕ ਜੋ ਪਾਈ ਭੰਨੀ।
ਤ੍ਰਿੱਖੇ ਅਪਣੇ ਵੇਗ
ਗਿਆ ਟੱਪ ਬੰਨੇ ਬੰਨੀ।

ਸਮੇਂ ਦੀ 'ਚੱਲ ਸੋ ਚੱਲ' ਖਾਸੀਅਤ ਤੋਂ ਹਾਸਿਲ ਹੋਇਆ, ਇਹ ਹੈ ਭਾਈ ਵੀਰ ਸਿੰਘ ਦਾ ਸੰਦੇਸ਼। ਸਮਾਂ ਲਗਾਤਾਰ ਅੱਗੇ ਨੂੰ ਚਲਦਾ ਰਹਿੰਦਾ ਹੈ, ਭੂਤਕਾਲ ਤੋਂ ਵਰਤਮਾਨ ਹੁੰਦਾ ਹੋਇਆ ਭਵਿੱਖ ਵੱਲ। ਮਨੁੱਖ ਦੇ ਅਨੁਭਵ ਅਨੁਸਾਰ ਇਹ ਕਦੇ ਪਿਛੇ ਨਹੀਂ ਮੁੜਦਾ। ਕੌਣ ਹੈ, ਜੋ ਅਤੀਤ ਵਿਚ ਹੰਢਾਏ ਸੁਖਦਾਈ ਪਲਾਂ ਨੂੰ ਮੁੜ ਮਾਣਨਾ ਨਹੀਂ ਚਾਹੁੰਦਾ? ਸਮੇਂ ਦਾ ਸੰਕਲਪ ਬਹੁਤ ਜਟਿਲ ਹੈ, ਜੇ ਇਸ ਦੇ ਵਿਗਿਆਨਕ ਪੱਖਾਂ ਵੱਲ ਜਾਈਏ ਤਾਂ ਮਹਾਤੜ ਦੇ ਪਿੜ ਪੱਲੇ ਘੱਟ ਹੀ ਕੁਝ ਪਵੇਗਾ। ਅਖੇ ਅੰਤਰਿਕਸ਼ (ਪੁਲਾੜ) ਦੇ ਤਿੰਨ ਪਸਾਰਾਂ ਦੇ ਨਾਲ ਸਮਾਂ ਚੌਥਾ ਪਸਾਰ ਹੈ; ਸਮਾਂ, ਅੰਤਰਿਕਸ਼ ਅਤੇ ਮਾਦਾ ਇਕ ਦੂਜੇ ਨਾਲ ਜੁੜੇ ਹੋਏ ਹਨ। ਹੋਰ ਸੁਣੋ, ਸਮਾਂ ਤੇ ਅੰਤਰਿਕਸ਼ ਦਾ ਪਸਾਰਾ ਸ਼ੁਰੂ ਹੀ ਮਹਾਂਵਿਸਫੋਟ ਨਾਲ ਹੋਇਆ, ਫਿਰ ਪਹਿਲਾਂ ਕੀ ਸੀ?

ਵਿਗਿਆਨੀ, ਦਾਰਸ਼ਨਿਕ, ਧਰਮਵੇਤਾ ਆਦਿ ਆਪਣੇ ਆਪਣੇ ਵਿਸ਼ੇ ਦੇ ਉਦੇਸ਼ ਅਨੁਸਾਰ ਕਿਸੇ ਵੀ ਸੰਕਲਪ ਦੀ ਵਿਆਖਿਆ ਕਰਦੇ ਹਨ ਪਰ ਭਾਸ਼ਾ-ਵਿਗਿਆਨੀ ਸ਼ਬਦ ਦੀ ਆਮ ਸਮਝ ਨੂੰ ਹੱਥ ਪਾਉਂਦਾ ਹੈ। ਮਨੁੱਖ ਦਾ ਜੀਵਨ ਸੀਮਤ ਹੈ, ਜਿਸ ਦੌਰਾਨ ਘਟਨਾਵਾਂ ਵਾਪਰਦੀਆਂ ਹਨ-ਇਕ ਤੋਂ ਬਾਅਦ ਇਕ। ਮਨੁੱਖ ਆਪਣੇ ਆਪ ਤੇ ਹੋਰਨਾਂ ਨੂੰ ਬਚਪਨ, ਜਵਾਨੀ, ਬੁਢਾਪੇ ਅਤੇ ਹੋਣ ਵਾਲੀ ਮੌਤ ਵਿਚੋਂ ਗੁਜ਼ਰਦਿਆਂ ਦੇਖਦਾ ਹੈ ਤੇ ਨਾਲ ਹੀ ਇਹ ਵੀ ਪ੍ਰਤੀਤ ਕਰਦਾ ਹੈ ਕਿ ਇਹ ਕਦੇ ਦੁਹਰਾਏ ਨਹੀਂ ਜਾਂਦੇ। ਇਸ 'ਮਜਬੂਰੀ' ਦਾ ਨਾਂ ਹੀ ਸਮਾਂ ਹੈ। ਸਮਾਂ ਇਕ ਵਹਿਣ ਦੀ ਨਿਆਈਂ ਹੈ।

ਦਿਲਚਸਪ ਗੱਲ ਹੈ ਕਿ 'ਸਮਾਂ' ਸ਼ਬਦ ਪੰਜਾਬੀ ਵਿਚ ਬਹੁਤਾ ਨਹੀਂ ਬੋਲਿਆ ਜਾਂਦਾ। ਮੈਨੂੰ ਹੈਰਾਨੀ ਹੋਈ ਕਿ ਕਿਸੇ ਗੁਰੂ ਸਾਹਿਬ ਨੇ ਇਹ ਸ਼ਬਦ ਨਹੀਂ ਵਰਤਿਆ। 'ਮਹਾਨ ਕੋਸ਼' ਨੇ ਰਸਮਪੂਰਤੀ ਵਜੋਂ 'ਸਮਯ' ਸ਼ਬਦ ਲਿਆ ਹੈ ਪਰ ਸਿੱਖ ਦਰਸ਼ਨ ਵਿਚ ਇਸ ਦੀ ਵਰਤੋਂ ਦੀ ਮਿਸਾਲ ਨਹੀਂ ਦੇ ਸਕਿਆ। ਸੂਫੀ ਤੇ ਕਿੱਸਾ ਕਾਵਿ ਵਿਚ ਵੀ ਮੈਨੂੰ ਇਹ ਸ਼ਬਦ ਰੜਕਿਆ ਨਹੀਂ।

ਅਸੀਂ ਆਪਣੇ ਦੌਰ ਦੀ ਗੱਲ ਹੀ ਕਰ ਲੈਂਦੇ ਹਾਂ। ਸਮਾਂ ਸ਼ਬਦ ਤੋਂ ਢੇਰ ਸਮੇਂ ਬਾਅਦ ਸਾਡੇ ਕੋਲ ਆਇਆ ਸ਼ਬਦ ਟਾਈਮ ਅਸੀਂ ਟੈਮ ਦੇ ਰੂਪ ਵਜੋਂ ਖੂਬ ਵਰਤਦੇ ਹਾਂ। ਸਮੇਂ ਸਮੇਂ ਦੀਆਂ ਗੱਲਾਂ, ਹੁਣ ਸਮੇਂ ਦਾ ਨਹੀਂ ਟੈਮ ਦਾ ਸਮਾਂ ਹੈ-ਕੀ ਟੈਮ ਹੋ ਗਿਆ? ਪਾਠ ਕਰਨ ਦਾ ਤਾਂ ਟੈਮ ਹੀ ਨਹੀਂ ਮਿਲਦਾ, ਅੰਗਰੇਜ਼ਾਂ ਦੇ ਟੈਮ ਚੰਗੇ ਸੀ। ਸਮਾਂਬੱਧ ਡਿਊਟੀ 'ਤੇ ਜਾਣ ਨੂੰ ਦੇਸੀ ਟੈਮ ਚੁੱਕਣਾ ਕਹਿੰਦੇ ਹਨ। ਟੈਮ ਕੱਢਣਾ, ਟੈਮ ਲਾਉਣਾ, ਟੈਮ ਦੇਣਾ, ਟੈਮ ਪਾਸ ਕਰੀ ਜਾਣਾ, ਟੈਮ ਟੈਮ ਦੀਆਂ ਗੱਲਾਂ-ਉਕਤੀਆਂ ਵੀ ਚਲਦੀਆਂ ਹਨ। ਸ਼ਾਇਦ ਅੰਗਰੇਜ਼ਾਂ ਦੇ ਰਾਜ ਸਮੇਂ ਘੜੀ ਦੇ ਪ੍ਰਚਲਿਤ ਹੋਣ ਨਾਲ ਟੈਮ ਸ਼ਬਦ ਅਛੋਪਲੇ ਹੀ ਸਾਡੀਆਂ ਭਾਸ਼ਾਵਾਂ ਵਿਚ ਘੁਸ ਗਿਆ। ਕਵਿਤਾ, ਗੀਤਾਂ ਅਤੇ ਟੋਟਕਿਆਂ ਵਿਚ ਟੈਮ ਸ਼ਬਦ ਸਹਿਜੇ ਹੀ ਵਰਤਿਆ ਜਾ ਰਿਹਾ ਹੈ, 'ਸਾਧ ਦਾ ਨਾ ਟੈਮ ਲੰਘੇ ਭੰਗ ਤੋਂ ਬਿਨਾ।'



ਅਮਿਤੋਜ ਦੀ ਖੂਬਸੂਰਤ ਕਵਿਤਾ ਡਿਕਲੀਗ੍ਰਾਮਾ ਵਿਚ ਟੈਮ ਦੇਖੋ,

ਮੈਨੂੰ ਤਾਂ ਚੰਗਾ ਲੱਗਦਾ ਏ
ਪਵਿੱਤਰ ਲੋਕਾਂ ਨੂੰ ਹੁੱਜਤਾਂ ਕਰਨੀਆਂ
ਤੇ ਉਨ੍ਹਾਂ ਦੇ
ਬੋਦਿਆਂ ਦੇ ਪਰਛਾਵਿਆਂ 'ਚੋਂ ਟੈਮ ਲੱਭਣੇ
ਜੇ ਤੂੰ ਪੰਚਮ ਤੋਂ ਪਟਾਕ ਦੇਣੀ ਭੁੰਜੇ
ਨਹੀਂ ਕਿਰ ਸਕਦੀ
ਤਾਂ ਤੂੰ ਬਈ ਜਾਹ।

ਸਮਾਂ ਸ਼ਬਦ ਵਾਲੇ ਕੁਝ ਮੁਹਾਵਰਿਆਂ ਤੋਂ ਪਤਾ ਲਗਦਾ ਹੈ ਕਿ ਇਸ ਦੀ ਕੁਝ ਵਰਤੋਂ ਤਾਂ ਜ਼ਰੂਰ ਹੁੰਦੀ ਹੈ, ਜਿਵੇਂ ਸਮਾਂ ਟਪਾਉਣਾ, ਸਮਾਂ ਹੱਥੋਂ ਨਾ ਛੱਡਣਾ, ਸਮਾਂ ਬੰਨ੍ਹਣਾ, ਸਮੇਂ ਨੂੰ ਅੱਗ ਲੱਗਣੀ, ਸਮੇਂ ਦੀ ਨਬਜ਼ ਪਛਾਣਨੀ। ਸਮਾਂ ਸ਼ਬਦ ਬਹੁਤਾ ਲਿਖਤੀ ਰੂਪ ਵਿਚ ਹੀ ਵਰਤਿਆ ਜਾਂਦਾ ਹੈ, ਬੋਲਚਾਲ ਵਿਚ ਏਨਾ ਨਹੀਂ। ਅਰਬੀ ਫਾਰਸੀ ਵਲੋਂ ਆਇਆ ਵਕਤ ਬੋਲਣ ਵਿਚ ਵੀ ਅਸੀਂ ਖੁੰਝਦੇ ਨਹੀਂ ਪਰ ਸਮੇਂ ਲਈ ਸਾਡੇ ਕੋਲ ਘਟ ਹੀ ਸਮਾਂ ਹੈ। ਵੱਖ ਵੱਖ ਸੰਦਰਭਾਂ ਅਤੇ ਸਥਿਤੀਆਂ ਵਿਚ ਵਰਤੇ ਜਾਂਦੇ ਸਮਾਂ ਸ਼ਬਦ ਦੇ ਹੋਰ ਸਮਾਨਅਰਥਕ ਹਨ-ਵੇਲਾ, ਕਾਲ, ਚਿਰ, ਜ਼ਮਾਨਾ, ਜੁੱਗ ਪਰ ਸਰਬਗ੍ਰਾਹੀ ਟੈਮ ਨੇ ਸਭ ਨੂੰ ਨਿਗਲ ਲਿਆ, ਘਟੋ ਘਟ ਬੋਲਚਾਲ ਵਿਚ।

ਚਲੋ ਆਪਾਂ ਟੈਮ ਟੂਮ ਤੋਂ ਕੀ ਲੈਣਾ, ਗੱਲ ਛੇੜੀ ਸੀ ਨਿਮਾਣੇ ਸਮੇਂ ਦੀ। ਜੇ ਸੰਸਕ੍ਰਿਤ ਵੱਲ ਜਾਈਏ ਤਾਂ ਇਸ ਦੇ ਰੂਪ 'ਸਮਯ' ਵਿਚ ਮੇਲ, ਮਿਲਾਪ, ਮਿਲਣ ਸਥਾਨ, ਮੌਸਮ, ਮੌਕਾ, ਸਮਝੌਤਾ, ਸੰਧੀ, ਇਕਰਾਰ, ਰਵਾਇਤ, ਰਿਵਾਜ, ਸੰਕੇਤ, ਟਾਈਮ ਆਦਿ ਦੇ ਭਾਵ ਝਲਕਦੇ ਹਨ। ਸਪੱਸ਼ਟ ਹੈ ਕਿ ਪੰਜਾਬੀ ਵਿਚ ਸਮਾਂ ਸ਼ਬਦ ਤੋਂ ਏਨਾ ਕੰਮ ਨਹੀਂ ਲਿਆ ਜਾਂਦਾ, ਇਹ ਕਾਲ ਦੇ ਅਰਥਾਂ ਤੋਂ ਬਾਹਰ ਨਹੀਂ ਜਾਂਦਾ। ਲਹਿੰਦੀ ਵਿਚ ਇਸ ਦਾ ਅਰਥ ਮੌਸਮ, ਚੰਗਾ ਮੌਸਮ, ਖੁਸ਼ਹਾਲੀ ਵੀ ਹੈ। ਪੰਜਾਬੀ ਵਿਚ ਇਸ ਦੇ ਕੁਝ ਇਕ ਅਰਥ ਹਨ-ਜ਼ਮਾਨਾ: ਕਿਹੜੇ ਸਮਿਆਂ ਦੀ ਗੱਲ ਕਰਦੇ ਹੋ?; ਅਰਸਾ: ਉਹ ਥੋੜ੍ਹਾ ਸਮਾਂ ਹੀ ਰੁਕਿਆ; ਕਾਲ ਦਾ ਇਕ ਖਾਸ ਨੁਕਤਾ: ਕੀ ਸਮਾਂ ਹੋ ਗਿਆ? ਸਮਾਂ ਸ਼ਬਦ ਤੋਂ ਬਣੇ ਕੁਝ ਤਕਨੀਕੀ ਜਿਹੇ ਸ਼ਬਦ ਹਨ-ਸਮਾਚਾਰ, ਸਾਮਿਅਕ, ਸਮਾਂ-ਸਾਰਣੀ, ਸਮਾਂਬੱਧ।

ਅਸੀਂ ਕਹਿੰਦੇ ਹਾਂ, ਸਮੇਂ ਦੇ ਨਾਲ ਚੱਲਣਾ ਚਾਹੀਦਾ ਹੈ। ਅਸਲ ਵਿਚ ਸਮਾਂ ਸ਼ਬਦ ਵਿਚ ਨਾਲ ਚੱਲਣ ਤੋਂ ਹੀ ਭਾਵ ਹੈ। ਪੰਜਾਬੀ ਸਮਾਂ ਸੰਸਕ੍ਰਿਤ ਸਮਯ ਦਾ ਵਿਗਸਿਆ ਰੂਪ ਹੈ। ਪ੍ਰਾਕ੍ਰਿਤ ਵਿਚ ਵੀ ਇਸ ਦਾ ਰੂਪ ਸਮਾ ਸੀ। ਇਸ ਦੇ ਦੋ ਘਟਕ ਹਨ-ਸਮ ਅਤੇ ਯ। ਅਗੇਤਰ ਵਜੋਂ ਵਰਤੇ ਸਮ ਸ਼ਬਦ ਵਿਚ ਪੱਧਰਾ, ਬਰਾਬਰ, ਸਮਾਨ, ਨਾਲ, ਸਾਥ, ਮਿਲਦਾ-ਜੁਲਦਾ ਆਦਿ ਦੇ ਭਾਵ ਹਨ। ਇਸ ਤੋਂ ਬਹੁਤ ਸਾਰੇ ਸ਼ਬਦ ਬਣੇ ਹਨ, ਕੁਝ ਗਿਣਾਉਂਦੇ ਹਾਂ-ਸਮਤਲ, ਸਮਤੋਲ, ਸਮਿਤੀ, ਸਮਾਗਮ, ਸਮਾਜ ਆਦਿ। ਸਮਯ ਦੇ ਪਿਛੇ ਲੱਗਾ 'ਅਯ' ਘਟਕ ਅਸਲ ਵਿਚ ਸੰਸਕ੍ਰਿਤ 'ਈ' ਕ੍ਰਿਆ ਦਾ ਬਦਲਿਆ ਰੂਪ ਹੈ ਜਿਸ ਵਿਚ ਆਉਣ ਜਾਣ, ਜਾਣ ਦਾ ਭਾਵ ਹੈ। ਅਯਨ ਸ਼ਬਦ ਦਾ ਅਰਥ ਰਸਤਾ, ਮਾਰਗ ਵੀ ਹੈ ਤੇ ਅੱਧੇ ਸਾਲ ਦਾ ਅਰਸਾ ਵੀ। ਉਤਰਾਇਣ, ਦੱਖਣਾਇਣ ਵਿਚ ਇਹ ਸ਼ਬਦ ਵਿਦਮਾਨ ਹੈ। ਸੂਰਜ ਦੇ ਛੇ ਮਹੀਨੇ ਉਤਰ ਤੇ ਛੇ ਮਹੀਨੇ ਦੱਖਣ ਵੱਲ ਜਾਣ ਦੇ ਭਾਵ ਤੋਂ ਇਹ ਸ਼ਬਦ ਬਣੇ। ਇਹ ਭਾਰੋਪੀ ਖਾਸੇ ਵਾਲਾ ਸ਼ਬਦ ਹੈ, ਅੰਗਰੇਜ਼ੀ Ion, Coitus, Circuit, Exit, Issue ਤੇ ਹੋਰ ਅਨੇਕਾਂ ਸ਼ਬਦਾਂ ਵਿਚ ਇਸ ਦਾ ਭਾਰੋਪੀ ਮੂਲ 'ei' ਬੋਲਦਾ ਹੈ।

ਅਜਿਤ ਵਡਨੇਰਕਰ ਅਨੁਸਾਰ ਸਮ ਅਤੇ ਅਯ ਦੇ ਸੰਯੋਗ ਤੋਂ ਬਣੇ ਸਮਯ ਸ਼ਬਦ ਦਾ ਭਾਵ ਹੈ-ਜੋ ਨਾਲ ਨਾਲ ਚੱਲ ਰਿਹਾ ਹੈ। ਸਮਾਂ ਹਮੇਸ਼ਾ ਸਾਡੇ ਨਾਲ ਨਾਲ ਜਾਂ ਬਰਾਬਰ ਹੀ ਚਲਦਾ ਹੈ। ਪਰ ਮੇਰੇ ਖਿਆਲ ਵਿਚ ਇਸ ਸ਼ਬਦ ਦੀ ਵਿਆਖਿਆ ਹੋਰ ਤਰ੍ਹਾਂ ਹੋ ਸਕਦੀ ਹੈ। ਸਮਯ ਸ਼ਬਦ ਦਾ ਮੂਲ ਅਰਥ ਇਕੱਠੇ ਹੋਣ ਦੀ ਥਾਂ, ਮਿਲਾਪ ਬਿੰਦੂ ਹੈ। ਇਸ ਲਈ ਵਿਸਤ੍ਰਿਤ ਅਰਥ ਹੋਇਆ-ਮਿਲਣ ਆਦਿ ਦਾ ਨਿਯਤ ਵੇਲਾ, ਕੁਝ ਕਰਨ ਦਾ ਸਹੀ ਮੌਕਾ, ਅਵਸਰ। ਇਸ ਤੋਂ ਅੱਗੇ ਵਕਤ, ਟਾਈਮ ਦੇ ਆਮ ਭਾਵ ਉਘੜਦੇ ਹਨ।

ਜ਼ਰਾ ਸਮਯ ਸ਼ਬਦ ਵਿਚ ਆਏ ਸਮ ਸ਼ਬਦ ਵੱਲ ਮੁੜੀਏ। ਅਸੀਂ ਦੇਖਿਆ ਕਿ ਇਸ ਵਿਚ ਸਮਾਨ, ਬਰਾਬਰ, ਨਾਲ ਨਾਲ, ਇਕੋ ਜਿਹਾ ਹੋਣ ਦੇ ਭਾਵ ਹਨ। ਭਾਸ਼ਾ-ਵਿਗਿਆਨੀਆਂ ਦਾ ਅਨੁਮਾਨ ਹੈ ਕਿ ਇਹ ਸ਼ਬਦ ਭਾਰੋਪੀ ਹੈ ਜਿਸ ਦਾ ਮੂਲ 'Sem' ਹੈ ਤੇ ਇਸ ਵਿਚ ਇਕੋ ਜਿਹਾ, ਸਮਾਨ, ਨਾਲ ਨਾਲ ਦੇ ਭਾਵ ਹਨ। ਅਵੇਸਤਾ ਵਿਚ 'ਸ' ਧੁਨੀ 'ਹ' ਵਿਚ ਪਲਟ ਜਾਂਦੀ ਹੈ ਤੇ ਇਸ ਦਾ ਰੂਪ ਹੋਇਆ ਹਮ ਜਿਸ ਵਿਚ ਨਾਲ, ਸਾਥ ਦੇ ਭਾਵ ਹਨ। ਹਮਸਫਰ, ਹਮਦਰਦ, ਹਮਨਾਮ, ਹਮਬਿਸਤਰ, ਹਮਪਿਆਲਾ, ਹਮਪੇਸ਼ਾ, ਹਮਰਾਜ਼, ਹਮਦਮ, ਹਮੇਸ਼ਾ, ਦਰਹਮ ਆਦਿ ਫਾਰਸੀ ਲਫਜ਼ਾਂ ਵਿਚ ਇਸ ਨੂੰ ਦੇਖਿਆ ਜਾ ਸਕਦਾ ਹੈ। ਫਾਰਸੀ ਹਮਾ ਦਾ ਮਤਲਬ ਹੈ-ਸਾਰੇ, ਸਭ, ਹਮਤਾ ਦਾ ਸਮਤਾ ਅਤੇ ਹੰਗਾਮ ਦਾ ਸਮਾਂ, ਮੌਸਮ ਹੁੰਦਾ ਹੈ। ਗਰੀਕ ਭਾਸ਼ਾ ਵਿਚ ਵੀ ਇਸ ਦਾ ਰੂਪ ਹਮ ਜਿਹਾ ਹੀ ਹੈ ਤੇ ਇਸ ਤੋਂ ਬਣੇ ਸ਼ਬਦ ਹੋਮੋ, ਹੋਮੋਪੈਥੀ, ਹੋਮੋਨਿਮ (ਟਾਕਰਾ ਕਰੋ ਹਮਨਾਮ ਤੇ ਸਮਨਾਮ) ਅੰਗਰੇਜ਼ੀ ਵਿਚ ਵੀ ਆ ਗਏ ਹਨ। ਲਾਤੀਨੀ ਵਿਚ ਇਸ ਦਾ ਰੂਪ ਸਿਮਲਿਸ ਹੈ ਜਿਸ ਤੋਂ ਬਣੇ ਸਿਮੀਲਰ ਅਤੇ ਸਿੰਪਲ, ਸਿੰਗਲ (ਇਕੋ ਜਿਹੇ ਭਾਵ ਤੋਂ) ਸ਼ਬਦ ਅੰਗਰੇਜ਼ੀ ਵਿਚ ਆਏ। ਅੰਗਰੇਜ਼ੀ ਸੇਮ Same (ਉਹੋ, ਇਕੋ ਜਿਹਾ, ਸਮਾਨ) ਜਰਮੈਨਿਕ ਅਸਲੇ ਦਾ ਸ਼ਬਦ ਹੈ। ਕੁਝ ਖਾਸ, ਕੋਈ ਦੇ ਅਰਥਾਂ ਵਲਾ ਅੰਗਰੇਜ਼ੀ ਸਮ (Some) ਵੀ ਜਰਮੈਨਿਕ ਸ਼ਬਦ ਹੈ। ਪੁਰਾਣੀ ਅੰਗਰੇਜ਼ੀ ਵਿਚ ਇਸ ਦਾ ਸ਼ਬਦਜੋੜ Sum ਸੀ। ਇਸ ਵਿਚ ਵੀ ਮੁਢਲਾ ਭਾਵ ਇਕੋ ਜਿਹਾ, 'ਉਹੀ' ਦਾ ਹੀ ਹੈ।

ਅੰਗਰੇਜ਼ੀ ਦਾ ਇਕ ਹੋਰ ਸ਼ਬਦ ਹੈ, ਸਮ (Sum) ਜਿਸ ਦਾ ਕ੍ਰਿਆ ਵਜੋਂ ਅਰਥ ਹੈ-ਹਿਸਾਬ ਲਾਉਣਾ, ਗਿਣਨਾ, ਜੋੜ ਲਾਉਣਾ। ਨਾਂਵ ਵਜੋਂ ਇਸ ਸ਼ਬਦ ਦਾ ਪੁਰਾਣੀ ਅੰਗਰੇਜ਼ੀ ਵਿਚ ਅਰਥ ਸੀ-ਧਨ ਰਾਸ਼ੀ, ਕੁੱਲ ਪੈਸਾ, ਸਾਰੀ ਰਕਮ। ਇਹ ਲਾਤੀਨੀ ਵਲੋਂ ਆਇਆ ਹੈ ਤੇ ਇਸ ਭਾਸ਼ਾ ਵਿਚ ਇਸ ਦਾ ਅਰਥ ਸੀ ਚੋਟੀ, ਟੀਸੀ, ਸਿਖਰ, ਧਨ ਦੀ ਮਾਤਰਾ, ਰਕਮ। ਚੋਟੀ ਦੇ ਅਰਥਾਂ ਵਾਲਾ ਸੱਮਿਟ ਅਤੇ ਸਾਰਅੰਸ਼ ਦੇ ਅਰਥਾਂ ਵਾਲਾ ਸਮਰੀ ਸ਼ਬਦ ਇਸੇ ਨਾਲ ਜਾ ਜੁੜਦੇ ਹਨ। ਇਹ ਜਾਣਨਾ ਦਿਲਚਸਪ ਹੋਵੇਗਾ ਕਿ ਸਿਖਰ ਦੇ ਅਰਥਾਂ ਤੋਂ ਕੁੱਲ, ਸਮੁੱਚਾ, ਜਮ੍ਹਾਂ-ਜੋੜ ਦੇ ਭਾਵ ਕਿਵੇਂ ਆਏ। ਰੋਮਨਾਂ ਵਿਚ ਇਕ ਰਿਵਾਜ ਸੀ ਕਿ ਉਹ ਉਪਰੋਂ ਹੇਠਾਂ ਲਿਖੀਆਂ ਰਕਮਾਂ ਦਾ ਜੋੜ ਕਰਦੇ ਸਮੇਂ ਜੋੜ ਨੂੰ ਹੇਠਾਂ ਲਿਖਣ ਦੀ ਬਜਾਏ ਸਿਖਰ ਅਰਥਾਤ ਉਪਰ ਲਕੀਰ ਵਾਹ ਕੇ ਲਿਖਿਆ ਕਰਦੇ ਸਨ। ਸਕੂਲਾਂ ਵਿਚ ਅਸੀਂ ਹਾਸਿਲ ਇਸ ਤਰ੍ਹਾਂ ਲਿਖਿਆ ਕਰਦੇ ਸਾਂ। ਸੋ ਇਹ ਸਿਖਰ ਲਿਖਿਆ ਹੀ ਸਮਾਂ ਪੈ ਕੇ ਕੁੱਲ ਜਮ੍ਹਾਂ-ਜੋੜ ਦੇ ਅਰਥਾਂ ਵਾਲਾ ਸਮ ਹੋ ਗਿਆ।

ਸ. ਹਰਭਜਨ ਸਿੰਘ ਦੇਹਰਾਦੂਨ ਨੇ ਇਕੋ ਜਿਹਾ, ਬਰਾਬਰ ਆਦਿ ਦੇ ਅਰਥਾਂ ਵਾਲੇ ਸੰਸਕ੍ਰਿਤ ਸਮ ਨੂੰ ਇਸ ਸਿਖਰ, ਕੁੱਲ, ਜਮ੍ਹਾਂ-ਜੋੜ ਦੇ ਅਰਥਾਂ ਵਾਲੇ ਅੰਗਰੇਜ਼ੀ Sum ਨਾਲ ਨਰੜ ਦਿੱਤਾ ਹੈ, ਇਹ ਦਲੀਲ ਦਿੰਦਿਆਂ ਕਿ 'ਅੰਗਰੇਜ਼ੀ ਸ਼ਬਦ ਦਾ ਅਸਲ ਅਰਥ ਬਰਾਬਰ, ਸਮਾਨ ਹੈ ਮਸਲਨ ਅਸੀਂ 5+4 = 9 ਲਿਖਦੇ ਹਾਂ ਤਾਂ Sum 9 ਅਸਲ ਵਿਚ 4 ਜਮ੍ਹਾਂ 5 ਦੇ ਬਰਾਬਰ ਹੈ।' ਕਿੰਨਾ ਬੇਹੂਦਾ ਤਰਕ ਹੈ। ਮੈਂ ਇਸ ਟਪਲੇ ਦੀ ਸੂਹ ਵੀ ਲਾਈ ਹੈ। ਮੋਨੀਅਰ ਵਿਲੀਅਮਜ਼ ਨੇ ਸੰਸਕ੍ਰਿਤ ਸ਼ਬਦ ਸਮ ਦੀ ਵਿਆਖਿਆ ਕਰਦਿਆਂ ਇਸ ਨੂੰ ਐਂਗਲੋ-ਸੈਕਸਨ (ਪੁਰਾਣੀ ਅੰਗਰੇਜ਼ੀ) ਦੇ ਸ਼ਬਦ Sum ਨਾਲ ਤੁਲਨਾ ਕਰਨ ਦੀ ਗੱਲ ਕੀਤੀ ਹੈ। ਦਰਅਸਲ ਮੋਨੀਅਰ ਵਿਲੀਅਮਜ਼ ਦਾ ਸੰਕੇਤ ਉਸੇ Some ਵੱਲ ਹੈ ਜਿਸ ਦਾ ਪੁਰਾਣਾ ਸ਼ਬਦਜੋੜ, ਜਿਵੇਂ ਪਹਿਲਾਂ ਦੱਸਿਆ ਜਾ ਚੁਕਾ ਹੈ, Sum ਹੀ ਸੀ। ਹੈ ਨਾ ਚੁਬਾਰੇ ਦੀ ਇੱਟ ਮੋਰੀ ਨੂੰ ਲਾਉਣ ਵਾਲੀ ਗੱਲ!

---

# ਸ਼ਬਦ ਅਤੇ ਵਿਚਾਰ

ਹਰ ਸ਼ਬਦ ਵਿਚਾਰ ਹੈ। ਵਿਚਾਰ ਹੀ ਸ਼ਬਦ ਹੈ। ਵਿਚਾਰ, ਅੰਦਰੂਨੀ ਸੋਚ ਦਾ ਗਿਆਨਮਈ ਤਰਕ ਹੈ। ਸ਼ਬਦ, ਵਿਚਾਰਮਈ ਤਰਕ ਦਾ ਠੋਸ ਰੂਪ ਹੈ। ਸ਼ਬਦ ਵਿਚਾਰ ਤੋਂ ਬਿਨਾ ਅਤੇ ਵਿਚਾਰ ਸ਼ਬਦ ਤੋਂ ਬਿਨਾ ਸੰਭਵ ਨਹੀਂ। ਸ਼ਬਦ ਤੇ ਵਿਚਾਰ ਇਕ ਦੂਜੇ ਦੇ ਪੂਰਕ ਹਨ। ਵਿਚਾਰ, ਸ਼ਬਦਾਂ ਵਿਚੋਂ ਆਪਣੀ ਹੋਂਦ ਤਲਾਸ਼ਦਾ ਹੈ। ਸ਼ਬਦ ਰਾਹੀਂ ਹੀ ਵਿਚਾਰ, ਨੇਮ, ਸਮਾਜ, ਸਭਿਆਚਾਰ, ਰੱਬ, ਗ੍ਰੰਥ ਅਤੇ ਫਲਸਫੇ ਦੀ ਸਿਰਜਣਾ ਹੁੰਦੀ ਹੈ। ਸ਼ਬਦ ਅਤੇ ਵਿਚਾਰ ਦੀ ਲੰਬੀ ਜੁਗਲਬੰਦੀ ਹੀ ਇਤਿਹਾਸ ਹੈ। ਸਮਾਜ ਵਿਚ ਵਿਚਾਰ ਤੇ ਵਿਹਾਰ ਦੀ ਪਰੰਪਰਾ ਦੇ ਗਿਆਨ ਨਾਲ ਸਭਿਆਚਾਰ ਉਪਜਦਾ ਹੈ। ਸ਼ਬਦ ਇਤਿਹਾਸ ਅਤੇ ਸਭਿਆਚਾਰ ਨੂੰ ਇਕੱਤਰ ਕਰਦਾ ਹੈ। ਸਮਾਜ ਵਿਚ ਸ਼ਬਦ ਤੇ ਵਿਚਾਰ ਨਦੀ ਦੇ ਪਾਣੀ ਵਾਂਗ ਧਾਰਾ ਦੇ ਰੂਪ ਵਿਚ ਵਹਿਣ ਲੱਗ ਜਾਣ ਤਾਂ ਉਹ ਵਿਚਾਰ ਵਿਚਾਰਧਾਰਾ ਬਣ ਜਾਂਦੇ ਹਨ। ਵਿਚਾਰਧਾਰਾ ਦੇ ਨਿਰੰਤਰ ਪ੍ਰਵਾਹ ਵਿਚੋਂ ਹੀ ਫਲਸਫਾ ਪਨਪਦਾ ਹੈ।



ਡਾ. ਸਤਿਨਾਮ ਸਿੰਘ ਸੰਧੂ*
ਫੋਨ: 91-98144-70175

ਵਿਚਾਰ ਕੀ ਹੈ? ਕਿਉ ਹੈ? ਕਿੱਥੇ ਹੈ? ਕਿਵੇਂ ਹੈ? ਕੀ ਵਿਚਾਰ ਸਮਾਜ ਦੀ ਉਪਜ ਹੈ? ਕੀ ਵਿਚਾਰ ਵਿਅਕਤੀ ਦੀ ਸਿਰਜਣਾ ਹੈ? ਕੀ ਵਿਚਾਰ ਕਿਸੇ ਅਣਦਿਖ ਤਾਕਤ ਤੋਂ ਹਾਸਲ ਹੁੰਦਾ ਹੈ? ਇਨ੍ਹਾਂ ਪ੍ਰਸ਼ਨਾਂ ਦੇ ਉਤਰ ਤਲਾਸ਼ਣ ਵਾਲਿਆਂ ਨੂੰ ਦਾਰਸ਼ਨਿਕ, ਮਹਾਤਮਾ, ਗੁਰੂ ਜਾਂ ਫਿਲਾਸਫਰ ਕਹਿ ਦਿੰਦੇ ਹਨ। ਇਸ ਖੋਜ ਵਿਚੋਂ ਹੀ ਦੁਨੀਆਂ ਵਿਚ ਗਿਆਨ ਦੀਆਂ ਸਾਰੀਆਂ ਖੱਬੀਆਂ-ਸੱਜੀਆਂ ਲਹਿਰਾਂ ਨੇ ਜਨਮ ਲਿਆ ਹੈ। ਇਸ ਵਿਚੋਂ ਹੀ ਸਮਾਜਕ ਤੇ ਰਾਜਨੀਤਕ ਕ੍ਰਾਂਤੀਆਂ ਜਨਮੀਆਂ ਹਨ। ਇਸ ਵਿਚੋਂ ਹੀ ਵੇਦ, ਕਤੇਬ, ਗੀਤਾ, ਬਾਈਬਲ, ਗ੍ਰੰਥ ਅਤੇ ਹੋਰ ਗਿਆਨ ਤੇ ਧਰਮ ਦੀਆਂ ਰਚਨਾਵਾਂ ਪੈਦਾ ਹੋਈਆਂ ਹਨ।

ਵਿਚਾਰ ਜਿਉਂਦੀ-ਜਾਗਦੀ ਚੀਜ਼ ਹੈ ਤੇ ਸ਼ਬਦ ਉਸ ਦਾ ਠੋਸ ਸਰੂਪ ਹੈ। ਸ਼ਬਦ, ਵਿਚਾਰ ਨੂੰ ਆਕਾਰ, ਉਮਰ, ਵਿਹਾਰ ਤੇ ਰਫਤਾਰ ਦਿੰਦਾ ਹੈ। ਕਿਸ ਵਿਚਾਰ ਦਾ ਕਰਮ-ਖੇਤਰ, ਗਿਆਨ ਤੇ ਵਿਗਿਆਨ ਦਾ ਘੇਰਾ ਕਿੰਨਾ ਵਿਸ਼ਾਲ ਹੋਵੇ, ਕਿਸ ਵਿਚਾਰ ਦੀ ਉਮਰ ਕਿੰਨੀ ਹੋਵੇ, ਕਿਸ ਵਿਚਾਰ ਦਾ ਫੈਲਾਓ ਕਿੰਨਾ ਹੋਵੇ, ਇਹ ਸ਼ਬਦ ਸਿਰਜਣਾ ਦੇ ਵਿਵੇਕ 'ਤੇ ਨਿਰਭਰ ਕਰਦਾ ਹੈ। ਵਿਚਾਰ ਦੇ ਬੋਧ ਤੋਂ ਵਿਹੂਣੇ ਕੱਚੇ ਸ਼ਬਦ, ਸਮਾਜ ਦੀਆਂ ਗਲੀਆਂ ਵਿਚ ਰੁਲ ਜਾਂਦੇ ਹਨ।

ਕਾਗਜ਼ 'ਤੇ ਸ਼ਬਦ ਤਾਂ ਇਕੋ ਪ੍ਰਕਾਰ ਦੇ ਹੁੰਦੇ ਹਨ। ਵਿਚਾਰ ਕਾਰਨ ਸ਼ਬਦ ਪਵਿਤਰ ਬਣਦੇ ਹਨ। ਪਵਿਤਰਤਾ, ਵਿਚਾਰ ਦੇ ਲਿਖਤ ਰੂਪ ਲਿਪੀ ਵਿਚ ਨਹੀਂ, ਉਸ ਦੇ ਵਿਚਾਰ ਵਿਚ ਹੁੰਦੀ ਹੈ। ਅਖਬਾਰ ਵਿਚਲੀ ਤੇ ਗ੍ਰੰਥਾਂ ਵਿਚਲੀ ਗੁਰਮੁਖੀ ਤਾਂ ਉਹੀ ਹੈ ਪ੍ਰੰਤੂ ਵਿਚਾਰ ਕਾਰਨ ਹੀ ਸ਼ਬਦ ਨਾਲ ਮਾਨ-ਅਪਮਾਨ ਜੁੜ ਜਾਂਦਾ ਹੈ। ਇਸ ਤੋਂ ਸਿੱਧ ਹੋਇਆ ਕਿ ਸ਼ਬਦ ਤਾਂ ਸਿਰਫ ਵਿਚਾਰ ਦਾ ਲਿਬਾਸ ਹਨ। ਸਤਿਕਾਰ, ਸ਼ਬਦ ਦੇ ਕੇਵਲ ਭੌਤਿਕ ਰੂਪ ਦਾ ਨਹੀਂ, ਵਿਚਾਰ ਦਾ ਹੋਣਾ ਚਾਹੀਦਾ ਹੈ। ਵਿਚਾਰ ਤੋਂ ਬਿਨਾ ਵਿਵੇਕਹੀਣ ਸ਼ਬਦ ਦੀ ਪੂਜਾ ਤਾਂ ਮੂਰਤੀ ਪੂਜਾ ਵਾਂਗ ਹੈ। ਕਈ ਸਿਆਣੇ, ਔਲੀਏ ਤੇ ਕਲੰਦਰੀ ਬਾਬੇ ਸ਼ਬਦਾਂ ਦੇ ਤਵੀਤ ਬਣਾ ਦਿੰਦੇ ਹਨ। ਸਹਿਜ ਬੁੱਧ ਵਾਲੇ ਵੀਰ, ਉਸ ਨੂੰ ਦੁਕਾਨਾਂ, ਮਕਾਨਾਂ 'ਤੇ ਚਿਪਕਾ ਦਿੰਦੇ ਹਨ ਜਾਂ ਤਵੀਤ ਬਣਾ ਕੇ ਗਲ ਵਿਚ ਪਾ ਲੈਂਦੇ ਹਨ। ਸ਼ਬਦ ਵਿਚ ਮੰਤਰ ਲਿਖਦੇ ਉਸ ਤੋਂ ਕੋਈ ਆਸ ਕਰਨੀ ਉਵੇਂ ਹੀ ਹੈ ਜਿਵੇਂ ਕਿਸੇ ਫੌਜੀ ਦੀ ਇਕੱਲੀ ਵਰਦੀ ਤੋਂ ਮੁਲਕ ਦੀਆਂ ਸਰਹੱਦਾਂ ਦੀ ਰਾਖੀ ਦੀ ਆਸ ਕਰਨੀ।

ਵਿਚਾਰ ਝੂਠ ਵੀ ਹੈ ਅਤੇ ਸੱਚ ਵੀ। ਕਈ ਵਾਰ ਵਿਚਾਰ ਵਿਚ ਝੂਠ ਨੂੰ ਸੱਚ ਵਾਂਗ ਤੇ ਸੱਚ ਨੂੰ ਝੂਠ ਵਾਂਗ ਪੇਸ਼ ਕਰ ਦਿੱਤਾ ਜਾਂਦਾ ਹੈ। ਇਸ ਵਿਚੋਂ ਤਰਕ ਤੇ ਕੁਤਰਕ ਦੀ ਪਛਾਣ ਔਖੀ ਹੋ ਜਾਂਦੀ ਹੈ। ਤਰਕ, ਵਿਚਾਰ ਦੀ ਦੋ ਧਾਰੀ ਤਲਵਾਰ ਹੈ। ਗਾਂ ਅਤੇ ਮੱਝ ਦੁੱਧ ਦੇਣ ਵਾਲੇ ਪਸ਼ੂ ਹਨ। ਮੱਝ ਏਸ਼ੀਆ ਦੀ ਮੂਲ ਜਾਤੀ ਦਾ ਪਸ਼ੂ ਹੈ। ਅੱਜ ਦੇ ਤਰਕ ਵਿਚ ਗਾਂ ਤਾਂ 'ਮਾਂ' ਹੋ ਗਈ ਅਤੇ 'ਮੱਝ' ਵਿਚਾਰੀ 'ਭੂਆ' ਵੀ ਨਾ ਬਣ ਸਕੀ। ਗਾਂ ਨੂੰ ਕਤਲ ਕਰਨਾ, ਮਨੁੱਖ ਦੇ ਕਤਲ ਤੋਂ ਵੀ ਵੱਡਾ ਗੁਨਾਹ ਹੋ ਗਿਆ ਹੈ ਤੇ ਮੱਝ ਦੇ ਕਤਲ 'ਤੇ ਕੋਈ ਸਮੱਸਿਆ ਨਹੀਂ। ਦੋ ਪਸ਼ੂ, ਦੋਵੇਂ ਦੁੱਧ ਦੇਣ ਵਾਲੇ, ਦੋਵੇਂ ਸ਼ਾਕਾਹਾਰੀ, ਦੋਵੇਂ ਪਾਲਤੂ ਪਰ ਵਿਚਾਰ ਦਾ ਤਰਕ ਹੀ ਹੈ ਕਿ ਇਕ ਨੂੰ ਪਵਿਤਰਤਾ ਦਾ ਸਿੱਖਰ ਬਣਾ ਦਿੱਤਾ ਤੇ ਦੂਜੇ ਨੂੰ ਜਮਦੂਤ ਦੀ ਸਵਾਰੀ ਬਣਾ ਦਿੱਤਾ।

ਵਿਚਾਰ ਇਕ ਬੰਦੇ ਦੇ ਵੀ ਹੁੰਦੇ ਹਨ ਜਾਂ ਕਈਆਂ ਦੇ ਮਿਲ ਕੇ ਵੀ ਇਕ ਬਣ ਸਕਦੇ ਹਨ। ਇਕ ਤੋਂ ਵੱਧ ਵਿਅਕਤੀਆਂ ਦੇ ਵਿਚਾਰਾਂ ਦਾ ਸੰਯੋਗ, ਵਿਕਾਸ ਤੇ ਇਤਿਹਾਸ ਨੂੰ ਹੀ ਫਲਸਫਾ ਕਿਹਾ ਜਾ ਸਕਦਾ ਹੈ। ਫਲਸਫਾ, ਸਾਡੀ ਹੋਂਦ, ਪ੍ਰਕਿਰਤੀ, ਸ੍ਰਿਸ਼ਟੀ ਤੇ ਧਰਮ ਨਾਲ ਜੁੜੇ ਪ੍ਰਸ਼ਨਾਂ ਦੇ ਉਤਰ ਤਲਾਸ਼ਦਾ ਹੈ। ਜੇ ਪਸ਼ੂ ਜਗਤ ਨੂੰ ਦੇਖੀਏ, ਸ਼ਾਇਦ ਵਿਚਾਰ ਤਾਂ ਹੋਣਗੇ ਪਰ ਸ਼ਬਦ ਨਹੀਂ। ਸ਼ਬਦ ਵਿਹੂਣੇ ਵਿਚਾਰ ਸਮਾਜ, ਸਭਿਆਚਾਰ, ਸਾਹਿਤ, ਕਲਾ, ਧਰਮ ਜਾਂ ਇਤਿਹਾਸ ਦੀ ਸਿਰਜਣਾ ਨਹੀਂ ਕਰ ਸਕਦੇ। ਮਾਨਵ ਸਮਾਜ ਦੀ ਬਣਤਰ ਤੇ ਵਿਕਾਸ ਦਾ ਆਧਾਰ ਹੀ ਸ਼ਬਦ ਤੇ ਵਿਚਾਰ ਹੈ।

ਵਿਚਾਰ ਆਪਣੇ ਆਪ ਵਿਚ ਨਿਰਜੀਵ ਅਤੇ ਨਿਸ਼ਕ੍ਰਿਆ ਵਰਤਾਰਾ ਬਣ ਜਾਣ, ਜੇ ਉਨ੍ਹਾਂ ਨੂੰ ਸ਼ਬਦਾਂ ਦੀ ਸਵਾਰੀ ਕਰਨ ਦਾ ਮੌਕਾ ਨਾ ਮਿਲੇ। ਵਿਚਾਰ ਅਤੇ ਤਰਕ, ਨੀਤੀ ਤੇ ਕ੍ਰਾਂਤੀ ਦਾ ਆਧਾਰ ਹਨ ਅਤੇ ਉਹ ਸ਼ਬਦ 'ਤੇ ਸਵਾਰ ਹਨ। ਹਰ ਵਿਅਕਤੀ, ਸਮੇਂ, ਖਿੱਤੇ ਤੇ ਸਭਿਅਤਾ ਦਾ ਆਪਣਾ ਵਿਚਾਰਧਾਰਕ ਪੈਟਰਨ ਹੁੰਦਾ ਹੈ। ਸਮਾਜ ਵਿਚ ਵਿਚਾਰ ਨਾਲ ਸਹਿਮਤੀ ਵੀ ਹੁੰਦੀ ਹੈ ਅਤੇ ਅਸਹਿਮਤੀ ਵੀ। ਕਦੇ ਵੀ ਕੋਈ ਵਿਚਾਰ ਅੰਤਿਮ ਨਹੀਂ ਹੁੰਦਾ। ਹਰ ਵਿਚਾਰ ਦਾ ਭੂਤ ਵੀ ਹੁੰਦਾ ਹੈ, ਵਰਤਮਾਨ ਵੀ ਅਤੇ ਭਵਿਖ ਵੀ। ਜੇ ਸਮਾਜ ਵਿਚ ਸਹਿਮਤੀ ਵਾਲਾ ਵਿਚਾਰ ਭਾਰੂ ਹੋ ਜਾਵੇ ਤਾਂ ਉਹ ਨੀਤੀ ਬਣ ਜਾਂਦੀ ਹੈ, ਜੇ ਅਸਹਿਮਤੀ ਵਾਲੇ ਵਿਚਾਰ ਭਾਰੂ ਹੋ ਜਾਣ ਤਾਂ ਉਹ ਬਗਾਵਤ ਬਣ ਜਾਂਦੀ ਹੈ। ਇਸ ਲਈ ਨੀਅਤ, ਨੀਤੀ, ਨੈਤਿਕਤਾ, ਕਲਾ ਅਤੇ ਬਗਾਵਤ, ਸ਼ਬਦ ਤੇ ਵਿਚਾਰ ਦੀ ਹੀ ਉਪਜ ਹਨ।

*ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ਮਿਨੀ ਕਹਾਣੀ

### ਰੰਗਲਾ ਪੰਜਾਬ

ਰੇਹ ਦੀਆਂ ਬੋਰੀਆਂ ਨਾਲ ਲੱਦੇ ਟਰੱਕ ਨੂੰ ਰੋਕ ਕੇ ਪੁਲਿਸ ਨੇ ਤਲਾਸ਼ੀ ਲਈ ਤਾਂ ਰੇਹ ਦੇ ਹੇਠਾਂ ਟਰੱਕ ਵਾਲੇ ਨੇ 10-12 ਭੁੱਕੀ ਦੀਆਂ ਬੋਰੀਆਂ ਇਸ ਤਰੀਕੇ ਨਾਲ ਰੱਖੀਆਂ ਹੋਈਆਂ ਸਨ ਕਿ ਦੇਖਣ ਵਿਚ ਉਹ ਵੀ ਰੇਹ ਦੀਆਂ ਬੋਰੀਆਂ ਹੀ ਲੱਗ ਰਹੀਆਂ ਸਨ। ਹੋਰ ਪੜਤਾਲ ਕੀਤੀ ਤਾਂ ਟਰੱਕ ਦੇ ਹੇਠਾਂ ਬਣੇ ਸਪੈਸ਼ਲ ਖਾਨੇ ਵਿਚੋਂ ਸਮੈਕ ਦੇ ਕਈ ਪੈਕੇਟ ਵੀ ਮਿਲ ਗਏ।

ਟਰੱਕ ਦੇ ਪਿਛਲੇ ਪਾਸੇ ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਸੀ, 'ਮੇਰਾ ਰੰਗਲਾ ਪੰਜਾਬ।'

-ਮੋਹਨ ਸ਼ਰਮਾ
ਫੋਨ: 91-94171-48866

# ਅੰਮ੍ਰਿਤਾ ਸ਼ੇਰਗਿਲ ਦੀ ਰਚਨਾ ਥ੍ਰੀ ਗਰਲਜ਼





ਜਗਤਾਰਜੀਤ ਸਿੰਘ
ਫੋਨ: +91-98990-91186

ਭਾਰਤੀ ਕਲਾ ਜਗਤ ਨੂੰ ਅੰਮ੍ਰਿਤਾ ਸ਼ੇਰਗਿਲ ਦੇ ਰੂਪ ਵਿਚ ਅਜਿਹੀ ਚਿਤੇਰੀ ਮਿਲੀ ਜਿਸ ਨੇ ਇੱਕੋ ਸਾਹ ਕਈ ਖੇਤਰਾਂ ਵਿਚ ਹਲਚਲ ਪੈਦਾ ਕਰ ਦਿੱਤੀ। ਉਹ ਜ਼ਿਆਦਾ ਉਮਰ ਨਾ ਭੋਗ ਸਕੀ। ਇਸ ਦੇ ਬਾਵਜੂਦ ਇਸ ਦੇਸ਼ ਵਿਚ ਕਲਾ ਜਾਂ ਆਧੁਨਿਕ ਕਲਾ ਦੇ ਖੇਤਰ ਵਿਚ ਉਸ ਦਾ ਨਾਮ ਮੋਹਰੀ ਰਹੇਗਾ।

ਅੰਮ੍ਰਿਤਾ ਸ਼ੇਰਗਿਲ ਨੇ 'ਥ੍ਰੀ ਗਰਲਜ਼' (ਮਾਰਚ 1935) ਦੀ ਰਚਨਾ ਕਰ ਕੇ ਪੇਂਟਿੰਗ ਕਰਨ ਅਤੇ ਉਸ ਨੂੰ ਦੇਖਣ ਦੇ ਅਰਥ ਹੀ ਬਦਲ ਦਿੱਤੇ। ਅੰਮ੍ਰਿਤਾ ਦੇ ਪਿਤਾ ਉਮਰਾਓ ਸਿੰਘ ਸਿੱਖ ਸਨ। ਮਾਤਾ ਮਾਰੀਆ ਅੰਤਾਵਨੇਤ, ਯਹੂਦੀ ਪਿਛੋਕੜ ਦੀ ਸੀ। ਉਨ੍ਹਾਂ ਦਾ ਪ੍ਰੇਮ ਵਿਆਹ ਹੋਇਆ ਜੋ ਸਿੱਖ ਰੀਤਾਂ ਅਨੁਸਾਰ ਸੀ। ਅੰਮ੍ਰਿਤਾ ਦਾ ਜਨਮ 30 ਜਨਵਰੀ 1913 ਨੂੰ ਹੰਗਰੀ ਦੀ ਰਾਜਧਾਨੀ ਬੁਡਾਪੈਸਟ ਵਿਚ ਹੋਇਆ। ਮਾਤਾ-ਪਿਤਾ ਨੇ ਪਹਿਲਾਂ ਹੀ ਤੈਅ ਕਰ ਲਿਆ ਸੀ ਕਿ ਜੇ ਪਹਿਲਾ ਬੱਚਾ ਲੜਕੀ ਹੋਈ ਤਾਂ ਉਸ ਦਾ ਨਾਮ ਅੰਮ੍ਰਿਤਾ ਰੱਖਿਆ ਜਾਵੇਗਾ।

1923-27 ਦੇ ਦਰਮਿਆਨ ਉਸ ਦੇ ਲਕੀਰੀ ਜਾਂ ਜਲ-ਰੰਗ ਦੇ ਚਿੱਤਰਾਂ ਵਿਚ ਵਿਸ਼ੇ ਪ੍ਰਤੀ ਉਸ ਦੇ ਵਧਦੇ ਗਿਆਨ ਅਤੇ ਕਲਾ-ਸੂਝ ਦੀ ਝਲਕ ਮਿਲਦੀ ਹੈ। ਪਹਿਲਾਂ-ਪਹਿਲ ਹਲਕੀ ਲਕੀਰ ਜਾਂ ਲਕੀਰਾਂ ਦੇ ਸਮੂਹ ਨਾਲ ਕਿਰਦਾਰ ਨੂੰ ਉਲੀਕਿਆ ਜਾਂਦਾ ਰਿਹਾ, ਪਰ ਬਾਅਦ ਵਿਚ ਵਿਸ਼ੇਸ਼ ਕਰ ਕੇ ਔਰਤਾਂ ਦੇ ਚਿਹਰਿਆਂ ਨੂੰ ਬਣਾਇਆ ਜਿਨ੍ਹਾਂ ਵਿਚ ਦੱਬੇ ਹੋਣ, ਸ਼ੋਸ਼ਣ ਕੀਤੇ ਜਾਣ, ਤਣਾਅਗ੍ਰਸਤ ਹੋਣ ਦੇ ਭਾਵ ਨੂੰ ਉਜਾਗਰ ਕੀਤਾ ਗਿਆ। ਉਸ ਨੇ ਕਈ ਨਿਊਡਜ਼ ਵੀ ਬਣਾਏ ਸਨ। ਕੀ ਇਹ ਸਾਰਾ ਕੁਝ ਭਵਿਖ ਵਿਚ ਝਾਤੀ ਮਾਰਦਿਆਂ ਹੋ ਰਿਹਾ ਸੀ? ਪਰਿਵਾਰ ਵਿਚਲੀ ਖਿੱਚੋਤਾਣ ਅਤੇ ਮਾਂ ਵੱਲੋਂ ਕੀਤੀ ਜਾ ਰਹੀ ਵਾਧੂ ਦੀ ਭੱਜ-ਨੱਠ ਨੇ ਉਸ ਨੂੰ ਆਪਣੀ ਉਮਰ ਤੋਂ ਵਧ ਕੇ ਸੋਚਣ ਵਾਲੀ ਤੇ ਗੰਭੀਰ ਬਣਾ ਦਿੱਤਾ। ਉਸ ਦੀ ਬਣਤਰ ਵਿਚ ਘਰ ਦੇ ਮਾਹੌਲ ਦੇ ਦਖਲ ਨੂੰ ਕਿਸੇ ਵੀ ਪੱਧਰ ਉਪਰ ਨਕਾਰਿਆ ਨਹੀਂ ਜਾ ਸਕਦਾ। ਪਿਤਾ ਦਾ ਗਿਆਨ ਬਹੁ-ਵਿਧਾਈ ਸੀ। ਮਾਤਾ ਨੂੰ ਕਲਾ, ਸੰਗੀਤ, ਗਾਇਨ ਦਾ ਸ਼ੌਕ ਸੀ। ਉਹ ਚਾਹੁੰਦੀ ਸੀ, ਉਸ ਦੀ ਧੀ ਸੰਗੀਤ ਦੀ ਰਾਹ ਪਵੇ, ਪਰ ਅੰਮ੍ਰਿਤਾ ਨੇ ਇਸ ਵਿਚਾਰ ਦਾ ਵਿਰੋਧ ਪੂਰੀ ਜ਼ਿੱਦ ਨਾਲ ਕੀਤਾ।

ਸਮਾਂ ਬੀਤਣ ਦੇ ਨਾਲ-ਨਾਲ ਮਾਤਾ-ਪਿਤਾ ਵਿਚਾਲੇ ਆਪਸੀ ਟਕਰਾਅ ਵਧਦਾ ਰਿਹਾ। ਪੰਦਰਾਂ ਦਸੰਬਰ 1923 ਨੂੰ ਅੰਮ੍ਰਿਤਾ ਆਪਣੀ ਡਾਇਰੀ ਵਿਚ ਲਿਖਦੀ ਹੈ: "ਮਾਂ ਦੇ ਬੈੱਡਰੂਮ ਵਿਚੋਂ ਚੀਕਣ ਦੀਆਂ ਆਵਾਜ਼ਾਂ ਆਈਆਂ। ਪਿਤਾ ਉਸ ਨੂੰ ਸਮਝਾਉਣ ਦਾ ਯਤਨ ਕਰਦੇ ਰਹੇ। ਮੇਰੀ... ਤੂੰ ਖ਼ੁਦ ਨੂੰ ਸੰਭਾਲ। ਉਹ ਬਾਹਰ ਨਿਕਲੇ। ਛੱਤ ਉਪਰ ਉਨ੍ਹਾਂ ਦੀ ਦੂਰਬੀਨ ਸੀ। ... ਮਾਂ ਦਾ ਗੁੱਸਾ ਜਦ ਵਧ ਜਾਂਦਾ ਤਾਂ ਉਹ ਇਸੇ ਤਰ੍ਹਾਂ ਖ਼ੁਦ ਨੂੰ ਤਾਰੇ (ਗ੍ਰਹਿ ਚਾਲ) ਦੇਖਣ ਵਿਚ ਮਸਰੂਫ਼ ਕਰ ਲੈਂਦੇ ਹਨ।"

ਪੈਰਿਸ ਦੀ ਰਾਸ਼ਟਰੀ ਕਲਾ ਯੂਨੀਵਰਸਿਟੀ ਤੋਂ ਸਿੱਖਿਆ ਪ੍ਰਾਪਤੀ ਬਾਅਦ ਉਹ ਯੂਰਪ ਵਿਚ ਟਿਕਣਾ ਪਸੰਦ ਨਹੀਂ ਕਰਦੀ। ਉਹ ਮੰਨਦੀ ਹੈ ਕਿ ਉਸ ਦੀ ਕਲਾ ਦੀ ਕਰਮ ਭੂਮੀ ਭਾਰਤ ਹੈ। ਉਹ ਦਸੰਬਰ 1934 ਵਿਚ ਭਾਰਤ ਪਹੁੰਚ ਕੇ ਸਿੱਧਾ ਸ਼ਿਮਲੇ ਨਹੀਂ ਜਾਂਦੀ, ਸਗੋਂ ਕੁਝ ਕੁ ਮਹੀਨਿਆਂ ਲਈ ਮਜੀਠੀਆ ਪਰਿਵਾਰ ਦੀ ਅੰਮ੍ਰਿਤਸਰ ਵਾਲੀ ਜੱਦੀ ਰਿਹਾਇਸ਼ ਵਿਚ ਰਹਿਣ ਦਾ ਫੈਸਲਾ ਕਰਦੀ ਹੈ। ਇਥੇ ਰਹਿੰਦਿਆਂ ਹੀ ਅੰਮ੍ਰਿਤਾ ਸ਼ੇਰਗਿਲ ਨੇ ਮਾਰਚ 1935 ਵਿਚ ਆਪਣਾ ਪਹਿਲਾ ਤੇਲ ਚਿੱਤਰ ਪੇਂਟ ਕੀਤਾ ਜੋ 'ਥ੍ਰੀ ਗਰਲਜ਼' ਜਾਂ 'ਗਰੁੱਪ ਆਫ ਥ੍ਰੀ ਗਰਲਜ਼' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਚਿੱਤਰ ਦਾ ਆਕਾਰ ਸਾਢੇ ਛੱਤੀ ਗੁਣਾ ਛੱਬੀ ਇੰਚ ਦੇ ਕਰੀਬ ਹੈ।

ਪੱਛਮੀ ਕਲਾ ਰਚਨਾਵਾਂ ਨੂੰ ਦੇਖਦਿਆਂ-ਪਰਖਦਿਆਂ, ਪ੍ਰਸਿੱਧ ਕਲਾਕਾਰਾਂ ਦੀ ਸੰਗਤ ਵਿਚ ਵਿਚਰਦਿਆਂ, ਵਿਸ਼ਵ ਦੇ ਪ੍ਰਸਿਧ ਆਰਟਸ ਸਕੂਲ ਤੋਂ ਸਿੱਖਿਅਤ ਹੋਣ ਦੇ ਬਾਵਜੂਦ, ਉਹ ਭਾਰਤ ਆ ਕੇ ਰਹਿਣਾ ਚਾਹੁੰਦੀ ਹੈ। ਇਹ ਤਿਆਗ ਅਤੇ ਸਵੈ-ਪਛਾਣ ਦੀ ਮਿਲੀ-ਜੁਲੀ ਚੋਣ ਕਹੀ ਜਾ ਸਕਦੀ ਹੈ। ਉਸ ਦਾ ਪਿਤਾ ਜੋ ਅਨੇਕ ਭਾਸ਼ਾਵਾਂ ਦਾ ਗਿਆਤਾ ਤੇ ਕਈ ਗਿਆਨ ਖੇਤਰਾਂ ਦਾ ਮਾਹਿਰ ਸੀ, ਨੇ ਪੂਰੇ ਤਾਣ ਨਾਲ ਅੰਮ੍ਰਿਤਾ ਨੂੰ ਭਾਰਤ ਆਉਣ ਤੋਂ ਵਰਜਿਆ; ਪਰ ਉਸ ਨੇ ਹਰ ਹਦਾਇਤ ਅਤੇ ਮਨਾਹੀ ਨੂੰ ਦਰ-ਕਿਨਾਰ ਕਰਦਿਆਂ ਕਿਹਾ- ਯੂਰਪ ਤਾਂ ਵਾਨ ਗੌਗ, ਪਾਲ ਗੋਗਾਂ ਤੇ ਪਿਕਾਸੋ ਦਾ ਹੈ, ਭਾਰਤ ਮੇਰੇ ਲਈ ਹੈ। 'ਥ੍ਰੀ ਗਰਲਜ਼' ਪੇਂਟ ਕਰਦਿਆਂ ਹੀ ਉਸ ਕਿਰਤ ਦੀ ਖ਼ੁਸ਼ਬੂ ਦੂਰ-ਦੂਰ ਤਕ ਫੈਲ ਗਈ। ਇਉਂ ਇਸ ਪੇਂਟਿੰਗ ਨਾਲ ਆਪਣੇ ਪਿਤਾ ਨੂੰ ਮੁਨਾਸਿਬ ਜਵਾਬ ਦੇਣ ਦੇ ਨਾਲ-ਨਾਲ ਭਾਰਤੀ ਕਲਾ ਵਿਚ ਆਈ ਜੜ੍ਹਤਾ ਨੂੰ ਤੋੜਿਆ। ਉਸ ਸਮੇਂ ਬੰਗਾਲ ਸਕੂਲ ਦੀ ਤੂਤੀ ਬੋਲਦੀ ਸੀ। ਵਿਸ਼ੇ ਪੱਖੋਂ ਪੌਰਾਣਿਕ ਪਾਤਰਾਂ ਨੂੰ ਕੇਂਦਰ ਵਿਚ ਰੱਖ ਕੇ ਚਿੱਤਰਕਾਰ ਆਪਣੇ ਨੂੰ ਧੰਨ-ਧੰਨ ਸਮਝ ਲੈਂਦਾ ਸੀ। ਤਕਨੀਕ ਵਜੋਂ 'ਵਾਸ਼' ਨੂੰ ਅਪਣਾਇਆ ਹੋਇਆ ਸੀ। ਇਸ ਅਨੁਸਾਰ ਪੇਪਰ ਉਪਰ ਰੰਗ ਲਗਾਉਣ ਉਪਰੰਤ ਲੋੜ ਅਨੁਸਾਰ ਉਸ ਦੀ ਰੰਗਤ ਕਾਇਮ ਰੱਖਣ ਲਈ ਉਸ ਨੂੰ ਮੁੜ-ਮੁੜ ਪਾਣੀ ਨਾਲ ਧੋਤਾ ਜਾਂਦਾ ਸੀ। ਇਹ ਤਕਨੀਕ ਆਪਣੇ-ਆਪ ਵਿਚ ਔਖੀ ਹੈ। ਤੇਲ ਰੰਗਾਂ ਵੱਲ ਤਾਂ ਕੋਈ ਅੱਖ ਚੁੱਕ ਕੇ ਦੇਖਣ ਦੀ ਜੁਰਅਤ ਨਹੀਂ ਕਰ ਸਕਦਾ ਸੀ।

ਅੰਮ੍ਰਿਤਾ ਸ਼ੇਰਗਿਲ ਬੰਗਾਲ ਸਕੂਲ ਵੱਲੋਂ ਅਪਣਾਏ ਜਾ ਰਹੇ ਵਿਸ਼ਿਆਂ ਅਤੇ ਤਕਨੀਕ ਨੂੰ ਸਿਰੇ ਤੋਂ ਹੀ ਨਕਾਰ ਦਿੱਤਾ। ਉਸ ਨੇ ਜਲ ਰੰਗਾਂ ਦੀ ਬਜਾਏ ਤੇਲ ਰੰਗਾ ਚੁਣੇ। ਆਪਣੇ ਵੇਲੇ ਇਹ ਇਨਕਲਾਬੀ ਤਬਦੀਲੀਆਂ ਸਨ।

ਉਹ ਅਕਸਰ ਕਹਿੰਦੀ ਸੀ ਕਿ ਮੈਂ ਭਾਰਤ ਦੇ ਪਿੰਡਾਂ ਦੇ ਸਾਧਾਰਨ ਸਾਧਨਹੀਣ ਲੋਕਾਂ ਦੇ ਜੀਵਨ ਦੀਆਂ ਥੁੜ੍ਹਾਂ ਨੂੰ ਆਪਣੇ ਕੰਮ ਦਾ ਵਿਸ਼ਾ ਬਣਾਉਣਾ ਚਾਹੁੰਦੀ ਹਾਂ। 'ਥ੍ਰੀ ਗਰਲਜ਼' ਉਸ ਦਿਸ਼ਾ ਵੱਲ ਉਸ ਦਾ ਪਹਿਲਾ ਕਦਮ ਕਿਹਾ ਜਾ ਸਕਦਾ ਹੈ। ਬਾਅਦ ਵਿਚ ਪੇਂਟ ਕੀਤੇ ਉਸ ਦੇ ਕਈ ਚਿੱਤਰ ਉਸ ਦੇ ਕਥਨ ਅਤੇ ਵਿਸ਼ਵਾਸ ਦੀ ਪੁਸ਼ਟੀ ਕਰਦੇ ਹਨ। ਇਹ ਕੁੜੀਆਂ ਕੌਣ ਹਨ ਜਿਨ੍ਹਾਂ ਨੇ ਇਸ ਚਿੱਤਰ ਵਾਸਤੇ 'ਸਿਟਿੰਗਜ਼' ਦਿੱਤੀਆਂ? ਇਹ ਚਿੱਤਰ ਕਿਥੇ ਪੇਂਟ ਕੀਤਾ ਗਿਆ? ਸਮਾਂ ਬੀਤਣ ਨਾਲ ਇਸ ਉਪਰਲੀ ਧੁੰਦ ਹੌਲੀ-ਹੌਲੀ ਹਟੀ ਹੈ। ਇਸ ਦਾ ਮੁੱਖ ਕਾਰਨ ਬੇਅੰਤ ਕੌਰ ਦੇ ਪੁੱਤਰ ਕਰਨਬੀਰ ਸਿੰਘ ਸਿਬੀਆ ਵੱਲੋਂ ਕੁਝ ਸਾਲ ਪਹਿਲਾਂ ਛਾਪੀ ਗਈ 'ਕੌਫੀਟੇਬਲ ਬੁੱਕ' ਹੈ ਜਿਸ ਵਿਚ ਇੱਕ ਫੋਟੋ ਹੈ। ਉਸ ਫੋਟੋ ਵਿਚ ਚਿੱਤਰ ਵਿਚਲੀਆਂ ਕੁੜੀਆਂ ਨਾਲ ਅੰਮ੍ਰਿਤਾ ਸ਼ੇਰਗਿਲ ਵੀ ਹੈ।

ਅਸਲ ਵਿਚ ਇਹ ਕੁੜੀਆਂ ਸੁੰਦਰ ਸਿੰਘ ਮਜੀਠੀਆ ਦੀਆਂ ਪੋਤੀਆਂ ਹਨ। ਇਨ੍ਹਾਂ ਕੁੜੀਆਂ ਦੇ ਪਿਤਾ ਦਾ ਨਾਮ ਮੰਗਲ ਸਿੰਘ ਮਾਨ ਅਤੇ ਮਾਤਾ ਦਾ ਨਾਮ ਮਹਿੰਦਰ ਕੌਰ ਹੈ। ਇਹ ਤਦ ਗੁੱਜਰਾਂਵਾਲਾ (ਪਾਕਿਸਤਾਨ) ਰਹਿੰਦੇ ਹੁੰਦੇ ਸਨ। ਚਿੱਤਰ ਵਿਚਲੀਆਂ ਕੁੜੀਆਂ ਦੇ ਨਾਮ ਬੇਅੰਤ ਕੌਰ, ਨਿਰਵੈਰ ਕੌਰ ਅਤੇ ਗੁਰਭਜਨ ਕੌਰ ਹਨ। ਜਦੋਂ ਅੰਮ੍ਰਿਤਾ ਅੰਮ੍ਰਿਤਸਰ ਵਿਚਲੀ ਮਜੀਠੀਆ ਅਸਟੇਟ ਵਿਚ ਰਹੀ ਤਾਂ ਉਸ ਦਾ ਮੇਲ-ਜੋਲ ਇਨ੍ਹਾਂ ਕੁੜੀਆਂ ਨਾਲ ਹੋਇਆ ਜੋ ਉਥੇ ਕੁਝ ਸਮੇਂ ਲਈ ਰਹਿਣ ਆਈਆਂ ਸਨ। ਕੁੜੀਆਂ ਦੀ ਸਾਦਗੀ, ਭੋਲੇਪਣ ਤੇ ਗੰਭੀਰਤਾ ਨੇ ਅੰਮ੍ਰਿਤਾ ਨੂੰ ਆਪਣੇ ਵੱਲ ਖਿੱਚਿਆ। ਮਾੜੀ-ਮੋਟੀ ਨਾਂਹ-ਨੁੱਕਰ ਬਾਅਦ ਤਿੰਨੋਂ ਭੈਣਾਂ ਅੰਮ੍ਰਿਤਾ ਲਈ ਸਿਟਿੰਗ ਮੰਨ ਗਈਆਂ। ਬੈਠਣ ਦੀ ਥਾਂ ਉਥੋਂ ਦੇ ਟੈਨਿਸ ਕੋਰਟ ਦੀ ਕੋਈ ਨੁੱਕਰ ਚੁਣੀ। ਇਹ ਚਿੱਤਰ ਕਈ ਬੈਠਕਾਂ ਉਪਰੰਤ ਦੋ-ਤਿੰਨ ਹਫ਼ਤਿਆਂ ਵਿਚ ਮਾਰਚ 1935 ਵਿਚ ਪੂਰਾ ਕਰ ਲਿਆ ਗਿਆ। ਪੇਂਟਿੰਗ ਦੀਆਂ ਵਿਸ਼ੇਸ਼ਤਾਵਾਂ ਨੇ ਅੰਮ੍ਰਿਤਾ ਨੂੰ ਮਾਣ-ਸਨਮਾਨ ਦਿਵਾਇਆ। ਉਸ ਦੇ ਨਿਵੇਕਲੇ ਮੁਹਾਂਦਰੇ ਦਾ ਡਟਵਾਂ ਵਿਰੋਧ ਵੀ ਹੋਇਆ ਜਿਸ ਪ੍ਰਤੀ ਬੇਝਿਜਕ ਬੋਲਣ-ਲਿਖਣ ਵਾਲੀ ਚਿਤੇਰੀ ਨੇ ਜਾਣ-ਬੁਝ ਕੇ ਇੱਕ ਰਹੱਸ ਇਸ ਚਿੱਤਰ ਬਾਰੇ ਰਚਿਆ। ਉਸ ਨੇ ਕਿਤੇ ਵੀ ਕੁੜੀਆਂ ਦੇ ਆਪਸੀ ਰਿਸ਼ਤੇ ਦੇ ਨਾਲ-ਨਾਲ ਉਨ੍ਹਾਂ ਨਾਲ ਆਪਣੇ ਰਿਸ਼ਤੇ ਨੂੰ ਉਜਾਗਰ ਨਹੀਂ ਕੀਤਾ। ਚਿੱਤਰ ਸਿਰਲੇਖ 'ਥ੍ਰੀ ਸਿਸਟਰਜ਼' ਵੀ ਹੋ ਸਕਦਾ ਸੀ, ਪਰ 'ਥ੍ਰੀ ਗਰਲਜ਼' ਸਿਰਲੇਖ ਦੇ ਕੇ ਉਨ੍ਹਾਂ ਵਿਚਲੀ ਖ਼ੂਨ ਦੀ ਸਾਂਝ ਨੂੰ ਲੁਕਾਇਆ ਗਿਆ ਹੈ।

'ਥ੍ਰੀ ਗਰਲਜ਼' ਉਪਰ ਨਜ਼ਰ ਪੈਂਦਿਆਂ ਹੀ ਲੱਗਦਾ ਹੈ ਕਿ ਉਨ੍ਹਾਂ ਦੇ ਪਿਛੋਕੜ/ਦੁਆਲੇ ਵਾਸਤੇ ਕੈਨਵਸ ਉਪਰ ਸਪੇਸ ਨਹੀਂ ਹੈ। ਕਹਿਣ ਨੂੰ ਕਿਹਾ ਜਾ ਸਕਦਾ ਹੈ ਕਿ ਉਹ ਫਰੇਮ ਵਿਚ ਫਸੀਆਂ ਹੋਈਆਂ ਹਨ। ਇਉਂ ਹੈ ਨਹੀਂ। ਉਹ ਪ੍ਰਾਪਤ ਸਪੇਸ ਨੂੰ ਸਹਿਜ-ਆਰਾਮ ਨਾਲ ਬਿਨਾਂ ਇੱਕ-ਦੂਜੇ ਨੂੰ ਕੋਈ ਤਕਲੀਫ਼ ਦਿੱਤਿਆਂ ਮਾਣ ਰਹੀਆਂ ਹਨ। ਚਿੱਤਰ ਇਹ ਵਿਸ਼ਵਾਸ ਦਿਵਾਉਂਦਾ ਹੈ ਕਿ ਇਸ ਤੋਂ ਚੰਗੇਰਾ ਕੋਈ ਹੋਰ ਸੰਯੋਜਨ ਹੋ ਨਹੀਂ ਸਕਦਾ।

ਇੱਕ-ਦੂਜੇ ਦੇ ਅੱਗੇ-ਪਿੱਛੇ ਅਤੇ ਨਾਲ-ਨਾਲ ਬੈਠੀਆਂ ਕੁੜੀਆਂ ਨੂੰ ਅੰਮ੍ਰਿਤਾ ਨੇ ਅੱਖ ਦੇ ਪੱਧਰ ਤੋਂ ਉਲੀਕਿਆ ਹੈ। ਚਿੱਤਰ ਦੀ ਵਿਉਂਤਬੰਦੀ ਤੋਂ ਪਤਾ ਲੱਗਦਾ ਹੈ ਕਿ ਇਸ ਲਈ ਡੂੰਘੀ ਖੋਜ ਅਤੇ ਯੋਜਨਾਬੰਦੀ ਕੀਤੀ ਗਈ ਹੈ।

ਇਹ ਚਿੱਤਰ ਪੁਰਾਤਨ ਰੀਤਾਂ ਨੂੰ ਤੋੜਦਾ ਹੈ। ਐਨ ਕਰੀਬ ਤੋਂ ਵਿਸ਼ੇ ਨੂੰ ਦੇਖਿਆ-ਬਣਾਇਆ ਜਾ ਰਿਹਾ ਹੈ। ਇਸ ਤਰ੍ਹਾਂ ਪਾਤਰਾਂ ਨੂੰ ਚੁਣਿਆ ਹੀ ਨਹੀਂ ਗਿਆ, ਸਗੋਂ ਉਨ੍ਹਾਂ ਨੂੰ ਸਨਮਾਨਯੋਗ ਸਥਿਤੀ ਵਿਚ ਰੱਖਿਆ-ਵਿਚਾਰਿਆ ਹੈ। ਸੰਭਵ ਹੈ, ਇਸ ਪਿੱਛੇ ਅੰਮ੍ਰਿਤਾ ਦੀ ਨਿੱਜੀ ਜੀਵਨ-ਸ਼ੈਲੀ, ਪੱਛਮੀ ਪ੍ਰਭਾਵ, ਪਰਿਵਾਰਕ ਮਾਹੌਲ ਅਤੇ ਸਿੱਖ ਆਦਰਸ਼ ਦੀ ਭੂਮਿਕਾ ਹੋਵੇ। ਤੀਜੀ ਗੱਲ ਇਹ ਹੈ ਕਿ ਚਿੱਤਰ ਨੂੰ ਯਥਾਰਥ ਛੋਹ ਦਿੱਤੀ ਹੈ। ਪਾਤਰਾਂ ਦੀ ਬਾਹਰੀ ਦਿੱਖ ਦੇ ਨਾਲੋ-ਨਾਲ ਉਨ੍ਹਾਂ ਦੀ ਅੰਦਰੂਨੀ ਸੋਚ ਨੂੰ ਬਾਰੀਕਬੀਨੀ ਨਾਲ ਫੜਿਆ ਹੈ। ਅੰਮ੍ਰਿਤਾ ਆਪਣੀ ਪੱਛਮੀ ਕਲਾ ਸਿੱਖਿਆ ਨੂੰ ਪਹਿਲੀ ਵਾਰ ਭਾਰਤੀ ਜਨ-ਜੀਵਨ ਨਾਲ ਜੋੜਦੀ ਹੈ। ਇਉਂ ਕਰਦਿਆਂ ਉਸ ਵਿਚ ਕਾਫ਼ੀ ਬਦਲਾਅ ਲਿਆਂਦਾ ਜਾਂਦਾ ਹੈ। ਪਹਿਲੀ ਰਚਨਾ ਰਾਹੀਂ ਉਹ ਆਪਣੀ ਯੋਗਤਾ ਦਰਸਾਉਂਦੀ ਹੋਈ ਵੱਖ ਵੱਖ ਸ਼ੈਲੀਆਂ ਦੇ ਚਿਤੇਰਿਆਂ ਅਤੇ ਕਲਾ ਆਲੋਚਕਾਂ ਨੂੰ ਸੁਚੇਤ ਕਰ ਦਿੰਦੀ ਹੈ ਕਿ ਤੁਹਾਡਾ ਸਮਾਂ ਵਿਹਾ ਚੁੱਕਾ ਹੈ।

ਤਿੰਨਾਂ ਕੁੜੀਆਂ ਦੀ ਸ਼ਕਲ ਇੱਕ-ਦੂਜੀ ਨਾਲ ਮਿਲਦੀ ਹੈ, ਜਿਵੇਂ ਗਿਆਤ ਹੋ ਗਿਆ ਹੈ ਕਿ ਇਹ ਭੈਣਾਂ ਹਨ ਅਤੇ ਇਨ੍ਹਾਂ ਦੀ ਆਪਸੀ ਉਮਰ ਦਾ ਅੰਤਰ ਵੀ ਜ਼ਿਆਦਾ ਨਹੀਂ। ਅਸਲ ਵਿਚ ਉਹ ਉਮਰ ਪੱਖੋਂ ਅੰਮ੍ਰਿਤਾ ਤੋਂ ਥੋੜ੍ਹਾ ਘੱਟ ਹਨ ਅਤੇ ਚੜ੍ਹਦੀ ਜਵਾਨੀ ਵੱਲ ਵਧ ਰਹੀਆਂ ਹਨ। ਸਭ ਦੇ ਪੰਜਾਬੀ ਪੌਸ਼ਾਕ, ਸਲਵਾਰ-ਕਮੀਜ਼ ਪਾਈ ਹੋਈ ਹੈ। ਵੇਲੇ ਦੇ ਵਿਹਾਰ ਮੁਤਾਬਿਕ ਇਨ੍ਹਾਂ ਨੇ ਚੁੰਨੀ ਦੀ ਬੁੱਕਲ ਮਾਰੀ ਹੋਈ ਹੈ ਅਤੇ ਸਿਰ ਕੱਜਿਆ ਹੋਇਆ ਹੈ। ਕੰਨਾਂ, ਗਲਿਆਂ ਜਾਂ ਬਾਹਾਂ ਵਿਚ ਕੋਈ ਸਜਾਵਟੀ ਵਸਤ ਨਹੀਂ ਹੈ। ਇਉਂ ਇਹ ਕੁੜੀਆਂ ਸਾਦੇ ਲਿਬਾਸ ਵਿਚ ਬਿਨਾਂ ਕਿਸੇ ਬਾਹਰੀ ਸ਼ਿੰਗਾਰ ਦੇ ਪੇਂਟਿੰਗ ਦਾ ਕਿਰਦਾਰ ਬਣਾਈਆਂ ਗਈਆਂ ਹਨ। ਪਹਿਲੀ ਕੁੜੀ ਦੇ ਵਸਤਰ ਲਾਲ ਹਨ। ਅਗਲੀ ਨੇ ਕਰੀਮ ਰੰਗ ਦੀ ਕਮੀਜ਼ ਪਹਿਨੀ ਹੈ ਜਿਸ ਉਪਰ ਹਰੇ ਕੰਗ ਦੀ ਬੂਟੀ ਦੀ ਛਾਪ ਜਾਂ ਕਢਾਈ ਦਿਸਦੀ ਹੈ। ਚੁੰਨੀ ਅਤੇ ਸਲਵਾਰ ਦਾ ਰੰਗ ਹਲਕੇ ਹਰੇ ਵੱਲ ਦਾ ਹੈ। ਪਿਛਲੇਰੀ ਕੁੜੀ ਨੇ ਸੰਤਰੀ ਰੰਗ ਦੀ ਚੁੰਨੀ ਦੀ ਬੁੱਕਲ ਮਾਰੀ ਹੋਈ ਹੈ। ਦੋ ਕੁੜੀਆਂ ਦਾ ਚਿਹਰਾ ਤਿੰਨ-ਚੌਥਾਈ ਅਤੇ ਤੀਜੀ ਦਾ ਪ੍ਰੋਫਾਈਲ ਦਿਸ ਪੈਂਦਾ ਹੈ ਜਿਨ੍ਹਾਂ ਦੀ ਰੰਗਤ ਹਲਕੇ ਰੰਗ ਤੋਂ ਗੂੜ੍ਹੇ ਰੰਗ ਵਿਚ ਬਦਲਦੀ ਹੈ। ਵਾਹੇ ਕੇਸਾਂ ਦਾ ਢੰਗ ਹਰ ਇੱਕ ਦਾ ਵੱਖੋ-ਵੱਖਰਾ ਹੈ, ਪਰ ਹੈ ਪੋਚਵਾਂ। ਸੰਕੇਤ ਮਿਲਦਾ ਹੈ ਕਿ ਕਿਸੇ ਦੇ ਵੀ ਕੇਸ ਖੁੱਲ੍ਹੇ ਨਹੀਂ, ਸਗੋਂ ਉਹ ਗੁੰਦੇ ਹੋਏ ਹਨ। ਉਹ ਉਸ ਵੇਲੇ ਦੀ ਤਹਿਜ਼ੀਬ ਦੇ ਦਰਸ਼ਨ ਹਨ।

ਚਿੱਤਰ ਦੀ ਵਿਸ਼ੇਸ਼ਤਾ ਤਿੰਨੋਂ ਕੁੜੀਆਂ ਦੇ ਚਿਹਰੇ ਹਨ। ਉਮਰ, ਪਰਿਵਾਰਕ, ਆਰਥਿਕ, ਸਮਾਜਿਕ ਪਿਛੋਕੜ ਅਨੁਸਾਰ ਇਨ੍ਹਾਂ ਨੂੰ ਹਸਮੁੱਖ ਹੋਣਾ ਚਾਹੀਦਾ ਸੀ। ਉਹ ਕਿਸੇ ਦਬੇ ਸ਼ੋਸ਼ਤ ਵਰਗ ਤੋਂ ਨਹੀਂ। ਚਿਹਰਿਆਂ ਦੀ ਉਦਾਸੀ ਅਤੇ ਗੰਭੀਰਤਾ ਉਨ੍ਹਾਂ ਦੇ ਸਰੀਰਾਂ ਤਕ ਨੂੰ ਪ੍ਰਭਾਵਿਤ ਕਰ ਰਹੀ ਹੈ। ਕੀ ਸੱਚਮੁੱਚ ਉਹ ਉਦਾਸ ਸਮੇਂ-ਖੰਡ ਥਾਣੀਂ ਲੰਘ ਰਹੀਆਂ ਸਨ? ਸੰਭਵ ਹੋ ਸਕਦਾ ਹੈ। ਕੀ ਖ਼ੁਦ ਚਿੱਤਰਕਾਰ ਨੇ ਉਨ੍ਹਾਂ ਨੂੰ ਆਪਣੇ ਚਿਹਰਿਆਂ ਉਪਰ ਇਹ ਆਵਰਣ ਧਾਰਨ ਕਰਨ ਲਈ ਕਿਹਾ ਜਾਂ ਖ਼ੁਦ ਹੀ ਆਪਣੀ ਸਮਰੱਥਾ ਨੂੰ ਵਰਤਦਿਆਂ ਉਨ੍ਹਾਂ ਦੇ ਚਿਹਰਿਆਂ ਦੇ ਭਾਵ ਬਦਲ ਦਿੱਤੇ? ਕਾਰਨ ਕੁਝ ਵੀ ਹੋਵੇ, ਇਹ ਚਿੱਤਰ ਉਦੋਂ ਤਕ ਦੀ ਕਲਾ ਪੇਸ਼ਕਾਰੀ ਨੂੰ ਰੋਕ ਕੇ ਨਵਾਂ ਪਾਠ ਰਚਦੀ ਹੈ। ਵਿਅਕਤੀ, ਉਹ ਵੀ ਇਸਤਰੀ ਦੇ ਅੰਤਰੀਵ ਭਾਵਾਂ ਨੂੰ ਕੈਨਵਸ ਉਪਰ ਆਉਣ ਦਾ ਮੌਕਾ ਦਿੱਤਾ ਜਾਂਦਾ ਹੈ। ਉਦਾਸ ਗੰਭੀਰ ਚਿਹਰੇ ਦਰਸ਼ਕਾਂ ਨੂੰ ਉਨ੍ਹਾਂ ਬਾਬਤ ਸੋਚਣ ਲਈ ਮਜਬੂਰ ਕਰਦੇ ਹਨ। ਹਲਕੇ ਗੋਲ ਚਿਹਰਿਆਂ ਦੇ ਮੀਚਵੇਂ ਬੁੱਲ੍ਹਾਂ ਦੀ ਅਸਲੀ ਜ਼ੁਬਾਨ ਉਨ੍ਹਾਂ ਦੀਆਂ ਸਥਿਰ ਖੁੱਲ੍ਹੀਆਂ ਅੱਖਾਂ ਹਨ। ਤਿੰਨਾਂ ਕੁੜੀਆਂ ਦੀਆਂ ਅੱਖਾਂ ਦੀ ਪੋਜ਼ੀਸ਼ਨ ਵੱਖ ਵੱਖ ਹੈ। ਅੱਖਾਂ ਜੋ ਦੇਖ ਰਹੀਆਂ ਹਨ, ਉਹ ਵਸਤ ਬਹੁਤ ਦੂਰ ਟਿਕੀ ਹੋਈ ਨਹੀਂ। ਉਹ ਪੇਂਟਿੰਗ ਫਰੇਮ ਦੇ ਅੰਦਰ-ਅੰਦਰ ਹੈ। ਹਲਕੇ ਝੁਕੇ ਸਿਰ ਨਜ਼ਰ ਨੂੰ ਦੂਰ ਜਾਣ ਤੋਂ ਰੋਕਦੇ ਹਨ। ਉਦਾਸੀ ਜਾਂ ਸੋਚ ਵੇਲੇ ਪਲਕਾਂ ਦਾ ਝੁਕਣਾ ਸਥਿਤੀ ਦਾ ਲੱਛਣ ਹੈ। ਲੱਗਦਾ ਹੈ ਕਿ ਉਹ ਬਾਹਰੀ ਵਸਤ ਦੀ ਬਜਾਏ ਆਪੋ-ਆਪਣੇ ਅੰਦਰ ਝਾਤੀ ਮਾਰ ਰਹੀਆਂ ਹਨ।

ਤਿੰਨੋਂ ਜਣੀਆਂ ਕੀ ਇੱਕੋ ਵਹਾਅ ਵਿਚ ਵਹਿ ਰਹੀਆਂ ਹਨ? ਉਹ ਹਨ ਤਾਂ ਵਰਤਮਾਨ ਵਿਚ, ਪਰ ਸੋਚ ਜਿਵੇਂ ਭਵਿਖ ਵੱਲ ਰਹੀਆਂ ਹਨ। ਭਵਿਖ ਵੀ ਜਿਵੇਂ ਕੋਈ ਬਾਹਰੀ ਸ਼ੈਅ ਨਹੀਂ, ਅੰਤਰੀਵੀ ਹੈ। ਜਿਉਂ-ਜਿਉਂ ਵਿਅਕਤੀ ਅੰਤਹੀਣ ਵਿਚ ਲੱਥਦਾ ਜਾਵੇਗਾ, ਉਸ ਦੀ ਸੋਚ ਵਿਚ ਗੰਭੀਰਤਾ ਆਉਂਦੀ ਜਾਵੇਗੀ। ਭਵਿਖ ਤਾਂ ਰਹੱਸ ਹੈ ਜਿਸ ਬਾਬਤ ਨਿਸ਼ਚਿਤ ਕੁਝ ਨਹੀਂ ਕਿਹਾ ਜਾ ਸਕਦਾ। ਚੜ੍ਹਦੀ ਉਮਰ ਦੀਆਂ ਕੁੜੀਆਂ ਇਸੇ ਉਲਝਣ ਵਿਚ ਜਾਪਦੀਆਂ ਹਨ। ਕੈਨਵਸ ਉਪਰ ਸਪੇਸ ਸਾਂਝੀ ਕਰ ਲੈਣ ਦਾ ਅਰਥ ਇਹ ਨਹੀਂ ਕਿ ਸਾਰੀਆਂ ਦੀ ਸੋਚ/ਚਿੰਤਾ ਇੱਕੋ ਜਿਹੀ ਹੈ। ਇਥੇ ਤਾਂ ਤਿੰਨੋਂ ਕੁੜੀਆਂ ਆਪਣੇ-ਆਪ ਵਿਚ ਵੱਖਰੇ ਟਾਪੂ ਵਾਂਗ ਹਨ।

ਲਾਲ ਪੌਸ਼ਾਕ ਵਾਲੀ ਕੁੜੀ ਨੇ ਆਪਣੇ ਹੱਥ ਆਪਣੇ ਗੋਡਿਆਂ ਉਪਰ ਰੱਖੇ ਹੋਏ ਹਨ ਜਦੋਂਕਿ ਦੂਜੀ ਕੁੜੀ ਦੇ ਹੱਥ ਪੂਰੇ ਨਹੀਂ ਦਿਸਦੇ। ਇਹ ਅੰਦਾਜ਼ ਸੁਭਾਵਿਕ ਸਰੀਰਕ ਕਿਰਿਆ ਦਾ ਅੰਗ ਜਾਪਦੇ ਹਨ।

ਕਿਰਤ ਵਿਚ ਇਕਾਈਆਂ ਦੇ ਉਭਾਰ ਅਤੇ ਵਖਰੇਵੇਂ ਲਈ ਰੰਗਾਂ, ਉਨ੍ਹਾਂ ਦੀਆਂ ਟੋਨਜ਼ ਅਤੇ ਬਾਰੀਕ ਲਕੀਰਾਂ ਦਾ ਆਸਰਾ ਲਿਆ ਹੈ। ਡੂੰਘਾਈ ਅਤੇ ਲੁਕੀ ਸ਼ੈਅ ਵਾਸਤੇ ਰੰਗ ਵਿਚ ਸਿਆਹ ਨੂੰ ਮਿਲਾ ਲਿਆ ਹੈ! ਜਿਥੇ ਇਹ ਕੁੜੀਆਂ ਬੈਠੀਆਂ ਹਨ, ਉਹ ਕੰਧ ਇਨ੍ਹਾਂ ਦੇ ਕਰੀਬ ਹੈ। ਤਾਹੀਓਂ ਆਕਾਰਾਂ ਦੇ ਪਰਛਾਵੇਂ ਉਸ ਉਪਰ ਪੈ ਰਹੇ ਹਨ। ਗੌਰ ਨਾਲ ਦੇਖਣ ਨਾਲ ਗਿਆਤ ਹੁੰਦਾ ਹੈ ਕਿ ਇਹ ਪਰਛਾਵੇਂ ਵਾਸਤਵਿਕ ਨਹੀਂ, ਕਲਪਿਤ ਹਨ, ਭਾਵ ਚਿੱਤਰਕਾਰ ਨੇ ਉਨ੍ਹਾਂ ਨੂੰ ਆਪਣੀ ਮਰਜ਼ੀ ਨਾਲ ਇਧਰ-ਉਧਰ ਕਰ ਕੇ ਵਰਤਿਆ ਹੈ। ਇਹ ਜਿਵੇਂ ਹੋਣੇ ਚਾਹੀਦੇ ਹਨ, ਉਵੇਂ ਨਹੀਂ ਹਨ। ਇਹ ਕੰਧ ਦੀ ਸਪਾਟ ਦਿੱਖ ਨੂੰ ਤੋੜਨ ਤੋਂ ਇਲਾਵਾ ਆਕਾਰਾਂ ਨੂੰ ਨਿਖਾਰਦੇ ਹਨ।


ਪੇਂਟਿੰਗ ਦੇ ਕਿਸੇ ਵੀ ਥਾਂ ਉਪਰ ਪੋਚਵਾਂ ਰੰਗ ਨਹੀਂ। ਇਕਹਿਰੇ ਅਤੇ ਸਪਾਟ ਰੰਗ ਦੀ ਵਰਤੋਂ ਨਹੀਂ ਹੋਈ। ਸਪਸ਼ਟ ਦਿਸਦੀਆਂ ਬੁਰਸ਼ ਛੋਹਾਂ ਕਿਰਤ ਵਿਚ ਥਿਰਕਣ ਪੈਦਾ ਕਰਦੀਆਂ ਹਨ। ਇਸ ਤੋਂ ਪਹਿਲਾਂ ਕਿਸੇ ਵੀ ਭਾਰਤੀ ਕਲਾਕਾਰ ਨੇ ਇਹ ਤਰੀਕਾ ਨਹੀਂ ਵਰਤਿਆ।

ਜੇ ਅਸੀਂ ਅੰਮ੍ਰਿਤਾ ਦੇ ਪੇਂਟ ਕੀਤੇ ਪਹਿਲਾਂ ਦੇ ਚਿੱਤਰਾਂ ਨਾਲ ਇਹ ਮੇਚ ਕੇ ਦੇਖੀਏ ਤਾਂ ਭਾਰਤ ਆ ਕੇ ਬਣਾਏ ਇਸ ਚਿੱਤਰ ਵਿਚ ਆਈਆਂ ਤਬਦੀਲੀਆਂ ਦੀ ਨਿਸ਼ਾਨਦੇਹੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਅੰਮ੍ਰਿਤਾ ਸ਼ੇਰਗਿਲ, ਵਾਨ ਗੌਗ ਅਤੇ ਗੋਗਾਂ ਦੇ ਕੰਮ ਦੀ ਮੱਦਾਹ ਰਹੀ। ਵਾਨ ਗੌਗ ਦੀ ਪੇਂਟਿੰਗ 'ਸਟਾਰੀ ਨਾਈਟ' ਦੇਖ-ਦੇਖ ਰੋਂਦੇ ਰਹਿਣ ਦੀ ਗੱਲ ਉਸ ਨੇ ਆਪਣੀ ਡਾਇਰੀ ਵਿਚ ਲਿਖੀ ਹੈ। ਇਹ ਚਿੱਤਰ ਦੱਸਦਾ ਹੈ ਕਿ ਉਹ 'ਥ੍ਰੀ ਗਰਲਜ਼' ਨੂੰ ਅਕਾਦਮਿਕ ਨੁਕਤਾ-ਨਿਗ੍ਹਾ ਤੋਂ ਨਹੀਂ ਬਣਾ ਰਹੀ, ਸਗੋਂ ਰਚਨਾਤਮਿਕ ਵਿਹਾਰ ਅਨੁਸਾਰ ਕੰਮ ਕਰ ਰਹੀ ਹੈ, ਤਾਂ ਵੀ ਇਸ ਕੰਮ ਉਪਰ ਗੋਗਾਂ ਦੇ ਕੰਮ ਦਾ ਕਾਫ਼ੀ ਅਸਰ ਦਿਖਾਈ ਦਿੰਦਾ ਹੈ। ਵਿਸ਼ੇਸ਼ ਕਰ ਕੇ ਉਹ ਜਿਹੜਾ ਉਸ ਨੇ ਤਾਹਟੀ ਰਹਿੰਦੇ ਸਮੇਂ ਕੀਤਾ ਸੀ। ਇਹ ਆਕਾਰਾਂ ਦੀ ਬਣਤਰ ਅਤੇ ਰੰਗ ਵਰਤੋਂ ਤੋਂ ਲਗਦਾ ਹੈ।


ਉਸ ਸਮੇਂ ਠਾਕਰ ਸਿੰਘ ਅਤੇ ਸੋਭਾ ਸਿੰਘ ਵੀ ਕਾਰਜਸ਼ੀਲ ਸਨ, ਪਰ ਦੋਵਾਂ ਦਾ ਆਪਣੇ ਸਮੇਂ ਦੀ ਚਿਤੇਰੀ ਅਤੇ ਉਸ ਦੀ ਚਿੱਤਰਕਲਾ ਪ੍ਰਤੀ ਕੀ ਰਵੱਈਆ ਰਿਹਾ, ਇਸ ਬਾਬਤ ਕੋਈ ਵੇਰਵਾ ਪੜ੍ਹਨ-ਸੁਣਨ ਨੂੰ ਨਹੀਂ ਮਿਲਿਆ।

'ਥ੍ਰੀ ਗਰਲਜ਼' ਨੇ ਹੌਲੀ ਹੌਲੀ ਕਲਾ ਪ੍ਰੇਮੀਆਂ, ਕਲਾ ਸਮੀਖਿਆਕਾਰਾਂ ਦਰਮਿਆਨ ਆਪਣੀ ਪੈਂਠ ਬਣਾਉਣੀ ਸ਼ੁਰੂ ਕੀਤੀ। ਫਲਸਰੂਪ, ਇਸ ਪੇਂਟਿੰਗ ਨੂੰ 1937 ਵਿਚ ਬੰਬਈ ਆਰਟ ਸੁਸਾਇਟੀ ਵੱਲੋਂ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਪੇਂਟਿੰਗ ਦੇ ਨਾਲ ਕੁਝ ਹੋਰ ਪੇਂਟਿੰਗਾਂ ਹੈਦਰਾਬਾਦ ਦੇ ਨਵਾਬ ਸਲਾਰਗੰਜ ਨੂੰ ਭੇਜੀਆਂ, ਪਰ ਉਸ ਨੇ ਸਭ ਨੂੰ ਵਾਪਸ ਕਰ ਦਿੱਤਾ। ਇਹ ਦੁਖਦ ਅਨੁਭਵ ਸੀ।

ਅੰਮ੍ਰਿਤਾ ਸ਼ੇਰਗਿਲ ਨੇ ਭਾਰਤ ਦੇ ਮੁੱਖ ਸਥਾਨਾਂ ਦੀਆਂ ਯਾਤਰਾਵਾਂ ਕੀਤੀਆਂ ਤਾਂ ਜੋ ਉਥੋਂ ਦੀ ਕਲਾ ਸੰਪਦਾ ਅਤੇ ਸਥਾਨਕ ਲੋਕਾਂ ਬਾਰੇ ਨੇੜੇ ਤੋਂ ਜਾਣਿਆ ਜਾ ਸਕੇ। ਆਪਣੀ ਨਿੱਕੀ ਜਿਹੀ ਉਮਰ ਅਤੇ ਬਹੁਤ ਘੱਟ ਸਮਾਂ ਭਾਰਤ ਰਹਿਣ ਦੌਰਾਨ ਉਸ ਨੇ ਜੋ ਕੰਮ ਕੀਤਾ, ਉਸੇ ਨੇ ਆਧੁਨਿਕ ਭਾਰਤੀ ਕਲਾ ਦੀ ਨੀਂਹ ਰੱਖੀ ਹੈ।



ਅੰਮ੍ਰਿਤਾ ਸ਼ੇਰਗਿਲ ਵੱਲੋਂ ਬਣਾਇਆ ਇਕ ਸੈਲਫ ਪੋਰਟਰੇਟ।




# ਪਦਮਾਵਤੀ ਦਾ ਪਹਾੜਾ


**ਕੀਰਤ ਕਾਸ਼ਣੀ**

ਅਦਾਕਾਰਾ ਦੀਪਿਕਾ ਪਾਦੂਕੋਣ ਨੇ ਆਪਣੀ ਆਉਣ ਵਾਲੀ ਫਿਲਮ 'ਪਦਮਾਵਤੀ' ਲਈ 20 ਕਿਲੋ ਦੇ ਗਹਿਣੇ ਪਹਿਨੇ ਹਨ। 'ਬਾਜੀਰਾਵ ਮਸਤਾਨੀ' ਦੀ ਸਫਲਤਾ ਤੋਂ ਉਤਸ਼ਾਹਿਤ ਸੰਜੇ ਲੀਲਾ ਭੰਸਾਲੀ ਇਕ ਹੋਰ ਇਤਿਹਾਸਕ ਫਿਲਮ ਬਣਾ ਰਹੇ ਹਨ। ਫਿਲਮ 'ਪਦਮਾਵਤੀ' ਖਿਲਜੀ ਵੰਸ਼ ਦੇ ਦੂਜੇ ਸ਼ਾਸਕ ਅਲਾਊਦੀਨ ਖਿਲਜੀ ਅਤੇ ਮੇਵਾੜ ਦੀ ਰਾਣੀ ਪਦਮਾਵਤੀ ਪ੍ਰਤੀ ਉਸ ਦੇ ਜਨੂੰਨੀ ਪ੍ਰੇਮ ਦੀ ਗਾਥਾ ਬਿਆਨ ਕਰੇਗੀ। ਰਾਣੀ ਪਦਮਾਵਤੀ ਆਪਣੀ ਸੁੰਦਰਤਾ, ਬੁੱਧੀ ਅਤੇ ਸਾਹਸ ਲਈ ਪ੍ਰਸਿਧ ਸੀ। ਇਸ ਫਿਲਮ ਦੀ ਕਹਾਣੀ ਇਸੇ ਦਲੇਰ ਰਾਣੀ ਪਦਮਾਵਤੀ ਦੀ ਜ਼ਿੰਦਗੀ ਉਤੇ ਆਧਾਰਿਤ ਹੈ। ਫਿਲਮ ਵਿਚ ਦੀਪਿਕਾ ਪਾਦੂਕੋਣ ਰਾਣੀ ਪਦਮਾਵਤੀ ਦੀ ਭੂਮਿਕਾ ਵਿਚ ਹੈ ਅਤੇ ਸ਼ਾਹਿਦ ਕਪੂਰ ਪਦਮਾਵਤੀ ਦੇ ਪਤੀ ਰਾਵਲ ਰਤਨ ਸਿੰਘ ਦਾ ਕਿਰਦਾਰ ਨਿਭਾਅ ਰਿਹਾ ਹੈ। ਰਣਵੀਰ ਸਿੰਘ ਅਲਾਊਦੀਨ ਖਿਲਜੀ ਦੇ ਕਿਰਦਾਰ ਵਿਚ ਹੈ। ਅਜਿਹਾ ਪਹਿਲੀ ਵਾਰ ਹੈ, ਜਦੋਂ ਰਣਵੀਰ ਖਲਨਾਇਕ ਵਾਲੇ ਕਿਰਦਾਰ ਵਿਚ ਨਜ਼ਰ ਆਵੇਗਾ।

ਇਹ ਫਿਲਮ ਮੁੱਖ ਰੂਪ ਵਿਚ ਪਦਮਾਵਤੀ ਅਤੇ ਖਿਲਜੀ ਦੁਆਲੇ ਘੁੰਮਦੀ ਹੈ। ਕੁਝ ਰਾਜਪੂਤ ਜਥੇਬੰਦੀਆਂ ਇਸ ਫਿਲਮ ਦਾ ਵਿਰੋਧ ਕਰ ਰਹੀਆਂ ਹਨ। ਉਨ੍ਹਾਂ ਮੁਤਾਬਕ, ਫਿਲਮ ਵਿਚ ਪਦਮਾਵਤੀ ਅਤੇ ਖਿਲਜੀ ਦੇ ਪ੍ਰੇਮ ਪ੍ਰਸੰਗ ਫਿਲਮਾਏ ਗਏ ਹਨ। ਇਨ੍ਹਾਂ ਜਥੇਬੰਦੀਆਂ ਨੇ ਰਾਜਸਥਾਨ ਵਿਚ ਫਿਲਮ ਦੀ ਸ਼ੂਟਿੰਗ ਦੌਰਾਨ ਭੰਨ-ਤੋੜ ਵੀ ਕੀਤੀ ਅਤੇ ਫਿਲਮਸਾਜ਼ ਭੰਸਾਲੀ ਨਾਲ ਹੱਥੋਪਾਈ ਵੀ ਹੋਏ। ਭੰਸਾਲੀ ਦਾ ਕਹਿਣਾ ਹੈ ਕਿ ਫਿਲਮ ਦੇਖੇ ਬਗੈਰ ਹੀ ਦੋਸ਼ ਲਾਉਣੇ ਕਿਸੇ ਵੀ ਸੂਰਤ ਵਿਚ ਸਹੀ ਨਹੀਂ ਹਨ। ਨਾਲੇ ਉਸ ਨੇ ਪਦਮਾਵਤੀ ਦੇ ਕਿਰਦਾਰ ਵਿਚ ਕੋਈ ਤੋੜ-ਮਰੋੜ ਨਹੀਂ ਕਤਿੀ ਹੈ, ਸਗੋਂ ਫਿਲਮ ਵਿਚ ਰਾਣੀ ਪਦਮਾਵਤੀ ਦਾ ਸਾਹਸ ਬਿਆਨਿਆ ਗਿਆ ਹੈ। ਇਕ ਸੌ ਸੱਠ ਕਰੋੜ ਰੁਪਏ ਦੀ ਬਜਟ ਵਾਲੀ ਇਹ ਫਿਲਮ ਦਸੰਬਰ ਵਿਚ ਰਿਲੀਜ਼ ਹੋ ਰਹੀ ਹੈ। ਫਿਲਮ ਵਿਚ ਅਦਿਤੀ ਰਾਓ ਹੈਦਰੀ ਨੇ ਵੀ ਅਹਿਮ ਕਿਰਦਾਰ ਨਿਭਾਇਆ ਹੈ।



ਰਣਵੀਰ ਸਿੰਘ



ਸ਼ਾਹਿਦ ਕਪੂਰ



ਅਦਿਤੀ ਰਾਓ ਹੈਦਰੀ



ਸੰਜੇ ਲੀਲਾ ਭੰਸਾਲੀ

# ਪ੍ਰਿਅੰਕਾ ਚੋਪੜਾ ਦੀ ਚੜ੍ਹਤ

**ਜਗਜੀਤ ਸਿੰਘ ਸੇਖੋਂ**



'ਫੋਰਬਸ' ਦੀ ਸਾਲਾਨਾ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਟੌਪ-10 ਟੀ.ਵੀ. ਅਭਿਨੇਤਰੀਆਂ ਦੀ ਸੂਚੀ ਵਿਚ 'ਦੇਸੀ ਗਰਲ' ਪ੍ਰਿਅੰਕਾ ਚੋਪੜਾ ਦਾ ਨਾਂ ਵੀ ਸ਼ਾਮਲ ਹੈ। ਸੋਫੀਆ ਵਰਜਾਰਾ ਇਸ ਸੂਚੀ ਵਿਚ ਸਿਖ਼ਰਲੇ ਸਥਾਨ 'ਤੇ ਹੈ। ਪ੍ਰਿਅੰਕਾ ਨੇ ਟੀ.ਵੀ. ਸ਼ੋਅ 'ਕੁਆਂਟਿਕੋ' ਰਾਹੀਂ ਪੱਛਮ ਦੇ ਮਨੋਰੰਜਨ ਜਗਤ ਵਿਚ ਦਸਤਕ ਦਿੱਤੀ ਸੀ। ਉਸ ਨੇ ਫਿਲਮ 'ਬੇਅਵਾਚ' ਵਿਚ ਖਲਨਾਇਕਾ ਵਾਲੀ ਭੂਮਿਕਾ ਨਿਭਾਅ ਕੇ ਹੌਲੀਵੁਡ ਵਿਚ ਆਪਣੇ ਆਪ ਨੂੰ ਪੱਕੀ ਪੈਰੀਂ ਕਰ ਲਿਆ ਹੈ। ਕਈ ਵੱਕਾਰੀ ਸਮਾਗਮਾਂ ਵਿਚ ਵੀ ਉਹ ਅਕਸਰ ਦਿਖਾਈ ਦਿੰਦੀ ਹੈ। ਹੁਣ ਇਕ ਕਰੋੜ ਅਮਰੀਕੀ ਡਾਲਰ ਕਮਾਈ ਨਾਲ ਪ੍ਰਿਅੰਕਾ 'ਫੋਰਬਸ' ਦੀ ਸੂਚੀ ਵਿਚ ਅੱਠਵੇਂ ਸਥਾਨ ਉਤੇ ਹੈ।

'ਪੈਂਤੀ ਵਰ੍ਹਿਆਂ ਦੀ ਪ੍ਰਿਅੰਕਾ ਚੌਪੜਾ ਨੇ ਆਪਣੇ ਕਰੀਅਰ ਦੀ ਸ਼ੁਰੂਆਤ 2002 ਵਿਚ ਫਿਲਮ ਹਮਰਾਜ਼ ਨਾਲ ਕੀਤੀ ਸੀ। ਪਰ ਕੁਝ ਕਾਰਨਾਂ ਕਰਕੇ ਉਸ ਨੂੰ ਇਸ ਫਿਲਮ ਵਿਚੋਂ ਹਟਣਾ ਪਿਆ। ਫਿਰ 2002 ਵਿਚ ਹੀ ਉਸ ਦੀ ਤਾਮਿਲ ਫਿਲਮ ਤਮੀਜ਼ਾਨ ਰਿਲੀਜ਼ ਹੋਈ ਅਤੇ ਇਕ ਸਾਲ ਬਾਅਦ 2003 ਵਿਚ ਉਸ ਨੂੰ ਫਿਲਮਸਾਜ਼ ਅਨਿਲ ਸ਼ਰਮਾ ਦੀ ਫਿਲਮ 'ਦਿ ਹੀਰੋ.. ਲਿਵ ਸਟੋਰੀ ਆਫ਼ ਏ ਸਪਾਈ' ਫਿਲਮ ਵਿਚ ਕੰਮ ਕਰਨ ਦਾ ਮੌਕਾ ਮਿਲਿਆ ਇਸ ਫਿਲਮ ਵਿਚ ਸੰਨੀ ਦਿਓਲ ਅਤੇ ਪ੍ਰਿੰਤੀ ਜਿੰਟਾ ਦੇ ਮੁੱਖ ਰੋਲ ਸਨ ਅਤੇ ਇਹ ਫਿਲਮ ਕਸ਼ਮੀਰ ਨੂੰ ਪਿਛੋਕੜ ਵਿਚ ਰੱਖ ਕੇ ਬਣਾਈ ਗਈ ਸੀ।


ਇਸ ਫਿਲਮ ਨੇ ਕਮਾਈ ਨਾ ਬਥੇਰੀ ਕੀਤੀ ਪਰ ਇਸ ਫਿਲਮ ਦੇ ਰੀਵਿਊ ਰਲਵੇਂ ਮਿਲਵੇਂ ਜਿਹੇ ਹੀ ਹੋਏ। ਉਂਝ ਇਸ ਫਿਲਮ ਤੋਂ ਹੀ ਉਸ ਦੀ ਚਰਚਾ ਸ਼ੁਰੂ ਹੋ ਗਈ ਅਤੇ 2003 ਵਿਚ ਹੀ ਰਾਜ ਕੰਬਰ ਵੱਲੋਂ ਬਣਾਈ ਫਿਲਮ ਅੰਦਾਜ਼ ਨਾਲ ਫਿਲਮੀ ਦੁਨੀਆ ਵਿਚ ਉਸ ਦੀਆਂ ਪੈੜਾਂ ਪੱਕੀਆਂ ਹੋ ਗਈਆਂ। ਇਸ ਫਿਲਮ ਵਿਚ ਉਸ ਨਾਲ ਅਕਸ਼ੇ ਕੁਮਾਰ ਵੀ ਸੀ ਅਤੇ ਇਹ ਲਾਰਾ ਦੱਤਾ ਦੀ ਪਹਿਲੀ ਫਿਲਮ ਸੀ। ਸਾਲ 2004 ਵਿਚ ਉਸ ਦੀਆਂ ਤਿੰਨ ਫਿਲਮਾਂ ਪਲਾਨ, ਕਿਸਮਤ ਅਤੇ ਅਸੰਭਵ ਰਿਲੀਜ਼ ਹੋਈਆਂ ਪਰ ਤਿੰਨੇ ਹੀ ਕੁਝ ਖਾਸ ਕਿਸ਼ਮਾ ਨਹੀਂ ਕਰ ਸਕੀਆਂ। ਫਿਰ ਡੇਵਿਡ ਧਵਨ ਦੀ ਰੁਮਾਂਟਿੰਗ ਫਿਲਮ ਮੁਜ ਸੇ ਸ਼ਾਦੀ ਕਰੋਗੇ ਨਾਲ ਉਸ ਦੇ ਪੈਰ ਫਿਰ ਟਿਕ ਗਏ। ਇਸ ਤੋਂ ਬਾਅਦ ਤਾਂ ਫਿਰ ਚਲ ਸੋ ਚੱਲ। ਉਸ ਨੇ ਮੁੜ ਪਿਛੇ ਮੁੜ ਕੇ ਨਹੀਂ ਦੇਖਿਆ। ਅਦਾਕਾਰੀ ਦੇ ਸਫ਼ਲ ਕਰੀਅਰ ਦੇ ਨਾਲ ਹੀ ਉਸ ਨੇ ਆਪਣੀ ਗਾਉਣ ਦੀ ਇੱਛਾ ਵੀ ਪੂਰੀ ਕੀਤੀ। ਇਸ ਤੋਂ ਬਾਅਦ ਉਹ ਪੱਛਮ ਵਿਚ ਟੈਲੀਵਿਜ਼ਨ ਉਤੇ ਵੀ ਛਾਅ ਗਈ।

# ਅੰਜਲੀ ਪਾਟਿਲ ਨੂੰ ਹੁੰਗਾਰਾ

**ਗੁਰਜੰਟ ਸਿੰਘ**



ਫਿਲਮ 'ਚੱਕਰਵਿਊ' ਵਿਚ ਮਾਓਵਾਦੀ ਬਣੀ ਅਦਾਕਾਰਾ ਅੰਜਲੀ ਪਾਟਿਲ ਨੇ 'ਫਾਈਂਡਿੰਗ ਫੈਨੀ', 'ਮਿਰਜ਼ਿਆ' ਆਦਿ ਫ਼ਿਲਮਾਂ ਕੀਤੀਆਂ ਅਤੇ ਹੁਣ ਉਹ ਫਿਲਮ 'ਸਮੀਰ' ਵਿਚ ਪ੍ਰੈਸ ਫੋਟੋਗ੍ਰਾਫਰ ਆਲੀਆ ਦੀ ਭੂਮਿਕਾ ਵਿਚ ਆ ਰਹੀ ਹੈ। ਅਹਿਮਦਾਬਾਦ ਦੇ ਬੰਬ ਕਾਂਡ 'ਤੇ ਆਧਾਰਤ ਇਸ ਫ਼ਿਲਮ ਵਿਚ ਕੰਮ ਕਰਨ ਦੇ ਅਨੁਭਵ ਬਾਰੇ ਉਹ ਕਹਿੰਦੀ ਹੈ ਕਿ ਇਸ ਵਿਚ ਕੰਮ ਕਰ ਕੇ ਉਸ ਨੂੰ ਖਬਰ ਹੋਈ ਹੈ ਕਿ ਪ੍ਰੈਸ ਫੋਟੋਗ੍ਰਾਫਰ ਦੀ ਜ਼ਿੰਦਗੀ ਸੌਖੀ ਨਹੀਂ ਹੁੰਦੀ। ਸਵੇਰੇ ਜਦੋਂ ਉਹ ਉਠਦਾ ਹੈ ਤਾਂ ਉਸ ਨੂੰ ਇਹ ਪਤਾ ਨਹੀਂ ਹੁੰਦਾ ਕਿ ਅੱਜ ਕੀ ਕੁਝ ਦੇਖਣਾ ਨਸੀਬ ਹੋਵੇਗਾ। ਕਿਸ ਘਟਨਾ ਜਾਂ ਦੁਰਘਟਨਾ ਨੂੰ ਕੈਮਰੇ ਵਿਚ ਕੈਦ ਕਰਨਾ ਪਵੇਗਾ। ਅਹਿਮਦਾਬਾਦ ਵਿਚ ਜਦੋਂ ਬੰਬ ਕਾਂਡ ਦੀ ਸ਼ੂਟਿੰਗ ਚੱਲ ਰਹੀ ਸੀ, ਤਾਂ ਖ਼ੂਨ ਨਾਲ ਲਥਪਥ ਲਾਸ਼ਾਂ ਦੀਆਂ ਤਸਵੀਰਾਂ ਖਿਚਣੀਆਂ ਪਈਆਂ। ਇਹ ਲਾਸ਼ਾਂ ਅਤੇ ਖ਼ੂਨ ਭਾਵੇਂ ਨਕਲੀ ਸਨ, ਪਰ ਇਸ ਦੇ ਬਾਵਜੂਦ ਇਹ ਮੰਜ਼ਰ ਦੇਖ ਕੇ ਉਹ ਕੰਬ ਗਈ ਸੀ। ਉਦੋਂ ਖਿਆਲ ਆਇਆ ਕਿ ਅਸਲੀ ਪ੍ਰੈਸ ਫੋਟੋਗ੍ਰਾਫਰ ਜਦੋਂ ਇਸ ਤਰ੍ਹਾਂ ਦੀ ਘਟਨਾ ਕਵਰ ਕਰ ਰਿਹਾ ਹੁੰਦਾ ਹੈ, ਉਦੋਂ ਉਸ ਦੇ ਦਿਲ 'ਤੇ ਕੀ ਬੀਤਦੀ ਹੋਵੇਗੀ? ਯਾਦ ਰਹੇ ਕਿ 'ਚੱਕਰਵਿਊ' ਵਿਚ ਅੰਜਲੀ ਪਾਟਿਲ ਦੀ ਅਦਾਕਾਰੀ ਦੇਖ ਕੇ ਇਹ ਕਿਹਾ ਜਾਣ ਲੱਗਿਆ ਸੀ ਕਿ ਫਿਲਮ ਜਗਤ ਨੂੰ ਇਕ ਹੋਰ ਸਮਿਤਾ ਪਾਟਿਲ ਮਿਲ ਗਈ ਹੈ, ਪਰ ਅੰਜਲੀ ਨੇ ਫਿਲਹਾਲ ਖ਼ੁਦ ਨੂੰ ਸਮਿਤਾ ਪਾਟਿਲ ਦੇ ਠੱਪੇ ਤੋਂ ਬਚਾਈ ਰੱਖਿਆ ਹੈ। ਉਹ ਆਖਦੀ ਹੈ: "ਫ਼ਿਲਮ ਸਨਅਤ ਵਿਚ ਇਹ ਆਮ ਗੱਲ ਹੈ ਕਿ ਕਿਸੇ ਕਲਾਕਾਰ ਦੀ ਤੁਲਨਾ ਕਿਸੇ ਦੂਜੇ ਕਲਾਕਾਰ ਨਾਲ ਕਰ ਦਿੱਤੀ ਜਾਂਦੀ ਹੈ। ਇਹ ਦਰਅਸਲ ਦੋਹਾਂ ਨਾਲ ਜ਼ਿਆਦਤੀ ਹੁੰਦੀ ਹੈ, ਕਿਉਂਕਿ ਸਭ ਦਾ ਆਪੋ-ਆਪਣਾ ਸੁਭਾਅ ਅਤੇ ਕੰਮ ਕਰਨ ਦੀ ਸਮਰੱਥਾ ਹੁੰਦੀ ਹੈ। ਮੈਨੂੰ ਵੀ ਇਕ ਹੋਰ ਸਮਿਤਾ ਪਾਟਿਲ ਦਾ ਤਗਮਾ ਦੇ ਕੇ ਮੇਰੀ ਕਲਾ ਨੂੰ ਸੀਮਤ ਦਾਇਰੇ ਵਿਚ ਕੈਦ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਮੈਂ ਇਹ ਕੋਸ਼ਿਸ਼ ਸਫ਼ਲ ਨਹੀਂ ਹੋਣ ਦਿੱਤੀ।" ਹਾਲ ਹੀ ਵਿਚ ਆਈ ਫਿਲਮ 'ਨਿਊਟਨ' ਵਿਚ ਅੰਜਲੀ ਨੇ ਕਮਾਲ ਦੀ ਅਦਾਕਾਰੀ ਦਿਖਾਈ ਹੈ। ਇਸੇ ਸਾਲ ਉਸ ਦੀਆਂ ਦੋ ਹੋਰ ਫਿਲਮਾਂ 'ਨਿੰਮੋ ਅਤੇ 'ਸਮੀਰ' ਆ ਰਹੀਆਂ ਹਨ।


sling
TELEVISION
AS DESI AS YOU
7 DAY
FREE TRIAL
PUNJABI
SUPER PACK
$25
A MONTH
PTC PUNJABI
jus punjabi
WILLOW HD
+More
Sling.com/Punjabi | 1-855-321-3952
Promotional Offers: Available to new customers upon account activation. Must provide email address and credit card. Billing and Cancellation: After 7 days your credit card will be charged monthly for applicable subscription until you cancel your service. Cancel on sling.com or by calling 1(877) 811-4788. Programming fees are charged monthly in advance and no credits or refunds will be issued for partial months after cancellation.
Equipment Requirements: Requires Internet-connected compatible device. Compatible devices include: PC or Mac, Roku, iOS 7.0 and higher, Android 4.0.3, Amazon Fire TV, Amazon Fire Stick, Google Nexus and Xbox One.
Miscellaneous: Access on one device is included in the monthly programming package price except HBO (3 devices at a time). A $5/mo. fee will apply for additional International streams. Limit three International streams per account. Certain programs may be unavailable due to programmer restrictions or blackouts. Only available within the United States. State and local taxes apply. All prices, packages, programming and offers subject to change without notice. Other restrictions may apply. See sling.com website for details. Offer ends 12/31/17. ©2017 Sling TV L.L.C. All rights reserved